# ਵੀਹਾਂ ਦਾ ਨੋਟ



ਅਮਨਪਾਲ ਸਾਰਾ

# ਵੀਹਾਂ ਦਾ ਨੋਟ

(ਕਹਾਣੀ-ਸੰਗ੍ਰਹਿ)

*VEHAN DA NOTE* *(Short Stories)*
*by AMANPAL SARA ©*
3731 Forest St.
Burnaby B.C.
CANADA V5G1WS
Ph.: 604-603-3876 (C)
604-435-1236 (Resi)
604-435-1238 (Fax.)

*Published by* :
**Chetna Parkashan**
Punjabi Bhawan, Ludhiana
Ph. 0091-161-2413613, 2404928
*E-mail : chetnaparkashan@sify.com*

*ਸੰਸਕਰਣ* : 2005

*ਪ੍ਰਕਾਸ਼ਕ* : **ਚੇਤਨਾ ਪ੍ਰਕਾਸ਼ਨ**
ਪੰਜਾਬੀ ਭਵਨ, ਲੁਧਿਆਣਾ।(ਫ਼ੋਨ 2413613, 2404928)

*ਛਾਪਕ* : ਆਰ. ਕੇ. ਆਫ਼ਸੈੱਟ, ਦਿੱਲੀ।

*ਮੁੱਲ* : **120 ਰੁਪਏ**
75 ਰੁਪਏ (ਪੇਪਰ ਬੈਕ)

**ਸੁਖਜਿੰਦਰ ਲਈ**

# ਤਰਤੀਬ


ਦੋ ਸ਼ਬਦ ......... 7

ਸੰਭਿਅਕ ਸਮਾਜ ਵਿਚ ਮੋਹ ਰਹਿਤ ਰਿਸ਼ਤਿਆਂ ਦਾ ਚਿਤੇਰਾ :
ਅਮਨਪਾਲ ਸਾਰਾ ......... 9

ਪ੍ਰਵੇਸ਼ਕਾ ......... 17

ਵੀਹਾਂ ਦਾ ਨੋਟ ......... 25

ਰੌਬਸਨ ਸਕੁਏਅਰ ......... 51

ਬੈਂਕਰਪਟ ......... 65

ਕਿੱਲੇ ਬੱਝੀ ਗਾਂ ......... 89

ਇਕ ਵੀਰ ਦੇਈਂ ਵੇ ਰੱਬਾ ......... 102

ਰੂਹ ਦੀ ਸਾਂਝ ......... 117

ਜੀਵਨ ਬੀਮਾ ......... 128


## ਦੋ ਸ਼ਬਦ

'ਵੀਹਾਂ ਦਾ ਨੋਟ' ਦਾ ਦੂਸਰੀ ਵਾਰ ਛਪਣਾ ਮੈਨੂੰ ਇਸ ਗੱਲ ਦਾ ਅਹਿਸਾਸ ਕਰਵਾਉਂਦਾ ਹੈ ਕਿ ਪਾਠਕਾਂ ਨੇ ਮੇਰੀਆਂ ਕਹਾਣੀਆਂ ਨੂੰ ਪ੍ਰਵਾਨਿਆ ਹੈ। ਇੱਥੇ ਇਹ ਗੱਲ ਮੇਰੇ ਅੰਦਰਲੇ ਲੇਖਕ ਨੂੰ ਖ਼ੁਸ਼ੀ ਪ੍ਰਦਾਨ ਕਰਦੀ ਹੈ ਉਥੇ ਮੇਰੇ ਵਿਚਲੇ ਸਮੀਖਿਆਕਾਰ ਨੂੰ ਇਹ ਚੁਣੌਤੀ ਵੀ ਦੇ ਰਹੀ ਹੈ ਕਿ ਅਗਾਂਹ ਦੀਆਂ ਕਹਾਣੀਆਂ ਇਨ੍ਹਾਂ ਤੋਂ ਉਚੇਰੀ ਪੱਧਰ ਦੀਆਂ ਹੋਣੀਆਂ ਚਾਹੀਦੀਆਂ ਹਨ। 'ਵੀਹਾਂ ਦਾ ਨੋਟ' ਬਾਰੇ ਵੱਖ-ਵੱਖ ਵਿਦਵਾਨਾਂ ਦੀ ਰਾਏ ਵੀ ਇਹੋ ਦਰਸਾਉਂਦੀ ਹੈ ਕਿ ਪਾਠਕ ਮੇਰੀਆਂ ਆਗਾਮੀ ਪੁਸਤਕਾਂ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਪਰ ਕਿਨਸਨ ਦੇ ਰੋਗ ਨੇ ਮੇਰੀ ਕਹਾਣੀਆਂ ਲਿਖਣ ਦੀ ਗਤੀ ਨੂੰ ਮੱਧਮ ਜ਼ਰੂਰ ਕੀਤਾ ਹੈ ਪਰ ਮੂਲ ਰੂਪ ਵਿਚ ਮੈਨੂੰ ਕਹਾਣੀ ਅਹੁੜਨ ਵਲੋਂ ਬਿਲਕੁਲ ਨਹੀਂ ਰੋਕਿਆ। ਅੱਜ ਵੀ ਦੋ-ਤਿੰਨ ਅਣ ਲਿਖੀਆਂ ਕਹਾਣੀਆਂ ਮੇਰੇ ਦਿਮਾਗ ਦੇ ਖੂੰਜਿਆਂ ਵਿਚ ਟੱਕਰਾਂ ਮਾਰ ਕੇ ਬਾਹਰ ਆਉਣ ਦਾ ਰਸਤਾ ਲੱਭਣ ਲਈ ਬੇਚੈਨ ਹਨ। ਆਸ ਕਰਦਾ ਹਾਂ ਕਿ ਆਉਂਦੇ ਕੁਝ ਮਹੀਨਿਆਂ ਵਿਚ ਅਗਲਾ ਕਹਾਣੀ-ਸੰਗ੍ਰਹਿ ਵੀ ਪਾਠਕਾਂ ਦੀ ਨਜ਼ਰ ਜਲਦੀ ਹੀ ਕਰ ਦਿਆਂਗਾ।

'ਵੀਹਾਂ ਦਾ ਨੋਟ' ਦੀ ਹਿੰਦੀ ਵਿਚ ਤਰਜਮਾ ਕਰਨ ਦੀ ਇਜਾਜ਼ਤ ਦੋ-ਤਿੰਨ ਵਿਦਵਾਨ ਲੈ ਰਹੇ ਹਨ ਪਰ ਅੱਜ ਤਕ ਕਿਸੇ ਨੇ ਦੁਬਾਰਾ ਮੈਨੂੰ ਦੱਸਣ ਦੀ ਖੇਚਲ ਨਹੀਂ ਕੀਤੀ ਕਿ ਕੋਈ ਕਹਾਣੀ ਹਿੰਦੀ ਵਿਚ ਉਲੱਥਾ ਕਰਕੇ ਕਿਧਰੇ ਛਪੀ ਹੈ ਜਾਂ ਨਹੀਂ। ਜੇਕਰ ਕਿਸੇ ਪਾਠਕ ਦੇ ਨਜ਼ਰੀਂ ਪਵੇ ਤਾਂ ਮੇਰੇ ਪਤੇ ਉੱਪਰ ਸੰਪਰਕ ਕਰਕੇ ਸੂਚਿਤ ਕਰ ਸਕਦੇ ਹੋ। ਧੰਨਵਾਦੀ ਹੋਵਾਂਗਾ।

ਜਦੋਂ ਤੱਕ ਅਗਲਾ ਕਹਾਣੀ-ਸੰਗ੍ਰਹਿ ਨਹੀਂ ਆ ਜਾਂਦਾ ਉਦੋਂ ਤਕ 'ਵੀਹਾਂ ਦਾ ਨੋਟ' ਉਡੀਕ ਵਿਚ ਬੈਠੇ ਪਾਠਕਾਂ ਤੱਕ ਪਹੁੰਚ ਕੇ ਉਨ੍ਹਾਂ ਨੂੰ ਕੈਨੇਡਾ ਦੀ ਜ਼ਿੰਦਗੀ ਦੀ ਥੋੜ੍ਹਾ ਬਹੁਤਾ ਅਹਿਸਾਸ ਜ਼ਰੂਰ ਕਰਵਾਏਗਾ।

ਇਸ ਪੁਸਤਕ ਦੇ ਦੂਸਰੀ ਵਾਰ ਛਪਣ ਦੀ ਖ਼ੁਸ਼ੀ ਮੈਂ ਪਾਠਕਾਂ ਤੇ ਸੀਖਿਆਕਾਰਾਂ ਨਾਲ ਸਾਂਝੀ ਕਰਦਾ ਹਾਂ ਤੇ ਵਾਅਦਾ ਕਰਦਾ ਹਾਂ ਕਿ ਅਗਲਾ ਤੇ ਨਵਾਂ ਕਹਾਣੀ-ਸੰਗ੍ਰਹਿ ਜਲਦੀ ਹੀ ਉਹਨਾਂ ਦੀ ਨਜ਼ਰ ਕਰਾਂਗਾ।

ਜ਼ਿੰਦਾਬਾਦ!

-ਅਮਨਪਾਲ ਸਾਰਾ

## ਸੱਭਿਅਕ ਸਮਾਜ ਵਿਚ ਮੋਹ ਰਹਿਤ ਰਿਸ਼ਤਿਆਂ ਦਾ ਚਿਤੇਰਾ : ਅਮਨਪਾਲ ਸਾਰਾ

ਆਧੁਨਿਕ ਕਹਾਣੀ ਬਹੁ-ਪਰਤੀ ਹੋਣ ਦੇ ਨਾਲ-ਨਾਲ ਜੀਵਨ ਅਨੁਭਵ ਦੇ ਪੱਖੋਂ ਬਹੁ-ਪਸਾਰੀ ਵੀ ਹੁੰਦੀ ਜਾ ਰਹੀ ਹੈ। ਮੁੱਢਲੀ ਪੰਜਾਬੀ ਕਹਾਣੀ ਵਿਚ ਪੇਸ਼ ਜੀਵਨ ਅਨੁਭਵ ਇਕ ਨਿਸ਼ਚਿਤ ਖਿੱਤੇ ਦੇ ਸਭਿਆਚਾਰਕ ਸੀਮਾਵਾਂ ਤਕ ਸੀਮਤ ਸੀ। ਆਧੁਨਿਕ ਕਹਾਣੀ ਜਿੱਥੇ ਪਰਤਾਂ ਦੀਆਂ ਤਹਿਆਂ ਤਕ ਪਹੁੰਚੀ ਹੈ, ਉੱਥੇ ਅਨੁਭਵ ਦੇ ਪੱਖ ਤੋਂ ਸਭਿਆਚਾਰਕ ਟਕਰਾਅ ਦੇ ਨਾਲ-ਨਾਲ ਨਵੇਂ ਸਭਿਆਚਾਰਾਂ ਤੇ ਉਨ੍ਹਾਂ ਦੇ ਵੱਖ-ਵੱਖ ਪਸਾਰਾਂ ਦੀ ਅਭਿਵਿਅਕਤੀ ਵੀ ਪੰਜਾਬੀ ਕਹਾਣੀ ਦੇ ਗਾਲਪਨਿਕ ਬਿੰਬਾਂ ਦਾ ਆਧਾਰ ਬਣ ਰਹੀ ਹੈ। ਇਨ੍ਹਾਂ ਪਸਾਰਾਂ ਵਿਚ ਇਕ ਨਵਾਂ ਪਸਾਰ ਪੱਛਮੀ ਸਭਿਆਚਾਰ ਦੇ ਅੰਗਾਂ ਦੇ ਪਾਸਾਰਾਂ ਨਾਲ ਜੁੜਿਆ ਹੋਇਆ ਹੈ। ਪੰਜਾਬੀ ਕਹਾਣੀ ਦੇ ਵਿਧਾਗਤ ਤੱਤਾਂ ਦੀ ਬੁਨਿਆਦੀ ਚੂਲ ਇਕ ਹੋਣ ਦੇ ਬਾਵਜੂਦ ਨਵੇਂ ਸਭਿਆਚਾਰਕ ਪਾਸਾਰਾਂ ਦੀ ਅਭੀਵਿਅਕਤੀ ਨਵੇਂ ਵਿਧਾਗਤ ਤੱਤਾਂ ਦੀ ਵੀ ਨਿਸ਼ਾਨਦੇਹੀ ਕਰਦੀ ਹੈ।

ਪੱਛਮ ਦਾ ਜੀਵਨ ਸਾਡੀ ਪਰਵਾਸੀ ਕਹਾਣੀ ਦਾ ਉੱਭਰਵਾਂ ਤੱਤ ਬਣ ਰਿਹਾ ਹੈ। ਪੱਛਮੀ ਦੇਸ਼ਾਂ ਵਿਚ ਵੱਸੇ ਪੰਜਾਬੀ ਮੁੱਢਲੇ ਰੂਪ ਵਿਚ ਭੂੰ-ਹੇਰਵੇ ਦੀ ਸਥਿਤੀ ਦਾ ਸ਼ਿਕਾਰ ਸਨ। ਸਾਹਿਤਕਾਰਾਂ ਦੀ ਇਹ ਪੀੜ੍ਹੀ ਉਨ੍ਹਾਂ ਲੋਕਾਂ ਦਾ ਜੀਵਨ ਚਿੱਤਰ ਰਹੀ ਸੀ, ਜਿਹੜੇ ਪੱਛਮ ਵਿਚ ਆਰਥਿਕ ਸੰਕਟ ਕਾਰਨ ਗਏ ਸਨ। ਭਾਸ਼ਾ ਅਤੇ ਸਭਿਆਚਾਰਕ ਪੱਖ ਤੋਂ ਇਕ ਵੱਖਰੀ ਮਾਨਸਿਕਤਾ ਦੇ ਧਾਰਨੀ ਹੋਣ ਕਰਕੇ ਉਹ ਆਪਣੇ ਸਭਿਆਚਾਰ ਨਾਲ ਕਾਲਪਨਿਕ ਤੌਰ 'ਤੇ ਜੁੜੇ ਰਹੇ। ਵਾਸਤਵਿਕਤਾ ਵਿਚ ਉਹ ਵਿਕਸਤ ਸਮਾਜ ਵਿਚ ਓਪਰੇਪਣ ਦਾ ਅਹਿਸਾਸ ਹੰਢਾ ਰਹੇ ਸਨ। ਇਹ ਅਹਿਸਾਸ ਹੀ ਪਹਿਲੀ ਪੀੜ੍ਹੀ ਦੇ ਸਾਹਿਤਕਾਰਾਂ ਦੀ ਕਹਾਣੀ ਵਿਚੋਂ ਉੱਭਰਦਾ ਸੀ। ਇਸ ਤੋਂ ਬਾਅਦ ਅਗਲਾ ਦੌਰ ਉੱਥੇ ਜੰਮੀ-ਪਲੀ ਪੀੜ੍ਹੀ ਅਤੇ ਮਾਨਸਿਕ ਤੌਰ 'ਤੇ ਭਾਰਤੀ ਮਾਨਵੀ ਮੁੱਲਾਂ ਨਾਲ ਜੁੜੇ ਲੋਕਾਂ ਵਿਚਕਾਰ ਟਕਰਾਅ ਦਾ ਸੀ। ਇਹ ਜੀਵਨ ਮੁੱਲਾਂ ਦਾ ਅੰਤਰ ਇਕ ਵਿਰੋਧ ਸਿਰਜ ਰਿਹਾ ਸੀ। ਇਹ ਵਿਰੋਧ ਵੀ ਪੰਜਾਬੀ ਕਹਾਣੀ ਰਾਹੀਂ ਪੇਸ਼ ਹੁੰਦਾ ਰਿਹਾ ਹੈ। ਇਸ ਤੋਂ ਬਿਨ੍ਹਾਂ ਇਕ ਹੋਰ ਵਰਗ ਪੱਛਮ ਵਿਚ ਸਥਾਪਿਤ ਹੋ ਰਿਹਾ ਹੈ, ਜਿਹੜਾ ਸਮਾਜਿਕ ਤੇ ਸਭਿਆਚਾਰਕ ਤੌਰ 'ਤੇ ਚੇਤੰਨ ਹੈ,

ਜਿਹੜਾ ਪੱਛਮੀ ਜੀਵਨ ਨੂੰ ਦੇਖਣ-ਪਰਖਣ ਦੀ ਸਮਰੱਥਾ ਰੱਖਦਾ ਹੈ। ਇਹ ਵਰਗ ਸਭਿਆਚਾਰਕ ਤੇ ਸਭਿਅਕ ਪੱਧਰਾਂ ਦੇ ਮੁਕਾਬਲੇ ਵਿਚ ਵਿਸ਼ਵਾਸ ਨਹੀਂ ਰੱਖਦਾ ਹੈ, ਸਗੋਂ ਸਭਿਆਚਾਰ ਦੇ ਅੰਤਰ ਵਿਰੋਧਾਂ ਤੇ ਇਸ ਦੇ ਕਾਰਨਾਂ ਨੂੰ ਕਹਾਣੀ ਦੇ ਗਾਲਪਨਿਕ ਬਿੰਬਾਂ ਦਾ ਆਧਾਰ ਬਣਾਉਂਦਾ ਹੈ। ਅਜਿਹੇ ਕਹਾਣੀਕਾਰਾਂ ਦੇ ਰੂਪ ਵਿਚ ਇਕ ਪ੍ਰਮੁੱਖ ਨਾਂਅ ਅਮਨਪਾਲ ਸਾਰਾ ਦਾ ਹੈ। ਪੰਜਾਬੀ ਵਿਚ ਉਸਦਾ ਪਹਿਲਾ ਕਹਾਣੀ-ਸੰਗ੍ਰਹਿ 'ਸਰਦ ਰਿਸ਼ਤੇ ' ਅਤੇ ਹੁਣ 'ਵੀਹਾਂ ਦਾ ਨੋਟ' ਛਪਿਆ ਹੈ। ਇਸ ਤੋਂ ਬਿਨ੍ਹਾਂ ਉਸ ਦੀਆਂ ਕਹਾਣੀਆਂ ਪੰਜਾਬੀ ਦੇ ਸਾਹਿਤਕ ਰਸਾਲਿਆਂ ਵਿਚ ਛਪਦੀਆਂ ਰਹੀਆਂ ਹਨ। ਇਨ੍ਹਾਂ ਕਹਾਣੀਆਂ ਵਿਚੋਂ ਅਮਨਪਾਲ ਸਾਰਾ ਦੀ ਸਾਹਿਤਕ ਸਮਰੱਥਾ ਦਾ ਆਭਾਸ ਹੁੰਦਾ ਹੈ।

ਅਮਨਪਾਲ ਸਾਰਾ ਦੀਆਂ ਕਹਾਣੀਆਂ ਵਿਚੋਂ ਇਕ ਪ੍ਰਮੁੱਖ ਤੱਥ ਪੱਛਮੀ ਸਮਾਜ ਵਿਚ ਰਿਸ਼ਤਿਆਂ ਦੇ ਤਿਜ਼ਾਰਤੀਕਰਨ ਨਾਲ ਜੁੜਿਆ ਹੋਇਆ ਹੈ। ਪੱਛਮੀ ਸਮਾਜ, ਜਿਸ ਦੀ ਆਰਥਿਕਤਾ ਦਾ ਆਧਾਰ ਸਨਅਤੀਕਰਨ ਹੈ। ਸਨਅਤੀਕਰਨ ਨਾਲ ਮੰਡੀ ਦਾ ਵਿਕਾਸ ਤੇ ਸ਼ਹਿਰੀਕਰਨ ਅਟੁੱਟ ਤੌਰ 'ਤੇ ਜੁੜੇ ਹੋਏ ਸਰੋਕਾਰ ਹਨ। ਮੰਡੀ ਦੇ ਤਿਜ਼ਾਰਤੀਕਰਨ ਦਾ ਅਸਰ ਸਿਰਫ਼ ਪਦਾਰਥਕ ਵਸਤੂਆਂ ਤਕ ਹੀ ਸੀਮਤ ਨਹੀਂ, ਇਹ ਮਾਨਵੀ ਰਿਸ਼ਤਿਆਂ ਨੂੰ ਵੀ ਆਪਣੀ ਲਪੇਟ ਵਿਚ ਲੈਂਦਾ ਹੈ। ਪੂੰਜੀਵਾਦੀ ਸਮਾਜ ਵਿਚ ਜਿੱਥੇ ਮੁੱਖ ਪਦਾਰਥਕ ਤੌਰ 'ਤੇ ਬਹੁਤ ਕੁਝ ਪ੍ਰਾਪਤ ਕਰਦਾ ਹੈ, ਮਾਨਵੀ ਤੌਰ 'ਤੇ ਓਨਾ ਹੀ ਥੱਲੇ ਡਿੱਗ ਜਾਂਦਾ ਹੈ। ਸੱਭਿਅਤਾ ਤੇ ਮਾਨਵੀ ਮੁੱਲਾਂ ਦੀ ਇਹ ਅੰਤਰ ਵਿਰੋਧੀ ਸਥਿਤੀ ਅਮਨਪਾਲ ਸਾਰਾ ਦੀਆਂ ਕਹਾਣੀਆਂ ਦਾ ਆਧਾਰ ਹੈ। ਇਨ੍ਹਾਂ ਦੋਹਾਂ ਸਥਿਤੀਆਂ ਦੇ ਕਾਟਵੇਂ ਪੱਖਾਂ ਨੂੰ ਉਹ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ। ਉਹ ਪੱਛਮੀ ਸੱਭਿਅਤਾ ਨੂੰ ਸਮੁੱਚਤਾ ਵਿਚ ਇਕਤਰਫ਼ਾ ਰੱਦ ਨਹੀਂ ਕਰਦਾ, ਸਗੋਂ ਉਹ ਪੀੜ੍ਹੀਆਂ ਦੀ ਸੋਚ ਦੇ ਅੰਤਰ ਨੂੰ ਪੱਛਮੀ ਲੋਕਾਂ ਤੇ ਪੱਛਮ ਵਿਚ ਵਸੇ ਭਾਰਤੀ ਲੋਕਾਂ ਦੇ ਪ੍ਰਸੰਗ ਵਿਚ ਰੱਖ ਕੇ ਪਰਖਦਾ ਹੈ। ਪੱਛਮ ਵਿਚ ਡਿੱਗ ਰਹੇ ਮਾਨਵੀ ਮੁੱਲਾਂ ਨੂੰ ਪੁਰਾਣੀ ਪੀੜ੍ਹੀ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ। 'ਮਾਰਗਰੀਤਾ' ਕਹਾਣੀ ਵਿਚ ਮਾਰਗਰੀਤਾ ਤੇ ਉਸ ਦੀਆਂ ਧੀਆਂ ਵਿਚਕਾਰ ਮਾਨਵੀ ਮੁੱਲਾਂ ਪ੍ਰਤੀ ਸੋਚ ਦੇ ਢੰਗ ਪ੍ਰਤੀ ਕਾਫੀ ਅੰਤਰ ਹੈ। ਮਾਰਗਰੀਤਾ ਆਪਣੇ ਪਤੀ ਦੀ ਮੌਤ ਤੋਂ ਬਾਅਦ ਅਜੇ ਵੀ ਉਸ ਦੀਆਂ ਯਾਦਾਂ ਨਾਲ ਜੁੜੀ ਹੋਈ ਹੈ। ਤਿੰਨਾਂ ਧੀਆਂ ਨੂੰ ਉਸ ਨੇ ਅਤੇ ਉਸਦੇ ਪਤੀ ਨੇ ਕਿਵੇਂ ਚਾਵਾਂ ਨਾਲ ਪਾਲਿਆ ਸੀ, ਪਰੰਤੂ ਅੰਤਮ ਸਮੇਂ ਤਿੰਨਾਂ ਧੀਆਂ ਵਿਚੋਂ ਕੋਈ ਵੀ ਉਸ ਨੂੰ ਹਸਪਤਾਲ ਮਿਲਣ ਨਹੀਂ ਗਈ। ਇਨ੍ਹਾਂ ਡਿੱਗ ਰਹੇ ਮਾਨਵੀ ਮੁੱਲਾਂ ਦਾ ਸਿਖਰ ਉਦੋਂ ਹੁੰਦਾ ਹੈ, ਜਦੋਂ ਮਾਰਗਰੀਤਾ ਦੀ ਇਕ ਧੀ ਕਹਿੰਦੀ ਹੈ। ਉਹ ਲਾਪਰਵਾਹੀ ਜਿਹੀ ਨਾਲ ਬੋਲੀ, 'ਅਸੀਂ ਤਾਂ ਪਾਰਟੀ 'ਤੇ ਚੱਲੇ ਸੀ, ਜਦ ਨੂੰ ਹਸਪਤਾਲੋਂ ਡਾਕਟਰ ਦਾ ਫੋਨ ਆ ਗਿਆ। ਡੈਡੀ ਮਰ ਗਿਆ ਹੈ। ਮੈਂ ਸੋਚਿਆ, ਜਾਂਦੀ-ਜਾਂਦੀ ਤੈਨੂੰ ਦੱਸ ਜਾਵਾਂ।' ਮਾਰਗਰੀਤਾ ਤੇ ਉਸ ਦੀਆਂ ਧੀਆਂ ਵਰਗੀ ਪੀੜ੍ਹੀ ਉਥੇ ਮੌਜੂਦ ਹੈ। ਮਾਰਗਰੀਤਾ, ਭਾਰਤੀ ਆਦਰਸ਼ਕ ਔਰਤ ਤੋਂ ਕਿਸੇ



ਪ੍ਰਕਾਰ ਵੀ ਘੱਟ ਨਹੀਂ। ਪਤੀ ਦੀ ਮੌਤ ਤੋਂ ਬਾਅਦ ਉਸ ਨੂੰ ਜਿੰਨੇ ਵੀ ਮਰਦ ਮਿਲੇ , ਉਹ ਸਿਰਫ਼ ਥੋੜਚਿਰੀ ਖੁਸ਼ੀ ਲਈ ਉਸ ਨਾਲ ਹਮਦਰਦੀ ਕਰਦੇ ਸਨ। ਸਮੁੱਚੇ ਪੱਛਮੀ ਸਮਾਜ ਵਿਚ ਅਜਿਹੇ ਵਿਰੋਧੀ ਸੋਚ ਵਾਲੇ ਪਾਤਰ ਅਮਨਪਾਲ ਸਾਰਾ ਦੀਆਂ ਕਹਾਣੀਆਂ ਵਿਚੋਂ ਵਾਰ-ਵਾਰ ਉੱਭਰਦੇ ਹਨ। ਅਮਨਪਾਲ ਸਾਰਾ ਪੱਛਮੀ ਲੋਕਾਂ ਦੀ ਕਾਮੁਕਤਾ ਭਰਪੂਰ ਮਿੱਥ ਨੂੰ ਵੀ ਤੋੜਦਾ ਹੈ। ਮਾਰਗਰੀਤਾ ਉਸ ਨੂੰ ਵਰਦੀ ਵਿਚ ਵੇਖ ਕੇ ਵਰਦੀ ਵਿਚ ਸਜੇ ਮਨੁੱਖ ਦੀ ਤਰੀਫ਼ ਕਰਦੀ ਹੈ। ਇਹ ਤਰੀਫ਼ ਕਿਸੇ ਪ੍ਰਕਾਰ ਦੀ ਮਨੋਵਿਕ੍ਰਤੀ ਤੋਂ ਕੋਰੀ ਹੈ।

ਅਮਨਪਾਲ ਸਾਰਾ ਪੱਛਮੀ ਮੁਲਕਾਂ ਵਿਚ ਮੰਡੀ ਦੇ ਵਿਕਾਸ ਨਾਲ ਜੁੜੇ ਜੀਵਨ ਮੁੱਲਾਂ ਨੂੰ ਗ਼ੈਰ-ਮਾਨਵੀ ਮੁੱਲਾਂ ਵਿਚ ਪਰਿਵਰਤਤ ਹੋਣ ਦੀ ਪ੍ਰਕਿਰਿਆ ਵਿਚ ਪੇਸ਼ ਕਰਦਾ ਹੈ। ਇਹ ਪ੍ਰਕਿਰਿਆ ਸਭ ਤੋਂ ਵੱਧ ਨਵੀਂ ਪੀੜ੍ਹੀ ਨੂੰ ਪ੍ਰਭਾਵਿਤ ਕਰਦੀ ਹੈ। ਇਸ ਦਾ ਇਕ ਕਾਰਨ ਪੱਛਮ ਵਿਚ ਵਿਆਹ ਦੀ ਸੰਸਥਾ ਤੋਂ ਕਿਨਾਰਾਕਸ਼ੀ ਹੈ। ਇਸ ਪ੍ਰਵਿਰਤੀ ਦਾ ਸ਼ਿਕਾਰ ਇਕ ਪੁਰਾਣੀ ਪੀੜ੍ਹੀ ਹੋ ਰਹੀ ਹੈ ਅਤੇ ਦੂਜਾ ਬਚਪਨ ਹੋ ਰਿਹਾ ਹੈ। ਅਜਿਹੇ ਮਾਹੌਲ ਵਿਚ ਪਲਿਆ ਬਚਪਨ ਮਾਨਵੀ ਮੁੱਲਾਂ ਤੋਂ ਕੋਰਾ ਹੈ। 'ਮਾਰਗਰੀਤਾ' ਕਹਾਣੀ ਵਿਚ ਜਿਥੇ ਇਹ ਪਦਾਰਥਕ ਕੀਮਤਾਂ ਦੇ ਭਾਰੂ ਹੋਣ ਵਿਚ ਨਿਹਿੱਤ ਹੈ। ਉਥੇ 'ਲਾਟਰੀ' ਅਤੇ 'ਰੁਲਦਾ ਬਚਪਨ' ਕਹਾਣੀਆਂ ਵਿਚ ਇਸ ਸਮੱਸਿਆ ਦੇ ਕਾਰਨ ਵਿਆਹ ਦੀ ਸੰਸਥਾ ਵਿਚ ਪੈਦਾ ਹੋਇਆ ਅਸੰਤੁਲਨ ਹੈ। 'ਲਾਟਰੀ' ਕਹਾਣੀ ਇਕ ਅਜਿਹੇ ਨੌਜਵਾਨ ਦੀ ਹੈ, ਜਿਹੜਾ ਆਪਣੇ ਅਧਿਆਪਕ ਪਿਉ ਦੀ ਮੌਤ ਤੋਂ ਬਾਅਦ ਉਸ ਦੇ ਅੰਤਿਮ ਸਸਕਾਰ ਵਿਚ ਸ਼ਾਮਿਲ ਹੋਣ ਲਈ ਜਾ ਰਿਹਾ ਹੈ। ਇਸ ਰਸਮ ਵਿਚ ਉਹ ਕਿਸੇ ਸਮਾਜਿਕ ਮਰਯਾਦਾ ਅਨੁਸਾਰ ਸ਼ਾਮਿਲ ਨਹੀਂ ਹੋ ਰਿਹਾ, ਸਗੋਂ ਉਸ ਦੀ ਵਸੀਅਤ ਅਨੁਸਾਰ ਉਸ ਨੂੰ ਉਹ ਘਰ ਮਿਲਣਾ ਸੀ, ਜਿਸ ਵਿਚ ਉਸ ਦਾ ਬੁੱਢਾ ਪਿਉ ਰਹਿ ਰਿਹਾ ਸੀ। ਵਸੀਅਤ ਅਨੁਸਾਰ ਉਸ ਮਕਾਨ ਦਾ ਹੱਕਦਾਰ ਉਹ ਤਾਂ ਹੋ ਸਕਦਾ ਹੈ ਜੇ ਉਹ ਆਪਣੇ ਪਿਉ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਿਲ ਹੋਵੇਗਾ। ਅਮਨਪਾਲ ਸਾਰਾ ਇਸ ਕਹਾਣੀ ਰਾਹੀਂ ਉਸ ਗੋਰੇ ਨੌਜਵਾਨ ਪ੍ਰਤੀ ਨਫ਼ਰਤ ਪੈਦਾ ਨਹੀਂ ਕਰਦਾ ਸਗੋਂ ਕਹਾਣੀ ਦੇ ਬਿਰਤਾਂਤ ਵਿਚੋਂ ਉਹ ਕਾਰਨ ਉਭਾਰਦਾ ਹੈ, ਜਿਨ੍ਹਾਂ ਰਾਹੀਂ ਅਜਿਹੀ ਗੋਰੇ ਨੌਜਵਾਨਾਂ ਦੀ ਪੀੜ੍ਹੀ ਜਨਮ ਲੈ ਰਹੀ ਹੈ। ਉਸ ਗੋਰੇ ਨੌਜਵਾਨ ਦੀ ਮਾਂ ਆਪਣੀ ਉੱਚ-ਅਕਾਂਖਿਆਵਾਂ ਦੀ ਪੂਰਤੀ ਲਈ ਆਪਣੇ ਅਧਿਆਪਕ ਪਤੀ ਨੂੰ ਛੱਡ ਜਾਂਦੀ ਹੈ, ਪ੍ਰੰਤੂ ਉਸ ਦੀ ਉੱਚ-ਅਕਾਂਖਿਆਵਾਂ ਦੀ ਪੂਰਤੀ ਫਿਰ ਵੀ ਨਹੀਂ ਹੁੰਦੀ। ਇਸ ਪਰਵਾਰ ਦੇ ਟੁੱਟਣ ਦਾ ਅਸਰ ਉਸ ਗੋਰੇ ਨੌਜਵਾਨ 'ਤੇ ਹੀ ਹੁੰਦਾ ਹੈ। ਮਾਂ-ਬਾਪ ਦੇ ਪਿਆਰ ਤੋਂ ਵਿਰਵੀ ਪੀੜ੍ਹੀ ਅਜਿਹੇ ਸੰਕਟ ਦੀ ਹੀ ਸ਼ਿਕਾਰ ਹੁੰਦੀ ਹੈ। ਅਮਨਪਾਲ ਸਾਰਾ ਇਸ ਸਮੱਸਿਆ ਨੂੰ ਸਥਿਤੀਆਂ ਦੀ ਵਿਵੇਕਸ਼ੀਲਤਾ ਦੇ ਪ੍ਰਸੰਗ ਵਿਚ ਰੱਖ ਕੇ ਚਿਤਰਦਾ ਹੈ। ਇਹ ਵਿਵੇਕਸ਼ੀਲ ਹੀ ਸਾਰਾ ਦੀ ਵਿਲੱਖਣਤਾ ਹੈ।

ਅਮਨਪਾਲ ਸਾਰਾ ਇਸੇ ਸਮੱਸਿਆ ਦੇ ਇਕ ਹੋਰ ਪਹਿਲੂ ਨੂੰ 'ਰੁਲਦਾ ਬਚਪਨ'

ਕਹਾਣੀ ਰਾਹੀਂ ਪੇਸ਼ ਕਰਦਾ ਹੈ। ਇਹ ਕਹਾਣੀ 'ਲਾਟਰੀ' ਕਹਾਣੀ ਵਿਚ ਅਛੂਤੇ ਰਹਿ ਗਏ ਪੱਖ ਨੂੰ ਪੇਸ਼ ਕਰਦੀ ਹੈ। 'ਲਾਟਰੀ ਕਹਾਣੀ ਵਿਚ ਗੋਰੇ ਨੌਜਵਾਨ ਦੀ ਉਹੀ ਸਥਿਤੀ 'ਰੁਲਦਾ ਬਚਪਨ' ਦੇ ਸ਼ੌਨ ਦੇ ਰੂਪ ਵਿਚ ਉਭਾਰਦੀ ਹੈ। ਇਹ ਉਹੀ ਸਥਿਤੀ ਹੈ, ਜਿਸ ਵਿਚੋਂ 'ਰੁਲਦਾ ਬਚਪਨ' ਦਾ ਸ਼ੌਨ 'ਲਾਟਰੀ' ਦਾ ਨੌਜਵਾਨ ਬਣ ਜਾਂਦਾ ਹੈ। 'ਸ਼ੌਨ' ਦੀ ਤਰਸਯੋਗ ਸਥਿਤੀ ਦਾ ਕਾਰਨ ਵੀ ਮਾਂ-ਪਿਉ ਦੇ ਰਿਸ਼ਤੇ ਦਾ ਅਸਾਵਾਂਪਣ ਹੈ। ਸ਼ੌਨ ਦਾ ਪਿਉ ਜੰਗਲ ਕੱਟਣ ਦਾ ਕੰਮ ਕਰਦਾ ਸੀ। ਉਸ ਦੀ ਗ਼ੈਰ-ਹਾਜ਼ਰੀ ਵਿਚ ਉਸ ਦੀ ਮਾਂ ਆਪਣੇ ਪਤੀ ਦੇ ਦੋਸਤ ਨੂੰ ਮਿਲਦੀ ਸੀ। ਉਨ੍ਹਾਂ ਦੇ ਪਰਿਵਾਰਕ ਜੀਵਨ ਟੁੱਟਣ ਦਾ ਸ਼ਿਕਾਰ ਸ਼ੌਨ ਹੋ ਗਿਆ, ਜਿਹੜਾ ਭੁੱਖ ਦੀ ਸਥਿਤੀ ਵਿਚ ਦੂਜੇ ਬੱਚਿਆਂ ਦਾ ਲੰਚ ਚੋਰੀ ਕਰਕੇ ਖਾਂਦਾ ਹੈ। ਕੂੜੇ ਦੇ ਢੇਰ 'ਚੋਂ ਚੀਜ਼ਾਂ ਚੁੱਕ ਕੇ ਖਾਂਦਾ ਹੈ। ਇਹ ਉਹ ਸਥਿਤੀ ਹੈ, ਜਿਸ ਦਾ ਸ਼ਿਕਾਰ ਪੱਛਮ ਦਾ ਬਚਪਨ ਹੋ ਰਿਹਾ ਹੈ। ਸਾਰਾ ਸ਼ੌਨ ਦੀ ਸਥਿਤੀ ਨੂੰ ਸ਼ਿੱਦਤ ਨਾਲ ਚਿਤਰਦਾ ਹੈ।

ਪੱਛਮ ਦੇ ਜੀਵਨ ਦੇ ਕੁਝ ਹੋਰ ਪਹਿਲੂ 'ਹਿਪੋਕ੍ਰਿਟ', 'ਮਕਸਦ' ਤੇ 'ਵਿਕਟਰ' ਕਹਾਣੀਆਂ 'ਚੋਂ ਉੱਭਰਦੇ ਹਨ। ਇਨ੍ਹਾਂ ਕਹਾਣੀਆਂ ਵਿਚ ਪੱਛਮ ਦੇ ਉਨ੍ਹਾਂ ਮਾਨਵੀ ਮੁੱਲਾਂ ਦਾ ਚਿੱਤਰ ਉੱਭਰਦਾ ਹੈ, ਜਿਸ ਨੂੰ ਅਸੀਂ ਅੱਖੋਂ ਓਹਲੇ ਕਰ ਜਾਂਦੇ ਹਾਂ। ਇਹ ਜੀਵਨ ਮੁੱਲ ਮਾਨਵੀ ਜੀਵਨ ਦੀਆਂ ਸੁੱਚੀਆਂ ਕਦਰਾਂ-ਕੀਮਤਾਂ ਨੂੰ ਪ੍ਰਣਾਏ ਹੋਏ ਹਨ, ਜਿਸ ਵਿਚ ਦੂਜੇ ਦੀ ਨਿਰਸੁਆਰਥ ਸੇਵਾ ਕਰਨਾ, ਵਿਅਕਤੀਗਤ ਖਾਹਿਸ਼ਾਂ ਤੋਂ ਉੱਪਰ ਉੱਠ ਕੇ ਪਰਸੁਆਰਥ ਲਈ ਕੰਮ ਕਰਨਾ ਸ਼ਾਮਲ ਹਨ। ਅਮਨਪਾਲ ਸਾਰਾ ਇਨ੍ਹਾਂ ਕਹਾਣੀਆਂ ਰਾਹੀਂ ਪੱਛਮ ਸੰਬੰਧੀ ਬਣੀ ਮਿੱਥ ਨੂੰ ਤੋੜਦਾ ਹੈ। 'ਹਿਪੋਕ੍ਰਿਟ' ਕਹਾਣੀ ਦਾ ਨੇਟਿਵ ਇੰਡੀਅਨ ਦੇ ਇਕ ਕਮਿਊਨਿਟੀ ਸੈਂਟਰ ਵਿਚ ਕੰਮ ਕਰਨ ਵਾਲੇ ਗੋਰੇ ਦੀ ਕਹਾਣੀ ਪਰਸੁਆਰਥ ਦੀ ਉੱਤਮ ਮਿਸਾਲ ਹੈ। ਉਹ ਆਪਣੇ ਪਿਉ ਦੀ ਸੇਵਾ ਵਿਚ ਗ੍ਰਹਿਸਥ ਜੀਵਨ ਭੋਗਣ ਤਕ ਦੀਆਂ ਖਾਹਿਸ਼ਾਂ ਤਕ ਛੱਡ ਦਿੰਦਾ ਹੈ ਅਤੇ ਸਾਰੀ ਉਮਰ ਲੋੜਵੰਦਾਂ ਦੀ ਸਹਾਇਤਾ ਕਰਨ ਵਿਚ ਲਾ ਦਿੰਦਾ ਹੈ। ਇਸ ਤੋਂ ਉਲਟ ਇਸੇ ਸਭਿਅਤਾ ਵਿਚ ਪਲੀ ਉਹ ਗੋਰੀ ਔਰਤ ਹੈ, ਜਿਹੜੀ ਜੀਵਾਂ ਦੀ ਰੱਖਿਆ ਦੀ ਵਕਾਲਤ ਕਰਦੀ ਹੈ, ਪ੍ਰੰਤੂ ਚਿਕਨ ਦੀ ਸੇਲ ਲਈ ਸਟੋਰ ਚਲਾ ਰਹੀ ਹੈ। ਕਹਾਣੀ ਸਿਖਰ 'ਤੇ ਉਦੋਂ ਪਹੁੰਚਦੀ ਹੈ, ਜਦੋਂ ਬਜ਼ੁਰਗ ਗੋਰਾ ਜੀਵਾਂ ਦੀ ਵਕਾਲਤ ਕਰਨ ਵਾਲੀ ਗੋਰੀ ਨੂੰ ਕਹਿੰਦਾ ਹੈ, "ਵੈਸੇ ਸੁਪਰ ਸਟੋਰ ਵਿਚ ਪਹੁੰਚਣ ਤੋਂ ਪਹਿਲਾਂ ਚਿਕਨ ਵੀ ਜਿਉਂਦਾ ਜਾਗਦਾ ਜੀਵ ਹੁੰਦਾ ਹੈ।" ਅਮਨਪਾਲ ਸਾਰਾ ਇਹ ਸਥਿਤੀ ਪੰਜਾਬੀ ਪਾਤਰ ਦੇ ਪ੍ਰਸੰਗ ਵਿਚ ਨਹੀਂ ਉਭਾਰਦਾ, ਸਗੋਂ ਪੱਛਮੀ ਜੀਵਨ-ਜਾਚ ਵਿਚ ਜੀਵਨ ਬਿਤਾ ਰਹੇ ਬਜ਼ੁਰਗ ਗੋਰੇ ਰਾਹੀਂ ਹੀ ਉਭਾਰਦਾ ਹੈ। ਇਹ ਜੀਵਨ ਦੇ ਦੋਹਰੇ ਮਾਪਦੰਡ ਪੱਛਮੀ ਜੀਵਨ ਵਿਚ ਸਮਾਨਾਂਤਰ ਰੂਪ ਵਿਚ ਕਿਰਿਆਸ਼ੀਲ ਹਨ। 'ਮਕਸਦ' ਕਹਾਣੀ ਜ਼ਿੰਦਗੀ 'ਚੋਂ ਮਾਯੂਸ ਹੋ ਚੁੱਕੇ ਜੈਕ ਨੇ ਡਵ ਦੀ ਪ੍ਰੇਰਨਾ ਅਧੀਨ ਸਮਾਜ ਸੇਵਾ ਵਿਚ ਸਰਗਰਮ ਹੋਈ ਸਥਿਤੀ ਨੂੰ ਪੇਸ਼ ਕਰਦੀ ਹੈ। ਜੈਕ ਜਿਹੜਾ ਪੁੱਤਰ ਐਂਡਰਿਊ ਦੇ ਗੁੰਮ ਹੋਣ ਤੋਂ ਬਾਅਦ ਅੰਤਰ ਮੁਖੀ ਹੋ ਗਿਆ ਸੀ। ਯੂਨੀਅਨ ਲੀਡਰ



ਡਵ ਦੀ ਪ੍ਰੇਰਣਾ ਸਦਕਾ ਆਪਣੀ ਤਾਕਤ ਨੂੰ ਪਰਸੁਆਰਥ ਲਈ ਲਾਉਣ ਦਾ ਫ਼ੈਸਲਾ ਕਰਦਾ ਹੈ। ਇਸ ਪ੍ਰਕਾਰ 'ਵਿਕਟਰ' ਕਹਾਣੀ ਦਾ ਫ਼ੌਜੀ ਜੰਗ ਦੀ ਭਿਆਨਕਤਾ ਤੋਂ ਬਾਅਦ ਜ਼ਿੰਦਗੀ ਦੇ ਮੁੱਲਵਾਨ ਪੱਖਾਂ ਦਾ ਮੁਦਈ ਬਣ ਜਾਂਦਾ ਹੈ। ਅਮਨਪਾਲ ਸਾਰਾ ਦੀਆਂ ਕਹਾਣੀਆਂ ਵਿਚ ਪੱਛਮੀ ਜੀਵਨ ਦੇ ਲੋਕਾਂ ਦੇ ਨਿਵੇਕਲੇ ਰੰਗ ਉੱਭਰਦੇ ਹਨ।

ਅਮਨਪਾਲ ਸਾਰਾ ਕਹਾਣੀਆਂ ਦਾ ਇਕ ਹੋਰ ਪੱਖ ਪੱਛਮੀ ਸਮਾਜ ਵਿਚ ਵਸਦੇ ਪੰਜਾਬੀਆਂ ਦੀ ਪ੍ਰੰਪਰਾਗਤ ਪੀੜ੍ਹੀ ਆਪਣੇ ਜੀਵਨ ਮੁੱਲਾਂ ਨੂੰ ਠੋਸਣਾ ਚਾਹੁੰਦੀ ਹੈ। ਜਦੋਂ ਕਿ ਨਵੀਂ ਪੀੜ੍ਹੀ ਇਸ ਤੋਂ ਮੁਨਕਰ ਹੈ। ਪੁਰਾਣੀ ਪੀੜ੍ਹੀ ਦੀ ਸੰਕਟਗ੍ਰਸਤ ਮਾਨਸਿਕਤਾ ਤੇ ਸਥਿਤੀ ਇਨ੍ਹਾਂ ਕਹਾਣੀਆਂ 'ਚੋਂ ਉੱਭਰਦੀ ਹੈ। 'ਸਰਦ ਰਿਸ਼ਤੇ' ਦਾ ਬਜ਼ੁਰਗ ਜਿਹੜਾ ਸਾਰੀ ਉਮਰ ਆਪਣੇ ਪੁੱਤਰ ਨੂੰ ਖ਼ੁਸ਼ਹਾਲ ਦੇਖਣ ਲਈ ਪੰਜਾਬ ਵਿਚ ਹਰ ਸੰਭਵ ਕੋਸ਼ਿਸ਼ ਕਰਦਾ ਹੈ, ਪ੍ਰੰਤੂ ਕੈਨੇਡਾ ਪੁੱਤਰ ਕੋਲ ਆਉਣ 'ਤੇ ਦੁਖੀ ਹੋ ਜਾਂਦਾ ਹੈ, ਜਦੋਂ ਆਪਣੀ ਨੂੰਹ ਨੂੰ ਫੋਨ 'ਤੇ ਇਹ ਕਹਿੰਦੇ ਸੁਣ ਲੈਂਦਾ ਹੈ। 'ਅਖੇ ਬੁੜ੍ਹਾ ਕੰਮ ਕਰਨ ਦਾ ਮਾਰਾ ਗੋਡੇ ਫੜ੍ਹ ਕੇ ਬੈਠ ਗਿਆ', ਕੰਮ ਕਰਦਾ ਹੁੰਦਾ ਤਾਂ ਫਾਰਮਾਂ 'ਚ ਈ ਛੱਡ ਦੇਣਾ ਸੀ, ਘਰ ਇਹ ਨੂੰ ਬਾਸ਼ਰੂਮ ਵਰਤਣ ਦਾ ਨੀ ਪਤਾ। ਇਸ ਪ੍ਰਕਾਰ ਹੀ ਇਹ ਪੀੜ੍ਹੀਆਂ ਦਾ ਵਿਰੋਧ 'ਪੰਜ ਕਲਿਆਣੀ' ਵਿਚ ਨਵੇਂ ਰੂਪ ਨੂੰ ਉਭਾਰਦਾ ਹੈ। ਸੁਰਜੀਤ ਸਿੰਘ ਆਪਣੇ ਪੁੱਤਰ ਹਾਰਡੀ (ਹਰਦੀਪ) ਨੂੰ ਕਿਸੇ ਪੰਜਾਬੀ ਕੁੜੀ ਨਾਲ ਵਿਆਹੁਣਾ ਚਾਹੁੰਦਾ ਹੈ, ਪ੍ਰੰਤੂ ਹਾਰਡੀ ਦੂਜੇ ਧਰਮ ਦੀ ਕੁੜੀ ਸ਼ਾਲੀ ਨੂੰ ਚਾਹੁੰਦਾ ਹੈ। ਸੁਰਜੀਤ ਸਿੰਘ ਪ੍ਰੰਪਰਾਗਤ ਸੋਚ ਅਨੁਸਾਰ ਆਪਣੀ ਹਰ ਮਰਜ਼ੀ ਪੁੱਤਰਾਂ 'ਤੇ ਥੋਪਣੀ ਚਾਹੁੰਦਾ ਹੈ। ਹਾਰਡੀ ਆਪਣਾ ਮਰਜ਼ੀ ਤਾਂ ਕਰਦਾ, ਪ੍ਰੰਤੂ ਖੁੱਲ੍ਹੇ ਰੂਪ ਵਿਚ ਬਗਾਵਤ ਨਹੀਂ ਕਰਦਾ। ਆਪਣੀ ਇੱਜ਼ਤ ਬਚਾਉਣ ਲਈ ਹਾਰਡੀ ਦੇ ਨਾਂਹ ਕਰਨ 'ਤੇ ਸੁਰਜੀਤ ਸਿੰਘ ਛੋਟੇ ਨਾਲ ਵਿਆਹ ਦੀ ਮਨਜ਼ੂਰੀ ਦੇ ਦਿੰਦਾ ਹੈ, ਪ੍ਰੰਤੂ ਗੋਰੀ (ਕੁੜੀ) ਪਹਿਲ ਕਰਕੇ ਇਸ ਵਿਆਹ ਤੋਂ ਇਨਕਾਰ ਕਰ ਦਿੰਦੀ ਹੈ। ਪ੍ਰੰਪਰਾਗਤ ਸੋਚ ਅਨੁਸਾਰ ਮੰਡੀ ਦੇ ਮਾਲ ਦਾ ਵਿਰੋਧ ਗੋਰੀ ਕਰਦੀ ਹੋਈ ਇਸ ਮੁਸੀਬਤ ਤੋਂ ਖਹਿੜਾ ਛੁਡਾ ਕੇ ਆਰਾਮ ਮਹਿਸੂਸ ਕਰਦੀ ਹੈ। ਅਮਨਪਾਲ ਸਾਰਾ ਇਸ ਕਹਾਣੀ ਰਾਹੀਂ ਜਿੱਥੇ ਪੁਰਾਣੀ ਪੀੜ੍ਹੀ ਦੇ ਮਾਨਸਿਕ ਦੁੱਖ ਨੂੰ ਪੇਸ਼ ਕਰਦਾ ਹੈ, ਉੱਥੇ ਨਵੇਂ ਜੀਵਨ ਮੁੱਲਾਂ ਨੂੰ ਪ੍ਰਣਾਈ ਨਵੀਂ ਪੀੜ੍ਹੀ ਦੀ ਕਿਰਿਆਤਮਕ ਸੋਚ ਨੂੰ ਵੀ ਪੇਸ਼ ਕਰਦਾ ਹੈ। ਇਸ ਪ੍ਰਕਾਰ ਹੀ 'ਬੈਂਕਰਪਟ' ਕਹਾਣੀ ਪ੍ਰੰਪਰਾਗਤ ਸੋਚ ਨਾਲ ਜੁੜੀ ਪੀੜ੍ਹੀ ਦੀ ਸਥਿਤੀਆਂ ਵਸ ਬੈਂਕਰਪਟ ਹੋਈ ਹਾਲਤ ਨੂੰ ਪੇਸ਼ ਕਰਦੀ ਹੈ। ਇਹ ਬੈਂਕਰਪਟੀ ਦੀ ਸਥਿਤੀ ਕਰਮ ਸਿੰਘ ਦੇ ਜੀਵਨ ਦੇ ਹਰ ਖੇਤਰ ਵਿਚ ਭਾਰੂ ਹੁੰਦੀ ਹੈ। ਉਹ ਪੰਜਾਬ ਵਿਚ ਠਾਣੇਦਾਰੀ ਦੀ ਨੌਕਰੀ ਤੋਂ ਮੁਅੱਤਲ ਹੋ ਕੇ ਕੈਨੇਡਾ ਆ ਵਸਿਆ। ਇਥੇ ਵੀਹ ਸਾਲ ਗੁਜ਼ਾਰ ਕੇ ਪੈਸਿਆਂ ਪੱਖੋਂ ਖ਼ੁਸ਼ਹਾਲ ਹੋ ਕੇ ਵੀ ਉਹ ਔਲਾਦ ਦੇ ਸੁਖ ਵਲੋਂ ਦੀਵਾਲੀਆ ਹੋ ਗਿਆ। ਜੀਵਨ ਦੇ ਪਹਿਲੇ ਮੋੜ 'ਤੇ ਠਾਣੇਦਾਰੀ ਖੋਹ ਬੈਠਾ। ਦੂਜੇ ਮੋੜ 'ਤੇ ਕ੍ਰਿਸ਼ਨ ਵਰਗਾ ਦੋਸਤ ਤੇ ਹੌਲੀ-ਹੌਲੀ ਔਲਾਦ ਪੱਖੋਂ ਵੀ ਦੀਵਾਲੀਆ ਹੋ ਗਿਆ। ਕੰਮ ਵਿਚ

ਪੈਸੇ ਦੀ ਹੋੜ ਅਧੀਨ ਗੈਰੀ ਤੇ ਧੀ ਜੈਸੀ ਵੱਲ ਧਿਆਨ ਨਾ ਦੇਣ ਤੇ ਮਾਂ ਗਿਆਨ ਕੌਰ ਦੇ ਅਨਪੜ੍ਹ ਹੋਣ ਕਾਰਨ ਬੁਰੀ ਸੰਗਤ ਦਾ ਸ਼ਿਕਾਰ ਹੋ ਗਿਆ। ਗੈਰੀ ਦੀ ਨਾਕਾਰਾਤਮਕ ਮਾਨਸਿਕਤਾ ਨੂੰ ਕਰਮ ਸਿੰਘ ਪ੍ਰੰਪਰਾਗਤ ਕਬੀਲਾ ਮਾਨਸਿਕਤਾ ਅਧੀਨ ਮੂਕ ਰੂਪ ਵਿਚ ਉਤਸ਼ਾਹਿਤ ਕਰਦਾ ਰਿਹਾ। ਦੂਜੇ ਪਾਸੇ ਜੈਸੀ ਨੂੰ ਪੰਜਾਬੀ ਮੁੰਡੇ ਨਾਲ ਵਿਆਹੁਣ ਦੀ ਜਿੱਦ ਜੈਸੀ ਨੂੰ ਦੁਰਘਟਨਾਗ੍ਰਸਤ ਕਰਵਾ ਦਿੰਦੀ ਹੈ। ਇਸ ਦੁਰਘਟਨਾ ਤੋਂ ਬਾਅਦ ਕਰਮ ਸਿੰਘ ਦੇ ਰਵੱਈਏ ਕਾਰਨ ਜੈਸੀ ਹਸਪਤਾਲ ਵਿਚ ਅਪਾਹਜ ਜੀਵਨ ਜਿਊਣ ਦੀ ਸਥਿਤੀ ਵਿਚ ਪਹੁੰਚ ਗਈ ਹੈ। ਦੂਜੇ ਪਾਸੇ ਗੈਰੀ ਨੂੰ ਸਮੱਗਲਿੰਗ ਦੇ ਦੋਸ਼ ਵਿਚ ਪੁਲਸ ਲੈ ਜਾਂਦੀ ਹੈ। ਅਜਿਹੀ ਸਥਿਤੀ ਵਿਚ ਕਰਮ ਸਿੰਘ ਆਪਣੇ ਆਪ ਨੂੰ ਦੀਵਾਲੀਏਪਣ ਦੀ ਸਥਿਤੀ ਵਿਚ ਮਹਿਸੂਸ ਕਰਦਾ ਹੈ। ਚਿਹਰੇ 'ਤੇ ਉੱਕਰੇ ਚਿੰਨ੍ਹ ਕਰਮ ਸਿੰਘ ਦਾ ਕਾਰਨ ਲੱਭਣ ਦੀ ਸਥਿਤੀ ਦਾ ਸੰਕੇਤ ਕਰਦੇ ਹਨ।

ਅਮਨਪਾਲ ਸਾਰਾ ਆਪਣੇ ਕਹਾਣੀ ਜਗਤ ਨੂੰ ਦੋ ਵਿਰੋਧੀ ਤੇ ਸਮਾਨਾਂਤਰ ਸਥਿਤੀਆਂ ਵਿਚ ਵਿਕਸਤ ਕਰਦਾ ਹੈ। ਇਹ ਉਸ ਦੀ ਕਲਾਤਮਕਤਾ ਦਾ ਗੁਣ ਹੈ। ਇਹ ਵਿਰੋਧੀ ਤੇ ਸਮਾਨਾਂਤਰ ਸਥਿਤੀਆਂ ਨੂੰ ਪੰਜਾਬੀ ਮੂਲ ਤੇ ਲੋਕਾਂ ਤਕ ਹੀ ਸੀਮਤ ਨਹੀਂ ਰੱਖਦਾ, ਸਗੋਂ ਪੱਛਮੀ ਲੋਕਾਂ ਦੇ ਜੀਵਨ ਨਾਲ ਵੀ ਜੋੜਦਾ ਹੈ। ਇਹ ਉਸ ਦੀ ਵਿਲੱਖਣਤਾ ਹੈ। ਕਹਾਣੀ ਵਿਚ ਬਿਰਤਾਂਤ ਦੀ ਸਿਰਜਣਾ ਕਰਦੇ ਹੋਏ ਉਹ ਆਪਣੀ ਲੇਖਕ ਦੀ ਹਾਜ਼ਰੀ ਨੂੰ ਲੁਪਤ ਕਰ ਲੈਂਦਾ ਹੈ। ਇਸ ਲਈ ਕਹਾਣੀ ਵਿਚੋਂ ਕਹਾਣੀਕਾਰ ਨਹੀਂ ਬੋਲਦਾ, ਸਗੋਂ ਸਥਿਤੀਆਂ ਬੋਲਦੀਆਂ ਹਨ। ਇਹ ਉਸ ਦਾ ਮੀਰੀ ਗੁਣ ਹੈ। ਅਮਨਪਾਲ ਸਾਰਾ ਇਸ ਸਮੁੱਚੇ ਸੰਕਟ ਨੂੰ ਧਿਰ ਬਣ ਕੇ ਪੇਸ਼ ਨਹੀਂ ਕਰਦਾ, ਸਗੋਂ ਦਿਸ਼ਾ ਦੀ ਥਾਂ ਦਸ਼ਾ ਦੀ ਸਥਿਤੀ ਉਭਾਰਦਾ ਹੈ, ਸਿਰਫ਼ 'ਮਤਰੇਈ ਮਾਂ ਸਕੇ ਪੁੱਤਰ' ਕਹਾਣੀ ਵਿਚ ਇਹ ਜੁਗਤ ਟੁੱਟਦੀ ਹੈ। ਕਿਤੇ-ਕਿਤੇ ਬਹਿਸ ਭਾਰੂ ਹੋ ਜਾਂਦੀ ਹੈ। ਇਸ ਬਹਿਸ 'ਚੋਂ ਲੇਖਕ ਸਰਗਰਮ ਧਿਰ ਬਣਦਾ ਹੈ। ਇਹ ਸਰਗਰਮੀ ਦੀ ਕਹਾਣੀ ਦੀ ਕਮਜ਼ੋਰੀ ਬਣ ਜਾਂਦੀ ਹੈ। ਇਹ ਸ਼ਾਇਦ ਵਿਸ਼ੇ ਦੀ ਵਿਸ਼ੇਸ਼ਤਾ ਤੇ ਨਿਰਭਰ ਕਰਦਾ ਹੈ. ਅਮਨਪਾਲ ਸਾਰਾ ਦਾ ਕਹਾਣੀ ਜਗਤ ਆਪਣੀ ਵਿਸ਼ੇਸ਼ਤਾ ਕਰਕੇ ਪੰਜਾਬੀ ਕਹਾਣੀ ਦੇ ਖੇਤਰਵਿਚੋਂ ਮਾਨਵੀ ਜੀਵਨ ਦੇ ਕੁਝ ਨਵੇਂ ਪਹਿਲੂ ਉਭਾਰਦਾ ਹੈ। ਇਨ੍ਹਾਂ ਨਵੇਂ ਪਹਿਲੂਆਂ ਨੂੰ ਪੇਸ਼ ਕਰਦੇ ਹੋਏ ਦ੍ਰਿਸ਼ਟੀ ਪੱਖੋਂ ਸੰਤੁਲਨ ਕਾਇਮ ਰੱਖਦਾ ਹੈ। ਇਸ ਸੰਤੁਲਨ ਕਾਰਨ ਹੀ ਉਸ ਦੀਆਂ ਕਹਾਣੀਆਂ ਨੇ ਪੱਛਮੀ ਤੇ ਪੰਜਾਬੀ ਪਾਤਰਾਂ ਦੀ ਪੇਸ਼ਕਾਰੀ ਤੇ ਉਨ੍ਹਾਂ ਦੇ ਜੀਵਨ ਦੀਆਂ ਸਥਿਤੀਆਂ ਦੀ ਪੇਸ਼ਕਾਰੀ ਵਿਚ ਸੰਤੁਲਨ ਨਜ਼ਰ ਆਉਂਦਾ ਹੈ। ਇਸੇ ਦ੍ਰਿਸ਼ਟੀ ਕਾਰਨ ਅਮਨਪਾਲ ਸਾਰਾ 'ਚੋਂ ਨਵੀਆਂ ਸੰਭਾਵਨਾਵਾਂ ਦਾ ਆਭਾਸ ਹੁੰਦਾ ਹੈ। ਇਹਨਾਂ ਸੰਭਾਵਨਾ ਦੀ ਸੂਹ ਉਸ ਦੇ ਸੱਜਰੇ ਕਹਾਣੀ ਸੰਗ੍ਰਹਿ 'ਵੀਹਾਂ ਦਾ ਨੋਟ' ਵਿਚੋਂ ਮਿਲਦੀ ਹੈ। ਇਸ ਕਹਾਣੀ ਸੰਗ੍ਰਹਿ ਵਿਚ ਦਰਜ ਕਹਾਣੀਆਂ ਵਿਚੋਂ ਜ਼ਿਆਦਾ ਵੱਖੋ-ਵੱਖਰੇ ਸਾਹਿਤਕ ਪਰਚਿਆਂ ਵਿਚ ਛਪ ਚੁੱਕੀਆਂ ਹਨ। ਇਹ ਕਹਾਣੀਆਂ ਅਮਨਪਾਲ ਸਾਰਾ ਦੀ ਵਿਸ਼ਿਆਂ ਸੰਬੰਧੀ ਵਿਚਲੀਆਂ



ਕਹਾਣੀਆਂ ਕਨੇਡੀਅਨ ਜੀਵਨ ਅਤੇ ਉਥੇ ਵਸ ਚੁੱਕੇ ਪੰਜਾਬੀਆਂ ਦੇ ਜੀਵਨ ਦੇ ਵੱਖੋ-ਵੱਖਰੇ ਪਾਸਾਰਾਂ ਨੂੰ ਆਪਣੇ ਕਲੇਵਰ ਵਿਚ ਸਮੇਟਦੀਆਂ ਹਨ। ਸਾਰਾ ਦੀਆਂ ਕਹਾਣੀਆਂ ਝੂ-ਹੇਰਵੇ ਵਰਗੀ ਮਾਨਸਿਕਤਾ ਤੋਂ ਮੁਕਤ ਹਨ। ਉਸ ਦੀਆਂ ਕਹਾਣੀਆਂ ਦੇ ਕਥਾਨਕ ਤੇ ਫੈਲਿਆ ਇਤਿਹਾਸ ਵੀ ਕਿਸੇ ਭੂਤ ਮੁਖੀ ਹੇਰਵੇ ਤੋਂ ਮੁਕਤ ਹੈ। ਉਸ ਦੀਆਂ ਕਹਾਣੀਆਂ ਵਿਚਲੇ ਇਤਿਹਾਸ ਇਸੇ ਵਿਸ਼ੇਸ਼ ਸਮਾਜਕ ਸਥਿਤੀ 'ਚੋਂ ਉਪਜੀਆਂ ਘਟਨਾਵਾਂ ਵਿਚੋਂ ਉੱਭਰਦਾ ਹੈ। ਇਹ ਘਟਨਾਵਾਂ ਸਮਕਾਲੀ ਮਨੁੱਖ ਦੀਆਂ ਸਮੱਸਿਆਵਾਂ ਦੇ ਸਨਮੁੱਖ ਹਨ। ਇਹ ਕਹਾਣੀਆਂ ਵਿਧਾ ਦੇ ਜ਼ਾਵੀਏ ਤੋਂ ਵੀ ਆਪਣੀ ਵੱਖਰੀ ਹੋਂਦ ਦਾ ਅਹਿਸਾਸ ਕਰਾਉਂਦੀਆਂ ਹਨ। ਇਨ੍ਹਾਂ ਕਹਾਣੀਆਂ ਦਾ ਕਲਾਤਮਕ ਸੂੱਤਰ ਬਿਰਤਾਂਤਕਾਰ ਦੀ ਗਤੀਸ਼ੀਲਤਾ ਦਾ ਅਧਾਰ ਘਟਨਾਵਾਂ ਹਨ। ਇਸੇ ਲਈ ਕਹਾਣੀਆਂ ਵਿਚ ਸਥਿਤੀਆਂ ਤੇ ਘਟਨਾਵਾਂ ਹਾਵੀ ਹੋ ਜਾਂਦੀਆਂ ਹਨ। ਬਿਰਤਾਂਤ ਵਿਚੋਂ ਉੱਭਰੇ ਵਿਰੋਧੀ ਜੁਟ ਕਲਪਤ ਸਥਿਤੀ ਅਤੇ ਵਸਤੂਮੂਲਕ ਸਥਿਤੀ ਦਾ ਵਿਰੋਧਾ ਭਾਸ ਸਿਰਜਦੇ ਹਨ। ਕਹਾਣੀਆਂ ਦਾ ਅੰਤ ਇਕ ਭਰਮ ਦੇ ਟੁੱਟਣ ਨਾਲ ਹੁੰਦਾ ਹੈ। ਜਿਸ ਵਿਚੋਂ ਆਤਮ-ਮੰਥਨ ਦੀ ਪ੍ਰਕਿਰਿਆ ਉੱਭਰਦੀ ਹੈ। 'ਵੀਹਾਂ ਦਾ ਨੋਟ' ਕਹਾਣੀ ਮਾਸਟਰ ਗੁਰਮੁਖ ਸਿੰਘ ਦੇ ਕਲਪਿਤ ਸੱਚ ਨੂੰ ਆਤਮ ਮੰਥਨ ਲਈ ਉਸ ਸਮੇਂ ਮਜ਼ਬੂਰ ਹੋਣਾ ਪੈਂਦਾ ਹੈ ਜਦੋਂ ਮਹਿੰਦਰ ਸਿੰਘ ਦੀ ਮੌਤ ਤੋਂ ਬਾਅਦ ਪੁਰਾਣੇ ਨੋਟਾਂ ਵਿਚੋਂ ਵੀਹਾਂ ਦਾ ਨੋਟ ਨਿਕਲਦਾ ਹੈ। 'ਰੋਬਸਨ ਸਕੁਏਅਰ' ਕਹਾਣੀ ਦੇ ਕਨੇਡਾ ਦੀ ਧਰਤੀ ਨੂੰ ਆਪਣਾ ਮੰਨਣ ਦਾ ਅਹਿਸਾਸ ਅਤੇ ਯੌਰਪ ਦੇ ਜੀਵਨ ਦੇ ਕਈ ਹੋਰ ਪੱਖ ਵੀ ਸਾਹਮਣੇ ਆਉਂਦੇ ਹਨ। 'ਬੈਂਕਰਪਟ' ਕਹਾਣੀ ਵਿਚ ਯੂਰਪੀ ਸਭਿਆਚਾਰ ਦੇ ਨਕਾਰਾਤਮਕ ਪ੍ਰਭਾਵ ਗ੍ਰਹਿਣ ਕਰਦੀ ਨਵੀਂ ਪੀੜ੍ਹੀ ਅਤੇ ਪੁਰਾਣੀ ਦੇ ਆਦਰਸ਼ਾਂ ਦਾ ਤਿੜਕਣਾ ਤਰਕਸ਼ੀਲ ਸਥਿਤੀ ਰਾਹੀਂ ਉੱਭਰਦਾ ਹੈ। 'ਕਿੱਲੇ ਬੱਝੀ ਗਾਂ' ਕਹਾਣੀ ਵਿਚ ਮਨੁੱਖ ਦੀ ਵਿਕਰਤ ਮਾਨਸਿਕਤਾ ਕਾਰਨ ਉਪਜੇ ਸੰਕਟ ਅਤੇ ਇਸ ਦਾ ਸੁਭਾਵਕ ਤਿੱਖਾ ਪ੍ਰਤੀਕਰਮ ਇਸ ਕਹਣੀ ਦੇ ਕਥਾਨਕ 'ਤੇ ਫੈਲਿਆ ਹੋਇਆ ਹੈ। 'ਇਕ ਵੀਰ ਦੇਈਂ ਵੇ ਰੱਬਾ' ਕਹਾਣੀ ਔਰਤ ਅੰਦਰ ਜਾਗੇ ਸਵੈ-ਚੇਤਨਾ ਦੇ ਅਹਿਸਾਸ ਨੂੰ ਉਭਾਰਦੀ ਹੈ। 'ਰੂਹ ਦੀ ਸਾਂਝ' ਪੱਛਮੀ ਸਭਿਆਚਾਰ ਵਿਚ ਔਰਤ ਨੂੰ ਸਹੂਲਤ ਦਾ ਮਾਧਿਅਮ ਬਣਾਉਣ ਦੀ ਖਪਤ ਸਭਿਆਚਾਰ ਦੀ ਸੋਚ ਨਾਲ ਰੂਹ ਦੀ ਉੱਚਤਾ ਵਾਲੀ ਜਗੀਰਦਾਰੀ ਮਾਨਸਿਕਤਾ ਵੀ ਕਾਇਮ ਹੈ। 'ਜੀਵਨ ਬੀਮਾ' ਕਹਾਣੀ ਮੰਡੀ ਦੀ ਸੋਚ ਨਾਲ ਜੁੜੇ ਮਨੁੱਖ ਅੰਦਰ ਕੋਮਲ ਅਹਿਸਾਸ ਦੇ ਮੰਥਨ ਦਾ ਪੇਸ਼ਕਾਰੀ ਹੈ। ਇਸ ਕਹਾਣੀ ਸੰਗ੍ਰਹਿ ਨਾਲ ਸਾਰਾ ਪੰਜਾਬੀ ਪਰਵਾਸੀ ਕਹਾਣੀ ਦੀ ਲੀਹ ਪਾੜਦਾ ਹੈ।

-ਡਾ. ਰਜਨੀਸ਼ ਬਹਾਦਰ ਸਿੰਘ

## ਪ੍ਰਵੇਸ਼ਕਾ

ਸੱਤ ਕਹਾਣੀਆਂ ਉੱਤੇ ਆਧਾਰਤ ਆਪਣੇ ਇਸ ਦੂਜੇ ਕਹਾਣੀ-ਸੰਗ੍ਰਹਿ ਨਾਲ ਅਮਨਪਾਲ ਸਾਰਾ ਫਿਰ ਪੰਜਾਬੀ ਸਹਿਤ-ਜਗਤ ਅੱਗੇ ਹਾਜ਼ਰ ਹੈ। ਛੇ ਵਰ੍ਹੇ ਪਹਿਲਾਂ ਪ੍ਰਕਾਸ਼ਤ ਹੋਏ ਪਲੇਠੇ ਕਹਾਣੀ ਸੰਗ੍ਰਹਿ 'ਸਰਦ ਰਿਸ਼ਤੇ' ਨਾਲ ਪਰਵਾਸੀ ਜੀਵਨ ਦੇ ਪ੍ਰਮਾਣਿਕ ਅਨੁਭਵ ਵਾਲੇ ਇਕ ਸੰਭਾਵਨਾਵਾਂ ਭਰਪੂਰ ਕਹਾਣੀਕਾਰ ਵਜੋਂ ਉਸ ਦਾ ਪਰਿਚਯ ਹੋਇਆ ਸੀ। ਹੱਥਲੀ ਪੁਸਤਕ ਨਾਲ ਉਸ ਦੀ ਸਿਰਜਣਾਤਮਕ ਸੰਭਾਵਨਾ ਚੰਗੀ ਤਰ੍ਹਾਂ ਸਾਕਾਰ ਹੁੰਦੀ ਨਜ਼ਰ ਆਉਂਦੀ ਹੈ। ਇਸ ਪੁਸਤਕ ਦੇ ਸ਼ੀਰਸ਼ਕ ਵਾਲੀ ਕਹਾਣੀ 'ਵੀਹਾਂ ਦਾ ਨੋਟ' ਜਦੋਂ 'ਸਿਰਜਣਾ' ਵਿਚ ਛਪੀ ਸੀ ਤਾਂ ਇਕ ਬਹੁਤ ਹੀ ਮੁੱਲਵਾਨ ਕਥਾ-ਰਚਨਾ ਵਜੋਂ ਇਸ ਨੇ ਪਾਠਕਾਂ ਦਾ ਧਿਆਨ ਖਿੱਚਿਆ ਸੀ ਅਤੇ ਭਰਪੂਰ ਪ੍ਰਸ਼ੰਸਾ ਹਾਸਲ ਕੀਤੀ ਸੀ।

ਬਦੇਸ਼ਾਂ ਵਿਚਲੇ ਪੰਜਾਬੀ ਕਹਾਣੀਕਾਰਾਂ ਨੇ ਨਿਸਚੇ ਹੀ ਪੰਜਾਬੀ ਦੇ ਕਹਾਣੀ-ਸਾਹਿਤ ਨੂੰ ਵਿਸ਼ੈ-ਵਸਤ ਪੱਖੋਂ ਚੋਖਾ ਵਿਸਤਾਰ ਦਿੱਤਾ ਹੈ। ਅਮਨਪਾਲ ਬਦੇਸ਼ੀ ਲੇਖਕਾਂ ਦੀ ਇਸ ਢਾਣੀ ਦਾ ਮੁਕਬਲਤਨ ਨਵਾਂ ਮੈਂਬਰ ਹੈ। ਇਹ ਨਵਾਂਪਨ ਹੀ ਉਸ ਨੂੰ ਪਹਿਲਿਆਂ ਨਾਲੋਂ ਨਿਖੇੜਦਾ ਹੈਉਂ ਉਹ ਉਹਨਾਂ ਕੁਝ ਇਕ 'ਨਵਿਆਂ' ਵਿਚੋਂ ਹੈ ਜਿਨ੍ਹਾਂ ਉਤੇ ਪਿੱਛੇ ਦਾ ਕੋਈ ਹੈਂਗਓਵਰ ਨਹੀਂ। ਸਾਰਾ ਦੇ ਆਪਣੇ ਕਥਨ ਅਨੁਸਾਰ ਉਸ ਦਾ ਆਪਣਾ ਸੱਚ ਅਜਿਹਾ ਹੈ ਕਿ ਪਰਵਾਸ ਧਾਰਨ ਸਮੇਂ ਨਾ ਤਾਂ ਉਹ ਪਨੀਰੀ ਸੀ ਨਾ ਪੂਰਾ ਦਰੱਖ਼ਤ। ਇੰਝ ਇਕ ਹਕੀਕਤ ਵਜੋਂ ਪੰਜਾਬੀ ਸਭਿਆਚਾਰ ਦੇ ਨਿਵੇਕਲੇਪਨ ਦੀ ਪਛਾਣ ਕਰ ਸਕਣ ਦੀ ਸੋਝੀ ਵੀ ਹੈ ਅਤੇ ਇਸ ਨਾਲ ਇਕ ਹੱਦ ਤਕ ਮੋਹ ਦੀ ਭਾਵਨਾ ਵੀ। ਪਰ ਉਹ ਆਪਣੇ ਤੋਂ ਪਹਿਲਾਂ ਦੇ ਬਹੁਗਿਣਤੀ ਪਰਵਾਸੀ ਪੰਜਾਬੀ ਸਾਹਿਤਕਾਰਾਂ ਵਾਂਗ ਪਿੱਛੇ ਲਈ ਉਦਰੇਵੇਂ ਅਤੇ ਪ੍ਰਾਪਤ ਪ੍ਰਤੀ ਉਦਾਸੀਨਤਾ ਦੇ ਭਾਵਾਂ ਦਾ ਸ਼ਿਕਾਰ ਨਹੀਂ। ਇਸੇ ਲਈ ਉਸ ਦੀ ਲਿਖਤ ਵਿਚ ਪਰਵਾਸ ਜੀਵਨ-ਯਥਾਰਥ ਕੁਝ ਅਜਹਿ ਸੰਤੁਲਤ ਰੂਪ ਵਿਚ ਪੇਸ਼ ਹੋਇਆ ਮਿਲਦਾ ਹੈ ਜਿਸ ਵਿਚੋਂ ਸਾਮੰਤੀ ਭਾਈਚਾਰਕ ਚਰਿੱਤਰ ਵਾਲੀ ਮੂਲ ਪੰਜਾਬੀ ਜੀਵਨ-ਜਾਚ ਅਤੇ ਕੈਨੇਡੀਅਨ ਸਮਾਜ ਦੀ ਵਿਕਸਿਤ ਪੂੰਜੀਵਾਦੀ ਤਰਜ਼ ਵਾਲੀ ਜ਼ਿੰਦਗੀ ਵਿਚੋਂ ਕਿਸੇ ਨੂੰ ਵੀ ਉਲਾਰ ਹੋ ਕੇ ਵਡਿਆਉਣ ਜਾਂ ਤ੍ਰਿਸਕਾਰਨ ਦੀ ਰੁਚੀ ਮੌਜਦੂ ਨਹੀਂ। ਉਹ ਬਹੁਤ ਸੰਤੁਲਤ ਦ੍ਰਿਸ਼ਟੀਕੋਣ ਅਪਨਾਉਂਦਾ ਹੋਇਆ ਦੋਹਾਂ ਸਭਿਆਚਾਰਾਂ ਦੇ ਚੰਗੇ ਮੰਦੇ ਦੋਹਾਂ ਹੀ ਪੱਖਾਂ ਨੂੰ ਸਾਹਮਣੇ ਲਿਆ ਕੇ ਸਾਰਥਕ ਰੂਪ ਵਿਚ ਉਹਨਾਂ ਦਾ ਸਮਿਨਵੈ

ਕਰਦਾ ਹੈ।

ਆਪਣੇ ਵਰਗੇ ਹੋਰਨਾਂ ਕੁਝ ਇਕ 'ਨਵਿਆਂ' ਵਾਂਗ ਅਮਨਪਾਲ ਸਾਰਾ ਨੇ ਸੱਚਮੁੱਚ ਕਹਾਣੀ ਦੀ ਵਸਤੂ-ਸਮੱਗਰੀ ਵਿਚ ਆਪਣੇ ਅਨੁਭਵ ਦੇ ਆਧਾਰ 'ਤੇ ਨਵੀਨਤਾ ਲਿਆਂਦੀ ਹੈ। ਉਹ ਕਿਸੇ ਫਾਰਮੂਲੇ ਤਹਿਤ ਪਰਵਾਸੀ ਜੀਵਨ ਦਾ ਓਪਰਾ ਤੇ ਮਕਾਨਕੀ ਜਿਹਾ ਵੇਰਵਾ ਦੇਣ ਤਕ ਸੀਮਤ ਨਾ ਰਹਿੰਦਾ ਹੋਇਆ ਗੋਰਿਆਂ ਦੇ ਆਪਣੇ ਸੱਚ ਨਾਲ ਵੀ ਜਾਣ-ਪਛਾਣ ਕਰਵਾਉਂਦਾ ਹੈ। ਸਾਰੀਆਂ ਹੀ ਕਹਾਣੀਆਂ ਵਿਚ, ਭਾਵੇਂ ਉਹਨਾਂ ਦਾ ਵਿਸ਼ੈ-ਵਸਤ, ਘਟਨਾਂ, ਸਮੱਸਿਆ ਜਾਂ ਪਾਤਰ ਪਰਵਾਸੀ ਪੰਜਾਬੀਆਂ ਨਾ ਸੰਬੰਧਤ ਹੈ ਜਾਂ ਗੋਰਿਆਂ ਨਾਲ, ਬਿਰਤਾਂਤਕਾਰ ਇਕ ਸੁਚੇਤ ਭਾਰਤੀ ਕੈਨੇਡੀਅਨ ਹੈ ਜੋ ਕਹਾਣੀ ਦੇ ਅੰਦਰਲੇ ਸਹਿਜ ਯਥਾਰਥ ਨਾਲ ਕੋਈ ਛੇੜ-ਛਾੜ ਕਰਨ ਬਿਨਾਂ ਕਥਾ ਬਿਆਨ ਕਰਦਾ ਹੈ। ਇਹ ਬਿਰਤਾਂਤਕਾਰ ਕਹਾਣੀ ਵਿਚੋਂ ਮੂਲੋਂ ਹੀ ਗਾਇਬ ਹੋਵੇ, ਅਜਿਹੀ ਗੱਲ ਤਾਂ ਨਹੀਂ, ਸਮੁੱਚੇ ਬਿਰਤਾਂਤ ਵਿਚ ਉਸਦੀ ਸੋਚ ਤੇ ਦ੍ਰਿਸ਼ਟੀ ਦਾ ਆਭਾਸ ਅਵੱਸ਼ ਹੁੰਦਾ ਹੈ। ਪਰ ਬਿਰਤਾਂਤਕਾਰ ਦੀ ਅਜਿਹੀ ਹਾਜ਼ਰੀ ਨਾਲ ਕਹਾਣੀ ਵਿਚਲੇ ਯਥਾਰਥ ਅਤੇ ਉਸ ਦੀ ਕਲਾਤਮਕਤਾ ਨੂੰ ਕੋਈ ਆਂਚ ਬਿਲਕੁਲ ਨਹੀਂ ਆਉਂਦੀ। ਇਹ ਬਿਰਤਾਂਤਕਾਰ, ਕਹਾਣੀਆਂ ਦੇ ਅੰਦਰਲੇ ਤਰਕ ਤੋਂ ਪ੍ਰਤੀਤ ਹੁੰਦਾ ਹੈ ਕਿ, ਲੇਖਕ ਆਪ ਹੈ। ਇੰਝ ਸਾਰੀਆਂ ਹੀ ਕਹਾਣੀਆਂ ਦਾ ਕਥਾਨਕ ਲੇਖਕ ਦੇ ਨਿਕਟ ਅਨੁਭਵ 'ਚੋਂ ਆਇਆ ਹੈ ਅਤੇ ਪ੍ਰਮਾਣਿਕ ਹੈ। ਬਿਰਤਾਂਤਕਾਰ ਵਜੋਂ ਉਹ ਯਥਾਰਥਵਾਦੀ ਸ਼ੈਲੀ ਦੇ ਅੰਤਰਗਤ ਹੀ ਵਿਚਰਦਾ ਹੈ।

ਕਿੱਤੇ ਵਜੋਂ ਪਬਲਿਕ ਟਰਾਂਸਪੋਰਟ ਬੱਸ ਦਾ ਡਰਾਇਵਰ ਹੋਣ ਕਰਕੇ ਭਾਂਤ ਭਾਂਤ ਦੇ ਲੋਕਾਂ ਨਲ ਨਿੱਤ-ਦਿਹਾੜੀ ਅਮਨਪਾਲ ਦਾ ਵਾਹ ਪੈਂਦਾ ਹੈ। ਆਪਣੀਆਂ ਸਮੱਸਿਆਵਾਂ ਸਹਿਤ ਵੰਨ-ਸੁਵੰਨੇ ਪਾਤਰ ਖੁਦ-ਬਖੁਦ ਉਸ ਦੇ ਸੰਪਰਕ ਵਿਚ ਆ ਜਾਂਦੇ ਹਨ। 'ਇਕ ਵੀਰ ਦੇਈਂ ਵੇ ਰੱਬਾ' ਦੀ ਮੁੱਖ ਪਾਤਰ ਨਿੰਦਰ ਬਿਰਤਾਂਤਕਾਰ ਨੂੰ ਬੱਸ ਵਿਚ ਹੀ ਮਿਲੀ ਸੀ। ਆਪਣਾ ਭਾਈਬੰਦ ਸਮਝ ਕੇ ਬੱਸ ਦੇ ਡਰਾਇਵਰ ਸਰੂਪ ਨੂੰ ਉਹ ਕਾਫੀ ਕੁਝ ਦੱਸਣਾ ਚਾਹੁੰਦੀ ਸੀ ਪਰ ਦੱਸ ਨਹੀਂ ਸੀ ਸਕੀ ਪਰ ਕਾਹਲੀ ਨਾਲ ਰੱਖੜੀ ਵਾਲਾ ਲਿਫਾਫਾ ਜ਼ਰੂਰ ਪਕੜਾ ਗਈ ਸੀ। 'ਰੌਬਸਨ ਸਕੁਏਅਰ' ਅਤੇ 'ਰੂਹ ਦੀ ਸਾਂਝ' ਕਹਾਣੀਆਂ ਵਿਚਲੇ ਗੋਰੇ ਮੁੰਡੇ ਕੁੜੀਆਂ ਦੇ ਜੋੜੇ ਵੀ ਬਿਰਤਾਂਤਕਾਰ ਨੂੰ ਇਸੇ ਤਰ੍ਹਾਂ ਹੀ ਮਿਲੇ ਹਨ। ਉੱਤਮ ਪੁਰਖ ਵਿਚ ਬਿਆਨ ਕੀਤੀ ਗਈ ਕਹਾਣੀ 'ਰੌਬਸਨ ਸਕੁਏਅਰ' ਅਤੇ 'ਰੂਹ ਦੀ ਸਾਂਝ' ਦੋਹਾਂ ਹੀ ਕਹਾਣੀਆਂ ਵਿਚ ਬਿਰਤਾਂਤਕਾਰ ਇਕ ਟੈਕਸੀ ਚਾਲਕ ਹੈ ਜੋ ਬੱਸ ਡਰਾਇਵਰ ਦਾ ਹੀ ਬਦਲਿਆ ਰੂਪ ਹੈ। ਬਾਕੀ ਕਹਾਣੀਆ 'ਕਿੱਲੇ ਬੱਝੀ ਗਾਂ', 'ਬੈਂਕਰਪਟ', 'ਜੀਵਨ ਬੀਮਾ' ਅਤੇ 'ਵੀਹਾਂ ਦਾ ਨੋਟ' ਪਰਵਾਸੀ ਪੰਜਾਬੀਆਂ ਨਾਲ ਜੁੜੀਆਂ ਹੋਈਆਂ ਹਨ ਜਿੰਨ੍ਹਾਂ ਦੇ ਕਥਾਨਕ ਲੇਖਕ ਵੱਲੋਂ ਆਪਣੇ ਆਲੇ-ਦੁਆਲੇ ਵਿਚੋਂ ਚੰਗੀ ਤਰ੍ਹਾਂ ਵੇਖ-ਭਾਲ ਕੇ ਕਹਾਣੀ ਦੀ ਵਸਤ ਬਣਾਏ ਹੋਣ ਦਾ ਸੰਕੇਤ ਦਿੰਦੇ ਹਨ।

ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਪਰਵਾਸ ਧਾਰਨ ਲਈ ਸਾਡੇ ਲੋਕਾਂ ਦੀ



ਤੀਬਰ ਤਾਂਘ, ਪਰਵਾਸ ਧਾਰਨ ਉਪਰੰਤ ਆਰਥਿਕ ਤੌਰ 'ਤੇ ਛੇਤੀ ਤੋਂ ਛੇਤੀ ਸਮ੍ਰਿੱਧ ਹੋਣ ਲਈ ਹਰ ਤਰ੍ਹਾਂ ਦੇ ਯਤਨ, ਅੰਤਰ ਸਭਿਆਚਾਰਕ ਅਤੇ ਪਾਰ ਸਭਿਆਚਾਰਕ ਤਣਾਉ ਨਾਲ ਸਬੰਧਤ ਮਸਲਿਆਂ ਦੇ ਵਿਭਿੰਨ ਪੱਖ ਇਹਨਾਂ ਕਹਾਣੀਆਂ ਵਿਚੋਂ ਉਭਰਦੇ ਹਨ। 'ਇਕ ਵੀਰ ਦੇਈਂ ਵੇ ਰੱਬਾ' ਕਹਾਣੀ ਵਿਚਲੀ ਪਰਵਾਸੀ ਪੰਜਾਬੀ ਮੁਟਿਆਰ ਨਿੰਦਰ ਦੀ ਵਰ੍ਹਿਆਂ ਪਿੱਛੋਂ ਸਰੂਪ ਨਾਲ ਅਚਾਨਕ ਮੁੜ ਮੁਲਾਕਾਤ ਹੋਣ 'ਤੇ ਉਹ ਆਪਣੀ ਜੋ ਕਹਾਣੀ ਸੁਣਾਉਂਦੀ ਹੈ ਉਸ ਵਿਚੋਂ ਪਰੰਪਰਕ ਪੰਜਾਬੀ ਕਦਰਾਂ-ਕੀਮਤਾਂ ਦੀ ਅਸਲੀ ਹਕੀਕਤ ਉਸ ਪੱਛਮੀ ਯਥਾਰਥ ਦੇ ਸੰਦਰਭ ਵਿਚ ਖੁਲ੍ਹਦੀ ਹੈ ਜਿਸ ਨੂੰ ਪੁਰਾਣੀ ਸੋਚ ਅਕਸਰ ਨਾਪਸੰਦਗੀ ਦੇ ਭਾਵਾਂ ਨਾਲ ਪੇਸ਼ ਕਰਨ ਦੀ ਰੁਚੀ ਰੱਖਦੀ ਹੈ। ਕਹਾਣੀ ਦਾ ਕੇਂਦਰੀ ਮਸਲਾ ਭਾਵੇਂ ਇਹ ਹੈ ਕਿ ਭਰਾ ਵੱਲੋਂ ਭੈਣ ਦੀ ਸੁਰੱਖਿਆ ਕਰਨ ਦੇ ਸੰਕਲਪ ਵਜੋਂ ਰੱਖੜੀ ਬੰਨ੍ਹਣ ਦੀ ਪਰੰਪਰਾ ਦੀ ਬਦਲੇ ਪਰਿਵੇਸ਼ ਅਤੇ ਬਦਲੇ ਸਮਿਆਂ ਵਿਚ ਕੀ ਸਾਰਥਕਤਾ ਹੈ। ਪਰ ਇਸ ਮਸਲੇ ਦੇ ਅੰਤਰਗਤ ਆਪਣੇ ਵੱਧ ਤੋਂ ਵੱਧ ਰਿਸ਼ਤੇਦਾਰਾਂ ਨੂੰ ਵਿਜ਼ਟਰ ਬਣਾ ਕੇ, ਵਿਆਹ ਰਚਾ ਕੇ ਜਾਂ ਕਿਸੇ ਵੀ ਹੋਰ ਵਸੀਲੇ ਕੈਨੇਡਾ ਮੰਗਵਾਉਣ, ਵਿਕਸਤ ਪੂੰਜੀਵਾਦੀ ਸਭਿਆਚਾਰ ਵਿਚ ਔਰਤ ਦੇ ਅਬਲਾ ਬਣੇ ਰਹਿਣ ਦੀ ਬਜਾਏ ਉਸ ਵਿਚ ਆਤਮ ਵਿਸ਼ਵਾਸ ਉਤਪੰਨ ਹੋਣ ਦੀ ਸੂਹ ਵੀ ਇਸ ਵਿੱਚੋਂ ਮਿਲ ਜਾਂਦੀ ਹੈ। ਵਿਆਹੀ ਭੈਣ ਵੱਲੋਂ ਸਪਾਂਸਰ ਕਰਕੇ ਕੈਨੇਡਾ ਬੁਲਾਏ ਮਾਪਿਆਂ ਦੇ ਨਾਲ ਆਈ ਨਿੰਦਰ ਨੂੰ ਉਸ ਦੀ ਭੈਣ ਨਿੰਮੋ ਅਤੇ ਜੀਜਾ ਹਰਪਾਲ ਦੋਵੇਂ ਹੀ ਦੇਸ ਵਿਚ ਰਹਿ ਗਏ ਹਰਪਾਲ ਦੇ ਭਤੀਜੇ ਸੁਰਜੀਤ ਨਾਲ ਵਿਆਹ ਰਹੇ ਸਨ ਤਾਂ ਕਿ ਉਹ ਵੀ ਕੈਨੇਡਾ ਪਹੁੰਚ ਸਕੇ। ਆਪਣੇ ਜੀਜੇ ਹਰਪਾਲ ਨੂੰ ਉਹ ਰੱਖੜੀ ਵੀ ਬੰਨ੍ਹਦੀ ਸੀ। ਪਰ ਇਕ ਵਾਰ ਪਹਿਲਾਂ ਸੁਰਜੀਤ ਦੇ ਕੈਨੇਡਾ 'ਚੋਂ ਡੀਪੋਰਟ ਹੋਏ ਹੋਣ ਕਾਰਨ ਜਦੋਂ ਉਸਦਾ ਆਉਣਾ ਸੰਭਵ ਨਾ ਰਿਹਾ ਤਾਂ ਇਹੀ ਵੀਰ ਹਰਪਾਲ ਉਸਨੂੰ ਭਤੀਜ-ਨੂੰਹ ਦੀ ਥਾਂ ਅੱਧੀ ਘਰ ਵਾਲੀ ਬਣਾਉਣ ਲਈ ਉਤਾਵਲਾ ਸੀ। ਹੁਣ ਆਜ਼ਾਦਾਨਾ ਤੌਰ 'ਤੇ ਰਹਿ ਰਹੀ ਨਿੰਦਰ ਭਰਾ ਜਾਂ ਪਿਉ ਦੇ ਰੂਪ ਵਿਚ ਕਿਸੇ ਵੀ ਮਰਦ ਦੇ ਆਸਰੇ ਤੋਂ ਬਿਨਾਂ ਆਪਣੀ ਹੀ ਨਹੀਂ ਆਪਣੀ ਮਾਂ ਦੀ ਸੰਭਾਲ ਕਰਨ ਦੇ ਵੀ ਸਮਰੱਥ ਨਜ਼ਰ ਆਉਂਦੀ ਹੈ। ਕਹਾਣੀ ਦੇ ਇਕ ਹੋਰ ਉਪ ਪ੍ਰਸੰਗ ਅਨੁਸਾਰ ਨਿੰਦਰ ਦੀ ਵਿਧਵਾ ਭੂਆ ਨੂੰ ਉਸ ਦੇ ਤਾਏ ਨੇ, ਯਾਨੀ ਭਰਾ ਨੇ ਆਪਣੀ ਭੈਣ ਨੂੰ, ਜਾਇਦਾਦ ਹਥਿਆਉਣ ਦੀ ਖਾਤਰ ਮਰਵਾ ਦਿੱਤਾ ਸੀ। ਇੰਝ ਇਹ ਕਹਾਣੀ ਭੈਣ ਭਰਾ, ਧੀ ਪੁੱਤ ਅਤੇ ਹੋਰ ਸਭ ਰਿਸ਼ਤਿਆਂ ਦੇ ਪਰੰਪਰਕ ਸੰਕਲਪਾਂ ਤੇ ਵਿਹਾਰਕ ਅਰਥਾਂ ਦੀ ਹਕੀਕਤ ਨੂੰ ਵੀ ਉਘਾੜਦੀ ਹੈ।

'ਬੈਂਕਰਪਟ' ਅਤੇ 'ਕਿੱਲੇ ਬੱਝੀ ਗਾਂ' ਸ਼ੀਰਸ਼ਕ ਵਾਲੀਆਂ ਕਹਾਣੀਆਂ ਉਸ ਦੁਖਾਂਤਕ ਸਥਿਤੀ ਦਾ ਬੋਧ ਕਰਵਾਉਂਦੀਆਂ ਹਨ, ਸਭਿਆਚਾਰਕ ਵੱਖਰੇਵੇਂ ਦੀ ਹਕੀਕਤ ਨੂੰ ਸਹੀ ਰੂਪ ਵਿਚ ਪਛਾਨਣ ਤੋਂ ਨਾਕਾਮ ਰਹਿਣ ਕਾਰਨ ਜਿਸ ਵਿਚੋਂ ਅਕਸਰ ਪਰਵਾਸੀ ਪੰਜਾਬੀ ਗੁਜ਼ਰਦੇ ਹਨ। 'ਬੈਂਕਰਪਟ' ਕਹਾਣੀ ਦੇ ਕਥਾਨਕ ਵਿਚ ਵੀ, 'ਇਕ ਵੀਰ ਦੇਈਂ ਵੇ ਰੱਬਾ' ਵਾਂਗ, ਪਰਵਾਸੀ ਪੰਜਾਬੀਆਂ ਦੇ ਬਹੁ-ਵਿਧ

ਸਰੋਕਾਰ ਗੁੰਦੇ ਗਏ ਹਨ, ਜਿਵੇਂ ਪਹਿਲੀ ਪੀਹੜੀ ਦੇ ਪਰਵਾਸੀਆਂ ਵੱਲੋਂ ਚੰਗੀ ਖੱਟੀ-ਕਮਾਈ ਕਰਕੇ ਦੇਸ ਪਰਤਣ ਅਤੇ ਵੱਡੇ ਲੋਕਾਂ ਵਾਂਗ ਵਿਚਰਨ ਦੀ ਰੀਝ ਵਗੈਰਾ। ਪਰ ਮੂਲ ਰੂਪ ਵਿਚ ਇਹ ਕਹਾਣੀ ਕਰਮ ਸਿੰਘ ਦੀ ਤ੍ਰਾਸਦੀ ਉਤੇ ਕੇਂਦਰਿਤ ਹੈ ਜੋ ਕੈਨੇਡਾ ਵਿਚ ਰਹਿੰਦਿਆਂ ਹੋਇਆ ਵੀ ਆਪਣੇ ਪੁੱਤਰ ਅਤੇ ਧੀ ਬਾਰੇ ਪਿੱਛਲਵਰਤੀ ਜਗੀਰੂ ਸੋਚ ਅਨੁਸਾਰ ਵਿਹਾਰ ਕਰਨ ਵਿਚੋਂ ਉਪਜਦੀ ਹੈ। ਕੈਨੇਡਾ ਦੇ ਮਾਹੌਲ ਵਿਚ ਮੁਟਿਆਰ ਕੋਈ ਕਾਫੀ ਸੂਝ ਵਾਨ ਤੇ ਸੰਵੇਦਨਸ਼ੀਲ ਆਪਣੀ ਧੀ ਜਸਬੀਰ ਉਰਫ ਜੈੱਸੀ ਦੀ ਮਰਜ਼ੀ ਦੇ ਵਿਰੁੱਧ ਕਰਮ ਸਿੰਘ ਪੰਜਾਬ ਵਿਚੋਂ ਮੁੰਡਾ ਮੰਗਵਾ ਕੇ ਉਸ ਦੀ ਸ਼ਾਦੀ ਕਰਨ ਲਈ ਬਜ਼ਿਦ ਹੈ। ਜੈੱਸੀ ਦੀ ਇੱਛਾ, ਲਿਆਕਤ ਅਤੇ ਸਮੱਰਥਾ ਦੇ ਬਾਵਜੂਦ ਉਹ ਉਸ ਨੂੰ ਅਗਾਂਹ ਪੜ੍ਹਨ ਦੀ ਆਗਿਆ ਨਹੀਂ ਦਿੰਦਾ ਅਤੇ ਵਿਆਹ ਦੀ ਉਡੀਕ ਵਿਚ ਘਰ ਦੀ ਚਾਰਦੀਵਾਰੀ ਅੰਦਰ ਟਿਕੇ ਰਹਿਣ ਦਾ ਆਦੇਸ਼ ਦਿੰਦਾ ਹੈ। ਇਸ ਦੇ ਉਲਟ ਆਪਣੇ ਪੁੱਤਰ ਗੈਰੀ ਯਾਨੀ ਗੁਰਬੀਰ ਨੂੰ ਉਹ ਸਭ ਤਰ੍ਹਾਂ ਦੀਆਂ ਖੁੱਲ੍ਹਾਂ ਤੇ ਸਹੂਲਤਾਂ ਮੁਹੱਈਆ ਕਰਦਾ ਹੈ। ਭੂਪਵਾਦੀ ਹਉਂ ਮੁਤਾਬਕ ਉਹ ਸਗੋਂ ਚਾਹੁੰਦਾ ਏ ਕਿ ਗੈਰੀ ਕੁੱਟ ਖਾ ਕੇ ਕਦੇ ਘਰ ਨਾ ਆਵੇ, ਜਵਾਨ ਮੁੰਡਿਆਂ ਦੀ ਸ਼ਰਾਰਤ ਵਰਗਾ ਕੋਈ ਉਲਾਂਭਾ ਬੇਸ਼ੱਕ ਲੈ ਆਵੇ। ਆਪਣੇ ਅਧਿਕਾਰਾਂ ਬਾਰੇ ਸੁਚੇਤ ਹੋਈ ਆਪਣੇ ਉਤੇ ਥੋਪੇ ਜਾ ਰਹੇ ਮੰਗੇਤਰ ਦੀ ਸਪਾਂਸਰਸ਼ਿਪ ਰੱਦ ਕਰਨ ਵਾਸਤੇ ਲਾਗਲੇ ਸ਼ਹਿਰ ਵਿਚ ਇਮੀਗਰੇਸ਼ਨ ਦੇ ਦਫ਼ਤਰ ਵਿਚ ਇਕ ਗੋਰੀ ਸਹੇਲੀ ਦੇ ਨਾਲ ਅਰਜ਼ੀ ਦੇਣ ਉੱਪਰੰਤ ਮੁੜਦੀ ਹੋਈ ਜੈੱਸੀ ਕਾਰ ਐਕਸੀਡੈਂਟ ਵਿਚ ਬੁਰੀ ਤਰ੍ਹਾਂ ਘਾਇਲ ਹੋ ਜਾਂਦੀ ਹੈ। ਕਰਮ ਸਿੰਘ ਨੂੰ ਇਹ ਚਿੰਤਾ ਹੈ ਕਿ ਭਾਈਬੰਦਾਂ ਨੂੰ ਉਹ ਕੀ ਦੱਸੇਗਾ ਕਿ ਜੈੱਸੀ ਦੂਜੇ ਸ਼ਹਿਰ ਕਰਨ ਕੀ ਗਈ ਸੀ ਅਤੇ ਅਕਸੀਡੈਂਟ ਕਾਰਨ ਅਪੰਗ ਹੋ ਜਾਣ ਦੀ ਸੂਰਤ ਵਿਚ ਉਸ ਨਾਲ ਸ਼ਾਦੀ ਕੌਣ ਕਰੇਗਾ? ਅਤੇ ਇਸ ਦੇ ਨਾਲ ਹੀ ਦੂਜੀ ਟਰੈਜਡੀ ਕਰਮ ਸਿੰਘ ਨਾਲ ਇਹ ਵਾਪਰਦੀ ਹੈ ਕਿ ਪੂਰਨ ਖੁੱਲ੍ਹ-ਖੇਡ ਵਿਚ ਗੈਰੀ ਸਿਰਫ ਅਯਾਸ਼ ਹੀ ਨਹੀਂ ਬਣਿਆ, ਚੋਰੀਆਂ ਕਰਨ ਅਤੇ ਨਸ਼ੀਲੀਆਂ ਵਸਤਾਂ ਦਾ ਨਾਜਾਇਜ਼ ਧੰਦਾ ਕਰਨ ਦੇ ਇਲਜ਼ਾਮ ਵਿਚ ਪੁਲਸ ਵੱਲੋਂ ਗਰਿਫ਼ਤਾਰ ਵੀ ਕਰ ਲਿਆ ਗਿਆ ਹੈ।

'ਬੈਂਕਰਪਟ' ਦੇ ਕਰਮ ਸਿੰਘ ਦਾ ਹੀ ਇਕ ਹੋਰ ਰੂਪ ਹੈ ਕਹਾਣੀ 'ਕਿੱਲੇ ਬੱਝੀ ਗਾਂ' ਵਿਚਲਾ ਬਲਬਰੀ ਸਿੰਘ। ਪਰ ਏਥੇ ਉਹ ਫੋਕਸ ਵਿਚ ਨਹੀਂ, ਉਸ ਦੀ ਘਰਵਾਲੀ ਫੋਕਸ ਵਿਚ ਹੈ, ਜਿਸ ਵਿਚਾਰੀ ਦਾ ਆਪਣਾ ਕੋਈ ਨਾਂ ਵੀ ਨਹੀਂ। ਨਾਲ ਹੀ ਫੋਕਸ ਵਿਚ ਆਉਂਦੀਆਂ ਹਨ ਉਸ ਦੀਆਂ ਦੋ ਧੀਆਂ ਪਿੰਕੀ ਅਤੇ ਡੌਲੀ, ਜਿਨ੍ਹਾਂ ਨਾਲ ਕੁਝ ਵਾਪਰਨ ਕਰਕੇ ਹੀ ਕਹਾਣੀ ਉਸਰੀ ਹੈ। ਮੁਟਿਆਰ ਪਿੰਕੀ ਦਾ ਬਲਬੀਰ ਸਿੰਘ ਦੇ ਇਕ ਜੁਆਨਅ ਰਿਸ਼ਤੇਦਾਰ ਰਣਧੀਰ ਨੇ ਧੱਕੇ ਨਾਲ ਚੋਰੀ ਛਿੱਪੇ ਸਰੀਰਕ ਸੋਸ਼ਨ ਕੀਤਾ ਸੀ ਅਤੇ ਉਹ ਬੁਰੀ ਤਰਾਂ ਹਰਾਸੀ ਗਈ ਸੀ। ਇਹ ਸਮਝਦਿਆਂ ਹੋਇਆ ਕਿ ਇਸ ਦੁਰਘਟਨਾ ਦੇ ਨਸ਼ਰ ਹੋਣ ਨਾਲ ਬਲਬੀਰ ਸਿੰਘ ਅਤੇ ਨਜ਼ਦੀਕੀ ਰਿਸ਼ਤੇਦਾਰੀ ਦੀ ਪੱਧਰ ਉਤੇ ਕਈ ਤਰ੍ਹਾਂ ਦੇ ਕਲੇਸ਼ ਉਭਰਨਗੇ ਅਤੇ ਨਮੋਸ਼ੀ ਹੋਵੇਗੀ, ਬਲਬੀਰ



ਸਿੰਘ ਦੀ ਘਰਵਾਲੀ ਸਾਰੀ ਹੋਈ-ਵਰਤੀ ਆਪਣੇ ਤੱਕ ਲੁਕੋ ਰਖਦੀ ਹੈ ਅਤੇ ਪਿੰਕੀ ਨੂੰ ਵੀ ਚੁੱਪ ਰਹਿਣ 'ਤੇ ਮਜਬੂਰ ਕਰਦੀ ਹੈ। ਪਰ ਜਦੋਂ ਰਣਧਰੀ ਉਸ ਦੀ ਦੂਜੀ ਧੀ, ਬਾਲੜੀ ਜਿਹੀ ਡੌਲੀ, ਨਾਲ ਵੀ ਇਹੀ ਕੁਝ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਅੰਦਰਲੀ ਮਾਂ ਰੋਹ ਵਿਚ ਪ੍ਰਚੰਡ ਹੋ ਉਠਦੀ ਹੈ।

ਇਹ ਕਹਾਣੀਆਂ ਦਰਸਾਉਂਦੀਆਂ ਹਨ ਕਿ ਪਰਵਾਸੀ ਪੰਜਾਬੀ ਔਰਤਾਂ ਨੂੰ ਹਾਲੇ ਵੀ ਭੂਪਵਾਦੀ ਕਦਰਾਂ-ਕੀਮਤਾਂ ਨਾਲ ਜੁੜੇ ਮਰਦ ਦੀ ਵਧੀਕੀ ਦਾ ਸਾਹਮਣਾ ਕਰਨਾ ਪੈਂਦਾ ਹੈ। ਲੇਖਕ ਸਪਸ਼ਟ ਭਾਂਤ ਪੰਜਾਬੀ ਮਰਦ ਦੀ ਇਸ ਤਰ੍ਹਾਂ ਦੀ ਸੋਚ ਅਤੇ ਵਿਹਾਰ ਨੂੰ ਰੱਦ ਕਰਦਾ ਹੋਇਆ ਔਰਤ ਸਾਹਵੇਂ ਆਪਣੀ ਖੁਦਮੁਖਤਿਆਰ ਹਸਤੀ ਲਈ ਯਤਨਸ਼ੀਲ ਹੋਣ ਦਾ ਇਕ ਪ੍ਰਤੀਮਾਨ ਸਿਰਜਦਾ ਹੈ। 'ਕਿੱਲੇ ਬੱਝੀ ਗਾਂ' ਕਹਾਣੀ ਵਿਚ ਸਤਵੰਤ ਔਰਤ ਦੇ ਅਜਿਹੇ ਬਦਲਵੇਂ ਰੂਪ ਵਜੋਂ ਹੀ ਸਾਹਵੇਂ ਆਉਂਦੀ ਹੈ ਜੋ ਬਲਬੀਰ ਸਿੰਘ ਦੀ ਪਤਨੀ ਨੂੰ ਹੌਸਲਾ ਪਕੜਨ ਦੇ ਰਾਹ ਤੋਰਦੀ ਹੈ। ਰਿਸ਼ਤਿਆਂ ਦੀ ਪਵਿੱਤਰਤਾ ਦੇ ਉਹਲੇ ਵਿਚ ਜਗੀਰੂ ਮਾਨਸਿਕਤਾ ਵਾਲੇ ਮਰਦ ਦੀ ਕਾਮੁਕਤਾ ਕੀ ਕੀ ਗੁਲ ਖਿਲਾਉਂਦੀ ਹੈ ਇਹ ਕੁਝ ਵੀ ਅਮਨਪਾਲ ਸਾਰਾ ਦੀਆਂ ਇਹਨਾਂ ਕਹਾਣੀਆਂ ਵਿਚੋਂ ਉਜਾਗਰ ਹੁੰਦਾ ਹੈ। ਤੋਤਪਰਜ ਇਹ ਨਿਕਲਦਾ ਹੈ ਕਿ ਜੇ ਪਿੱਛੇ ਭੂਪਵਾਦੀ ਮਾਹੌਲ ਵਿਚ ਦੇਸ ਵਿਚ ਔਰਤ ਮਰਦ ਦੀ ਹਰ ਤਰ੍ਹਾਂ ਦੀ ਜ਼ਿਆਦਤੀ ਸਹਿਣ ਲਈ ਮਜਬੂਰ ਸੀ ਤਾਂ ਕੋਈ ਵਜ੍ਹਾ ਨਹੀਂ ਕਿ ਉਹ ਕੈਨੇਡਾ ਦੇ ਵਿਕਸਤ ਪੂੰਜੀਵਾਦੀ ਪਰਿਵੇਸ਼ ਵਿਚ ਵੀ ਚੁੱਪ-ਚਾਪ ਵਧੀਕੀਆਂ ਬਰਦਾਸ਼ਤ ਕਰੀ ਜਾਵੇ।

ਔਰਤ ਅਤੇ ਮਰਦ ਦਾ ਸਹੀ ਰਿਸ਼ਤਾ ਪਸ਼ੂਆਂ ਦੀ ਪੱਧਰ ਉਤੇ ਸਰੀਰਕ ਮੇਲ ਤਕ ਸੀਮਤ ਨਹੀਂ, ਇਹ ਬਹੁਤ ਹੀ ਸੂਖਮ ਅਹਿਸਾਸ ਵਾਲਾ ਰਿਸ਼ਤਾ ਹੈ ਜਿਸ ਵਿਚ ਸਰੀਰਕ ਮੇਲ ਤੋਂ ਅਗਾਂਹ ਰੂਹਾਂ ਦੀ ਸਾਂਝ ਲੋੜੀਂਦੀ ਹੈ। ਦੋ ਗੋਰੇ ਪਾਤਰਾਂ, ਇਕ ਗੱਭਰੂ ਤੇ ਮੁਟਿਆਰ ਦੀ ਜੋੜੀ ਬਾਰੇ ਲਿਖੀ ਗਈ ਕਹਾਣੀ 'ਰੂਹ ਦੀ ਸਾਂਝ' ਇਹੀ ਸੁਝਾਉਂਦੀ ਹੈ। ਆਪਣੇ ਸਾਥੀ ਗੱਭਰੂ ਦੇ ਪਿਆਰ ਵਿਚ ਗੜੁੱਚੀ ਹੋਈ ਗੋਰੀ ਮੁਟਿਆਰ ਆਰਥਿਕ ਲੋੜਾਂ ਦੀ ਪੂਰਤੀ ਦੀ ਖਾਤਰ, ਗੱਭਰੂ ਦੀ ਮਰਜ਼ੀ ਨਾਲ, ਕੁਝ ਸਮੇਂ ਵਾਸਤੇ ਆਪਣਾ ਸਰੀਰ ਵੇਚਣ ਜਾਂਦੀ ਹੈ ਤਾਂ ਇਸ ਵਿਚ ਉਸ ਨੂੰ ਜਾਂ ਉਸ ਦੇ ਸਾਥੀ, ਦੋਹਾਂ ਨੂੰ, ਕੁਝ ਵੀ ਅਣਹੋਣੀ ਨਹੀਂ ਜਾਪਦੀ, ਕਿਉਂਕਿ "ਉਹ ਸਿਰਫ ਬਿਸਤਰਾ ਹੀ ਤਾਂ ਸਾਂਝਾ ਕਰਦੀ ਹੈ, ਕਿਹੜਾ ਕਿਸੇ ਗਾਹਕ ਨੂੰ ਦਿਲੋਂ ਪਿਆਰ ਕਰਦੀ ਹੈ...।" ਸਰੀਰਕ ਸੰਬੰਧਾਂ ਵਿਚ ਨੈਤਿਕਤਾ ਦੇ ਪੁਰਾਣੇ ਸੰਕਲਪ ਅਨੁਸਾਰ ਹੀ ਨਹੀਂ ਔਰਤ ਤੇ ਮਰਦ ਦੇ ਰਿਸ਼ਤੇ ਦੀ ਨਵੀਂ ਸਮਝ ਅਨੁਸਾਰ ਵੀ ਇਹ ਪਹੁੰਚ ਅਪਨਾ ਸਕਣਾ ਤਾਂ ਨਾ-ਮੁਮਕਿਨ ਜਿਹਾ ਲਗਦਾ ਹੈ, ਪਰ ਜਿਵੇਂ ਕਹਾਣੀ ਬਿਆਨ ਕੀਤੀ ਗਈ ਹੈ ਉਸ ਤੋਂ ਇਸ ਦੀ ਮੰਨਣਯੋਗਤਾ ਉਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਭੂਪਵਾਦੀ ਨੈਤਿਕਤਾ ਦੇ ਟਾਕਰੇ ਇਹ ਕਹਾਣੀ ਪੂੰਜੀਵਾਦੀ ਵਿਵਸਥਾ ਦੀ ਕਰੂਰਤਾ ਨੂੰ ਨੰਗਾ ਕਰਦੀ ਹੈ ਜਿਥੇ ਅਹਿਸਾਸ ਤੇ ਵਿਹਾਰ ਵੱਖ-ਵੱਖ ਖਾਨਿਆਂ ਵਿਚ ਵੰਡ ਜਾਂਦੇ ਹਨ। ਇਸ ਕਹਾਣੀ ਵਿਚੋਂ ਗੁਰਬਖਸ਼ ਸਿੰਘ ਦਾ ਅਫਲਾਤੂਨੀ ਪਿਆਰ ਵਾਲਾ ਆਦਰਸ਼ਵਾਦੀ

ਫਲਸਫਾ ਜੋ ਨਹੀਂ ਉਭਰਦਾ ਤਾਂ ਇਸ ਕਾਰਨ ਕਿ ਇਹ ਕਹਾਣੀ ਪਿਆਰ ਵਿਚ ਔਰਤ ਦੇ ਮਰਦ ਦੇ ਸਰੀਰਕ ਮੇਲ ਦੇ ਆਨੰਦ ਨੂੰ ਨਕਾਰਦੀ ਨਹੀਂ, ਪ੍ਰਵਾਨਗੀ ਦਿੰਦੀ ਹੈ।

'ਰੂਹ ਦੀ ਸਾਂਝ'' ਵਿਚਲੇ ਪ੍ਰੇਮੀ ਜੋੜੇ ਦੇ ਵਿਹਾਰ ਦੇ ਤਰਕ ਨੂੰ ਸਮਝ ਸਕਣਾ ਭਾਵੇਂ ਕਾਫੀ ਕਠਿਨ ਹੈ, ਪਰ ਅੰਤਮ ਰੂਪ ਵਿਚ ਉਹਨਾਂ ਦੇ ਰਿਸ਼ਤੇ ਵਿਚੋਂ ਸੁੱਚਮਤਾ ਦੀ ਜੋ ਝਲਕ ਮਿਲਦੀ ਹੈ ਉਸ ਕਾਰਨ ਉਹ ਪਿਆਰ ਤੇ ਹਮਦਰਦੀ ਦੇ ਪਾਤਰ ਬਣ ਜਾਂਦੇ ਹਨ। ਪਰ ਸਥਾਨਕ ਗੋਰਿਆਂ ਨੂੰ ਪਾਤਰਾਂ ਵਜੋਂ ਲੈ ਕੇ ਲਿਖੀ ਪੁਸਤਕ ਵਿਚਲੀ ਦੂਜੀ ਕਹਾਣੀ 'ਰੌਬਸਨ ਸਕੁਏਅਰ' ਵਿਚਲਾ ਜੋੜਾ ਆਪਣੇ ਵਤੀਰੇ ਸਦਕਾ ਤ੍ਰਿਸਕਾਰ ਦੇ ਭਾਵ ਉਭਾਰਦਾ ਹੈ। ਆਦਰਸ਼ਾਂ ਦੀ ਅਣਹੋਂਦ ਵਿਚ ਜੀਵਨ ਦੇ ਸਹੀ ਰਾਹ ਤੋਂ ਭਟਕੇ ਹੋਏ ਮੁੰਡੇ ਕੁੜੀਆਂ ਡਰੱਗ ਟਰੈਫਕਿੰਗ ਵਰਗਾ ਗਲਤ ਧੰਦਾ ਕਰਦੇ ਹਨ। ਕਈ ਤਰ੍ਹਾਂ ਦੀਆਂ ਮੁਸ਼ਕਲਾਂ ਵਿਚ ਫਸੇ ਇਹ ਲੋਕ ਆਪ ਸਹੇੜੀਆਂ ਸਮੱਸਿਆਵਾਂ ਦਾ ਦੋਸ਼ ਪਰਵਾਸੀਆਂ ਸਿਰ ਮੜ੍ਹਦੇ ਹਨ। ਕੈਨੇਡਾ ਵਿਚ ਭਾਰਤੀਆਂ ਦੇ ਪਰਵਾਸ ਦੇ ਸੌਵੇਂ ਵਰ੍ਹੇ ਨੂੰ ਸਮਰਪਤ ਇਹ ਕਹਾਣੀ ਜਿਥੇ ਨਸਲੀ ਵਿਤਕਰੇ ਅਤੇ ਬੇਸਮਝ ਗੋਰਿਆਂ ਦੇਅਭਿਮਾਨੀ ਵਤੀਰੇ ਵਰਗੀ ਵਾਸਤਵਿਕਤਾ ਉਤੇ ਉਂਗਲ ਧਰਦੀ ਹੈ ਉਥੇ ਇਹ ਭਵਿੱਖਮੁਖੀ ਸੰਕੇਤ ਵੀ ਦਿੰਦੀ ਹੈ ਕਿ ਕੈਨੇਡਾ ਵਿਚਲੇ ਭਾਰਤੀ ਪਰਵਾਸੀ ਹੁਣ ਪਰਵਾਸੀ ਹੋਣ ਦੇ ਅਹਿਸਾਸ ਤੋਂ ਮੁਕਤ ਹੋ ਕੇ ਕੈਨੇਡੀਅਨ ਬਣਨ ਦੇ ਆਹਰ ਵਿਚ ਹਨ। ਦੋਵੇਂ ਕਹਾਣੀਆਂ ਪਰਵਾਸੀਆਂ ਤੋਂ ਅਗਾਂਹ ਸਮੁੱਚੇ ਕੈਨੇਡੀਅਨ ਜੀਵਨ-ਯਥਾਰਥ ਨੂੰ ਜਿਸ ਤਰ੍ਹਾਂ ਕਲਾਵੇ ਵਿਚ ਲੈਣ ਵਿਚ ਸਫਲ ਰਹੀਆਂ ਹਨ, ਉਸ ਤੋਂ ਵੀ ਇਹੀ ਸੰਕੇਤ ਮਿਲਦਾ ਹੈ। ਇਸ ਦੇ ਵਿਪਰੀਤ 'ਜੀਵਨ ਬੀਮਾ' ਨਾਉਂ ਦੀ ਕਹਾਣੀ ਕਿਸੇ ਵੀ ਪਰਵਾਸੀ ਦੇ ਮੁੱਢਲੇ ਸੰਘਰਸ਼ਮਈ ਵਰ੍ਹਿਆਂ ਦੀ ਹਕੀਕਤ ਦੀ ਇਕ ਝਲਕ ਪੇਸ਼ ਕਰਦੀ ਹੈ ਜਿਸ ਅਨੁਸਾਰ ਉਹ ਆਪਣੀਆਂ ਤੇ ਪਰਿਵਾਰ ਦੇ ਜੀਆਂ ਦੀਆਂ ਭਾਵੁਕ ਲੋੜਾਂ ਨੂੰ ਲਾਂਭੇ ਰੱਖ ਕੇ ਜਾਨ-ਹੂਲਵੀਂ ਮਿਹਨਤ ਕਰਦਾ ਹੈ ਤਾਂ ਕਿ ਉਹ ਛੇਤੀ ਤੋਂ ਛੇਤੀ ਸਮ੍ਰਿੱਧ ਹੋ ਸਕੇ।

'ਵੀਹਾਂ ਦਾ ਨੋਟ' ਬਿਲਾਸ਼ੱਕ ਇਸ ਪੁਸਤਕ ਦੀ ਸ੍ਰੇਸ਼ਟ ਕਹਾਣੀ ਹੈ। ਇਹ ਕਹਾਣੀ ਜੀਵਨ ਵੱਲ ਵੱਖਰੀ ਹੀ ਨਹੀਂ ਸਗੋਂ ਬਹੁਤ ਹਾਲਤਾਂ ਵਿਚ ਵਿਰੋਧੀ ਪਹੁੰਚ ਰੱਖਣ ਵਾਲੇ ਦੋ ਪਰਵਾਸੀ ਭਾਰਤੀਆਂ ਦਾ ਬਿਰਤਾਂਤ ਸਿਰਜਦੀ ਹੈ। ਇਸ ਬਿਰਤਾਂਤ ਵਿਚ ਧਰਮ, ਨੈਤਕਤਾ, ਇਨਸਾਨੀਅਤ, ਆਦਰਸ਼, ਵਿਹਾਰ ਦੀ ਸੁੱਚਮਤਾ ਵਰਗੇ ਵੱਡੇ ਮੁੱਦੇ ਅਜਿਹੀ ਕਲਾਤਮਕ ਸਹਿਜਤਾ ਸਹਿਤ ਗੁੰਦੇ ਗਏ ਹਨ ਕਿ ਏਨਾ ਕੁਝ ਹੋਣ ਦੇ ਬਾਵਜੂਦ ਕਾਹਣੀ ਬਿਲਕੁਲ ਬੋਝਲ ਨਹੀਂ ਲਗਦੀ। ਬਿਰਤਾਂਤਕਾਰ ਦੀ ਸਹਿਜ ਧੀਮੀ ਸੁਰ ਦੋਹਾਂ ਪਾਤਰਾਂ ਨੂੰ ਪਰਤ-ਦਰ-ਪਰਤ ਉਘਾੜਦੀ ਹੋਈ ਦਿੱਖ ਤੇ ਸਾਰ, ਵਿਚਾਰ ਤੇ ਵਿਹਾਰ, ਗਲਤ ਤੇ ਠੀਕ ਦਾ ਨਿਰਣਾ ਕਰਨ ਦਾ ਵਿਡੰਬਨਾਮਈ ਪ੍ਰਸ਼ਨ ਜਿਵੇਂ ਪਾਠਕ ਅੱਗੇ ਰਖਦੀ ਹੈ ਉਸ ਵਿਚ ਹੀ ਕਹਾਣੀ ਦੀ ਕਲਾਤਮਕਤਾ ਹੈ। ਮਾਸਟਰ ਧਰਮੀ ਕਰਮੀ ਸਾਊ ਤੇ ਸੰਜਮੀ ਮਨੁੱਖ ਹੈ ਜਦਕਿ ਮਹਿੰਦਰ ਸਿੰਘ ਉਸ ਦੇ ਬਿਲਕੁਲ ਉਲਟ ਇਕ ਤਰ੍ਹਾਂ ਦਾ ਸ਼ਰਾਬੀ-ਕਬਾਬੀ। ਵਿਡੰਬਨਾ ਇਹ ਹੈ ਕਿ ਦੋਹਾਂ



ਨਾਲ ਜੁੜੇ ਵੇਰਵਿਆਂ ਨੂੰ ਜਾਣ ਲੈਣ ਪਿੱਛੋਂ ਇਹ ਸਵਾਲ ਸ਼ਿੱਦਤ ਨਾਲ ਉੱਭਰਦਾ ਹੈ ਕਿ ਇਕ ਚੰਗੇ ਮਨੁੱਖ ਵਜੋਂ ਪਾਠਕ ਕਿਸ ਨੂੰ ਪ੍ਰਵਾਨਗੀ ਦੇਵੇ? ਹੋਰ ਕਹਾਣੀਆਂ ਵਾਂਗ ਇਸ ਕਹਾਣੀ ਦੇ ਕਥਾਨਕ ਵਿਚ ਵੀ ਪਰਵਾਸੀ ਜੀਵਨ ਨਾਲ ਜੁੜੇ ਅਨੇਕਾਂ ਮੁੱਦੇ ਕੁਸ਼ਲਤਾ ਸਹਿਤ ਗੁੰਦੇ ਗਏ ਹਨ ਪਰ ਨਾਲ ਦੀ ਨਾਲ ਇਸ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਕੈਨੇਡੀਅਨ ਮਾਹੌਲ ਦਾ ਪ੍ਰਮਾਣਿਕ ਚਿੱਤਰ ਵੀ ਉਭਾਰਦੀ ਹੈ। ਦਿਸਦੇ ਯਥਾਰਥ ਤੋਂ ਅਗਾਂਹ ਪਾਤਰਾਂ ਦੀ ਅੰਦਰਲੀ ਮਨੋ-ਅਵਸਥਾ ਨੂੰ ਜਾਣ ਕੇ ਮਨੁੱਖੀ ਚਰਿੱਤਰ ਦੀਆਂ ਬਰੀਕੀਆਂ ਨੂੰ ਚਿਤਰਨ ਵਿਚ ਵੀ ਇਹ ਕਹਾਣੀ ਬਹੁਤ ਸਫਲ ਹੈ।

ਕਹਾਣੀ ਕਹਿਣ ਦੀਆ ਜਗੁਤਾਂ ਨੂੰ ਕੁਸ਼ਲਤਾ ਨਾਲ ਵਰਤੋਂ ਵਿਚ ਲਿਆਉਣ ਦੇ ਪੱਖ ਤੋਂ ਅਮਨਪਾਲ ਸਾਰਾ ਕਾਫੀ ਸੁਚੇਤ ਹੈ ਸਮੁੱਚੀ ਕਹਾਣੀ ਦੇ ਕਥਾਨਕ ਵਿਚ ਵੱਖ-ਵੱਖ ਘਟਨਾਵਾਂ ਨੂੰ ਬੀੜਨ, ਮੁਖ ਪ੍ਰਸੰਗ ਦੇ ਨਾਲ ਢੁਕਵੀਂ ਥਾਂ ਉਤੇ ਉਪ ਪ੍ਰਸੰਗ ਜੋੜਨ, ਪਾਤਰਾਂ ਤੇ ਸਥਿਤੀਆਂ ਅਨੁਸਾਰ ਢੁੱਕਦਾਰ ਭਾਸ਼ਾ ਤੇ ਸੰਵਾਦਾਂ ਦੀ ਵਰਤੋਂ ਕਰਨ, ਯਥਾਰਥਵਾਦ ਦੀ ਸੀਮਾ ਦੇ ਅੰਤਰਗਤ ਬਿਰਤਾਂਤ ਵਿਚ ਕਲਾਤਮਕ ਓਹਲਾ ਬਣਾਈ ਰੱਖਣ, ਸਿਖਰ ਤੇ ਅੰਤ ਨੂੰ ਪੁਰਅਸਰ ਮਰੋੜੀ ਦੇ ਸਕਣ ਵਰਗੀਆਂ ਸਾਰੀਆਂ ਜੁਗਤਾਂ ਦੀ ਚੋਖੀ ਕੁਸ਼ਲ ਵਰਤੋਂ ਦਾ ਪ੍ਰਮਾਣ ਇਹਨਾਂ ਕਹਾਣੀਆਂ ਵਿਚੋਂ ਮਿਲਦਾ ਹੈ ਅਤੇ ਸੱਭ ਤੋਂ ਮਹੱਤਵਪੂਰਨ ਗੱਲ ਹੈ ਪ੍ਰਮਾਣਕ ਅਨੁਭਵ 'ਚੋਂ ਕਥਾਵਸਤੂ ਦੀ ਚੋਣ ਅਤੇ ਉਸ ਦੇ ਪ੍ਰਗਟਾਅ ਲਈ ਪਿੱਛਲਵਰਤੀ ਵੇਰਵੇ ਤੇ ਜਗੀਰੂ ਸੰਸਕਾਰਾਂ ਤੋਂ ਮੁਕਤ ਸੰਤੁਲਤ ਮਾਨਵਵਾਦੀ ਦ੍ਰਿਸ਼ਟੀ। ਇਹ ਸਾਰਾ ਕੁਝ ਅਮਨਪਾਲ ਨੂੰ ਇਕ ਸਮੱਰਥ ਕਹਾਣੀਕਾਰ ਬਣਨ ਦੇ ਪੱਥ ਉੱਤੇ ਅੱਗੇ ਲਿਜਾ ਰਿਹਾ ਹੈ।

ਅਮਨਪਾਲ ਸਾਰਾ ਅਤੇ ਪੰਜਾਬੀ ਕਹਾਣੀ-ਸਾਹਿਤ ਦੀ ਇਕ ਗੌਲਣਯੋਗ ਰਚਨਾ ਵਜੋਂ ਪੁਸਤਕ 'ਵੀਹਾਂ ਦਾ ਨੋਟ' ਦੇ ਪ੍ਰਕਾਸ਼ਨ 'ਤੇ ਮੈਨੂੰ ਡਾਢੀ ਖੁਸ਼ੀ ਹੋ ਰਹੀ ਹੈ।

15 ਸਤੰਬਰ, 1999

**-ਰਘਬੀਰ ਸਿੰਘ**
'ਸਿਰਜਣਾ', ਚੰਡੀਗੜ੍ਹ

# ਵੀਹਾਂ ਦਾ ਨੋਟ

ਵਿਕਟੋਰੀਆ ਡਰਾਈਵ ਤੋਂ ਆਪਣੇ ਘਰ ਵੱਲ ਜਾਂਦੀ ਸੜਕ ਉੱਪਰ ਕਾਰ ਮੋੜਦਿਆਂ ਮਾਸਟਰ ਗੁਰਮੁਖ ਸਿੰਘ ਦੀ ਨਜ਼ਰ ਐਮਬੂਲੈਂਸ ਦੀਆਂ ਲਗਾਤਾਰ ਜਗਦੀਆਂ-ਬੁਝਦੀਆਂ ਬੱਤੀਆਂ ਉੱਪਰ ਪਈ। ਮੀਂਹ ਦੇ ਨਾਲ ਡਿੱਗ ਰਹੀ ਬਰਫ਼ ਵਿਚ ਨਜ਼ਰ ਭਾਵੇਂ ਬਹੁਤੀ ਦੂਰ ਨਹੀਂ ਸੀ ਜਾਂਦੀ ਪਰ ਫਿਰ ਵੀ ਮਾਸਟਰ ਨੂੰ ਇਹ ਅੰਦਾਜ਼ਾ ਲਗਾਉਂਦਿਆਂ ਦੇਰ ਨਾ ਲੱਗੀ ਕਿ ਐਮਬੂਲੈਂਸ ਉਸ ਦੇ ਘਰ ਤੋਂ ਚਾਰ ਕੁ ਘਰ ਅਗਾਂਹ ਵਾਲੇ ਘਰ ਦੇ ਸਾਹਮਣੇ ਰੁਕੀ ਹੋਈ ਹੈ। ਉਸ ਘਰ ਦੇ ਸਾਹਮਣੇ ਐਮਬੂਲੈਂਸ ਦਾ ਆ ਕੇ ਰੁਕਣਾ ਇਸ ਸਟਰੀਟ ਦੇ ਲੋਕਾਂ ਲਈ ਹੁਣ ਸਾਧਾਰਣ ਜਿਹੀ ਗੱਲ ਹੀ ਬਣ ਚੁੱਕੀ ਸੀ। ਪਹਿਲਾਂ ਪਹਿਲ ਤਾਂ ਐਮਬੂਲੈਂਸ ਦੇ ਆਉਣ 'ਤੇ ਇਸ ਬਲਾਕ ਵਿਚ ਵਸਦੇ ਲੋਕ ਆਪਣੇ-ਆਪਣੇ ਡਰਾਇੰਗ ਰੂਮਾਂ ਦੇ ਸ਼ੀਸ਼ਿਆਂ ਰਾਹੀਂ ਕਿੰਨੀ ਦੇਰ ਉਧਰ ਤੱਕਦੇ ਰਹਿੰਦੇ ਪਰ ਹੌਲੀ ਹੌਲੀ ਉਹਨਾਂ ਦੀ ਜਗਿਆਸਾ ਮੱਠੀ ਪੈ ਗਈ ਤੇ ਹੁਣ ਆਮ ਤੌਰ 'ਤੇ ਉਹਨਾਂ ਨੂੰ ਪਤਾ ਹੀ ਹੁੰਦਾ ਸੀ ਕਿ ਐਮਬੂਲੈਂਸ ਨੇ ਉਸ ਘਰ ਸਾਹਮਣੇ ਰੁਕਣਾ ਹੈ ਤੇ ਕੁਝ ਦੇਰ ਬਾਅਦ ਕਦੇ ਖਾਲੀ ਤੇ ਕਦੇ ਕਿਸੇ ਨੂੰ ਸਟ੍ਰੇਚਰ ਉੱਪਰ ਪਾ ਕੇ ਲੈ ਜਾਣਾ ਹੈ। ਹੁਣ ਤਾਂ ਜਿਹੋ ਜਿਹੀ ਪੀਂ ਪੀਂ ਕਰਦੀ ਕੁਲਫ਼ੀਆਂ ਵੇਚਣ ਵਾਲੀ ਗੱਡੀ ਆ ਗਈ ਤਿਹੋ ਜਿਹੀ ਘੂੰਅ ਘੂੰਅ ਕਰਦੀ ਐਮਬੂਲੈਂਸ ਆ ਗਈ।

'ਹੂੰਹ! ਫੇਰ ਚਾੜ੍ਹ 'ਤਾ ਹੋਣਾ ਚੰਦ ਇਸ ਬੰਦੇ ਨੇ' ਸੋਚਦਿਆਂ ਮਾਸਟਰ ਨੇ ਕਾਰ ਆਪਣੇ ਘਰ ਦੀ ਗੈਰਾਜ ਵਿਚ ਰੋਕੀ ਤੇ ਉਸ ਵਿਚੋਂ ਦੁੱਧ ਦੀਆਂ ਗੈਲਣਾਂ ਤੇ ਹੋਰ ਖਾਣ-ਪੀਣ ਵਾਲੀਆਂ ਵਸਤਾਂ ਦੇ ਲਿਫ਼ਾਫ਼ੇ ਕੱਢਣ ਲੱਗ ਪਿਆ। ਫਰਿਜ ਵਿਚ ਵਸਤਾਂ ਟਿਕਾਉਂਦਿਆਂ ਉਸ ਦੀ ਨਜ਼ਰ ਸਾਹਮਣੇ ਲੱਗੀ ਕਲਾਕ ਉੱਪਰ ਪਈ। ਉਸ ਦੇ ਕੰਮ ਉੱਪਰ ਜਾਣ ਦਾ ਵਕਤ ਹੋ ਚੱਲਿਆ ਸੀ। ਕਾਹਲੀ ਨਾਲ ਉਸ ਨੇ ਮੂੰਹ-ਹੱਥ ਧੋਤਾ ਅਤੇ ਕੰਮ ਵਾਲੇ ਕੱਪੜੇ ਪਹਿਨਣ ਤੋਂ ਪਹਿਲਾਂ ਬਟੂਏ ਵਿਚ ਬਚੇ ਹੋਏ ਪੈਸਿਆਂ ਦਾ ਮੋਟਾ-ਮੋਟਾ ਹਿਸਾਬ ਕੀਤਾ। ਸੱਤਰ ਡਾਲਰ ਫੋਨ ਦਾ ਬਿੱਲ, ਢਾਈ ਸੌ ਡਾਲਰ ਦੋ ਮਹੀਨਿਆਂ ਦਾ ਬਿਜਲੀ ਦਾ ਬਿੱਲ, ਪੈਂਹਠਾਂ ਕੁ ਡਾਲਰਾਂ ਦੀ ਗਰੋਸਰੀ, ਡੇਢ ਸੌ ਡਾਲਰ ਚੈਕਿੰਗ ਅਕਾਊਂਟ ਵਿਚ ਰੱਖਿਆ ਤੇ ਲਾ ਪਾ ਕੇ ਸਿਰਫ਼ ਤ੍ਰਿਵੰਜਾ ਡਾਲਰ ਬਚੇ ਸਨ। ਕੰਮ ਤੋਂ ਮਿਲਿਆ ਤਨਖਾਹ ਵਾਲਾ ਚੈੱਕ ਸਾਰੇ ਦਾ ਸਾਰਾ ਬਿਲੇ ਲੱਗ ਗਿਆ ਸੀ।

ਬਟੂਆ ਮੁੜ ਜੇਬ ਵਿਚ ਪਾਉਣ ਤੋਂ ਪਹਿਲਾਂ ਉਸ ਨੇ ਵੀਹ ਡਾਲਰ ਦਾ ਇਕ

ਨੋਟ ਕੱਢ ਕੇ ਬੈੱਡਰੂਮ ਦੀ ਦਰਾਜਾਂ ਵਾਲੀ ਅਲਮਾਰੀ ਉੱਪਰ ਪਈ ਹਰਿਮੰਦਰ ਸਾਹਿਬ ਦੀ ਫੋਟੋ ਹੇਠ ਵਿਛੇ ਕੱਪੜੇ ਥੱਲੇ ਰੱਖ ਦਿੱਤਾ। ਇਹ ਨੋਟ ਹਮੇਸ਼ਾ ਇਥੇ ਹੀ ਰਹਿੰਦਾ ਸੀ। ਇਕ ਤਰ੍ਹਾਂ ਐਮਰਜੈਂਸੀ ਫੰਡ ਦੇ ਤੌਰ 'ਤੇ ਘਰ ਵਿਚ ਜਦੋਂ ਕਿਸੇ ਨੂੰ ਅਚਾਨਕ ਨਕਦ ਪੈਸਿਆਂ ਦੀ ਜ਼ਰੂਰਤ ਆਣ ਪੈਂਦੀ ਤਾਂ ਇਹ ਨੋਟ ਇਥੋਂ ਚੁੱਕ ਕੇ ਵਰਤ ਲਿਆ ਜਾਂਦਾ ਤੇ ਵਰਤਣ ਵਾਲਾ ਅਸੂਲਨ ਜਲਦੀ ਤੋਂ ਜਲਦੀ ਇਹ ਪੈਸੇ ਮੁੜ ਇਥੇ ਲਿਆ ਰੱਖਦਾ। ਘਰ ਵਿਚ ਕਈ ਸਾਲਾਂ ਤੋਂ ਇਸ ਅਸੂਲ ਦੀ ਪਾਲਣਾ ਬਾਕਾਇਦਗੀ ਨਾਲ ਹੁੰਦੀ ਆਈ ਸੀ। ਇਸ ਐਮਰਜੈਂਸੀ ਫੰਡ ਦੀ ਜ਼ਰੂਰਤ ਆਮ ਤੌਰ 'ਤੇ ਬੱਚਿਆਂ ਨੂੰ ਹੀ ਪੈਂਦੀ ਸੀ, ਜਦੋਂ ਕਿਧਰੇ ਮਾਸਟਰ ਗੁਰਮੁਖ ਸਿੰਘ ਤੇ ਉਸ ਦੀ ਘਰਵਾਲੀ ਜੁਗਿੰਦਰ ਕੌਰ ਦੋਵੇਂ ਕੰਮਾਂ ਉੱਪਰ ਗਏ ਹੁੰਦੇ। ਪਰੰਤੂ ਪਿਛਲੇ ਕੁਝ ਸਮੇਂ ਤੋਂ ਇਸ ਐਮਰਜੈਂਸੀ ਫੰਡ ਦੀ ਵਰਤੋਂ ਕਾਫ਼ੀ ਘੱਟ ਗਈ ਸੀ। ਇਕ ਤਾਂ ਬੱਚੇ ਹੁਣ ਵੱਡੇ ਹੋ ਗਏ ਸਨ, ਵੱਡਾ ਯੂਨੀਵਰਸਿਟੀ ਜਾਂਦਾ ਸੀ ਤੇ ਛੋਟਾ ਹਾਈ ਸਕੂਲ ਦੇ ਆਖ਼ਰੀ ਸਾਲ ਵਿਚ। ਪੜ੍ਹਨ ਦੇ ਨਾਲ-ਨਾਲ ਉਹ ਦੋਵੇਂ ਵੀਕ ਐਂਡ ਉੱਪਰ ਕੰਮ ਕਰਕੇ ਆਪਣੇ ਖਰਚ ਵਾਸਤੇ ਕੁਝ ਪੈਸੇ ਕਮਾ ਲੈਂਦੇ ਸਨ। ਦੂਸਰੇ, ਅੱਜਕਲ੍ਹ ਲਗਭਗ ਹਰ ਬੈਂਕ ਦੇ ਬਾਹਰ ਆਟੋਮੈਟਿਕ ਮਸ਼ੀਨਾਂ ਲੱਗ ਗਈਆਂ ਸਨ ਜਿਨ੍ਹਾਂ ਵਿਚੋਂ ਦਿਨ ਰਾਤ ਕਿਸੇ ਵੀ ਵਕਤ ਆਪਣਾ ਕਾਰਡ ਪਾ ਕੇ ਆਪਣੇ ਅਕਾਊਂਟ ਵਿਚੋਂ ਪੈਸੇ ਕਢਵਾਏ ਜਾ ਸਕਦੇ ਸਨ।

ਕੱਪੜੇ ਬਦਲਣ ਤੋਂ ਬਾਅਦ ਮਾਸਟਰ ਹੁਰਾਂ ਨੇ ਆਪਣੀ ਪਗੜੀ ਸੁਆਰੀ ਤੇ ਹਰ ਰੋਜ਼ ਵਾਂਗ ਉਸ ਹਰਿਮੰਦਰ ਸਾਹਿਬ ਦੀ ਫੋਟੋ ਸਾਹਮਣੇ ਅੱਖਾਂ ਮੂੰਦ ਕੇ ਅਰਦਾਸ ਕੀਤੀ। ਪਹਿਲਾਂ ਉਤਾਰ ਕੇ ਰੱਖੀ ਪੈਂਟ ਦੀ ਜੇਬ ਵਿਚੋਂ ਚਾਬੀਆਂ ਦਾ ਗੁੱਛਾ ਕੱਢਦਾ ਉਹ ਤਾਕੀ ਦਾ ਪਰਦਾ ਉਠਾ ਕੇ ਸਟ੍ਰੀਟ ਵੱਲ ਦੇਖਣ ਲੱਗ ਗਿਆ। ਐਮਬੂਲੈਂਸ ਅਜੇ ਵੀ ਉਥੇ ਹੀ ਖੜ੍ਹੀ ਸੀ। ਜ਼ਰਾ ਕੁ ਝਾਉਲੇ ਦਿਸਦੇ ਗੋਰੇ ਅਟੈਂਡੈਂਟ ਹੱਥਾਂ ਵਿਚ ਸਾਮਾਨ ਜਿਹਾ ਫੜੀ ਕਾਹਲੀ-ਕਾਹਲੀ ਘਰ ਦੀਆਂ ਪੌੜੀਆਂ ਚੜ੍ਹ ਉਤਰ ਰਹੇ ਸਨ।

'ਸੱਚੇ ਪਾਤਸ਼ਾਹ ਦਾ ਸ਼ੁਕਰ ਨੀ ਕਰਦੇ ਕਿ ਸਾਨੂੰ ਐਸ ਸੁਰਗ ਵਿਚ ਆ ਕੇ ਰਹਿਣਾ ਬਖਸ਼ਿਆ, ਅਕ੍ਰਿਤਘਣ ਕਿਸੇ ਥਾਂ ਦੇ।' ਮਨ ਹੀ ਮਨ ਵਿਚ ਉਸ ਨੇ ਕਿਹਾ ਅਤੇ ਅਲਮਾਰੀ ਉੱਪਰ ਪਈ ਹਰਿਮੰਦਰ ਸਾਹਿਬ ਦੀ ਫੋਟੋ ਵੱਲ ਮੁੜ ਸ਼ਰਧਾ ਨਾਲ ਦੇਖ ਕੇ ਸਿਰ ਨਿਵਾਇਆ ਜਿਵੇਂ ਉਹ ਹਮੇਸ਼ਾ ਘਰ ਦਾ ਦਰਵਾਜ਼ਾ ਨਿਕਲਣ ਤੋਂ ਪਹਿਲਾਂ ਨਿਵਾਉਂਦਾ ਹੁੰਦਾ ਸੀ। ਫਿਰ ਅਚਾਨਕ ਜਿਵੇਂ ਫੋਟੋ ਹੇਠ ਵਿਛੇ ਕੱਪੜੇ ਵੱਲ ਦੇਖ ਕੇ ਕੁਝ ਯਾਦ ਆਇਆ ਹੋਵੇ, ਉਸ ਨੇ ਬਟੂਆ ਜੇਬ ਵਿਚੋਂ ਕੱਖਿਆ, ਉਸ ਵਿਚੋਂ ਦਸਾਂ-ਦਸਾਂ ਦੇ ਦੋ ਨੋਟ ਕੱਢ ਕੇ ਉਸ ਕੱਪੜੇ ਹੇਠ ਟਿਕਾਏ ਤੇ ਪਹਿਲਾਂ ਰੱਖਿਆ ਵੀਹਾਂ ਦਾ ਨੋਟ ਉਥੋਂ ਚੁੱਕ ਕੇ ਬਟੂਏ ਵਿਚ ਪਾ ਲਿਆ।

ਬੱਚੇ ਅਜੇ ਪੜ੍ਹ ਕੇ ਨਹੀਂ ਸਨ ਪਰਤੇ ਤੇ ਜੁਗਿੰਦਰ ਕੌਰ ਨੇ ਅੱਜ ਵੀ ਤਾਂ ਓਵਰਟਾਈਮ ਕਰਨਾ ਸੀ। ਆਮ ਤੌਰ 'ਤੇ ਤਾਂ ਉਸ ਦਾ ਕੰਮ ਸਿਆਲ ਵਿਚ ਬੰਦ ਹੀ ਹੁੰਦਾ ਸੀ ਪਰ ਕ੍ਰਿਸਮਿਸ ਨਜ਼ਦੀਕ ਹੋਣ ਕਰਕੇ ਪਿਛਲੇ ਕੁਝ ਦਿਨਾ ਤੋਂ ਉਸ ਨੂੰ ਕੰਮ ਉੱਪਰ ਬੁਲਾ ਲਿਆ ਗਿਆ ਸੀ। ਹੁਣ ਤਾਂ ਸਗੋਂ ਓਵਰਟਾਈਮ ਵੀ ਲੱਗ ਰਿਹਾ ਸੀ।



ਗੈਰਾਜ ਵੱਲ ਜਾਣ ਤੋਂ ਪਹਿਲਾਂ ਮਾਸਟਰ ਨੇ ਮੁੱਖ ਦਰਵਾਜ਼ੇ ਦਾ ਲਾਕ ਚੈੱਕ ਕੀਤਾ ਤੇ ਮੁੜਨ ਤੋਂ ਪਹਿਲਾਂ ਅਚਾਨਕ ਜਿਵੇਂ ਕੁਝ ਯਾਦ ਆ ਗਿਆ ਹੋਵੇ, ਉਸ ਨੇ ਉਹ ਲਾਕ ਖੋਲ੍ਹ ਕੇ ਲੱਕੜੀ ਦਾ ਦਰਵਾਜ਼ਾ ਅੰਦਰ ਵੱਲ ਨੂੰ ਖੋਲ੍ਹਿਆ ਤੇ ਬਾਹਰਲੇ ਪਾਸੇ ਹਲਕੇ ਅਲੂਮੀਨੀਅਮ ਦੇ ਫ੍ਰੇਮ ਵਿਚ ਜੜਿਆ ਸ਼ੀਸ਼ੇ ਦਾ ਦਰਵਾਜ਼ਾ ਲਾਕ ਖੋਲ੍ਹ ਕੇ ਬਾਹਰ ਵੱਲ ਖੋਲ੍ਹਿਆ। ਫ੍ਰੇਮ ਦੇ ਡਿਜ਼ਾਇਨ ਜੜੀਆਂ ਪੱਤੀਆਂ ਵਿਚ ਅੜਾਏ ਹੋਏ ਰੰਗ-ਬਿਰੰਗੇ ਫਲਾਇਰ ਤੇ ਰਬੜ ਵਿਚ ਲਪੇਟੀ ਅੱਜ ਦੀ ਡਾਕ ਕੱਢੀ। ਉਂਝ ਤਾਂ ਡਾਕ ਵਾਸਤੇ ਲੱਕੜ ਦੇ ਦਰਵਾਜ਼ੇ ਵਿਚ ਇਕ ਝੀਥ ਬਣੀ ਹੋਈ ਸੀ ਪਰ ਜੇਕਰ ਇਹ ਬਾਹਰਲਾ ਅਲੂਮੀਨੀਅਮ ਵਾਲਾ ਦਰਵਾਜ਼ਾ ਅੰਦਰੋਂ ਲਾਕ ਕੀਤਾ ਹੋਵੇ ਤਾਂ ਡਾਕੀਆ ਉਸ ਦੇ ਫ੍ਰੇਮ ਵਿਚ ਹੀ ਡਾਕ ਅੜਾ ਕੇ ਚਲਾ ਜਾਂਦਾ ਸੀ। ਕਦੇ ਕਦੇ ਡਾਕ ਉਥੋਂ ਨਿਕਲ ਕੇ ਭੁੰਜੇ ਵੀ ਡਿੱਗ ਪੈਂਦੀ। ਸਰਦੀਆਂ ਵਿਚ ਠੰਡੀ ਹਵਾ ਝੀਥ ਰਾਹੀਂ ਘਰ ਅੰਦਰ ਨਾ ਆ ਸਕੇ ਇਸ ਲਈ ਬਾਹਰਲਾ ਦਰਵਾਜ਼ਾ ਆਮ ਤੌਰ 'ਤੇ ਲਾਕ ਹੀ ਕਰ ਦਿੱਤਾ ਜਾਂਦਾ ਸੀ।

ਪਿਛਲੇ ਦਰਵਾਜ਼ੇ ਰਾਹੀਂ ਬਹਰ ਨਿਕਲਣ ਤੋਂ ਪਹਿਲਾਂ ਮਾਸਟਰ ਹੁਰਾਂ ਡਾਕ ਕਿਚਨ ਟੇਬਲ ਉੱਪਰ ਰੱਖ ਦਿੱਤੀ। ਸੇਲਾਂ ਦੇ ਇਸ਼ਤਿਹਾਰਾਂ ਤੋਂ ਇਲਾਵਾ ਦੋ ਕੁ ਬਿੱਲ ਜਿਹੇ ਸਨ ਤੇ ਇਕ ਨੀਲੇ ਰੰਗ ਦੀ ਉਸ ਦੇ ਪਿੰਡੋਂ ਚਾਚੇ ਦੇ ਵੱਡੇ ਪੁੱਤਰ ਗੁਰਨਾਮ ਸਿਉਂ ਦੀ ਚਿੱਠੀ ਵੀ ਸੀ। ਕਾਹਲੀ ਕਾਰਨ ਉਹ ਸਭ ਕੁਝ ਉਵੇਂ ਹੀ ਛੱਡ ਕੇ, ਕਾਰ ਵਿਚ ਬੈਠ, ਕੰਮ ਲਈ ਰਵਾਨਾ ਹੋ ਗਿਆ। ਗੈਰਾਜ ਵਿਚੋਂ ਨਿਕਲ ਕੇ ਸੜਕ ਉੱਪਰ ਆਉਂਦਿਆਂ ਉਸ ਨੇ ਦੇਖਿਆ ਕਿ ਐਮਬੂਲੈਂਸ ਵਾਲੇ ਸਟ੍ਰੇਚਰ ਉੱਪਰ ਮਰੀਜ਼ ਨੂੰ ਲਿਟਾਈ ਐਮਬੂਲੈਂਸ ਦੇ ਅੰਦਰ ਰੱਖ ਰਹੇ ਸਨ। ਚੁੱਕਣ ਵਾਲਿਆਂ ਵਿਚੋਂ ਇਕ ਦੇ ਹੱਥ ਵਿਚ ਇਕ ਮਸ਼ੀਨ ਜਿਹੀ ਸੀ ਜਿਸ ਵਿਚੋਂ ਕੁਝ ਨਾਲੀਆਂ ਜਿਹੀਆਂ ਕੰਬਲ ਵਿਚ ਲਪੇਟੇ ਮਰੀਜ਼ ਦੇ ਸਰੀਰ ਨੂੰ ਲੱਗੀਆਂ ਪ੍ਰਤੀਤ ਹੋ ਰਹੀਆਂ ਸਨ। ਇਕ ਵਾਰੀ ਤਾਂ ਮਾਸਟਰ ਦਾ ਦਿਲ ਕੀਤਾ ਕਿ ਕਾਰ ਉਧਰ ਨੂੰ ਮੋੜ ਕੇ ਲੰਘਦਾ ਦੇਖ ਜਾਵੇ ਕਿ ਕੀ ਗੱਲ ਹੈ, ਪਰ ਫਿਰ ਮੌਸਮ ਅਤੇ ਕੰਮ ਤੋਂ ਹੋ ਰਹੀ, ਦੇਰੀ ਦੇਖ ਕੇ ਇਹ ਵਿਚਾਰ ਤਿਆਗ ਦਿੱਤਾ।

'ਕੱਲ੍ਹ ਪਰਸੋਂ ਨੂੰ ਹੈਥੇ ਪਾਰਕ ਦੇ ਬੈਂਚਾਂ ਉੱਪਰ ਫੇਰ ਆ ਬੈਹਣਾ ਉਹਨੇ, ਉੱਦਾਂ ਅਜਿਹੇ ਬੰਦੇ ਦਾ ਹਾਲ ਜੇਹਾ ਪੁੱਛਿਆ ਜੇਹਾ ਨਾ ਪੁੱਛਿਆ, ਕੀ ਫ਼ਰਕ ਪੈਂਦਾ? ਨਾ ਇਹਨੂੰ ਚੜ੍ਹੀ ਦੀ ਨਾ ਲੱਥੀ ਦੀ।' ਕਾਰ ਚਲਾਉਂਦਾ ਮਾਸਟਰ ਸੋਚ ਰਿਹਾ ਸੀ, ਦਿਹਾੜੀ ਵੀ ਝੱਟ ਈ ਲੰਘ ਜਾਂਦੀ ਆ, ਸਵੇਰੇ ਗੁਰਦਵਾਰੇ ਮੱਥਾ ਟੇਕ ਕੇ ਬੈਂਕ ਗਿਆਂ, ਬਿੱਲ ਦਿੱਤੇ, ਗਰੋਸਰੀ ਖਰੀਦੀ, ਬੱਸ। ਸ਼ੁੱਕਰਵਾਰ ਨੂੰ ਹਰ ਥਾਂ ਲੰਬੀ ਲਾਈਨ, ਪੈਸੇ ਕਢਵਾਉਣ ਲਈ ਵੀ ਤੇ ਬਿੱਲ ਤਾਰਨ ਲਈ ਵੀ... ਨਾਲੇ ਤਾਂ ਸਾਰੀ ਦਿਹਾੜੀ ਖੁਰ ਗਈ ਤੇ ਨਾਲੇ ਸਾਰੀ ਚੈੱਕ.... ਉੱਦਾਂ ਇਸ ਮੁਲਕ ਵਿਚ ਪੈਸੇ ਖਰਚ ਹੁੰਦਿਆਂ ਤੇ ਟੈਮ ਲੰਘਦੇ ਦਾ ਜਿਵੇਂ ਪਤਾ ਜਿਹਾ ਈ ਨੀ ਲੱਗਦਾ...ਐਨੇ ਸਾਲ ਲੰਘ ਗਏ ਮੈਨੂੰ ਰਾਤਾਂ ਝਾਖਦੇ ਨੂੰ... ਚਲੋ ਜੋ ਦਾਤੇ ਨੂੰ ਮਨਜ਼ੂਰ!' ਉਸ ਨੇ ਜਿਵੇਂ ਸੋਚਾਂ ਤੋਂ ਪਿੱਛਾ

ਛੁਡਾਇਆ।

ਮਾਸਟਰ ਨੂੰ ਕੈਨੇਡਾ ਆਇਆਂ ਲਗਪਗ ਸੱਤ ਸਾਲ ਹੋ ਚੁੱਕੇ ਸਨ। ਉਹਨਾਂ ਦੀ ਵੱਡੀ ਲੜਕੀ ਜੋ ਉਹਨਾਂ ਤੋਂ ਚਾਰ ਕੁ ਸਾਲ ਪਹਿਲਾਂ ਵਿਆਹ ਹੋ ਕੇ ਕੈਨੇਡਾ ਆਈ ਸੀ, ਨੇ ਉਹਨਾਂ ਨੂੰ ਸਪਾਂਸਰ ਕਰਕੇ ਇਧਰ ਮੰਗਵਾਇਆ ਸੀ। ਪੰਜਾਬ ਵਿਚ ਮਾਸਟਰ ਆਪਣੇ ਪਿੰਡ ਤੋਂ ਥੋੜ੍ਹੀ ਦੂਰ ਇਕ ਮਿਡਲ ਸਕੂਲ ਵਿਚ ਅਧਿਆਪਕ ਸੀ। ਚੰਗੀ ਜ਼ਿੰਦਗੀ ਸੀ, ਪਰ ਕੈਨੇਡਾ ਨੇ ਜਿਵੇਂ ਸਭ ਕੁਝ ਹੀ ਬਦਲ ਕੇ ਰੱਖ ਦਿੱਤਾ ਸੀ। ਪੱਕੀ ਨੌਕਰੀ ਛੱਡਣੀ ਪਈ ਸੀ। ਇੱਥੇ ਆ ਕੇ ਹੱਥ-ਪੈਰ ਮਾਰਨ ਬਾਅਦ ਮੁਸ਼ਕਿਲ ਨਾਲ ਆਹ ਸਫ਼ਾਈ ਕਰਨ ਦਾ ਕੰਮ ਮਿਲਿਆ ਸੀ।

"ਵੈਰੀ ਵੈਰੀ ਬੈਡ ਵੈਦਰ, ਟੌਮ!" ਤੀਸਰੇ ਫਲੋਰ ਦਾ ਬਾਥਰੂਮ ਸਾਫ਼ ਕਰਕੇ ਨਿਕਲਦਿਆਂ ਮਾਸਟਰ ਨੇ ਫਰਸ਼ ਉੱਪਰ ਵੈਕਸ ਕਰਨ ਵਾਲੀ ਮਸ਼ੀਨ ਚਲਾ ਰਹੇ ਸਹਿਕਾਮੇ ਨੂੰ ਸੰਬੋਧਨ ਕੀਤਾ।

"ਵਾਅਟ? " ਸ਼ਾਇਦ ਮਸ਼ੀਨ ਦੀ ਆਵਾਜ਼ ਜ਼ਿਆਦਾ ਹੋਣ ਕਰਕੇ ਟੌਮ ਉਸ ਦੀ ਗੱਲ ਨਾ ਸੁਣ ਸਕਿਆ ਤੇ ਮਸ਼ੀਨ ਨੂੰ ਬੰਦ ਕਰ ਕੇ ਦੁਬਾਰਾ ਗੱਲ ਸੁਣਨ ਦੇ ਖਿਆਲ ਨਾਲ ਮਾਸਟਰ ਵੱਲ ਤੱਕਣ ਲੱਗ ਪਿਆ। ਮਾਸਟਰ ਦਾ ਲਗਪਗ ਹਮ ਉਮਰ ਇਹ ਗੋਰਾ ਕੋਈ ਛੇ-ਸੱਤ ਮਹੀਨੇ ਪਹਿਲਾਂ ਇਥੇ ਕੰਮ ਕਰਦਾ ਤੇ ਨੇਕੀ, ਨੈਤਿਕਤਾ ਤੇ ਧਰਮ-ਨਿਸ਼ਠਾ ਆਦ ਦੀਆਂ ਗੱਲਾ ਕਰਦਾ ਰਹਿੰਦਾ ਸੀ। ਮਾਸਟਰ ਦੀ ਵੀ ਕੋਸ਼ਿਸ਼ ਹੁੰਦੀ ਕਿ ਆਪਣੇ ਧਰਮ ਦੀਆਂ ਸਿਫਤਾਂ ਉਸ ਨੂੰ ਦੱਸੇ ਪਰ ਗੱਲ ਅੰਗਰੇਜ਼ੀ ਬੋਲ ਸਕਣ ਦੀ ਮੁਹਾਰਤ ਖੁਣੋਂ ਰਹਿ ਜਾਂਦੀ।

"ਟੂਅ ਮੱਚ ਸਨੋਅ," ਮਾਸਟਰ ਨੇ ਉੱਪਰ ਵੱਲ ਉਂਗਲੀ ਕਰਕੇ ਆਪਣੀ ਗੱਲ ਦੁਹਰਾਈ।

"ਓਹ ਵੈੱਲ, ਇਟ ਇਜ਼ ਕ੍ਰਿਸਮਿਸ ਟਾਈਮ, ਵੁਈ ਨੀਡ ਸਮ ਸਨੋਅ...ਸੈਂਟਾ ਲਾਈਕਸ ਸਨੋਅ," ਕਹਿ ਕੇ ਟੌਮ ਨੇ ਜੇਬ ਟਟੋਲ ਕੇ ਸਿਗਰਟ ਦਾ ਪੈਕਟ ਕੱਢ ਲਿਆ। ਮਾਸਟਰ ਦਾ ਦਿਲ ਤਾਂ ਕਰਦਾ ਸੀ ਕਿ ਅਜੇ ਦੋ ਕੁ ਮਿੰਟ ਟੌਮ ਨਾਲ ਹੋਰ ਗੱਪ-ਸ਼ੱਪ ਮਾਰੇ ਤੇ ਟੌਮ ਨੇ ਵੀ ਸ਼ਾਇਦ ਇਸੇ ਵਿਚਾਰ ਨਾਲ ਆਪਣੀ ਮਸ਼ੀਨ ਬੰਦ ਕੀਤੀ ਸੀ, ਪਰ ਉਸ ਦੇ ਸਿਗਰਟ ਦੇ ਪੈਕਟ ਵੱਲ ਦੇਖ ਕੇ ਮਾਸਟਰ ਨੇ ਆਪਣੀ ਸਾਬਨ ਸੋਢੇ ਵਾਲੀ ਰੇੜ੍ਹੀ ਅਗਾਂਹ ਤੋਰ ਲਈ। ਅੱਗੇ ਇਕ ਵਾਰੀ ਕਿਸੇ ਹੋਰ ਗੋਰੇ ਸਹਿਕਾਮੇ ਨੇ ਮਾਸਟਰ ਨੂੰ ਸ਼ਿਸ਼ਟਾਚਾਰ ਵਜੋਂ ਸਿਗਰਟ ਪੇਸ਼ ਕਰ ਦਿੱਤੀ ਸੀ ਤਾਂ ਉਹ ਘਬਰਾਹਟ ਅਤੇ ਗੁੱਸੇ ਨਾਲ ਡਾਢਾ ਪਰੇਸ਼ਾਨ ਹੋਇਆ ਸੀ।

"ਹੇਅ, ਲਿਸਨ ਸਿੰਘ!" ਉਸ ਨੂੰ ਅਗਾਂਹ ਤੁਰਦਾ ਵੇਖ ਕੇ ਟੌਮ ਨੇ ਪਿੱਛੋਂ ਆਵਾਜ਼ ਮਾਰੀ ਤੇ ਮਾਸਟਰ ਉਥੇ ਹੀ ਖੜੋਅ ਕੇ ਪਿੱਠ ਭੁਆ ਉਸ ਵੱਲ ਵੇਖਣ ਲੱਗਾ।

"ਕੈਨ ਯੂ ਡਰਾਪ ਮੀ ਆਫ਼ ਐਟ ਮਾਈ ਹੋਮ ਔਨ ਯੂਅਰ ਵੇਅ? ...ਆਈ ਡਿਡੰਟ ਬਰਿੰਗ ਮਾਈ ਕਾਰ... ਨੋਅ ਸਨੋਅ ਟਾਇਰਜ਼," ਜ਼ਰਾ ਅਪਣੱਤ ਨਾਲ ਆਖਦਾ ਟੌਮ ਉਸ ਵੱਲ ਵਧਿਆ। ਪਰ ਉਸ ਦੇ ਨਜ਼ਦੀਕ ਆਉਣ ਤੋਂ ਪਹਿਲਾਂ ਹੀ



ਉਸ ਦੀ ਸਿਗਰਟ ਦੇ ਧੂੰਏ ਤੋਂ ਬਚਦਾ, "ਓਅ ਸ਼ੁਅਰ, ਸ਼ੁਅਰ," ਕਹਿੰਦਾ ਮਾਸਟਰ ਕਾਹਲੀ ਨਾਲ ਚੱਲ ਪਿਆ।

"ਆਈ ਵਿੱਲ ਵੇਟ ਇਨ ਦਾ ਪਾਰਕਿੰਗ ਲਾਟ," ਪਿੱਛੋਂ ਟੌਮ ਦੀ ਆਵਾਜ਼ ਆਈ ਤੇ ਮਾਸਟਰ ਨੇ ਬਗੈਰ ਮੁੜਿਆਂ "ਓ. ਕੇਅ." ਕਿਹਾ ਤੇ ਹੇਠਲੀ ਫਲੋਰ ਸਾਫ਼ ਕਰਨ ਜਾਣ ਲਈ ਲਿਫਟ ਵਿਚ ਸਵਾਰ ਹੋ ਗਿਆ।

ਹੇਠਾਂ ਆ ਕੇ ਉਸ ਨੇ ਲਿਫਟ ਦੇ ਦਰਵਾਜ਼ੇ ਦੇ ਨਾਲ ਪਏ ਵੱਡੇ ਸਾਰੇ ਸਿਗਰਟ ਐਸ਼ਟਰੇ ਵਿਚੋਂ ਸੁਆਹ ਅਤੇ ਸਿਗਰਟਾਂ ਦੇ ਅੱਧ-ਜਲੇ ਟੋਟੇ ਆਪਣੀ ਰੇੜ੍ਹੀ ਦੇ ਹੇਠਲੇ ਖਾਨੇ ਵਿਚ ਪਏ ਗਾਰਬੇਜ ਬੈਗ ਵਿਚ ਉਲੱਦੇ ਤੇ ਪਲ ਕੁ ਅੱਖਾਂ ਮੂੰਦ ਵਾਹਿਗੁਰੂ ਵਾਹਿਗੁਰੂ ਮੂੰਹ ਵਿਚ ਕਹਿ ਕੇ ਰੇੜ੍ਹੀ ਅਗਾਂਹ ਧੱਕ ਦਿੱਤੀ। ਬਾਥਰੂਮਾਂ ਵੱਲ ਜਾਂਦਾ ਮਾਸਟਰ ਸੋਚ ਰਿਹਾ ਸੀ ਕਿ ਐਨਾ ਸ਼ੁਕਰ ਸੀ ਕਿ ਇਥੇ ਉਸ ਨੂੰ ਸਿਗਰਟਾਂ ਦੀ ਸੁਆਹ ਸਾਫ਼ ਕਰਦਿਆਂ ਦੇਖਣ ਵਾਲਾ ਕੋਈ ਨਹੀਂ। ਸਾਰੀ ਬਿਲਡਿੰਗ ਵਿਚ ਸਰਕਾਰੀ ਦਫ਼ਤਰ ਹੀ ਸਨ ਜੋ ਸ਼ਾਮ ਪੈਂਦਿਆਂ ਬੰਦ ਹੋ ਜਾਂਦੇ ਸਨ ਤੇ ਇਸ ਵੇਲੇ ਸਿਰਫ਼ ਸਫ਼ਾਈ ਆਦਿ ਕਰਨ ਵਾਲੇ ਲੋਕ ਹੀ ਇਥੇ ਹੁੰਦੇ ਸਨ। ਉਂਞ ਇਥੇ ਕੰਮ ਲੱਗਣ ਤੋਂ ਪਹਿਲਾ ਉਸ ਦਾ ਜੁਆਈ ਉਸ ਨੂੰ ਏਅਰਪੋਰਟ ਉੱਪਰ ਵੀ ਇਹੋ ਜਿਹਾ ਕੰਮ ਦਿਵਾਉਣਾ ਚਾਹੁੰਦਾ ਸੀ ਪਰ ਉਸ ਦਾ ਮਨ ਨਹੀਂ ਸੀ ਮੰਨਿਆ, 'ਲੋਕ ਕੀ ਕਹਿਣਗੇ ਕਿ ਦਾੜ੍ਹੀ ਕੇਸ ਰੱਖ ਕੇ ਮਾਸਟਰ ਗੁਰਮੁਖ ਸਿੰਘ ਲੋਕਾਂ ਦਾ ਗੰਦ ਸਾਫ਼ ਕਰਦਾ ਫਿਰਦਾ ਹੈ', ਇਸ ਨਾਲੋਂ ਤਾ ਡੁੱਬ ਮਰਨਾ ਬੇਹਤਰ ਹੈ।' ਪਰ ਜਦੋਂ ਖੇਤਾਂ ਦੇ ਕੰਮ ਨੇ ਉਸ ਦੇ ਗੋਡੇ ਲਵਾ ਦਿੱਤੇ ਤਾਂ ਉਸ ਨੇ ਆਪਣੇ ਜੁਆਈ ਨੂੰ ਕਹਿ ਦਿੱਤਾ ਕਿ ਉਹ ਸਫ਼ਾਈ ਕਰਨ ਦਾ ਕੰਮ ਕਰ ਤਾਂ ਲਵੇਗਾ ਪਰ ਉਥੇ ਹੀ ਕਰੇਗਾ ਜਿਥੇ ਉਸਨੂੰ ਕੋਈ ਕੰਮ ਕਰਦੇ ਨੂੰ ਦੇਖਣ ਵਾਲਾ ਨਾ ਹੋਵੇ। ਉਸ ਦੇ ਜੁਆਈ ਨੇ ਮਹਿੰਦਰ ਸਿੰਘ ਨੂੰ ਕਿਹਾ ਸੀ ਇਸ ਬਾਰੇ ਤੇ ਉਸ ਨੇ ਅਗਾਂਹ ਸਿਫਾਰਸ਼ ਪਾਈ ਸੀ।

ਪਹਿਲਾਂ ਪਹਿਲ ਤਾਂ ਇਹ ਸਫ਼ਾਈ ਦਾ ਕੰਮ ਉਸ ਨੂੰ ਖੇਤਾਂ ਦੇ ਕੰਮ ਤੋਂ ਵੀ ਔਖਾ ਤੇ ਘਟੀਆਂ ਲੱਗਾ ਸੀ ਖ਼ਾਸ ਕਰ ਜਦੋਂ ਸਿਗਰਟਾਂ ਦੀ ਸੁਆਹ ਤੇ ਟੋਟੇ ਹੂੰਝਣੇ ਪੈਂਦੇ ਸਨ, ਪਰ ਟੱਬਰ ਦੇ ਗੁਜ਼ਾਰੇ ਵਾਸਤੇ ਪੱਕੀ ਆਮਦਨ ਦਾ ਵਸੀਲਾ ਹੋਣਾ ਵੀ ਜ਼ਰੂਰੀ ਸੀ ਤੇ ਦੂਸਰੇ ਉਸ ਲਈ ਆਪਣੇ ਧੀ-ਜੁਆਈ ਕੋਲ ਦਿਨ ਕੱਟਣਾ ਵੀ ਔਖਾ ਸੀ। ਉਸ ਦਾ ਜੁਆਈ ਥੋੜ੍ਹਾ-ਬਹੁਤ ਦਾਰੂ ਦਾ ਸ਼ੌਕੀਨ ਸੀ ਜਿਸ ਬਾਰੇ ਮਾਸਟਰ ਨੂੰ ਸਖ਼ਤ ਇਤਰਾਜ਼ ਸੀ ਪਰ ਉਸ ਦੀ ਕੋਈ ਪੇਸ਼ ਨਹੀਂ ਸੀ ਚਲਦੀ ਤੇ ਅੰਤ "ਜਿਸ ਭਾਵੈ ਤਿਸ ਕਾਰ ਕਰਾਵੈ" ਮਨ ਵਿਚ ਧਾਰ ਕੇ ਮਾਸਟਰ ਨੇ ਇਸ ਕੰਮ ਲਈ ਆਪਣੇ ਆਪ ਨੂੰ ਔਖਿਆਂ ਸੌਖਿਆਂ ਢਾਲ ਹੀ ਲਿਆ ਸੀ।

"ਮੈਰੀ ਕ੍ਰਿਸਮਿਸ ਸਿੰਘ," ਕੰਮ ਖਤਮ ਹੋਣ ਤੋਂ ਅੱਧਾ ਕੁ ਘੰਟਾ ਪਹਿਲਾਂ ਲੰਚ ਰੂਮ ਸਾਫ਼ ਕਰਨ ਲੱਗੇ ਮਾਸਟਰ ਨੂੰ ਖੂੰਜੇ ਵਿਚ ਲੱਤਾਂ ਪਸਾਰੀ ਬੈਠੇ ਹੋਜ਼ੇ ਨੇ ਸੁਲਾਹ ਮਾਰੀ।

"ਮੈਰੀ ਕ੍ਰਿਸਮਿਸ, ਮੈਰੀ ਕ੍ਰਿਸਮਿਸ," ਮਾਸਟਰ ਨੇ ਆਪਣੇ ਕੰਮ ਤੋਂ ਜ਼ਰਾ ਕੁ

ਧਿਆਨ ਹਟਾ ਕੇ ਇਸ ਮੈਕਸੀਕਨ ਸਹਿਕਾਮੇ ਵੱਲ ਦੇਖਿਆ। ਉਹ ਕਾਫ਼ੀ ਵਾਲੇ ਕੱਪ ਵਿਚੋਂ ਚੁਸਕਤੀਆਂ ਲੈਂਦਾ ਮੁਸਕਰਾ ਰਿਹਾ ਸੀ। ਰੰਮ ਦਾ ਅਧੀਆ ਉਸ ਦੀ ਪੁਰਾਣੀ ਜਿਹੀ ਜੈਕਟ ਦੀ ਅੰਦਰਲੀ ਜੇਬ ਵਿਚੋਂ ਬਾਹਰ ਝਾਕ ਰਿਹਾ ਸੀ। ਮਾਸਟਰ ਦਾ ਮੂੰਹ ਜਿਵੇਂ ਕੌੜਾ ਹੋ ਗਿਆ, "ਆਈ ਹੈਵ ਟੂ ਕਲੀਨ ਦਿਸ ਰੂਮ," ਉਸ ਨੇ ਜ਼ਰਾ ਖੁਸ਼ਕੀ ਨਾਲ ਕਿਹਾ। ਕਾਫ਼ੀ ਦੇ ਕੱਪ ਵਿਚੋਂ ਆਖ਼ਰੀ ਘੁੱਟ ਭਰਦਾ, ਹੋਜ਼ੇ "ਓ ਕੇਅ," ਕਹਿ ਕੇ ਕਮਰਿਉਂ ਬਾਹਰ ਹੋ ਗਿਆ। ਐਸੇ ਵਲੇ ਸੁਪਰਵਾਈਜ਼ਰ ਘੱਟ ਵੱਧ ਹੀ ਇਧਰ ਆਉਂਦਾ ਸੀ ਤੇ ਕਈ ਕਾਮੇ ਆਪਣੇ ਹਿੱਸੇ ਦਾ ਕੰਮ ਮੁਕਾ ਲੰਚ ਰੂਮ ਵਿਚ ਸ਼ਿਫ਼ਟ ਖਤਮ ਹੋਣ ਦਾ ਇੰਤਜ਼ਾਰ ਕਰ ਲੈਂਦੇ ਸਨ।

'ਸਾਲਿਆਂ ਦੀ ਕ੍ਰਿਸਮਿਸ ਵੀ ਸ਼ਰਾਬ ਦੀ ਹੀਅ ਆ, ਹੋਰ ਇਥੇ ਕੀ ਪਿਆ ਕ੍ਰਿਸਮਿਸ ਵਿਚ?' ਲੰਚ ਰੂਮ ਸਾਫ਼ ਕਰਦਾ ਮਾਸਟਰ ਸੋਚ ਰਿਹਾ ਸੀ, 'ਗਰਕ ਜਾਣੈਂ ਇਸ ਕੌਮ ਨੈ ਏਦਾਂ ਈ ਦਾਰੂ ਪੀ ਪੀ ਕੇ!"

ਪਰ ਦੂਸਰੇ ਹੀ ਪਲ ਉਸ ਨੂੰ ਆਪਦੇ ਵਿਚਾਰ ਵਿਚ ਸੋਧ ਕਰਨੀ ਪਈ, 'ਉਦਾਂ ਆਪਣੇ ਲੋਕ ਕਿਹੜੀ ਘੱਟ ਪੀਂਦੇ ਆ... ਵਾਹਿਗੁਰੂ ਸੁਮੱਤ ਬਖਸ਼ੇ ਇਨ੍ਹਾਂ ਨੂੰ' ਤੇ ਪਲ ਹੀ ਪਲ ਉਸ ਨੂੰ ਆਪਣੇ ਸ਼ਰਾਬ ਨਾ ਪੀਣ ਉੱਪਰ ਇਕ ਮਾਣ ਜਿਹਾ ਮਹਿਸੂਸ ਹੋਇਆ ਪਰ ਕੁਝ ਸਾਲ ਪਹਿਲਾਂ ਵਾਪਰੀ ਘਟਨਾ ਯਾਦ ਆ ਜਾਣ 'ਤੇ ਉਸ ਦਾ ਚਿੱਤ ਕੁਝ ਹੋਰ ਤਰ੍ਹਾਂ ਦਾ ਹੋ ਗਿਆ। ਗਰਮੀਆਂ ਦੇ ਦਿਨ ਸਨ ਤੇ ਐਤਵਾਰ ਦੀ ਸ਼ਾਮ। ਬੱਚਿਆਂ ਦੇ ਸਕੂਲ ਨਾਲ ਲਗਦੀ ਪਾਰਕ ਵਿਚ ਉਸ ਵਰਗੇ ਕੁਝ ਹੋਰ ਲੋਕ ਢਾਣੀਆਂ ਜਿਹੀਆਂ ਬਣਾ ਕੇ ਗੱਪ-ਸ਼ੱਪ ਮਾਰ ਰਹੇ ਸਨ ਤੇ ਮਾਸਟਰ ਹੁਰੀਂ ਆਪਣੀ ਢਾਣੀ ਨੂੰ ਸ਼ਰਾਬ ਸਬੰਧੀ ਵਿਖਿਆਨ ਸੁਣਾ ਰਹੇ ਸਨ :

"ਦੇਖੋ ਗੁਰੂਆਂ ਨੇ ਨਸ਼ਿਆਂ ਨੂੰ ਵਰਤਣ ਦੀ ਸਖ਼ਤ ਮਨਾਹੀ ਕੀਤੀ ਹੈ," ਮਾਸਟਰ ਨੇ ਹਮੇਸ਼ਾ ਵਾਂਗ ਆਪਣਾ ਧਾਰਮਿਕ ਗਿਆਨ ਸਮਝਾਇਆ, 'ਨਾਨਕ ਸੈ ਖਾਣਾ ਖੁਸੀ ਖੁਆਰ, ਜਿਤ ਖਾਧੈ ਤਨ ਪੀੜੀਐ, ਮਨ ਮਹਿ ਚਲਹਿ ਵਿਕਾਰੁ," ਸਰੋਤਿਆਂ ਨੂੰ ਪ੍ਰਭਾਵਤ ਦੇਖ ਕੇ ਮਾਸਟਰ ਨੇ ਕਹਿਣਾ ਸ਼ੁਰੂ ਕੀਤਾ, "ਚਾਹੇ ਉਹ ਖਾਣ ਵਾਲੀ ਚੀਜ਼ ਆ ਚਾਹੇ ਪੀਣ ਵਾਲੀ..." ਪਰ ਉਸ ਦੀ ਗੱਲ ਅਗਾਂਹ ਤੁਰਨ ਤੋਂ ਪਹਿਲਾਂ ਹੀ ਨਾਲ ਦੀ ਢਾਣੀ ਵਿਚ ਬੈਠਾ ਮਹਿੰਦਰ ਸਿੰਘ ਬੋਲ ਗਿਆ, "ਦਾਰੂ ਤਾਂ ਫਿਲਟਰ ਦਾ ਕੰਮ ਕਰਦੀ ਆ, ਮਨ ਦੀ ਮੈਲ਼ ਐਨ ਧੋ ਦਿੰਦੀ ਆ, ਜੋ ਅੰਦਰ ਹੁੰਦਾ ਉਹੀ ਜ਼ਬਾਨ 'ਤੇ ਆ ਜਾਂਦਾ।"

ਇਹ ਸੁਣ ਕੇ ਸਰੋਤੇ ਹੱਸ ਪਏ ਸਨ ਜਿਸ ਨੂੰ ਦੇਖ ਕੇ, ਮਾਸਟਰ ਨੇ ਜ਼ਰਾ ਤਲਖ਼ੀ ਨਾਲ ਮਹਿੰਦਰ ਸਿੰਘ ਵੱਲ ਇਸ਼ਾਰਾ ਕਰਦਿਆਂ ਕਿਹਾ :

"ਤੇ ਜਿਹੜੇ ਇਹ ਤੁਹਾਡੇ ਹੱਥੋਂ ਤਰ੍ਹਾਂ ਤਰ੍ਹਾਂ ਦੇ ਪਾਪ ਕਰਵਾਉਂਦੀ ਆ?"

ਮਹਿੰਦਰ ਸਿੰਘ ਦੀ ਬਜਾਇ ਉਸ ਦੀ ਢਾਣੀ ਵਿਚੋਂ ਪੁਰਾਣੇ ਕਾਮਰੇਡ ਦਾਲੂ ਨੇ ਜ਼ਰਾ ਹਲਕੇ ਰੌਅ ਵਿਚ ਕਿਹਾ, "ਮਾਸਟਰ ਜੀ! ਭਲਾ ਗੁਰੂਆਂ ਨੇ ਇਹ ਵੀ ਕਿਹਾ ਸੀ ਕਿ ਕਰੇ ਕਰਾਵੈ ਆਪੇ ਆਪ, ਮਾਨੁਸ ਕੈ ਕਿਛ ਨਾਹੀ ਹਾਥ।"



"ਤੁਹਾਡੇ ਨਾਸਤਕਾਂ ਨਾਲ ਕੌਣ ਮੱਥਾ ਮਾਰੇ?" ਕਹਿੰਦਿਆਂ ਖਿਸਿਆਨਾ ਜਿਹਾ ਹੋਇਆ ਮਾਸਟਰ ਉਥੋਂ ਉੱਠ ਤੁਰਿਆ ਸੀ, "ਬੁੱਧ ਭ੍ਰਿਸ਼ਟ 'ਤੀ ਇਨ੍ਹਾਂ ਦੀ ਸ਼ਰਾਬਾਂ ਨੇ," ਘਰ ਵੱਲ ਜਾਂਦਾ ਮਾਸਟਰ ਸੋਚ ਰਿਹਾ ਸੀ।

ਹੌਲੀ ਹੌਲੀ ਮਾਸਟਰ ਨੇ ਆਪਣ ਵਾਕਿਫ਼ਾਂ ਰਿਸ਼ਤੇਦਾਰਾਂ ਨੂੰ ਮਿਲਣਾ ਕਾਫ਼ੀ ਘੱਟ ਕਰ ਦਿੱਤਾ ਸੀ। ਜੇਕਰ ਕੋਈ ਗੁਰਦੁਆਰੇ ਜਾਂ ਇਧਰ-ਉਧਰ ਮਿਲ ਪੈਂਦਾ ਤਾਂ 'ਸਾਸਰੀ ਕਾਲ, ਸਾਸਰੀ ਕਾਲ' ਹੋ ਜਾਂਦੀ ਪਰ ਇਸ ਤੋਂ ਜ਼ਿਆਦਾ ਨਹੀਂ। ਸ਼ਰਾਬ ਪੀਣ ਵਾਲਿਆਂ ਨਾਲ ਉਸ ਦਾ ਮਨ ਬਿਲਕੁਲ ਨਹੀਂ ਸੀ ਭਿੱਜਦਾ।

ਆਪਣਾ ਕੰਮ ਮੁਕਾ ਕੇ ਜਿਉਂ ਹੀ ਮਾਸਟਰ ਆਪਦੀ ਕਾਰ ਵੱਲ ਜਾਣ ਲੱਗਾ ਤਾਂ ਪਾਰਕਿੰਗ ਲਾਟ ਦੇ ਖੂੰਜੇ ਜਿਹੇ ਵਿਚ ਟੌਮ ਤੇ ਹੋਜ਼ੇ ਹੱਸ ਹੱਸ ਕੇ ਗੱਲਾਂ ਕਰਦੇ ਦਿੱਸੇ ਪਰ ਜ਼ਰਾ ਦੂਰ ਹੋਣ ਕਰਕੇ ਉਹਨਾਂ ਮਾਸਟਰ ਨੂੰ ਨਾ ਦੇਖਿਆ। ਟੌਮ ਨੇ ਗੱਲਾਂ ਕਰਦਿਆਂ ਕਰਦਿਆਂ ਹੋਜ਼ੇ ਦੇ ਹੱਥੋਂ ਕੱਪ ਫੜ ਕੇ ਲੰਬੇ-ਲੰਬੇ ਦੋ ਘੁੱਟ ਭਰੇ ਤੇ ਖਾਲੀ ਕੱਪ ਉਸ ਨੂੰ ਮੋੜ ਦਿੱਤਾ। ਹੋਜ਼ੇ ਨੇ ਜੇਬ ਵਿਚੋਂ ਬਚਦਾ ਅਧੀਆ ਕੱਢ ਕੇ ਆਖਰੀ ਹਾੜਾ ਪਾਇਆ ਤੇ ਖਾਲੀ ਅਧੀਆ ਕੋਲ ਪਏ ਕੂੜੇ ਵਾਲੇ ਢੋਲ ਵਿਚ ਸੁੱਟ ਦਿੱਤਾ।

'ਸ਼ਰਾਬੀਆਂ ਦਾ ਵੀ ਕੋਈ ਇਤਬਾਰ ਆ ਭਲਾ? ਦੱਸ ਇੱਥੇ ਈ ਡੱਫਣ ਬਹਿ ਗਏ,' ਮਾਸਟਰ ਨੇ ਜਿਵੇਂ ਆਪਣੇ ਆਪ ਨੂੰ ਕਿਹਾ ਤੇ ਕੁਝ ਸੋਚ ਕੇ ਉਸ ਨੇ ਮੱਲਕ ਦੇਣੀ ਕਾਰ ਸਟਾਰਟ ਕਰ ਲਈ। ਕਾਰ ਦੀ ਆਵਾਜ਼ ਸੁਣ ਕੇ ਜਿਉਂ ਹੀ ਟੌਮ ਉਧਰ ਨੂੰ ਆਉਣ ਲੱਗਾ ਤਾਂ ਮਾਸਟਰ ਨੇ ਤਾਕੀ ਦਾ ਸ਼ੀਸ਼ਾ ਨੀਵਾਂ ਕਰਦਿਆਂ ਕਿਹਾ, "ਸੌਰੀ ਟੌਮ, ਆਈ ਹੈਵ ਟੂ ਗੋਅ ਸਮ ਅਦਰ ਪਲੇਸ," ਤੇ ਟੌਮ ਦਾ ਜੁਆਬ ਸੁਣੇ ਬਗੈਰ ਕਾਹਲੀ ਨਾਲ ਕਾਰ ਤੋਰ ਲਈ।

ਰਾਹ ਵਿਚ ਕਾਰ ਚਲਾਉਂਦਿਆਂ ਮਾਸਟਰ ਨੂੰ ਜਾਪ ਰਿਹਾ ਸੀ ਕਿ ਉਸ ਨੇ ਸ਼ਰਾਬ ਦੇ ਖ਼ਿਲਾਫ਼ ਇਕ ਹੋਰ ਮੱਲ ਮਾਰ ਲਈ ਸੀ। ਅੱਗੇ ਵੀ ਜਦੋਂ ਉਹ ਕਿਸੇ ਸ਼ਰਾਬ ਪੀ ਰਹੇ ਜਾਂ ਸ਼ਰਾਬੀ ਹੋਏ ਵਿਅਕਤੀ ਨਾਲ ਅਜਿਹਾ ਵਰਤਾਅ ਕਰਦਾ ਤਾਂ ਉਸ ਨੂੰ ਜਿੱਤ ਜਿਹੀ ਦਾ ਅਹਿਸਸ ਹੁੰਦਾ। ਜਦੋਂ ਵੀ ਕਦੀ ਉਹ ਚੁਹੁ ਬੰਦਿਆਂ ਵਿਚ ਸ਼ਰਾਬ ਪੀ ਕੇ ਜਾਂ ਹੋਰ ਨਸ਼ਿਆਂ ਦੀ ਵਰਤੋਂ ਦੇ ਵਿਰੁੱਧ ਆਪਣੀ ਗੱਲ ਕਹਿ ਰਿਹਾ ਹੁੰਦਾ ਤਾਂ ਅਜਿਹੀ ਜਿੱਤ ਦਾ ਹਵਾਲਾ ਦੇ ਕੇ ਬੜੀ ਖੁਸ਼ੀ ਮਹਿਸੂਸ ਕਰਦਾ। ਅਜਿਹੇ ਮੌਕੇ ਅਕਸਰ ਉਸ ਨੂੰ ਆਪਣਾ ਬਾਪ ਬੰਤਾ ਸਿੰਘ ਯਾਦ ਆ ਜਾਂਦਾ ਜਿਸ ਨੇ ਸ਼ਰਾਬ ਖਾਤਰ ਆਪਦੀ ਅੱਧੀਉਂ ਵੱਧ ਜ਼ਮੀਨ ਵੇਚ ਛੱਡੀ ਸੀ। ਨਸ਼ੱਈ ਹੋਇਆ ਉਹ ਵੇਲੇ-ਕੁਵੇਲੇ ਉਸ ਦੀ ਮਾਂ ਨੂੰ ਵੀ ਧੌਲ-ਧੱਪਾ ਮਾਰ ਦਿੰਦਾ ਸੀ। ਉਸ ਦੇ ਬਾਪ ਦੇ ਉਲਟ ਉਸ ਦਾ ਚਾਚਾ ਸੰਤਾ ਸਿੰਘ ਸਾਊ ਬੰਦਾ ਸੀ ਤੇ ਉਸੇ ਦੀ ਸੰਗਤ ਸਦਕਾ ਗੁਰਮੁਖ ਸਿੰਘ ਪੜ੍ਹ-ਲਿਖ ਗਿਆ ਸੀ ਤੇ ਨਿਤਨੇਮੀ ਵੀ ਬਣ ਗਿਆ ਸੀ। ਚਾਚੇ ਦਾ ਵੱਡਾ ਪੁੱਤਰ ਗੁਰਨਾਮ ਵੀ ਉਸ ਵਰਗਾ ਨਿਕਲਿਆ ਸੀ ਪਰ ਛੋਟਾ ਪੁੱਤਰ ਭੀਮਾ ਆਪਣੇ ਤਾਏ ਭਾਵ ਮਾਸਟਰ ਦੇ ਬਾਪ ਬੰਤਾ ਸਿੰਘ ਦੇ ਅੜਿੱਕੇ ਚੜ੍ਹ ਕੇ ਉਸੇ ਵਰਗਾ ਪਿਆਕੜ ਬਣ ਗਿਆ ਸੀ। ਸਿੱਟੇ ਵਜੋਂ ਤਾਇਆ ਭਤੀਜਾ ਦੋਵੇਂ ਟੱਬਰ ਵਿਚੋਂ

ਲਗਪਗ ਛੇਕੇ ਗਏ ਸਨ। ਕੁਝ ਸਾਲ ਪਹਿਲਾਂ ਬੰਤਾ ਸਿੰਘ ਤਾਂ ਦਾਰੂ ਪੀ ਕੇ ਸੁੱਤਾ ਹੀ ਰਹਿ ਗਿਆ ਸੀ। ਪਰ ਉਸ ਦੇ ਮਰਨ ਨਾਲ ਭੀਮੇ ਨੂੰ ਕੋਈ ਫਰਕ ਨਹੀਂ ਸੀ ਪਿਆ। ਸਗੋਂ ਉਹ ਪੀ ਕੇ ਅੱਗੇ ਨਾਲੋਂ ਵੱਧ ਖਰਮਸਤੀਆਂ ਕਰਨ ਲੱਗ ਗਿਆ ਸੀ। ਆਪਣੇ ਬਾਪ ਸੰਤਾ ਸਿੰਘ, ਭਰਾ ਗੁਰਨਾਮ ਤੇ ਮਾਸਟਰ ਗੁਰਮੁਖ ਤਿੰਨਾਂ ਨੂੰ ਹੀ ਟਿੱਚ ਸਮਝਦਾ ਤੇ ਉਹਨਾਂ ਦੇ ਅੰਮ੍ਰਿਤ ਛਕਿਆ ਹੋਣ ਕਰਕੇ ਉਹਨਾਂ ਨੂੰ ਮਖੌਲ ਨਾਲ 'ਕਛਨੀਆਂ ਵਾਲੇ ਕਹਿ ਕੇ ਸੰਬੋਧਨ ਕਰਦਾ।

ਤੇ ਹੁਣ ਮਾਸਟਰ ਨੂੰ ਜਾਪਦਾ ਸੀ ਜਿਵੇਂ ਸ਼ਰਾਬ ਦੇ ਖ਼ਿਲਾਫ਼ ਆਪਣੀ ਕਾਰਵਾਈ ਕਰ ਕੇ ਉਹ ਆਪਣੀ ਮਾਂ ਨਾਲ ਹੋਈਆਂ ਵਧੀਕੀਆਂ, ਘਰ ਦੀ ਅੱਧੀ ਖੁਰ ਚੁੱਕੀ ਜ਼ਮੀਨ ਅਤੇ ਭੀਮੇ ਵੱਲੋਂ ਉਡਾਈ ਗਈ ਖਿੱਲੀ ਦਾ ਬਦਲਾ ਲੈ ਰਿਹਾ ਹੋਵੇ।

ਆਪਣੇ ਘਰ ਵੱਲ ਕਾਰ ਮੋੜਦਿਆਂ ਉਸ ਨੇ ਮਹਿੰਦਰ ਸਿੰਘ ਦੇ ਘਰ ਵੱਲ ਨਜ਼ਰ ਮਾਰੀ, ਸਭ ਬੱਤੀਆਂ ਬੰਦ ਸਨ। ਆਮ ਤੌਰ 'ਤੇ ਇਸ ਵੇਲੇ ਉਸ ਦੇ ਲਿਵਿੰਗ ਰੂਮ ਦੀ ਬੱਤੀ ਜਗ ਰਹੀ ਹੁੰਦੀ ਸੀ। 'ਇਹਦਾ ਮਤਲਬ ਅਜੇ ਮਿੰਦਰ ਸੂੰਅ ਹਸਪਤਾਲੋਂ ਨਹੀਂ ਮੁੜਿਆ' ਉਸ ਨੇ ਲੌਢੇ ਵੇਲੇ ਆਈ ਐਮਬੂਲੈਂਸ ਦਾ ਚੇਤਾ ਕਰਦਿਆਂ ਜਿਵੇਂ ਆਪਣੇ ਆਪ ਨੂੰ ਕਿਹਾ, 'ਸ਼ਰਾਬ ਕਿੱਦਾਂ ਬੰਦੇ ਨੂੰ ਪਸ਼ੂ ਬਣਾ ਦਿੰਦੀ ਆ,' ਤੇ ਉਸ ਦਾ ਧਿਆਨ ਮਹਿੰਦਰ ਸਿੰਘ ਵੱਲ ਜਾ ਜੁੜਿਆ।

ਮਹਿੰਦਰ ਸਿੰਘ ਉਹਨਾਂ ਦੇ ਨੇੜਲੇ ਪਿੰਡੋਂ ਹੀ ਸੀ ਤੇ ਉਸ ਦਾ ਬਾਪ ਮੇਲਾ ਸਿੰਘ ਮਸ਼ਹੂਰ ਦੇਸ਼ ਭਗਤ ਸੀ। ਲੋਕਾਂ ਵਿਚ ਉਹ 'ਕਾਮਰੇਡ' ਦੇ ਨਾਂ ਨਾਲ ਮਸ਼ਹੂਰ ਸੀ। ਸਾਦਾ, ਸੱਚਾ ਤੇ ਸਿਰੜੀ ਬੰਦਾ ਸੀ ਉਹ। ਜ਼ਮੀਨ ਤਾਂ ਭਾਵੇਂ ਥੋੜ੍ਹੀ ਹੀ ਸੀ ਉਸ ਕੋਲ ਪਰ ਉਹ ਬੜੀ ਮਿਹਨਤ ਨਾਲ ਖੇਤੀ ਕਰਦਾ ਸੀ। ਪਾਰਟੀ ਦਾ ਅਣਥੱਕ ਕਾਮਾ ਸੀ ਤੇ ਗਰੀਬ ਲੋੜਵੰਦ ਦੀ ਮਦਦ ਲਈ ਹੱਸ ਕੇ ਨਾਲ ਤੁਰ ਪੈਂਦਾ ਸੀ। ਇਲਾਕੇ ਦੇ ਨਜਾਇਜ਼ ਸ਼ਰਾਬ ਤੇ ਅਫ਼ੀਮ ਵੇਚਣ ਵਾਲਿਆਂ ਦੇ ਖ਼ਿਲਾਫ਼ ਬੋਲਦਾ ਤੇ ਕਿਸਾਨਾਂ, ਦਿਹਾੜੀਦਾਰਾਂ ਤੇ ਕੰਮੀਆਂ ਆਦਿ ਨੂੰ ਇਹਨਾਂ ਅਲਾਮਤਾਂ ਤੋਂ ਬਚਣ ਲਈ ਪ੍ਰੇਰਦਾ। ਇਸ ਕਰਕੇ ਉਹ ਖਾਂਦੇ-ਪੀਂਦੇ ਸਰਦਾਰਾਂ ਦੀਆਂ ਅੱਖਾਂ ਵਿਚ ਕਾਫ਼ੀ ਰੜਕਦਾ ਸੀ। ਪਰ ਮੇਲਾ ਸਿੰਘ ਦਾ ਇਲਾਕੇ ਵਿਚ ਆਦਰ-ਸਤਿਕਾਰ ਬਣਿਆ ਹੋਣ ਕਰਕੇ ਅਤੇ ਪਾਰਟੀ ਦੇ ਕਾਰਕੁਨਾਂ ਦਾ ਲਗਾਤਾਰ ਉਸ ਦੇ ਘਰ ਜਾਣ ਆਉਣ ਬਣਿਆ ਰਹਿਣ ਕਰਕੇ ਦੁਨਾਲੀਆਂ ਵਾਲੇ ਸਰਦਾਰ ਉਸ ਨੂੰ ਸਿੱਧਾ ਟੱਕਰਨੋਂ ਝਕਦੇ ਸਨ।

ਆਜ਼ਾਦੀ ਤੋਂ ਕੁਝ ਚਿਰ ਬਾਅਦ ਕਾਮਰੇਡ ਮੇਲਾ ਸਿੰਘ ਦੀ ਪਾਰਟੀ ਨੂੰ ਅੰਡਰ ਗਰਾਊਂਡ ਹੋਣਾ ਪਿਆ ਸੀ ਤੇ ਇਸ ਵਾਰੀ ਵਿਦੇਸ਼ੀ ਦੀ ਬਜਾਇ ਆਪਣੀ ਸਰਕਾਰ ਨੇ ਹੀ ਉਸ ਨੂੰ ਕੈਦ ਕਰ ਲਿਆ ਸੀ। ਪਿੰਡ ਦੇ ਸਰਦਾਰਾਂ ਲਈ ਇਹ ਸੁਨਹਿਰੀ ਮੌਕਾ ਸੀ, ਮਹਿੰਦਰ ਸਿੰਘ ਹੁਣ ਮੁੱਛ-ਫੁੱਟ ਗੱਭਰੂਆਂ ਤੇ ਚੋਬਰਾਂ ਦੀਆਂ ਢਾਣੀਆਂ ਵਿਚ ਬੈਠਣ-ਉਠਣ ਲੱਗ ਗਿਆ ਸੀ। ਆਪਣੇ ਪਾਲਤੂ ਕਰਿੰਦਿਆਂ ਰਾਹੀਂ ਸਰਦਾਰਾਂ ਨੇ ਉਸ ਨੂੰ ਅਫ਼ੀਮ ਖਾਣ ਲਗਾ ਦਿੱਤਾ ਸੀ।

ਆਜ਼ਾਦੀ ਤੋਂ ਪਹਿਲਾਂ ਵੀ ਜਦੋਂ ਕਦੇ ਅੰਗਰੇਜ਼ੀ ਸਾਮਰਾਜ ਦੇ ਖ਼ਿਲਾਫ਼ ਕੋਈ



ਮੁਹਿੰਮ ਚਲਦੀ ਤਾਂ ਗ੍ਰਿਫ਼ਤਾਰ ਹੋਣ ਵਾਲਿਆਂ ਵਿਚੋਂ ਕਾਮਰੇਡ ਮੇਲਾ ਸਿੰਘ ਮੂਹਰੇ ਹੁੰਦਾ। ਜਿਤਨੀ ਦੇਰ ਉਹ ਜੇਲ ਵਿਚ ਹੁੰਦਾ ਉਤਨੀ ਦੇਰ ਇਲਾਕੇ ਦੇ ਸਰਦਾਰਾਂ ਤੇ ਉਨ੍ਹਾਂ ਦੇ ਕਰਿੰਦਿਆਂ ਨੂੰ ਨਜਾਇਜ਼ ਨਸ਼ੇ-ਪੱਤੇ ਇਧਰ-ਉਧਰ ਕਰਨ ਦੀ ਬੜੀ ਮੌਜ ਰਹਿੰਦੀ। ਰਿਹਾਅ ਹੁੰਦਿਆਂ ਹੀ ਕਾਮਰੇਡ ਮੁੜ ਆਪਣੇ ਕੰਮੀਂ ਪੂਰੇ ਜ਼ੋਰ-ਸ਼ੋਰ ਨਾਲ ਜੁਟ ਜਾਂਦਾ। ਲਗਾਤਾਰ ਜੇਲ ਆਉਣ-ਜਾਣ ਤੇ ਪਾਰਟੀ ਦੇ ਕੰਮੀਂ ਜੁਟਿਆ ਰਹਿਣ ਕਰਕੇ ਕਾਮਰੇਡ ਆਪਣੇ ਟੱਬਰ ਵੱਲ ਜ਼ਿਆਦਾ ਧਿਆਨ ਨਾ ਦੇ ਸਕਿਆ। ਵੱਡੀ ਲੜਕੀ ਤੋਂ ਕਾਫ਼ੀ ਦੇਰ ਬਾਅਦ ਪੈਦਾ ਹੋਇਆ ਮਹਿੰਦਰ ਇਕੱਲਾ ਪੁੱਤ ਹੋਣ ਕਰ ਕੇ ਰਾਮ ਕੌਰ ਨੇ ਸ਼ੁਰੂ ਤੋਂ ਹੀ ਲਾਡਲਾ ਰੱਖਿਆ ਸੀ। ਜੇ ਕਦੇ  ਕਾਮਰੇਡ, ਮਹਿੰਦਰ ਉੱਪਰ ਕੋਈ ਸਖ਼ਤੀ ਵਰਤਦਾ ਤਾਂ ਰਾਮ ਕੌਰ ਵਾਸਤਾ ਪਾ ਛੱਡਦੀ, "ਕਾਮਰੇਟਾ ਇਹ ਮਾਰ ਈ ਸਿੱਟਣਾਂ ਤੈਂ ਹੁਣ? ...ਆਪ ਤਾਂ ਸਾਰੀ ਉਮਰ ਲੋਕਾਂ ਦੇ ਮਗਰ ਤੁਰ-ਫਿਰ ਕੇ ਗੁਜ਼ਾਰ 'ਤੀ, ਨਾਲ ਮੈਨੂੰ ਲੋਕਾਂ ਦੀਆਂ ਰੋਟੀਆਂ ਥੱਪਣ ਲਾ ਰੱਖਿਆ, ਦੱਸ ਮੈਂ ਕੀ ਖੱਟਿਆ?"

ਐਤਕੀਂ ਜਦੋਂ ਇਲੈਕਸ਼ਨਾਂ ਦੁਆਲੇ ਕਾਮਰੇਡ ਰਿਹਾਅ ਹੋ ਕੇ ਘਰ ਪਰਤਿਆ ਤਦ ਤਕ ਮਹਿੰਦਰ ਸਿੰਘ ਨੂੰ ਅਫ਼ੀਮ ਡੁੰਗਣ ਦੀ ਆਦਤ ਪੱਕ ਚੁੱਕੀ ਸੀ। ਸੋਚ ਵਿਚਾਰ ਕਰਕੇ ਅੰਤ ਨੂੰ ਮੇਲਾ ਸਿੰਘ ਨੇ ਮਹਿੰਦਰ ਨੂੰ ਆਪਣੇ ਚਚੇਰੇ ਭਰਾਵਾਂ ਕੋਲ ਦਿੱਲੀ ਭੇਜ ਦਿੱਤਾ ਸੀ। ਉਹਨਾਂ ਦਾ ਉਧਰ ਕਾਫੀ ਦੇਰ ਤੋਂ ਟਰੱਕਾਂ ਦਾ ਕਾਰੋਬਾਰ ਸੀ।

ਸਮਾਂ ਪਾ ਕੇ ਮਹਿੰਦਰ ਵਧੀਆ ਡਰਾਈਵਰ ਤਾਂ ਬਣ ਗਿਆ ਸੀ ਪਰ ਟਰੱਕਾਂ ਵਾਲਿਆਂ ਨਾਲ ਰਹਿ ਕੇ ਉਸ ਦੀ ਅਫ਼ੀਮ ਖਾਣ ਦੀ ਆਦਤ ਜ਼ਿਆਦਾ ਪੱਕੀ ਹੋ ਗਈ ਸੀ। ਦੋ ਕੁ ਸਾਲਾਂ ਬਾਅਦ ਉਸਦਾ ਵਿਆਹ ਹੋ ਗਿਆ ਤੇ ਇਕ ਮੁੰਡਾ ਤੇ ਕੁੜੀ ਵੀ ਜੰਮ ਪਏ ਸਨ ਪਰ ਮਹਿੰਦਰ ਦੀਆਂ ਆਦਤਾਂ ਉੱਪਰ ਇਸ ਦਾ ਕੋਈ ਅਸਰ ਨਹੀਂ ਸੀ ਹੋਇਆ, ਸਗੋਂ ਹੌਲੀ-ਹੌਲੀ ਨੌਬਤ ਇਥੋਂ ਤਕ ਆ ਗਈ ਕਿ ਮਹੀਨਿਆਂ ਬੱਧੀ ਨਾ ਤਾਂ ਉਹ ਘਰ ਆਉਂਦਾ ਤੇ ਨਾ ਹੀ ਕੋਈ ਪੈਸਾ ਭੇਜਦਾ। ਮੇਲਾ ਸਿੰਘ ਥੋੜ੍ਹੀ ਜਿਹੀ ਜ਼ਮੀਨ ਵਿਚੋਂ ਹੱਡ-ਭੰਨਵੀਂ ਮਿਹਨਤ ਕਰਕੇ ਟੱਬਰ ਦਾ ਲੂਣ ਤੇਲ ਤੋਰਦਾ ਸੀ ਪਰ ਉਮਰ ਦੇ ਨਾਲ ਉਸ ਦਾ ਦਮ ਪਹਿਲਾਂ ਵਾਲਾ ਨਹੀਂ ਸੀ ਰਿਹਾ। ਅਖ਼ੀਰ ਉਸ ਨੇ ਆਪਣੇ ਜੁਆਈ ਦੀ ਮਦਦ ਨਾਲ ਮਹਿੰਦਰ ਸਿੰਘ ਦਾ ਪਾਸਪੋਰਟ ਬਣਵਾ ਕੇ ਕਿਸੇ ਨਾ ਕਿਸੇ ਤਰ੍ਹਾਂ ਸੱਠਵਿਆਂ ਦੇ ਅੱਧ ਜਿਹੇ ਵਿਚ ਉਸ ਨੂੰ ਸੈਰ ਦੇ ਬਹਾਨੇ ਕੈਨੇਡਾ ਭਿਜਵਾ ਦਿੱਤਾ ਸੀ। ਚੰਗੀ ਕਿਸਮਤ ਨੂੰ ਸਾਲ ਦੇ ਅੰਦਰ-ਅੰਦਰ ਹੀ ਮਹਿੰਦਰ ਨੂੰ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿਣ ਦੀ ਇਜਾਜ਼ਤ ਵੀ ਮਿਲ ਗਈ ਸੀ।

'ਜੋ ਵੀ ਪੰਜਾਬ ਦਾ ਵੈਲੀ ਸੀ ਸਭ ਕੈਨੇਡਾ ਆ ਕੇ ਟਿਕ ਗਿਆ,' ਹੱਥ-ਮੂੰਹ ਧੋ ਕੇ ਕੱਪੜੇ ਬਦਲਦਾ ਮਾਸਟਰ ਸੋਚ ਰਿਹਾ ਸ, 'ਚਲੋ ਐਨਾ ਸ਼ੁਕਰ ਆ ਵਾਹਿਗੁਰੂ ਦਾ ਕਿ ਸਾਡੇ ਮੁੰਡੇ ਬਚਿਉ ਆ ਨਸ਼ੇ ਤੋਂ।'

ਬੈੱਡ ਰੂਮ ਵਿਚ ਆ ਕੇ ਮਾਸਟਰ ਨੇ ਦੇਖਿਆ ਕਿ ਜੁਗਿੰਦਰ ਕੌਰ ਘੂਕ ਸੁੱਤੀ ਪਈ ਸੀ। ਅੱਗੇ ਤਾਂ ਆਮ ਤੌਰ 'ਤੇ ਉਸ ਦੇ ਆਉਣ 'ਤੇ ਜਾਗ ਪੈਂਦੀ ਸੀ ਪਰ ਅੱਜ

ਸ਼ਾਇਦ ਓਵਰਟਾਈਮ ਕਰਕੇ ਥੱਕ ਗਈ ਹੋਈ ਸੀ। ਅਲਮਾਰੀ ਉੱਪਰ ਅੱਜ ਦੀ ਡਾਕ ਵਿਚ ਆਈ ਗੁਰਨਾਮ ਸਿਉਂ ਦੀ ਚਿੱਠੀ ਖੁਲ੍ਹੀ ਪਈ ਸੀ। ਉਹ ਚਿੱਠੀ ਚੁੱਕ ਕੇ ਲਿਵਿੰਗ ਰੂਮ ਵਿਚ ਆ ਗਿਆ ਤੇ ਸੋਫੇ ਉੱਪਰ ਟੇਢਾ ਹੁੰਦਾ ਚਿੱਠੀ ਪੜ੍ਹਨ ਲੱਗ ਗਿਆ। ਭੀਮਾ ਘਰਵਾਲੀ ਤੋਂ ਚੋਰੀ ਉਸ ਦੇ ਗਹਿਣੇ ਜੂਏ ਵਿਚ ਹਾਰ ਆਇਆ ਸੀ, ਅੱਜ ਕਲ੍ਹ ਗੁਰਨਾਮ ਨਾਲ ਨਿੱਤ ਝਗੜਦਾ ਸੀ ਕਿ ਜ਼ਮੀਨ ਵਿਚੋਂ ਉਸ ਨੂੰ ਉਸ ਦਾ ਹਿੱਸਾ ਦੇ ਕੇ ਅਲੱਗ ਕੀਤਾ ਜਾਵੇ। ਗੁਰਨਾਮ ਨੇ ਮਾਸਟਰ ਦੀ ਰਾਇ ਮੰਗੀ ਸੀ।

'ਸ਼ਰਾਬੀ ਬੰਦੇ ਦਾ ਕਾਹਦਾ ਅਤਬਾਰ,' ਮਨ ਵਿਚ ਖਿਝਦਾ-ਖਪਦਾ ਮਾਸਟਰ ਸੋਫੇ ਉੱਪਰ ਹੀ ਸੌਂ ਗਿਆ।

"ਮੈਂ ਕਿਹਾ ਜੀ ਉੱਠੋ, ਜ਼ਰਾ ਆਂਢ-ਗੁਆਂਢ ਦੀ ਵੀ ਖਬਰ ਲੈ ਲਉ ਕੋਈ," ਸਵੇਰੇ ਸਵੇਰੇ ਉਸ ਨੂੰ ਜੁਗਿੰਦਰ ਕੌਰ ਦੀ ਆਵਾਜ਼ ਨੇ ਜਗਾਇਆ। ਉਹ ਕੰਮ ਨੂੰ ਜਾਣ ਲਈ ਤਿਆਰ ਹੋ ਰਹੀ ਸੀ।

"ਹੈਂਅ...ਕੀ ਹੋਇਆ?" ਜ਼ਰਾ ਹੜਬੜਾ ਕੇ ਉਠਦਾ ਮਾਸਟਰ ਬੋਲਿਆ।

"ਮਿੰਦਰ ਸੂੰਮ ਤਾਂ ਪੂਰਾ ਹੋ ਗਿਆ!" ਜੁਗਿੰਦਰ ਕੌਰ ਨੇ ਬੁਝੇ ਹੋਏ ਮਨ ਨਾ ਕਿਹਾ।

"ਹੈਂਅਅ..ਕਦੋਂ? ..ਕਿੱਦਾਂ?" ਕਹਿੰਦਿਆਂ ਮਾਸਟਰ ਦੀਆਂ ਅੱਖਾਂ ਸਾਹਮਣੇ ਕੱਲ੍ਹ ਦਾ ਐਮਬੂਲੈਂਸ ਵਾਲਾ ਸੀਨ ਘੁੰਮ ਗਿਆ।

"ਪੂਰਾ ਤਾਂ ਪਤਾ ਨੀ, ਮੈਨੂੰ ਜੈਬੋ ਦਾ ਫ਼ੂਨ ਆਇਆ, ਉਹਦੀ ਕੁੜੀ ਹਸਪਤਾਲ 'ਚ ਕੰਮ ਕਰਦੀ ਆ, ਸਵੇਰੇ ਜਦੋਂ ਉਹ ਆਪਣੀ ਸ਼ਿਫਟ 'ਚ ਗਈ ਤਾਂ ਉਹਦੇ ਨਾਲ ਕੰਮ ਕਰਦੀ ਗੋਰੀ ਨੇ ਉਹਨੂੰ ਦੱਸਿਆ ਕਿ ਤੇਰੇ ਡੈਡੀ ਦਾ ਫਰੈਂਡ ਕੱਲ੍ਹ ਦਾ ਇਥੇ ਦਾਖਲ ਸੀ, ਰਾਤੀਂ ਕਿਸੇ ਵੇਲੇ ਗੁਜ਼ਰ ਗਿਆ," ਜੁਗਿੰਦਰ ਕੌਰ ਕਾਹਲੀ ਕਾਹਲੀ ਕਹਿ ਰਹੀ ਸੀ, "ਮੈਨੂੰ ਕੰਮ 'ਤੇ ਜਾਣਾ ਪੈਣਾ, ਤੁਸੀਂ ਨ੍ਹਾ-ਧੋਅ ਕੇ ਉਧਰ ਜਾ ਆਇਓ," ਕਹਿ ਕੇ ਜੁਗਿੰਦਰ ਕੌਰ ਘਰ ਦੇ ਦਰਵਾਜ਼ਿਉਂ ਬਾਹਰ ਹੋ ਗਈ।

ਮਾਸਟਰ ਨੂੰ ਜਿਵੇਂ ਇਕਦਮ ਕੁਝ ਨਾ ਅਹੁੜ ਰਿਹਾ ਹੋਵੇ। ਉਸ ਨੇ ਸੋਫੇ ਉੱਪਰੋਂ ਉਠ ਕੇ ਤਾਕੀ ਰਾਹੀਂ ਮਹਿੰਦਰ ਸਿੰਘ ਦੇ ਘਰ ਵੱਲ ਦੇਖਿਆ। ਬਿਲਕੁਲ ਚੁੱਪ-ਚਾਂਦ ਸੀ, ਘਰ ਦੇ ਬਾਹਰ ਕੋਈ ਕਾਰ ਵਗੈਰਾ ਵੀ ਨਹੀਂ ਸੀ ਖੜ੍ਹੀ। ਖੜ੍ਹਦੀ ਵੀ ਕਿਵੇਂ? ਅੱਜ ਕਲ੍ਹ ਮਹਿੰਦਰ ਸਿੰਘ ਤੋਂ ਇਲਾਵਾ ਉਸ ਘਰ ਵਿਚ ਹੋਰ ਕੋਈ ਨਹੀਂ ਸੀ ਰਹਿੰਦਾ। ਅਵਤਾਰ ਕੌਰ ਤਾਂ ਪਿਛਲੇ ਚੁਹੰ ਕੁ ਸਾਲਾਂ ਤੋਂ ਅਲੱਗ ਮਕਾਨ ਵਿਚ ਰਹਿੰਦੀ ਸੀ। ਹਾਂ, ਕਦੇ ਕਦੇ ਮਹਿੰਦਰ ਸਿੰਘ ਦੇ ਇਸ ਘਰ ਵਿਚ ਵਿਹਲਿਆਂ ਤੇ ਪੀਣ-ਛਕਣ ਵਾਲਿਆਂ ਦੀ ਢਾਣੀ ਜ਼ਰੂਰ ਆ ਜੁੜਦੀ ਸੀ।

ਕੈਨੇਡਾ ਆ ਕੇ ਮਹਿੰਦਰ ਸਿੰਘ ਕੁਝ ਚਿਰ ਤਾਂ ਅਫ਼ੀਮ ਤੋਂ ਬਗੈਰ ਤੰਗ ਜ਼ਰੂਰ ਹੋਇਆ ਸੀ ਪਰ ਉਦੋਂ ਅਜੇ ਉਹ ਜਵਾਨ ਸੀ ਤੇ ਇਸ ਕਰਕੇ ਸਰੀਰ ਜ਼ਰਾ ਜਲਦੀ ਰੌਂਅ ਵਿਚ ਆ ਗਿਆ। ਕੁਝ ਘਾਟਾ ਦਾਰੂ ਨੇ ਪੂਰਾ ਕਰ ਦਿੱਤਾ ਪਰ ਪੱਕਾ ਹੋਣ ਤੋਂ ਬਾਅਦ ਜਦੋਂ ਮਿੱਲ ਵਿਚ ਕੰਮ ਕਰਨ ਲੱਗਾ ਤਾਂ ਦਾਰੂ ਪੀਣੀ ਵੀ ਕਾਫ਼ੀ ਘੱਟ ਗਈ



ਸੀ। ਕਦੇ ਕਦੇ ਸ਼ਾਮ ਨੂੰ ਮੁੰਡਿਆਂ-ਖੁੰਡਿਆਂ ਨਾਲ ਫੁੱਟਬਾਲ ਦੀਆਂ ਕਿੱਕਾਂ ਵੀ ਮਾਰਨ ਲੱਗ ਗਿਆ ਸੀ। ਨਵੇਂ ਮਾਹੌਲ ਵਿਚ ਆ ਕੇ ਸ਼ਰੀਰ ਨੂੰ ਤੇ ਆਦਤਾਂ ਨੂੰ ਨਵੇਂ ਸਿਰਿਉਂ ਢਾਲਣਾ ਆਸਾਨ ਹੋ ਗਿਆ ਸੀ।

ਪਹਿਲਾਂ ਪਹਿਲ ਉਹ ਆਪਣੇ ਜੀਜੇ ਦੇ ਰਿਸ਼ਤੇਦਾਰ ਜਗਜੀਤ ਸਿੰਘ ਕੋਲ ਰਿਹਾ ਸੀ ਤੇ ਉਸੇ ਨੇ ਆਪਣੇ ਨਾਲ ਮਿੱਲ ਵਿਚ ਕੰਮ ਉੱਪਰ ਲਵਾ ਦਿੱਤਾ ਸੀ। ਉਸਦੀ ਸੰਗਤ ਸਦਕਾ ਮਹਿੰਦਰ ਡਟ ਕੇ ਕੰਮ ਕਰਨ ਲੱਗਾ ਤੇ ਘਰ ਨੂੰ ਵੀ ਪੈਸੇ ਭੇਜਣ ਲੱਗ ਗਿਆ, ਪਰ ਘਰੋਂ ਚਿੱਠੀਆਂ ਆਉਂਦੀਆਂ ਕਿ ਅਵਤਾਰ ਕੌਰ ਤੇ ਬੱਚਿਆਂ ਨੂੰ ਕੈਨੇਡਾ ਮੰਗਵਾਉਣ ਦਾ ਛੇਤੀ ਤੋਂ ਛੇਤੀ ਪ੍ਰਬੰਧ ਕਰੇ। ਟੱਬਰ ਮੰਗਵਾਉਣ ਲਈ ਘਰ-ਘਾਟ ਦਾ ਪ੍ਰਬੰਧ ਕਰਨਾ ਜ਼ਰੂਰੀ ਸੀ, ਇਸ ਲਈ ਜਗਜੀਤ ਸਿੰਘ ਦੀ ਸਲਾਹ ਅਤੇ ਮਦਦ ਨਾਲ ਇਕ ਜ਼ਰਾ ਕੁ ਪੁਰਾਣਾ ਘਰ ਖਰੀਦ ਲਿਆ ਸੀ। ਬੈਂਕ ਤੋਂ ਚੁੱਕੀ ਮੌਰਗੇਜ ਦੀ ਕਿਸ਼ਤ ਭਾਵੇਂ ਜ਼ਰਾ ਭਾਰੀ ਸੀ ਪਰ ਉਹਨਾਂ ਦਿਨਾਂ ਵਿਚ ਮਿੱਲਾਂ ਵਿਚ ਕਾਮਿਆਂ ਦੀ ਕਿੱਲਤ ਹੋਣ ਕਰਕੇ ਓਵਰਟਾਈਮ ਕਾਫ਼ੀ ਲੱਗ ਜਾਂਦਾ ਸੀ।

ਉਹਨਾਂ ਹੀ ਦਿਨਾਂ ਵਿਚ ਹਜ਼ਾਰਾਂ ਪੰਜਾਬੀ ਮੁੰਡੇ ਵਹੀਰਾਂ ਘੱਤ ਕੇ ਸੈਰ ਦੇ ਬਹਾਨੇ ਕੈਨੇਡਾ ਪਹੁੰਚ ਗਏ ਸਨ। ਹਰ ਕਿਸੇ ਨੇ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਇਧਰ ਬੁਲਾ ਲਿਆ ਸੀ। ਮਹਿੰਦਰ ਸਿੰਘ ਨੇ ਆਪ ਤਾਂ ਅਜੇ ਕਿਸੇ ਨੂੰ ਵੀ ਨਹੀਂ ਸੱਦਿਆ ਪਰ ਉਸ ਦੇ ਪਿੰਡਾਂ ਦੇ ਕਿੰਨੇ ਹੀ ਬੰਦੇ ਉਸ ਕੋਲ ਆ ਕੇ ਇਥੇ ਠਹਿਰਦੇ ਰਹੇ ਸਨ। ਲੋੜਵੰਦਾਂ ਨੂੰ ਸਹਾਰਾ ਦੇਣਾ ਤਾਂ ਉਸ ਨੇ ਆਪਣੇ ਬਾਪੂ ਮੇਲਾ ਸਿੰਘ ਤੋਂ ਸਿੱਖਿਆ ਹੀ ਸੀ ਪਰ ਨਾਲ-ਨਾਲ, ਵੇਲੇ-ਕੁਵੇਲੇ ਘਰ ਆਏ ਪਾਰਟੀ ਵਰਕਰਾਂ ਲਈ ਆਟੇ ਦੀ ਪੂਰੀ ਦੀ ਪੂਰੀ ਪਰਾਤ ਖਿੜੇ ਮੱਥੇ ਪਕਾ ਕੇ 'ਧੰਨ ਭਾਗ' ਕਹਿਣ ਵਾਲੀ ਮਾਂ ਰਾਮ ਕੌਰ ਦੇ ਸੁਭਾਅ ਵਿਚਲੀ ਮਹਿਮਾਨ-ਨਿਵਾਜ਼ੀ ਵੀ ਉਸ ਦੇ ਅੰਦਰ ਰਚੀ ਹੋਈ ਸੀ। ਕਿਸੇ ਭਾਈਵੰਦ ਨੂੰ ਆਪਣੇ ਘਰ ਰੱਖਣ ਲੱਗਿਆ ਉਸ ਨੇ ਕਦੇ ਕੋਈ ਹੀਲ-ਹੁੱਜਤ ਨਹੀਂ ਸੀ ਕੀਤੀ। ਜੇਕਰ ਤਾਂ ਅਗਲਾ ਕੰਮ ਉੱਪਰ ਲੱਗਿਆ ਹੁੰਦਾ ਤਾਂ ਆਪਣੇ ਹਿੱਸੇ ਦਾ ਰਸਦ-ਪਾਣੀ ਦਾ ਖਰਚਾ ਉਸ ਨੂੰ ਦੇ ਦਿੰਦਾ ਨਹੀਂ ਤਾਂ ਉਸ ਦੇ ਸਿਰੋਂ ਹੀ ਫਰੀ-ਖਾਤੇ ਦਾ ਲੱਗਰ ਛਕਦਾ ਰਹਿੰਦਾ। ਜਿਸ ਕਿਸੇ ਦਾ ਇੰਮੀਗਰੇਸ਼ਨ ਦਾ ਕੰਮ ਰਾਸ ਆ ਜਾਂਦਾ ਉਹ ਤਾਂ ਆਮ ਤੌਰ 'ਤੇ ਉਥੋਂ ਆਪਣਾ ਬੋਰੀਆ-ਬਿਸਤਰਾ ਚੁੱਕ ਕੇ ਆਪਣਾ ਪਰਿਵਾਰ ਮੰਗਵਾਉਣ ਦਾ ਆਹਰ ਕਰਦਾ ਪਰ ਜਿਸ ਕਿਸੇ ਦਾ ਇੰਮੀਗਰੇਸ਼ਨ ਦਾ ਕੰਮ ਲਟਕ ਜਾਂਦਾ ਉਹ ਮਹਿੰਦਰ ਸਿੰਘ ਕੋਲ ਹੀ ਟਿਕਿਆ ਰਹਿੰਦਾ।

ਸੱਤਰਵਿਆਂ ਦੇ ਸ਼ੁਰੂ ਵਿਚ ਕੈਨੇਡਾ ਸਰਕਾਰ ਵੱਲੋਂ ਜਦੋਂ ਨਵੇਂ ਵਿਜ਼ਟਰਾਂ ਦੇ ਆਉਣ ਉੱਪਰ ਪਾਬੰਦੀਆਂ ਲੱਗੀਆਂ ਤਾਂ ਜਾ ਕੇ ਕਿਤੇ ਮਹਿੰਦਰ ਸਿੰਘ ਦਾ ਡੇਰਾ ਛੜਿਆਂ ਤੋਂ ਮੁਕਤ ਹੋਇਆ ਤੇ ਉਸ ਨੇ ਅਵਤਾਰ ਕੌਰ ਤੇ ਬੱਚਿਆਂ ਨੂੰ ਮੰਗਵਾਉਣ ਦੀ ਅਰਜ਼ੀ ਭਰੀ। ਉਦੋਂ ਤਕ ਉਸ ਦਾ ਮੁੰਡਾ ਜਸਬੀਰ ਪਿੰਡ ਦੇ ਆਵਾਰਾ ਮੁੰਡਿਆਂ ਦੀ ਸੰਗਤ ਕਰਨ ਲੱਗ ਪਿਆ ਸੀ।

'ਲੈ ਅਜੇ ਪਰਸੋਂ ਤਾਂ ਐਸ ਸੋਫੇ ਉੱਪਰ ਐਥੇ ਬੈਠਾ ਗਿਆ,' ਮਾਸਟਰ ਨੇ ਸੋਫੇ ਉੱਪਰਲਾ ਕੱਪੜਾ ਝਾੜ ਕੇ ਵਿਛਾਉਂਦਿਆਂ ਸੋਚਿਆ, 'ਲੈ ਦੱਸ ਉਦੋਂ ਕਿਸੇ ਨੂੰ ਕੀ ਖ਼ਬਰ ਸੀ ਕਿ ਆਹਾ ਭਾਣਾ ਵਰਤ ਜਾਊ,' ਤੇ ਨਾਲ ਹੀ ਉਸ ਨੂੰ ਆਪਣੇ ਛੋਟੇ ਪੁੱਤਰ ਉੱਪਰ ਜ਼ਰਾ ਖਿਝ ਆਈ ਜਿਸ ਨੇ ਪਰਸੋਂ ਉਹਨਾਂ ਦੇ ਘਰੋਂ ਉਠ ਕੇ ਤੁਰਨ ਲੱਗੇ ਮਹਿੰਦਰ ਸਿੰਘ ਨੂੰ ਕਮਰੇ ਅੰਦਰੋਂ ਲਮਾਰੀ ਉੱਪਰ ਪਈ ਹਰਿਮੰਦਰ ਸਾਹਿਬ ਦੀ ਫੋਟੋ ਹੇਠੋਂ ਵੀਹ ਡਾਲਰ ਦਾ ਨੋਟ ਕੱਢ ਕੇ ਫੜਾਇਆ ਸੀ।

'ਮੈਨੂੰ ਤਾਂ ਪੁੱਤ ਦਸ ਈ ਚਾਹੀਦੇ ਆ,' ਨੋਟ ਫੜਨ ਤੋਂ ਝਿਜਕਦਿਆਂ ਮਹਿੰਦਰ ਸਿੰਘ ਨੇ ਕਿਹਾ ਸੀ।

'ਘਰ ਵਿਚ ਆਹੀ ਨੋਟ ਆ ਅੰਕਲ, ਤੁਸੀਂ ਲੈ ਜਾਉ ਫੇਰ ਮੋੜ ਦਿਉ,' ਅੰਮ੍ਰਿਤਪਾਲ ਨੇ ਜ਼ਰਾ ਭੋਲੇਪਨ ਨਾਲ ਕਹਿ ਦਿੱਤਾ ਸੀ।

ਚੱਲ ਲੈ ਜਾ ਮਿੰਦਰ ਸਿਆਂ, ਜਿਥੇ ਦਸ ਮੋੜਨੇ ਆ ਉੱਥੇ ਵੀਹ ਮੋੜ ਦੇਵੀਂ', ਧੀਮੇ ਸੁਰ ਨਾਲ ਮਾਸਟਰ ਨੇ ਵੀ ਕਹਿ ਦਿੱਤਾ ਹਾਲਾਂਕਿ ਉਸ ਨੂੰ ਡਰ ਸੀ ਕਿ ਮਹਿੰਦਰ ਸਿੰਘ ਇਹ ਪੈਸੇ ਦਾਰੂ-ਬੱਤੀ ਉੱਪਰ ਹੀ ਖਰਚੇਗਾ।

'ਕੱਲ੍ਹ ਨੂੰ ਮੇਰੀ ਚਿੱਕ ਆ ਜਾਣੀ ਆ, ਮੈਂ ਸਬੇਰੇ ਈ ਬੈਂਕ ਤੋਂ ਤੁੜਾ ਕੇ ਤੁਹਾਨੂੰ ਮੋੜ ਜਾਊਂ,' ਹੌਲੀ ਹੌਲੀ ਪੌੜੀਆਂ ਉਤਰਦਾ ਮਹਿੰਦਰ ਸਿੰਘ ਕਹਿ ਗਿਆ ਸੀ।

'ਸ਼ਰਾਬੀ ਬੰਦੇ ਦਾ ਕਾਹਦਾ ਇਕਰਾਰ,' ਸੋਚਦਿਆਂ ਮਾਸਟਰ ਨੂੰ ਆਪਣੇ ਵੀਹ ਡਾਲਰ ਖੁਸ ਜਾਣ ਦਾ ਅਫਸੋਸ ਹੋਇਆ, 'ਦੱਸ ਮੈਂ ਬੜਾ ਸੁਹਣਾ ਉਹਨੂੰ ਟਰਕਾਅ ਦਿੱਤਾ ਸੀ ਕਿ ਘਰ ਕੋਈ ਪੈਸਾ ਨਹੀਂ ਐਸ ਵੇਲੇ, ਪਰ ਇਸ ਮੁੰਡੇ ਦੀ ਅਕਲ 'ਤੇ ਪਤਾ ਨੀ ਕੀ ਪਰਦਾ ਪੈ ਗਿਆ, ਭਲਾ ਗੰਗਾ ਗਏ ਹੱਡ ਵੀ ਕਦੇ ਮੁੜੇ ਆ,' ਮਾਸਟਰ ਨੇ ਆਪਣੇ ਖੱਬੇ ਹੱਥ ਦਾ ਮੁੱਕਾ ਸੱਜੇ ਹੱਥ ਉੱਪਰ ਮਾਰਿਆ, ਦੱਸ ਹੁਣ ਬੰਦਾ ਕਿਹਤੋਂ ਆਪਣੇ ਪੈਸੇ ਵਸੂਲੇ, ਸਾਡੀ ਕਿਤੇ ਕੋਈ ਹਰਾਮ ਦੀ ਕਮਾਈ ਆ, ਜੇ ਕਿਤੇ ਚੱਜ ਦੇ ਥੈਂਹ ਪੈਸੇ ਖਰਚ ਹੋਏ ਹੁੰਦੇ ਤਾਂ ਇਹੋ ਸਮਝ ਲੈਂਦੇ ਕਿ ਹਫ਼ਤੇ ਦੀ ਕਮਾਈ ਦਾ ਦਸਵੰਧ ਨਿਕਲ ਗਿਆ, ਪਰ ਏਹਨੇ ਤਾਂ ਜਾਂਦੇ ਨੇ ਬੋਤਲ ਖਰੀਦ ਕੇ ਸੜ੍ਹਾਕ ਲਈ ਹੋਣੀ ਆ, ਪਤਾ ਨੀ ਉਹਦੇ ਨਾਲ ਈ ਮਰਿਆ ਹੋਣਾ... ਬਖ਼ਸ਼ ਲਈ ਸੱਚੇ ਪਾਤਸ਼ਾਹ! ਮਨ ਵਿਚ ਸੋਚਦੇ ਮਾਸਟਰ ਨੇ ਅੰਗੀਠੀ ਉੱਪਰ ਪਈਆਂ ਪਹਿਲੇ ਅਤੇ ਦਸਵੇਂ ਗੁਰੂਆਂ ਦੀਆਂ ਫੋਟੋਆਂ ਨੂੰ ਵਾਰੀ-ਵਾਰੀ ਨਮਸਕਾਰ ਕੀਤੀ।

ਸਟੋਵ ਉਪਰ ਉਬਲਦੇ ਚਾਹ ਦੇ ਪਾਣੀ ਵਿਚ ਪਾਉਣ ਲਈ ਫਰਿਜ ਵਿਚੋਂ ਦੁੱਧ ਦੀ ਗੈਲਣ ਕੱਢਦਿਆਂ ਉਸ ਦੀ ਨਜ਼ਰ ਫਰਿਜ ਦੇ ਦਰਵਾਜ਼ੇ ਉੱਪਰ ਚਿਪਕਾਈ ਅੰਮ੍ਰਿਤਪਾਲ ਦੀ ਫੁੱਟਬਾਲ ਦੀ ਟੀਮ ਵਿਚ ਖੜ੍ਹੇ ਦੀ ਫੋਟੋ ਉੱਪਰ ਪਈ ਅਤੇ ਦੋ ਕੁ ਸਾਲ ਪਹਿਲਾਂ ਦੀ ਘਟਨਾ ਉਸ ਦੇ ਮਨ ਵਿਚ ਤਾਜ਼ਾ ਹੋ ਗਈ। ਐਤਵਾਰ ਦਾ ਦਿਨ ਤੇ ਲੌਢੇ ਕੁ ਵੇਲੇ ਦਾ ਵਕਤ ਸੀ ਤੇ ਮਾਸਟਰ ਗੁਰਦੁਆਰੇ ਤੋਂ ਵਾਪਸ ਆ ਕੇ ਸੋਫੇ ਉੱਪਰ ਸੁਸਤਾ ਰਿਹਾ ਸੀ ਜਦੋਂ ਉਨ੍ਹਾਂ ਦਾ ਦਰਵਾਜ਼ਾ ਖੜਕਿਆ ਸੀ। ਅੱਖਾਂ ਮਲਦਿਆਂ ਤੇ ਪਗੜੀ ਠੀਕ ਕਰਦਿਆਂ ਜਦੋਂ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਮਹਿੰਦਰ ਸਿੰਘ



ਹੱਥ ਵਿਚ ਫੁੱਟਬਾਲ ਖੇਡਣ ਵਾਲੇ ਬੂਟ ਫੜੀ ਖਲੋਤਾ ਸੀ।

'ਆਹ ਰੱਖ ਲਉ ਕਾਕੇ ਲਈ...ਕੱਲ੍ਹ ਹੈਥੇ ਪਾਰਕ ਵਿਚ ਮੈਂ ਉਹਨੂੰ ਮੁੰਡਿਆਂ ਨਾਲ ਖੇਲਦੇ ਦੇਖਿਆ, ਗਿੱਲੇ ਘਾਹ ਉੱਪਰ ਉਹ ਕਈ ਵਾਰੀ ਤਿਲਕ ਕੇ ਡਿੱਗਿਆ। ਇਹਨਾਂ ਬੂਟਾਂ ਨਾਲ ਵਧੀਆ ਖੇਲ ਹੋ ਜਾਂਦਾ...ਮੈਂ ਆਪਣੇ ਲਈ ਲਏ ਸੀ ਪਰ ਜਦ ਦੀ ਕੁੜੀ ਯਾਵੀ ਆਹ ਸੱਟ ਲੱਗੀ ਆ ਇਹ ਮੇਰੇ ਕਿਸੇ ਕੰਮ ਦੇ ਨਹੀ,' ਕਹਿ ਕੇ ਮਹਿੰਦਰ ਸਿੰਘ, ਮਾਸਟਰ ਦਾ ਜੁਆਬ ਸੁਣੇ ਬਗੈਰ ਹੀ ਮੁੜ ਗਿਆ ਸੀ ਜਿਵੇਂ ਕਿ ਉਹਨੂੰ ਪਤਾ ਹੋਵੇ ਕਿ ਖਾਣ-ਪੀਣ ਲਈ ਤਾਂ ਮਾਸਟਰ ਨੇ ਉਸ ਨੂੰ ਸੁਲਾਹ ਮਾਰਨੀ ਨਹੀਂ। ਜ਼ਰਾ ਕੋਡਾ ਜਿਹਾ ਹੋ ਕੇ ਤੁਰੇ ਜਾਂਦੇ ਮਹਿੰਦਰ ਸਿੰਘ ਦੀ ਪਿੱਠ ਵੱਲ ਦੇਖਦਾ ਮਾਸਟਰ ਮਨ ਵਿਚ ਸੋਚ ਰਿਹਾ ਸੀ ਕਿ ਜਦ ਗੁਰੂਆਂ ਦੀ ਬੇਅਦਬੀ ਕਰਨੀ ਆ ਤਾਂ ਪਿੱਠਾਂ ਈ ਭੱਜਣੀਆਂ, ਹੋਰ ਕੀ ਹੋਣਾ?

ਮਾਸਟਰ ਦੇ ਮਨ ਵਿਚ ਉਸ ਦਿਨ ਦਾ ਗ਼ਿਲਾ ਬਾਕੀ ਸੀ ਜਿਸ ਦਿਨ ਅਵਤਾਰ ਕੌਰ ਨੇ ਮਾਸਟਰ ਦੇ ਪਰਿਵਾਰ ਨੂੰ ਆਪਣੇ ਘਰ ਖਾਣੇ 'ਤੇ ਸੱਦਿਆ ਸੀ। ਉਦੋਂ ਅਜੇ ਮਾਸਟਰ ਹੁਰੀਂ ਆਪਣੇ ਧੀ-ਜੁਆਈ ਤੋਂ ਅਲੱਗ ਹੋ ਕੇ ਨਵੇਂ ਨਵੇਂ ਹੀ ਇਸ ਘਰ ਵਿਚ ਕਿਰਾਏ ਉੱਪਰ ਰਹਿਣ ਲੱਗੇ ਸਨ। ਮਹਿੰਦਰ ਸਿੰਘ ਦੇ ਘਰ ਵੜਦਿਆਂ ਹੀ ਸ਼ਰਾਬ ਤੇ ਸਿਗਰਟ ਦੀ ਰਲੀ-ਮਿਲੀ ਗੰਧ ਮਾਸਟਰ ਦੇ ਨੱਕ ਨੂੰ ਚੜ੍ਹ ਗਈ ਸੀ। ਸਾਹਮਣੇ ਸੋਫ਼ੇ ਉੱਪਰ ਬੈਠਾ ਮਹਿੰਦਰ ਸਿੰਘ ਦੋ ਕੁ ਪੈੱਗਾਂ ਨਾਲ ਕਾਇਮ ਜਿਹਾ ਹੋ ਕੇ ਵੱਡੀਆਂ ਬੋਤਲਾਂ ਕੌਫ਼ੀ ਟੇਬਲ ਉੱਪਰ ਟਿਕਾਈ ਉਸ ਨੂੰ ਉਡੀਕ ਰਿਹਾ ਸੀ। ਮਾਸਟਰ ਕਸੂਤਾ ਫਸ ਗਿਆ ਸੀ। ਇਕ ਤਾਂ ਮਹਿੰਦਰ ਸਿੰਘ ਨੇ ਕਿਸੇ ਕੋਲ ਉਸ ਲਈ ਕੰਮ ਦੀ ਸਿਫਾਰਿਸ਼ ਕੀਤੀ ਸੀ ਤੇ ਦੂਸਰੇ ਅਵਵਾਰ ਕੌਰ ਨੇ ਮਾਸਟਰ ਦੀ ਘਰਵਾਲੀ ਨੂੰ ਆਪਣੇ ਨਾਲ ਕੈਨਰੀ ਵਿਚ ਕੰਮ ਉਤੇ ਲੁਆਇਆ ਸੀ। ਇਸ ਤੋਂ ਇਲਾਵਾ ਮਾਸਟਰ ਦਾ ਜੁਆਈ, ਜਿਸ ਨੇ ਇਨ੍ਹਾਂ ਨੂੰ ਇੱਧਰ ਮੰਗਵਾਇਆ ਸੀ, ਬਹੁਤ ਸਾਲ ਪਹਿਲਾਂ ਮਹਿੰਦਰ ਸਿੰਘ ਦੇ ਘਰ ਫ਼ਰੀ-ਖਾਤੇ ਦਾ ਲੱਗਰ ਵੀ ਛਕਦਾ ਰਿਹਾ ਸੀ।

'ਕੇਹੜੀ ਪੀਓਂਗੇ?' ਮਹਿੰਦਰ ਸਿੰਘ ਨੇ ਖਾਲੀ ਗਿਲਾਸ ਮੇਜ਼ ਉੱਪਰੋਂ ਚੁੱਕਦਿਆਂ ਮਾਸਟਰ ਨੂੰ ਪੁੱਛਿਆ ਸੀ।

'ਏਹ ਤਾਂ ਬਿਲਕੁਲ ਨੀ ਪੀਂਦੇ,' ਮਾਸਟਰ ਦੀ ਬਜਾਇ ਜੁਗਿੰਦਰ ਕੌਰ ਨੇ ਜੁਆਬ ਦਿੱਤਾ ਸੀ।

'ਤਾਂ ਫੇਰ ਬੀਅਰ ਦਾ ਬੱਤਾ ਲੈ ਲਉ,' ਮਹਿੰਦਰ ਸਿੰਘ ਮਹਿਮਾਨ-ਨਿਵਾਜ਼ੀ ਵਿਚ ਕੋਈ ਕਸਰ ਨਹੀਂ ਛੱਡਣੀ ਚਾਹੁੰਦਾ ਸੀ।

'ਨਹੀਂ ਜੀ ਮੈਨੂੰ ਤਾਂ ਮਾਫੀ ਦਿਉ,' ਮਾਸਟਰ ਨੇ ਮੁਸ਼ਕਿਲ ਨਾਲ ਕਿਹਾ ਤੇ ਅਣਮੰਨੇ ਜਿਹੇ ਮਨ ਨਾਲ ਪਰਲੇ ਸੋਫੇ ਉੱਪਰ ਬੈਠ ਗਿਆ ਸੀ।

'ਜੇ ਤੁਸੀਂ ਨੀ ਪੀਣੀ ਤਾਂ ਅਸੀਂ ਵੀ ਨਹੀਂ ਪੀਣੀ,' ਆਪਣਾ ਪੈੱਗ ਮੁਕਾਉਂਦਾ ਮਹਿੰਦਰ ਸਿੰਘ ਬੋਤਲਾਂ ਕਿਚਨ ਵਿਚ ਰੱਖ ਕੇ ਮਾਸਟਰ ਲਈ ਜੂਸ ਦਾ ਗਿਲਾਸ ਲੈ ਆਇਆ ਸੀ। ਘਰ ਵਾਲੀਆਂ ਪਕੌੜੇ ਤਲਣ ਤੇ ਬੱਚੇ ਟੀ.ਵੀ. ਦੇਖਣ ਵਿਚ ਰੁੱਝ ਗਏ

ਸਨ। ਪਕੌੜਿਆਂ ਦੀ ਪਲੇਟ ਕਿਚਨ ਵਿਚੋਂ ਲੈਣ ਗਿਆ ਮਹਿੰਦਰ ਸਿੰਘ ਅੱਖ ਬਚਾ ਕੇ ਇਕ ਹੋਰ ਮੋਟਾ ਜਿਹਾ ਹਾੜਾ ਲਾ ਆਇਆ ਸੀ।

'ਹੋਰ ਮਾਸਟਰ ਜੀ ਦੇਸ ਦਾ ਕੀ ਹਾਲ-ਚਾਲ ਆ?' ਪਕੌੜਾ ਮੂੰਹ ਵਿਚ ਪਾਉਂਦਾ ਮਹਿੰਦਰ ਸਿੰਘ ਬੋਲਿਆ।

'ਬੱਸ ਜੀ ਮਹਾਰਾਜ ਦੀ ਕਿਰਪਾ', ਮਾਸਟਰ ਨੇ ਸੰਖੇਪ ਜਿਹਾ ਜੁਆਬ ਦਿੱਤਾ।

'ਹੁਣ ਤਾਂ ਸੁਣਿਆ ਉਥੇ ਅੰਗਰੇਜ਼ੀ ਦਾਰੂ ਵੀ ਬੜੀ ਮਿਲਦੀ ਆ?' ਮਹਿੰਦਰ ਸਿੰਘ ਨੇ ਦੇਸ਼ ਬਾਰੇ ਆਪਣਾ ਨਵਾਂ ਗਿਆਨ ਮਾਸਟਰ ਨਾਲ ਸਾਂਝਾ ਕੀਤਾ।

'ਅਸੀਂ ਤਾਂ ਜੀ ਏਹਦੇ ਕਦੇ ਲਾਗੇ ਨੀ ਗਏ, ਫੇਰ ਜਿਸ ਪਿੰਡ ਨੀ ਜਾਣਾ ਉਹਦਾ ਰਾਹ ਕਾਹਨੂੰ ਪੁੱਛਣਾ?' ਮਾਸਟਰ ਨੇ ਪਿੱਛਾ ਛੁਡਾਉਣਾ ਚਾਹਿਆ।

ਕੁਝ ਦੇਰ ਬਾਅਦ ਇਧਰ-ਉਧਰ ਦੀਆਂ ਗੱਲਾ ਕਰਦਿਆਂ ਮਹਿੰਦਰ ਸਿਘ ਦਾ ਨਸ਼ਾ ਖਿੜਨ ਲੱਗਾ ਤਾਂ ਉਸ ਨੇ ਸੋਫ਼ੇ ਉੱਪਰ ਬੈਠੇ ਨੇ ਸਿਗਰਟ ਸੁਲਘਾ ਲਈ ਮਾਸਟਰ ਲਈ ਹਾਲਾਤ ਹੱਦੋਂ ਬਾਹਰੇ ਹੋ ਗਏ। ਉਸ ਨੂੰ ਹੋਰ ਕੁਝ ਨਾ ਅਹੁੜਿਆ ਤਾਂ ਅੰਗੀਠੀ ਉੱਪਰ ਪਈ ਗੁਰੂ ਸਾਹਿਬ ਦੀ ਫੋਟੋ ਵੱਲ ਇਸ਼ਾਰਾ ਕਰਦਿਆਂ ਜ਼ਰਾ ਤਲਖ਼ੀ ਨਾਲ ਬੋਲਿਆ :

"ਗੁਰੂਆਂ ਦੀ ਬੇਅਦਬੀ ਕਰ ਕੇ ਐਨਾ ਪਾਪ ਤਾਂ ਨਾ ਕਰੋ ਕਿ ਉਹਨਾਂ ਨੂੰ ਸਿਗਰਟ ਦਾ ਧੂੰਆਂ...?

'ਔਹ ਸੌਰੀ....ਸੌਰੀ ਸੋਰੀ' ਕਹਿ ਕੇ ਮਹਿੰਦਰ ਨੇ ਝੱਟ ਦੇਣੀ ਸਿਗਰਟ ਬੁਝਾ ਦਿੱਤੀ।

ਰੋਟੀ ਖਾਂਦਿਆਂ ਮਹਿੰਦਰ ਨੇ ਆਪਣਾ ਪੱਖ ਪੇਸ਼ ਕਰਨ ਲਈ ਗੱਲ ਤੋਰ ਲਈ, 'ਉਦਾਂ ਮਾਸਟਰ ਜੀ, ਇਕ ਗੱਲ ਆ, ਅਸੀਂ ਟਰੱਕਾਂ ਵਿਚ ਸਾਰਾ ਦਿੱਲੀ ਦੱਖਣ ਗਾਹ ਸਿੱਟਿਆ, ਸਟੇਅਰਿੰਗ ਦੇ ਐਨ ਉੱਪਰ ਬਾਬਿਆਂ ਦੀ ਫੋਟੋ ਹੁੰਦੀ ਸੀ ਤੇ ਸਿਗਰਟ ਆਪਾਂ ਕਦੀ ਬੁਝਣ ਨਹੀਂ ਸੀ ਦਿੱਤੀ, ਆਪਾਂ ਨੂੰ ਤਾਂ ਕੋਈ ਪਾਪ-ਪੂਪ ਲੱਗਾ ਨੀ ਕਿਤੇ। ਭਾਮੇਂ ਸੂਈ ਦੇ ਨੱਕੇ ਜਿੰਨੀ ਜਗਹ ਹੋਵੇ, ਆਪਾਂ ਗੱਡੀ ਐਂ ਕੱਢ ਦੇਈਦੀ ਸੀ ਜਿੱਦਾਂ ਕਮਾਦ 'ਚੋਂ ਸੈਹਾਂ ਨਿਕਲਦਾ, ਮਜਾਲ ਕੀ ਗੱਡੀ ਐਨੀ ਵੀ ਕਿਤੇ ਲੱਗੀ ਹੋਵੇ, ਬਾਬੇ ਦੀ ਫੁੱਲ ਕਿਰ...'

'ਹੁਣ ਤੁਸੀਂ ਬੱਸ ਵੀ ਕਰੋ,' ਮੌਕੇ ਦੀ ਨਜ਼ਾਕਤ ਨੂੰ ਸਮਝਦਿਆ ਅਵਤਾਰ ਕੌਰ ਨੇ ਗੱਲ ਠੱਪ ਕਰ ਦਿੱਤੀ ਸੀ। ਇਸ ਘਟਨਾ ਤੋਂ ਬਾਅਦ ਮਾਸਟਰ ਨੇ ਘੱਟ-ਵੱਧ ਹੀ ਮਹਿੰਦਰ ਸਿੰਘ ਨਾਲ ਗੱਲਬਾਤ ਕੀਤੀ ਸੀ, ਕਦੇ ਕਿਤੇ ਮਿਲਣਾ ਤਾਂ ਇਕ ਹੱਦ ਤਕ ਬੱਸ ਰਸਮੀਂ ਗੱਲਾਂ ਕਰਕੇ ਹੀ ਅਗਾਂਹ ਵਧ ਜਾਣਾ। ਕੁਝ ਮਹੀਨਿਆਂ ਬਾਅਦ ਮਿੱਲ ਵਿਚ ਕੋਈ ਕੰਮ ਕਰਦਿਆਂ ਮਹਿੰਦਰ ਸਿੰਘ ਦੀ ਪਿੱਠ ਵਿਚ ਗੁੱਝੀ ਸੱਟ ਲੱਗ ਗਈ। ਹਠ ਕਰ ਕੇ ਉਹ ਕੁਝ ਦਿਨ ਤਾ ਉਵੇਂ ਕੰਮ ਕਰਦਾ ਰਿਹਾ ਪਰ ਸੱਟ ਵਿਗੜਦੀ ਹੀ ਚਲੀ ਗਈ। ਪਿੱਠ ਉੱਪਰ ਇਕ ਵੱਡਾ ਅਪ੍ਰੇਸ਼ਨ ਵੀ ਹੋਇਆ। ਮਾਸਟਰ ਤੇ ਜੁਗਿੰਦਰ ਕੌਰ ਹਸਪਤਾਲ ਉਸ ਦੀ ਖ਼ਬਰ ਲੈਣ ਗਹੇ ਸਨ। ਪਰੰਤੂ ਅਪ੍ਰੇਸ਼ਨ ਤੋਂ ਬਾਅਦ ਦਰਦ



ਨੂੰ ਕੋਈ ਖ਼ਾਸ ਫ਼ਰਕ ਨਹੀਂ ਸੀ ਗਿਆ। ਡਾਕਟਰ ਉਸ ਨੂੰ ਦਰਦ-ਮਾਰੂ ਗੋਲੀਆਂ ਦਿੰਦੇ ਸਨ। ਇਨ੍ਹਾਂ ਗੋਲੀਆਂ ਦਾ ਨਸ਼ਾ ਵੀ ਅਫ਼ੀਮ ਦੇ ਨਸ਼ੇ ਨਾਲ ਰਲਦਾ-ਮਿਲਦਾ ਸੀ ਤੇ ਹੌਲੀ-ਹੌਲੀ ਅਫ਼ੀਮ ਵਾਂਗੂ ਇਨ੍ਹਾਂ ਗੋਲੀਆਂ ਦਾ ਅਸਰ ਵੀ ਘਟਦਾ ਚਲਾ ਗਿਆ। ਸਖ਼ਤ ਤੋਂ ਸਖ਼ਤ ਗੋਲੀਆਂ ਵੀ ਉਸ ਨੂੰ ਸਾਰੀ ਤਕਲੀਫ਼ ਤੋਂ ਨਿਜਾਤ ਨਾ ਦਿਵਾ ਸਕਦੀਆਂ, ਜਾਂ ਫਿਰ ਉਸ ਦੀ ਪਰਾਣੀ ਅਫ਼ੀਮ ਵਾਲੀ ਚੇਟਕ ਹਰੀ ਹੋ ਗਈ ਸੀ। ਡਾਕਟਰ ਉਸ ਨੂੰ ਗਿਣ ਮਿਥ ਕੇ ਇਕ ਹਫ਼ਤੇ ਦੇ ਹਿਸਾਬ ਨਾਲ ਗੋਲੀਆਂ ਲਿਖ ਕੇ ਦਿੰਦੇ ਸਨ ਪਰ ਉਹ ਸੱਤਾਂ ਦਿਨਾਂ ਦਾ ਕੋਟਾ ਤਿੰਨਾਂ ਦਿਨਾ ਵਿਚ ਹੀ ਮੁਕਾਉਣ ਲੱਗ ਗਿਆ ਸੀ। ਸਿੱਟੇ ਵਜੋਂ ਗੋਲੀਆਂ ਦੇ ਨਾਲ-ਨਾਲ ਉਸ ਨੇ ਸ਼ਰਾਬ ਦਾ ਪ੍ਰਯੋਗ ਕਰਨਾ ਵੀ ਵਧਾ ਲਿਆ ਸੀ। ਜਿਉਂ ਹੀ ਸ਼ਰਾਬ ਦਾ ਨਸ਼ਾ ਉਤਰਦਾ ਤਿਉਂ ਹੀ ਉਸ ਨੂੰ ਪਿੱਠ ਦਾ ਦਰਦ, ਦਰਦ ਤੇ ਲਾਚਾਰ ਵੱਸ ਮੰਜੇ ਉੱਪਰ ਪੈਣ ਦੀ ਮਾਯੂਸੀ ਆ ਘੇਰਦੇ। ਉਹ ਮੁੜ ਬੋਤਲ ਦਾ ਢੱਕਣ ਖੋਹਲ ਲੈਂਦਾ।

ਮਿੱਲ ਵਾਲਿਆਂ ਨੇ ਉਸ ਨੂੰ ਮੁੜ ਕੰਮ ਦੇ ਕਾਬਲ ਨਾ ਹੁੰਦਾ ਦੇਖ ਕੇ ਨੌਕਰੀ ਤੋਂ ਹਟਾ ਦਿੱਤਾ ਅਤੇ ਉਸ ਨੂੰ ਮਿਲਦਾ ਭੱਤਾ ਵੀ ਬੰਦ ਹੋ ਗਿਆ। ਮੋਟੀ ਫ਼ੀਸ ਦੇ ਕੇ ਵਕੀਲ ਕੀਤਾ ਗਿਆ ਪਰ ਕੇਸ ਲਟਕ ਗਿਆ। ਬੜਾ ਔਖਾ ਵਕਤ ਸੀ ਟੱਬਰ ਉੱਪਰ। ਅਵਤਾਰ ਕੌਰ ਲਗਭਗ ਸੱਤੇ ਦਿਨ ਤੇ ਬਾਰਾਂ ਬਾਰਾਂ ਘੰਟੇ ਕੰਮ ਕਰ ਕੇ ਘਰ ਦਾ ਗੁਜ਼ਾਰਾ ਤੋਰਦੀ। ਮਹਿੰਦਰ ਸਿੰਘ ਜ਼ਿਆਦਾਤਰ ਸੋਫੇ ਉੱਪਰ ਟੇਢਾ ਹੋਇਆ ਸਿਗਰਟ ਲਾਈ ਟੀ.ਵੀ. ਦੇਖਦਾ ਰਹਿੰਦਾ ਜਾਂ ਵੱਧ ਤੋਂ ਵੱਧ ਥੋੜ੍ਹਾ ਕੋਡਾ ਹੋ ਕੇ ਤੁਰਦਾ ਤੁਰਦਾ ਪਾਰਕ ਤਕ ਚਲਾ ਜਾਂਦਾ। ਉੱਥੇ ਉਸ ਦੇ ਪੁਰਾਣੇ ਬੇਲੀਆਂ ਦੀ ਢਾਣੀ ਜੁੜੀ ਹੋਈ ਹੁੰਦੀ, ਪਰ ਹੁਣ ਉਸ ਨੂੰ ਗੱਲਾਂ ਕਰਨ ਤੇ ਸੁਣਨ ਦਾ ਅੱਗੇ ਵਾਲਾ ਸੁਆਦ ਨਹੀਂ ਸੀ ਆਉਂਦਾ ਤੇ ਉਹ ਜਲਦੀ ਹੀ ਘਰ ਪਰਤ ਆਉਂਦਾ।

ਉਨ੍ਹਾਂ ਹੀ ਦਿਨਾਂ ਵਿਚ ਕਾਮਰੇਡ ਮੇਲਾ ਸਿੰਘ ਦੀ ਸ਼ਾਮ ਜਿਹੇ ਨੂੰ ਸ਼ਹਿਰੋਂ ਸਾਈਕਲ ਉੱਪਰ ਪਿੰਡ ਨੂੰ ਆਉਂਦੇ ਦੀ ਟਰੱਕ ਨਾਲ ਟੱਕਰ ਹੋ ਗਈ। ਇਕ-ਅੱਧਾ ਦਿਨ ਹਸਪਤਾਲ ਰਹਿ ਕੇ ਉਹ ਚੱਲ ਵਸਿਆ ਸੀ। ਮਹਿੰਦਰ ਸਿੰਘ ਲਈ ਇਹ ਵੀ ਬੜਾ ਭਾਰਾ ਸਦਮਾ ਸੀ। ਇਕ ਤਾਂ ਉਹ ਪਿਛਲੇ ਕਿਤਨੇ ਹੀ ਸਾਲਾਂ ਤੋਂ ਆਪਣੇ ਬਾਪ ਨੂੰ ਮਿਲਣ ਲਈ ਨਹੀਂ ਸੀ ਜਾ ਸਕਿਆ; ਦੂਸਰੇ, ਉਨ੍ਹਾਂ ਵੱਲੋਂ ਮੇਲਾ ਸਿੰਘ ਤੇ ਰਾਮ ਕੌਰ ਨੂੰ ਕੈਨੇਡਾ ਮੰਗਵਾਉਣ ਲਈ ਦਿੱਤੀ ਅਰਜ਼ੀ ਮਨਜ਼ੂਰ ਹੋਣ ਵਾਲੀ ਹੀ ਸੀ ਤੇ ਤੀਸਰੇ, ਆਪਣੀ ਸਰੀਰਕ ਬੇਵਸੀ ਕਰਕੇ ਉਹ ਆਪਣੇ ਬਾਪ ਦੇ ਅੰਤਮ ਸੰਸਕਾਰ ਉੱਪਰ ਨਹੀਂ ਸੀ ਪਹੁੰਚ ਸਕਿਆ। ਬਾਪ ਦੇ ਗੁਜ਼ਰਨ ਦੀ ਖ਼ਬਰ ਸੁਣਨ ਤੋਂ ਬਾਅਦ ਉਹ ਕਿਤਨੇ ਹੀ ਦਿਨ ਲਗਾਤਾਰ ਸ਼ਰਾਬ ਪੀਂਦਾ ਰਿਹਾ ਸੀ ਤੇ ਅਖ਼ੀਰ ਉਸ ਨੂੰ ਐਮਬੂਲੈਂਸ ਸੱਦ ਕੇ ਘਰੋਂ ਹਸਪਤਾਲ ਲਿਜਾਣਾ ਪਿਆ ਸੀ।

ਅਵਤਾਰ ਕੌਰ ਦੇ ਲਗਾਤਾਰ ਓਵਰਟਾਈਮ ਕਰਨ ਅਤੇ ਮਹਿੰਦਰ ਸਿੰਘ ਦੀ ਅਜਿਹੀ ਹਾਲਤ ਹੋਣ ਕਰਕੇ ਦੋਨੋਂ ਬੱਚੇ ਮਾਂ-ਬਾਪ ਦਾ ਲੋੜੀਂਦਾ ਧਿਆਨ ਮਿਲਣੋਂ ਰਹਿ ਗਏ ਸਨ। ਮੁੰਡਾ ਜੋ ਪਿੰਡ ਤੋਂ ਹੀ ਪੁੱਠੀਆਂ ਆਦਤਾਂ ਸਿੱਖ ਕੇ ਆਹਿਆ ਸੀ

ਇਥੇ ਆ ਕ ਛੇਤੀ ਗਲਤ ਬੱਚਿਆਂ ਦੀ ਸੰਗਤ ਵਿਚ ਪੈ ਗਿਆ ਸੀ। ਜਿਸ ਦਿਨ ਪਹਿਲੀ ਵਾਰ ਉਸ ਨੇ ਆਪਣੇ ਸਹਿਪਾਠੀ ਦੀਆਂ ਪੈੱਨ, ਪੈਂਸਲਾਂ ਚੋਰੀ ਕਰਨ 'ਤੇ ਟੀਚਰ ਦਾ ਘਰ ਫੋਨ ਆਇਆ ਸੀ ਤਾਂ ਮਹਿੰਦਰ ਸਿੰਘ ਨੇ ਜ਼ਰਾ ਨਸ਼ੇ ਦੇ ਅਸਰ ਥੱਲੇ ਉਸ ਨੂੰ ਜ਼ਰੂਰਤ ਨਾਲੋਂ ਵੱਧ ਦਬਕ ਦਿੱਤਾ ਸੀ ਤੇ ਉਸ ਉੱਪਰ ਇਸ ਝਾੜ-ਝੰਬ ਦਾ ਉਲਟਾ ਅਸਰ ਹੋਇਆ ਸੀ ਤੇ ਸਿੱਟੇ ਵਜੋਂ ਉਹ ਵਿਗੜਦਾ ਹੀ ਚਲਾ ਗਿਆ ਸੀ। ਇਹ ਵਿਗੜਨਾ ਕਾਫ਼ੀ ਦੇਰ ਤਕ ਅਣਗੌਲਿਆ ਹੀ ਰਿਹਾ ਸੀ।

ਨਹਾ-ਧੋ ਕੇ ਪਾਠ ਕਰ ਹਟਣ ਤੋਂ ਬਾਅਦ ਮਾਸਟਰ ਅਜੇ ਆਪਣੇ ਜੁਆਈ ਨਾਲ ਅਫ਼ਸੋਸ ਕਰਨ ਜਾਣ ਦਾ ਪ੍ਰੋਗਰਾਮ ਬਣਾਉਣ ਬਾਰੇ ਹੀ ਸੋਚ ਰਿਹਾ ਸੀ ਕਿ ਫੋਨ ਦੀ ਘੰਟੀ ਵੱਜ ਪਈ। ਕੰਮ ਤੋਂ ਕੁਝ ਘੰਟਿਆਂ ਲਈ ਓਵਰਟਾਈਮ ਵਾਸਤੇ ਬੁਲਾਵਾ ਆਇਆ ਸੀ। ਪਹਿਲਾਂ ਤਾਂ ਉਸ ਦਾ ਦਿਲ ਕੀਤਾ ਕਿ ਕਹਿ ਦੇਵੇ ਕਿ ਕਿਸੇ ਵਾਕਫ਼ ਦੀ ਮੌਤ ਹੋ ਗਈ ਹੈ ਤੇ ਉਹ ਬਿਜ਼ੀ ਹੈ ਪਰ ਫਿਰ ਕੁਝ ਸੋਚ ਕੇ ਉਸ ਨੇ ਹਾਂ ਕਰ ਦਿੱਤੀ।

ਅਫਸੋਸ ਤਾਂ ਫੇਰ ਵੀ ਹੁੰਦਾ ਰਹੂਗਾ, ਮਿਲਦਾ ਕੰਮ ਕਾਹਦੇ ਲਈ ਛੱਡਣਾ। ਮਹਿੰਦਰ ਸਿੰਘ ਨੇ ਤਾਂ ਹੁਣ ਮੁੜਨਾ ਨਹੀਂ ਤੇ ਨਾ ਹੀ ਉਸ ਨੂੰ ਦਿੱਤੇ ਹੋਏ ਵੀਹ ਡਾਲਰ ਮੁੜਨੇ ਆ, ਸੋ ਓਵਰਟਾਈਮ ਕਾਹਨੂੰ ਗੁਆਵਾਂ, ਗੁਰਦੁਆਰੇ ਵੱਲ ਜਾਣ ਲਈ ਕਾਰ ਵਿਚ ਬੈਠਦਾ ਮਾਸਟਰ ਸੋਚ ਰਿਹਾ ਸੀ, 'ਲੈ ਦੱਸ ਜੇ ਭਲਾ ਉਦਣ ਬਟੂਏ ਵਿਚ ਦਸ ਡਾਲਰ ਹੁੰਦੇ ਤਾਂ ਆਹ ਵੀਹਾਂ ਦਾ ਨੁਕਸਾਨ ਤਾਂ ਨਾ ਹੁੰਦਾ, ਮਹਿੰਦਰ ਸਿੰਘ ਤਾਂ ਦਸ ਡਾਲਰ ਹੀ ਮੰਗਣ ਆਇਆ ਸੀ। ਅਖੇ ਅਚਾਨਕ ਕੋਈ ਭਾਈਬੰਦ ਆ ਗਿਐ। ਘਰ ਵਿਚ ਰਾਸ਼ਨ ਮੁੱਕਾ ਹੋਇਆ ਹੈ- ਪੈਨਸ਼ਨ ਦੀ ਚੈੱਕ ਅਜੇ ਕਲ੍ਹ ਨੂੰ ਔਣੀ ਹੈ-ਗੁਆਂਢੀ ਗੋਰਾ ਮਿਸਟਰ ਵਿਲਸਨ ਵੀ ਘਰ ਨਹੀਂ ਸੀ ਟੱਕਰਿਆ, ਨਹੀਂ ਤਾਂ ਅੱਗੇ ਵੇਲੇ-ਕੁਵੇਲੇ ਉਸ ਕੋਲੋਂ ਪੰਜ-ਦਸ ਫੜ ਲੈਂਦਾ ਸੀ। ਮਹਿੰਦਰ ਸਿੰਘ ਦੀਆਂ ਗੱਲਾਂ ਮਾਸਟਰ ਦੇ ਦਿਮਾਗ ਵਿਚ ਘੁੰਮ ਰਹੀਆਂ ਸਨ, ਰਾਸ਼ਨ ਕੀ ਮੁੱਕਿਆ ਹੋਣਾ, ਦਾਰੂ ਖਰੀਦਦੀ ਹੋਣੀ ਆ-ਜਿੱਦਾਂ ਦਾ ਇਹ ਆਪ ਉਦਾਂ ਦੇ ਏਹਦੇ ਸ਼ਰਾਬੀ ਭਾਈਬੰਦ-ਤਦੇ ਤਾਂ ਮੈਂ ਆਪਣਾ ਖਾਲੀ ਬਟੂਆ ਦਿਖਾਲ ਕੇ ਤੋਰਨਾ ਚਾਹੁੰਦਾ ਸੀ... ਪਰ ਦੇਖੋ ਮੁੰਡੇ ਸਾਡੇ ਦੀ ਅਕਲ ਵੀ, ਅੰਦਰੋਂ ਫੋਟੋ ਹੇਠੋਂ ਵੀਹ ਡਾਲਰ ਦਾ ਨੋਟ ਚੁੱਕ ਲਿਆਇਆ... ਭਲਾ ਦੱਸ ਜੇ ਉਹ ਕਦੇ ਤੇਰੇ ਲਈ ਆਪਣੇ ਫੁੱਟਬਾਲ ਵਾਲੇ ਬੂਟ ਲੈ ਈ ਆਇਆ ਤਾਂ ਕਿਤੇ ਕਿੱਡਾ ਕੁ ਦਰਵੇਸ਼ ਬਣ ਗਿਆ...ਵਰਤੇ ਹੋਏ ਬੂਟ ਪੰਜਾ ਜਾਂ ਸੱਤਾਂ ਦੇ ਹੋਣਗੇ-ਗਿਆਰਾਂ ਤੋਂ ਘੱਟ ਦੇ ਤਾਂ ਉਦੋਂ ਨਵੇਂ ਸੇਲ ਉੱਪਰ ਲੱਗੇ ਮਿਲ ਜਾਂਦੇ ਸੀ... ਚਲੋ ਹੋਊ, ਉਦਾਂ ਬੰਦਾ ਏਡਾ ਮਾੜਾ ਤਾਂ ਨਹੀਂ ਸੀ, ਗੁਰਦੁਆਰੇ ਕੀਰਤਨ ਸੁਣਦਾ ਮਾਸਟਰ ਸੋਚ ਰਿਹਾ ਸੀ।

ਲੱਗਰ ਛਕਦਿਆਂ ਵਕਤ ਦੋਂਹ ਕੁ ਬੰਦਿਆਂ ਤੋਂ ਭਿਣਕ ਪਈ ਕਿ ਮਹਿੰਦਰ ਸਿੰਘ ਦੇ ਅਫ਼ਸੋਸ ਲਈ ਉਸ ਘਰ ਦਰੀ ਵਿਛਣੀ ਹੈ ਜਿਸ ਘਰ ਵਿਚ ਉਹ ਰਹਿੰਦਾ ਸੀ ਨਾ ਕਿ ਜਿਸ ਘਰ ਵਿਚ ਅਵਤਾਰ ਕੌਰ ਰਹਿੰਦੀ ਸੀ।

ਕਾਮਰੇਡ ਮੇਲਾ ਸਿੰਘ ਦੇ ਗੁਜ਼ਰਨ ਤੋਂ ਜਲਦੀ ਬਾਅਦ ਰਾਮ ਕੌਰ ਦੇ ਕਾਗਜ਼



ਬਣ ਕੇ ਆ ਗਏ ਸਨ। ਪੁਰਾਣਾ ਸਿਆਸੀ ਕੈਦੀ ਹੋਣ ਕਾਰਨ ਮੇਲਾ ਸਿੰਘ ਦੇ ਕਾਗਜ਼ ਕਲੀਅਰ ਕਰਨ ਵਿਚ ਠਾਣੇ ਵਾਲਿਆਂ ਨੇ ਕਈ ਅੜਿੱਚਣਾ ਡਾਹ ਰੱਖੀਆਂ ਸਨ ਜੋ ਉਸ ਦੇ ਮਰ ਜਾਣ ਨਾਲ ਆਪਣੇ ਆਪ ਹਟ ਗਈਆਂ ਸਨ। ਨੂੰਹ ਪੁੱਤ ਤੇ ਪੋਤੀ ਪੋਤੇ ਨੂੰ ਮਿਲਣ ਦੀ ਖੁਸ਼ੀ ਵਿਚ ਰਾਮ ਕੌਰ ਕੁਝ ਚਿਰ ਲਈ ਕਾਮਰੇਡ ਦਾ ਵਿਛੋੜਾ ਭੁੱਲ ਗਈ ਸੀ, ਪਰ ਇਧਰ ਆ ਕੇ ਮਹਿੰਦਰ ਸਿੰਘ ਦੀ ਖੁਰ ਰਹੀ ਸਿਹਤ ਦੇਖ ਕੇ ਉਸ ਨੂੰ ਬਹੁਤ ਝਟਕਾ ਲੱਗਾ ਸੀ। ਉੱਪਰੋਂ ਸੱਤਾਂ-ਅੱਠਾਂ ਸਾਲਾਂ ਬਾਅਦ ਮਿਲੇ ਬੱਚੇ ਵੀ ਉਸ ਨੂੰ ਉਹ ਨਿੱਘ ਨਾ ਦੇ ਸਕੇ ਜਿਸ ਦੀ ਆਸ ਲੈ ਕੇ ਉਹ ਪਿੰਡ ਛੱਡ ਆਈ ਸੀ। ਕੁੜੀ ਰਾਣੀ ਤਾਂ ਅਜੇ ਕੁਝ ਠੀਕ ਪਰ ਮੁੰਡਾ ਜਸਬੀਰ ਬੁੱਢੀ ਦੇ ਘਰ ਆ ਕੇ ਰਹਿਣ ਨਾਲ ਬੜਾ ਔਖਾ ਹੋ ਗਿਆ ਸੀ। ਖਾਸ ਕਰ ਜਦੋਂ ਕਦੇ ਰਾਮ ਕੌਰ ਉਸ ਦੀਆਂ ਘਰ ਵਿਚ ਖਿਲਰੀਆਂ ਚੀਜ਼ਾਂ ਉਸ ਦੇ ਕਮਰੇ ਵਿਚ ਰੱਖਣ ਆ ਵੜਦੀ ਤਾਂ ਉਸ ਨੂੰ ਆਪਦੀ ਪ੍ਰਾਈਵੇਸੀ ਭੰਗ ਹੁੰਦੀ ਜਾਪਦੀ। ਭਾਵੇਂ ਉਹ ਦਾਦੀ ਨੂੰ ਕਹਿੰਦਾ ਰਹਿੰਦਾ ਕਿ ਮੇਰੀਆਂ ਚੀਜ਼ਾਂ ਨਾ ਛੇੜਿਆ ਕਰੇ, ਮੈਂ ਆਪੇ ਚੱਕ ਲਊਂ, ਪਰ ਵਿਹਲੀ ਬੈਠੀ ਰਾਮ ਕੌਰ ਹੋਰ ਕਰਦੀ ਵੀ ਕੀ? ਅਵਤਾਰ ਕੌਰ ਤਾਂ ਦੋਂਹ ਥਾਂ 'ਤੇ ਕੰਮ ਕਰਦੀ ਸੀ, ਮਹਿੰਦਰ ਸਿੰਘ ਦੇ ਸੌਣ-ਜਾਗਣ ਦਾ ਕੋਈ ਵਕਤ ਹੀ ਨਹੀਂ ਸੀ। ਸੋ ਆਪਣੇ ਆਪ ਨੂੰ ਆਹਰੇ ਲਾਈ ਰੱਖਣ ਲਈ ਜਾਂ ਤਾਂ ਕੁੱਬੀ ਜਿਹੀ ਤੁਰਦੀ ਕਿਚਨ ਵਿਚ ਭਾਂਡੇ ਧੋ ਦਿੰਦੀ ਤੇ ਜਾਂ ਸੋਫੇ ਉੱਪਰ ਪਏ ਮਹਿੰਦਰ ਸਿੰਘ ਦੀ ਪਿੱਠ ਉੱਪਰ ਪੋਲੀ ਪੋਲੀ ਮਾਲਿਸ਼ ਕਰ ਛੱਡਦੀ।

ਸ਼ਾਇਦ ਇਹ ਮਾਂ ਦੀਆਂ ਮਾਲਿਸ਼ਾਂ ਦਾ ਹੀ ਅਸਰ ਸੀ ਜਾਂ ਲਗਾਤਾਰ ਚਲ ਰਹੇ ਡਾਕਟਰੀ ਇਲਾਜ ਦਾ ਕਿ ਮਹਿੰਦਰ ਸਿੰਘ ਦੀ ਪਿੱਠ ਦਾ ਦਰਦ ਕੁਝ ਘਟਣ ਲੱਗ ਗਿਆ ਸੀ। ਇਹ ਵੀ ਸੰਭਵ ਸੀ ਕਿ ਢਾਈ-ਤਿੰਨਾਂ ਵਰ੍ਹਿਆਂ ਦੀ ਝੱਲੀ ਤਕਲੀਫ਼ ਤੋਂ ਬਾਅਦ ਉਸ ਦਾ ਸਰੀਰ ਵੈਸੇ ਹੀ ਸਹਿੰਦੜ ਹੋ ਗਿਆ ਹੋਵੇ। ਮਹਿੰਦਰ ਸਿੰਘ ਮੁੜ ਥੋੜ੍ਹਾ-ਬਹੁਤ ਕਾਰ ਚਲਾਉਣ ਜੋਗਾ ਹੋ ਗਿਆ ਸੀ... ਇਕ ਰਾਤ ਮਹਿੰਦਰ ਸਿੰਘ ਤੇ ਅਵਤਾਰ ਕੌਰ ਕਿਸੇ ਨਜ਼ਦੀਕੀ ਰਿਸ਼ਤੇਦਾਰੀ ਵਿਚ ਵਿਆਹ ਦੀ ਪਰਟੀ ਉੱਪਰ ਬਹੁਤ ਲੇਟ ਹੋ ਗਏ ਸਨ। ਰਾਮ ਕੌਰ ਘਰ ਇਕੱਲੀ ਨਿਆਣਿਆਂ ਕੋਲ ਸੀ। ਰਾਣੀ ਤਾਂ ਟੀ.ਵੀ. ਦੇਖਦੀ ਊਂਘ ਰਹੀ ਸੀ ਪਰ ਜੈੱਸੀ ਅਜੇ ਬਾਹਰੋਂ ਨਹੀਂ ਸੀ ਪਰਤਿਆ ਤੇ ਕਾਫ਼ੀ ਰਾਤ ਗਏ ਜਦੋਂ ਉਹ ਪਿਛਲੇ ਦਰਵਾਜ਼ੇ ਰਾਹੀਂ ਦਾਖਲ ਹੋ ਕੇ ਚੁੱਪ-ਚਾਪ ਆਪਣੇ ਕਮਰੇ ਵਿਚ ਦਾਖਲ ਹੋਣ ਲੱਗਾ ਤਾਂ ਰਾਮ ਕੌਰ ਉਸ ਨੂੰ ਪਿਆਰ ਨਾਲ ਪੁੱਛ ਬੈਠੀ ਕਿ ਕਿਥੋਂ ਆਇਆ ਏਂ। ਉਸ ਦੇ ਪੁੱਛਣ ਦੀ ਦੇਰ ਸੀ ਕਿ ਉਹ ਅੱਗ-ਬਬੂਲਾ ਹੋ ਉਠਿਆ। ਜੋ ਨਾ ਸੋ ਬੋਲ-ਕਬੋਲ ਉਸ ਨੇ ਦਾਦੀ ਨੂੰ ਸੁਣਾ ਛੱਡੇ ਸਨ, ਕੀ ਅੰਗਰੇਜ਼ੀ ਵਿਚ ਤੇ ਕੀ ਪੰਜਾਬੀ ਵਿਚ। ਦਾਦੀ ਤਾਂ ਰੋਣਹਾਕੀ ਹੋਈ ਆਪਣੇ ਕਮਰੇ ਵਿਚ ਜਾ ਪਈ ਪਰ ਪਾਰਟੀ ਤੋਂ ਸ਼ਰਾਬੀ ਹੋ ਕੇ ਮੁੜੇ ਡੈਡੀ ਨੂੰ ਸਹਿਮੀ ਹੋਈ ਰਾਣੀ ਤੋਂ ਭੋਲੇਪਨ ਵਿਚ ਸਭ ਕੁਝ ਦੱਸ ਹੋ ਗਿਆ ਸੀ, ਤੇ ਮਹਿੰਦਰ ਸਿੰਘ ਨੇ ਗੁੱਸੇ ਵਿਚ ਆਵ ਦੇਖਿਆ ਨਾ ਤਾਵ ਜੈੱਸੀ ਦੇ ਕਮਰੇ ਵਿਚ ਦਾਖਲ ਹੋ ਕੇ ਉਸ ਦੀ ਹੀ ਹਾਕੀ ਨਾਲ ਉਸ ਦੇ

ਪਾਸੇ ਭੰਨ ਦਿੱਤੇ ਸਨ। ਮੁੰਡਾ ਦੁਹਾਈ ਪਾਉਂਦਾ ਘਰੋਂ ਨਿਕਲ ਕੇ ਸੜਕ ਉੱਪਰ ਆ ਗਿਆ ਸੀ। ਕਿਸੇ ਗੁਆਂਢੀ ਨੇ ਪੁਲਿਸ ਨੂੰ ਫੋਨ ਕਰ ਦਿੱਤਾ ਸੀ ਤੇ ਉਹ ਹੱਥ ਵਿਚ ਹਾਕੀ ਫੜੀ ਨਸ਼ੇ ਵਿਚ ਗਾਲ੍ਹਾਂ ਕੱਢਦੇ ਮਹਿੰਦਰ ਸਿੰਘ ਨੂੰ ਹਵਾਲਾਤ ਲੈ ਗਏ ਸਨ। ਮਹਿੰਦਰ ਸਿੰਘ ਨੂੰ ਰੋਕਦੀ ਰੋਕਦੀ ਅਵਤਾਰ ਕੌਰ ਦੇ ਵੀ ਬੁੱਲ੍ਹ ਉੱਪਰ ਹੁੱਝ ਜਿਹੀ ਵੱਜ ਗਈ ਸੀ 'ਤੇ ਖ਼ੂਨ ਨਿਕਲ ਆਇਆ ਸੀ।

ਪੁਲਿਸ ਨੇ ਮਹਿੰਦਰ ਸਿੰਘ ਉੱਪਰ ਹਥਿਆਰ ਨਾਲ ਵਾਰ ਕਰਨ ਦਾ ਕੇਸ ਬਣਾਇਆ ਸੀ। ਜਸਬੀਰ ਨੇ ਪੁਲਿਸ ਨੂੰ ਬਿਆਨ ਦਿੱਤੇ ਸਨ ਕਿ ਉਸ ਦਾ ਬਾਪ ਅੱਤ ਦਾ ਸ਼ਰਾਬੀ ਸੀ ਤੇ ਅਕਸਰ ਉਸ ਨੂੰ ਮਾਰਦਾ ਰਹਿੰਦਾ ਸ਼ੀ, ਮਹਿੰਦਰ ਸਿੰਘ ਦੇ ਜ਼ਿਆਦਾ ਸ਼ਰਾਬ ਪੀਣ ਦੀ ਪੁਸ਼ਟੀ ਰਾਣੀ ਨੇ ਕਰ ਦਿੱਤੀ ਸੀ। ਕਿਉਂਕਿ ਬੱਚੇ ਅਜੇ ਬਾਲਿਗ ਨਹੀਂ ਸਨ ਹੋਏ, ਇਸ ਲਈ ਅਦਾਲਤ ਨੇ ਮਹਿੰਦਰ ਸਿੰਘ ਉੱਪਰ ਛੇ ਮਹੀਨੇ ਤਕ ਘਰ ਤੋਂ ਬਾਹਰ ਰਹਿਣ ਦੀ ਪ੍ਰੋਬੇਸ਼ਨ ਲਗਾ ਦਿੱਤੀ ਸੀ। ਅਵਤਾਰ ਕੌਰ ਨੇ ਬਥੇਰੀ ਕੋਸ਼ਿਸ਼ ਕੀਤੀ ਸੀ ਕਿ ਮਾਮਲਾ ਠੱਪ ਹੋ ਜਾਵੇ। ਆਪਣੀ ਸੱਟ ਬਾਰੇ ਵੀ ਕਿਹਾ ਸੀ ਕਿ ਉਹ ਪੌੜੀਆਂ ਵਿਚ ਡਿੱਗ ਪਈ ਸੀ ਉਤੇ ਹੋਰ ਬਿਆਨ ਵੀ ਆਪਣੇ ਪਤੀ ਦੇ ਹੱਕ ਵਿਚ ਹੀ ਦਿੱਤੇ ਸਨ ਤੇ ਸ਼ਾਇਦ ਇਸੇ ਕਰਕੇ ਮਹਿੰਦਰ ਸਿੰਘ ਨੂੰ ਜੇਲ ਹੋਣੋਂ ਬਚ ਗਿਆ ਸੀ।

'ਮਾਸਟਰ ਜੀ ਤੁਸੀਂ ਸਿਆਣੇ ਆਂ, ਤੁਸੀਂ ਕੁਝ ਸਮਝਾਵੋ ਇਸ ਮੁੰਡੇ ਨੂੰ, ਰਾਮ ਕੌਰ ਮਾਸਟਰ ਕੋਲ ਆ ਕੇ ਬੜਾ ਰੋਈ ਸੀ। ਉਸ ਦੇ ਵਾਸਤੇ ਇਹ ਬਹੁਤ ਵੱਡੀ ਨਮੋਸ਼ੀ ਵਾਲੀ ਗੱਲ ਸੀ ਕਿ ਉਸ ਦਾ ਪੁੱਤਰ ਆਪਣੇ ਹੀ ਘਰ ਵੜਨੋਂ ਡੱਕ ਦਿੱਤਾ ਜਾਵੇ ਪੁੱਤ ਮੇਰੇ ਨੇ ਤਾਂ ਸਾਰੀ ਉਮਰ ਕਦੇ ਕਿਸੇ ਪਸ਼ੂ ਦੇ ਵੀ ਮਾਰ ਕੇ ਨੀ ਦੇਖਿਆ, ਦੱਸ ਮੇਰੀ ਕਰਮਾਂ ਸੜੀ ਦੀ ਖਾਤਰ ਐਮੀ ਮੁੰਡੇ ਨੂੰ... ਉਸ ਨੇ ਜਿਵੇਂ ਆਪਣੇ ਆਪ ਨੂੰ ਹੀ ਸਭ ਕਾਸੇ ਦੀ ਦੋਸ਼ੀ ਸਮਝਦਿਆਂ ਕਿਹਾ।

'ਮਾਂ ਜੀ ਇਹ ਕੈਨੇਡਾ ਆ, ਇਥੇ ਤਾਂ ਕਾਨੂੰਨ ਨਾਲ ਈ ਕੰਮ ਹੁੰਦੇ ਆ ਸਾਰੇ,' ਮਾਸਟਰ ਨੇ ਜਿਵੇਂ ਆਪਣੀ ਮਜਬੂਰੀ ਪ੍ਰਗਟਾਈ।

'ਕਿੱਦਾਂ ਦੇ ਚੰਦਰੇ ਕਾਨੂੰਨ ਆ ਏਸ ਮੁਲਖ ਦੇ... ਤੁਸੀਂ ਦੱਸੋ ਤਾਂ ਭਲਾ ਮਾਸਟਰ ਜੀ ਕੇਹੜਾ ਮਾਪਾ ਨੀ ਧੀ ਪੁੱਤ ਨੂੰ ਦਬਕਦਾ', ਰਾਮ ਕੌਰ ਬੋਲੀ ਸੀ।

'ਦਬਕਦਾ ਤਾਂ ਹੋਇਆ ਪਰ ਹਾਕੀ ਨਾਲ ਕੁੱਟਣਾ, ਉਹ ਵੀ ਪੀ ਕੇ...ਚਲੋ ਕੋਈ ਨੀ ਮਾਤਾ ਜੀ ਉੱਪਰ ਵਾਲਾ ਜੋ ਕਰਦਾ ਸਾਡੇ ਭਲੇ ਲਈ ਕਰਦਾ...ਛੇ ਮਹੀਨੇ ਤਾਂ ਝੱਟ ਲੰਘ ਜਾਣੇ ਆ,' ਅੰਦਰੋਂ ਤਾਂ ਮਾਸਟਰ ਵੈਸੇ ਹੀ ਮਹਿੰਦਰ ਸਿੰਘ ਦੇ ਮਾਮਲੇ ਤੋਂ ਦੂਰ ਰਹਿਣਾ ਚਾਹੁੰਦਾ ਸੀ ਪਰ ਮਾਈ ਲਈ ਤਾਂ ਛੇ ਦਿਨ ਕੱਟਣੇ ਵੀ ਮੁਸ਼ਕਲ ਸਨ। ਛੇ ਮਹੀਨੇ ਤਾਂ ਉਸ ਨੂੰ ਛਿਆਂ ਯੁੱਗਾਂ ਵਾਂਗ ਜਾਪਦੇ ਸਨ।

ਤੇ ਮਾਸਟਰ ਨੂੰ ਯਾਦ ਸੀ ਕਿ ਉਨ੍ਹਾਂ ਹੀ ਛਿਆਂ ਮਹੀਨਿਆਂ ਵਿਚ ਕਿਤਨਾ ਕੁਝ ਵਾਪਰ ਗਿਆ ਸੀ। ਉਸ ਦੇ ਜੁਆਈ ਨੇ ਜ਼ਰਾ ਨੱਠ-ਭੱਜ ਕਰ ਕੇ ਮਹਿੰਦਰ ਸਿੰਘ ਨੂੰ ਘਰਾਂ ਵਿਚ ਸਫਾਈ ਕਰਨ ਵਾਲੀਆਂ ਮਸ਼ੀਨਾਂ ਵੇਚਣ ਦੇ ਆਰਡਰ ਲੈਣ



ਦਾ ਕੰਮ ਲਭਾ ਦਿੱਤਾ ਸੀ ਤੇ ਮਾਸਟਰ ਨੂੰ ਇਸ ਗੱਲ ਨਾਲ ਜ਼ਰਾ ਤਸੱਲੀ ਹੋ ਗਈ ਸੀ ਕਿ ਮੈਨੂੰ ਦਵਾਏ ਕੰਮ ਦਾ ਹਿਸਾਬ ਤਾਂ ਬਰਾਬਰ ਹੋਇਆ।

ਮਹਿੰਦਰ ਸਿੰਘ ਦਿਨ ਦੇ ਵੇਲੇ ਕਾਰ ਵਿਚ ਇਧਰ-ਉਧਰ ਆਰਡਰ ਪ੍ਰਾਪਤ ਕਰਨ ਜਾਂਦਾ ਤੇ ਰਾਤ ਨੂੰ ਜਗਜੀਤ ਸਿੰਘ ਹੁਰਾਂ ਦੇ ਘਰ ਸੌਂ ਰਹਿੰਦਾ। ਪਹਿਲਾਂ ਪਹਿਲ ਤਾਂ ਦੋਸਤਾਂ ਰਿਸ਼ਤੇਦਾਰਾਂ ਤੋਂ ਜ਼ਰਾ ਆਸਾਨੀ ਨਾਲ ਆਰਡਰ ਮਿਲ ਗਏ ਪਰ ਜਿਉਂ ਜਿਉਂ ਉਨ੍ਹਾਂ ਦੀ ਲਿਸਟ ਖਤਮ ਹੁੰਦੀ ਗਈ ਆਰਡਰ ਲੈਣੇ ਮੁਸ਼ਕਿਲ ਹੁੰਦੇ ਗਏ। ਕਦੇ ਕਦਾਈਂ ਉਹ ਘਰੋ ਘਰੀ ਸੇਲਾਂ ਦੇ ਇਸ਼ਤਿਹਾਰ ਵੰਡਣ ਦਾ ਵੀ ਕੰਮ ਕਰ ਲੈਂਦਾ। ਉਸ ਨੂੰ ਇਸ ਤਰ੍ਹਾਂ ਮੀਲਾਂ ਭਰ ਰੋਜ਼ ਪੈਦਲ ਤੁਰਦਾ ਸੁਣ ਜਗਜੀਤ ਸਿੰਘ ਦੇ ਘਰ ਮਿਲਣ ਆਈ ਰਾਮ ਕੌਰ ਅਕਸਰ ਹਸਰਤ ਨਾਲ ਕਹਿ ਉਠਦੀ, 'ਮਿੰਦ੍ਰਾ।! ਹੋਰ ਤਾਂ ਸਾਰੀ ਦੁਨੀਆਂ ਜਹਾਨ ਦੀਆਂ ਸਿਫ਼ਤਾਂ ਤੇਰੇ 'ਚ, ਜੇ ਕਿਤੇ ਆਹ ਖਸਮਾਂ ਨੂੰ ਖਾਣੀ ਸ਼ਰਾਬ ਛੱਡ ਦੇਮੇਂ ਤਾਂ ਮੈ ਸਿੱਧੀ...

'ਐਂਡ ਗੋਲੀਆਂ...' ਵਿਚੋਂ ਰਣਜੀਤ ਕਹਿ ਉਠਦੀ।

'ਚੁੱਪ ਕਰ ਨੀ, ਤੈਨੂੰ ਜਾਦੇ ਪਤਾ?' ਅਵਤਾਰ ਕੌਰ ਉਸ ਨੂੰ ਟੋਕਦੀ।

'ਉਹ ਬੇਬੇ ਤੂੰ ਹੁਣ ਰਾਮ ਨਾਲ ਵ੍ਹਾਗੁਰ ਕਰਿਆ ਕਰ,' ਮਹਿੰਦਰ ਸਿੰਘ ਉਸ ਦੀ ਗੱਲ ਟਾਲ ਜਾਂਦਾ। ਉਨ੍ਹਾਂ ਹੀ ਦਿਨਾਂ ਵਿਚ ਉਸ ਦੇ ਕੰਮ ਉੱਪਰ ਲੱਗੀ ਸੱਟ ਬਾਰੇ ਚਲਦੇ ਕੇਸ ਦਾ ਫ਼ੈਸਲਾ ਹੋ ਗਿਆ। ਮਹਿੰਦਰ ਸਿੰਘ ਨੂੰ ਪੱਕੀ ਮਾਸਕ ਪੈਨਸ਼ਨ ਅਤੇ ਪਿਛਲੇ ਕੁਝ ਸਾਲਾਂ ਦਾ ਬਕਾਇਆ ਇਕੱਠਾ ਮਿਲ ਗਿਆ। ਜਗਜੀਤ ਸਿੰਘ ਨੇ ਸਿਆਣਪ ਵਰਤਦਿਆਂ ਉਨ੍ਹਾਂ ਪੈਸਿਆਂ ਨਾਲ ਮਹਿੰਦਰ ਸਿੰਘ ਨੂੰ ਅਵਤਾਰ ਕੌਰ ਤੇ ਬੱਚਿਆਂ ਲਈ ਅਲੱਗ ਘਰ ਲੈ ਕੇ ਦੇਣ ਲਈ ਮਨਾ ਲਿਆ। ਕੁਝ ਪੈਸੇ ਅਵਤਾਰ ਕੌਰ ਨੇ ਵੀ ਔਖੀ ਸੌਖੀ ਹੋ ਕੇ ਜੋੜੇ ਹੋਏ ਸਨ। ਸੌਦੇ ਦੀ ਸ਼ਰਤ ਮੁਤਾਬਕ ਘਰ ਦੀ ਚਾਬੀ ਦੋ ਕੁ ਮਹੀਨੇ ਤਕ ਮਿਲ ਜਾਣੀ ਸੀ। ਪਰ ਇਸ ਸਭ ਕਾਸੇ ਨਾਲ ਮਾਈ ਰਾਮ ਕੌਰ ਨੂੰ ਜਿਵੇਂ ਕੋਈ ਵੀ ਖਾਸ ਖੁਸ਼ੀ ਨਾ ਹੋਈ ਹੋਵੇ। ਸਭ ਕੁਸ਼ ਕੋਲ ਹੁੰਦੇ-ਸੁੰਦੇ ਮੇਰਾ ਪੁੱਤ ਲੋਕਾਂ ਦੇ ਘਰੀਂ ਸੌਵੇਂ' ਇਸ ਗੱਲ ਦੀ ਉਸ ਨੂੰ ਬਹੁਤ ਮਾਯੂਸੀ ਸੀ ਤੇ ਉਪਰੋਂ ਜਸਬੀਰ ਦਾ ਮਹਿੰਦਰ ਸਿੰਘ ਪ੍ਰਤੀ ਰਵੱਈਆ ਦੇਖ ਕੇ ਉਸ ਨੂੰ ਹੋਰ ਵੀ ਡੋਬੂ ਪੈਂਦੇ ਤੇ ਅਖੀਰ ਮਹਿੰਦਰ ਸਿੰਘ ਦੀ ਪ੍ਰੋਬੇਸ਼ਨ ਦਾ ਵਕਤ ਪੂਰਾ ਹੋਣ ਤੋਂ ਪਹਿਲਾਂ ਹੀ ਇਕ ਦਿਨ ਦਿਮਾਗ ਦੀ ਨਾੜੀ ਫਟ ਜਾਣ ਕਰਕੇ ਰਾਮ ਕੌਰ ਸਦਾ ਦੀ ਨੀਂਦਰ ਸੌਂ ਗਈ।

ਤੇ ਮਾਸਟਰ ਨੂੰ ਯਾਦ ਸੀ ਕਿ ਰਾਮ ਕੌਰ ਦੇ ਭੋਗ ਤੋਂ ਬਾਅਦ ਕਈ ਦਿਨ ਤਕ ਮਹਿੰਦਰ ਸਿੰਘ ਸ਼ਰਾਬ ਪੀ ਕੇ ਮਾਂ ਨੂੰ ਯਾਦ ਕਰਦਾ ਉੱਚੀ ਉੱਚੀ ਰੋਂਦਾ ਰਿਹਾ ਸੀ। ਅਖੀਰ ਅਵਤਾਰ ਕੌਰ ਨੇ ਰਿਸ਼ਤੇਦਾਰਾਂ ਨਲ ਸਲਾਹ ਕਰਕੇ ਉਸ ਨੂੰ ਦਿਮਾਗੀ ਬੀਮਾਰੀਆਂ ਵਾਲੇ ਹਸਪਤਾਲ ਚੈੱਕ ਕਰਵਾਉਣ ਲਈ ਭੇਜਿਆ ਸੀ। ਉਨ੍ਹਾਂ ਨੇ ਸਲਾਹ ਦਿੱਤੀ ਕਿ ਇਸ ਨੂੰ ਆਪਣੇ ਘਰ ਬਿਲਕੁਲ ਇਸ ਦੀ ਮਰਜ਼ੀ ਮੁਤਾਬਕ ਹੀ ਰਹਿਣ ਦਿੱਤਾ ਜਾਵੇ ਤੇ ਬੀਤੀਆਂ ਗੱਲਾਂ ਨੂੰ ਇਸ ਦੇ ਸਾਹਮਣੇ ਮੁੜ ਨਾ ਦੁਹਰਾਇਆ ਜਾਵੇ ਤੇ ਸਾਰਿਆਂ ਦੀ ਸਲਾਹ ਨਾਲ ਅਵਵਾਰ ਕੌਰ ਆਪਣੀ ਧੀ ਰਾਣੀ ਤੇ ਪੁੱਤ

ਜਸਬੀਰ ਨੂੰ ਨਾਂਲ ਲੈ ਕੇ ਦੂਸਰੇ ਘਰ ਰਹਿਣ ਲੱਗ ਪਈ ਸੀ।

ਤੇ ਅੱਜ ਮਹਿੰਦਰ ਸਿੰਘ ਦੇ ਅਫ਼ਸੋਸ ਲਈ ਸਭ ਪੁਰਾਣੇ ਘਰ ਹੀ ਆ ਕੇ ਜੁੜੇ ਸਨ। ਬੈੱਡਰੂਮ ਅੰਦਰੋਂ ਅਵਤਾਰ ਕੌਰ ਦੇ ਉਚੀ ਉਚੀ ਰੋਣ ਦੀ ਆਵਾਜ਼ ਆ ਰਹੀ ਸੀ ਤੇ ਜੁਗਿੰਦਰ ਕੌਰ ਤੇ ਕੁਝ ਹੋਰ ਔਰਤਾਂ ਉਸ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ ਜਿਨ੍ਹਾਂ ਵਿਚ ਬੁਸਕਦੀ ਹੋਈ ਰਾਣੀ ਵੀ ਸੀ।

"ਬਈ ਬੰਦੇ ਨੇ ਕਦੇ ਵੀ ਕਿਸੇ ਦਾ ਬੁਰਾ ਨਹੀਂ ਸੀ ਤੱਕਿਆ," ਔਰਤਾਂ ਦੇ ਵੈਣਾਂ ਦੀ ਆਵਾਜ਼ ਜ਼ਰਾ ਥੰਮ ਜਾਣ ਤੋਂ ਬਾਅਦ ਬਾਹਰ ਲਿਵਿੰਗ ਰੂਮ ਵਿਚ ਬੈਠੇ ਆਦਮੀਆਂ ਵਿਚੋਂ ਇਕ ਜਣਾ ਬੋਲਿਆ।

"ਹੋਰ ਜੀ ਕਹਿੰਦੇ ਹੁੰਦੇ ਆ ਪਈ ਚੰਗੇ ਬੰਦੇ ਦੀ ਰੱਬ ਨੂੰ ਵੀ ਲੋੜ ਹੁੰਦੀ ਆ, ਉਹਨੂੰ ਛੇਤੀ ਸੱਦ ਲੈਂਦਾ ਉਹ...ਮਿੰਦ੍ਰ ਮੇਰਾ ਖਿਆਲ ਮਸੀਂ ਸਾਡੇ ਧੰਮੇ ਦਾ ਹਾਣੀ ਹੋਣਾ," ਦੂਸਰਾ ਜਣਾ ਬੋਲਿਆ।

"ਹਾਲੇ ਪੰਜਾਹਾਂ ਦਾ ਮਸੀਂ ਹੋਣਾ... ਜਦ ਦੀ ਮਾਈ ਰਾਮ ਕੌਰ ਗੁਜਰੀ ਆ ਉਹਤੋਂ ਬਾਅਦ ਇਹ ਖੁਰਦਾ ਈ ਚਲਾ ਗਿਆ," ਮਹਿੰਦਰ ਸਿੰਘ ਦਾ ਪੁਰਾਣਾ ਬੇਲੀ ਪਾਖਰ ਬੋਲਿਆ।

"ਦਾਰੂ ਤਾਂ ਜੀ ਹਾਥੀਆਂ ਨੂੰ ਵੀ ਢਾਅ ਲੈਂਦੀ ਆ," ਪਿਛਲੇ ਮਹੀਨੇ ਅੰਮ੍ਰਿਤ ਛਕ ਕੇ ਪੀਣੀ ਛੱਡਣ ਵਾਲਾ ਗੁਰਦੇਵ ਸਿੰਘ ਬੋਲਿਆ।

"ਜੋ ਪਰਮਾਤਮਾ ਦੀ ਮਰਜ਼ੀ...ਉਹਦੇ ਮੂਹਰੇ ਕਿਸੇ ਦਾ ਵੱਸ ਨੀ ਚਲਦਾ...ਬੰਦਾ ਜਿੰਨੇ ਮਰਜ਼ੀ ਹੱਥ-ਪੈਰ ਮਾਰ ਲਏ," ਮਾਸਟਰ ਵੀ ਮੌਕਾ ਤਾੜ ਕੇ ਬੋਲਿਆ।

"ਬਦਲਦੇ ਹਾਲਾਤ ਮੂਹਰੇ ਹੱਥ-ਪੈਰ ਮਾਰਨੇ ਛੱਡਣ ਕਰਕੇ ਤਾਂ ਆਹ ਕੁਸ਼ ਹੋਇਆ ਮਾਸਟਰ ਜੀ," ਕਾਮਰੇਡ ਦਾਲੂ ਬੋਲਿਆ, "ਜੇ ਬੰਦੇ ਨੂੰ ਹੱਥੀਂ ਕੰਮ ਕਰਕੇ ਖਾਣ ਦੀ ਬਜਾਇ ਘਰ ਬੈਠੇ ਨੂੰ ਰੋਟੀ ਮਿਲੀ ਜਾਵੇ ਤੇ ਗਾਹਾਂ ਨਿੱਤ ਬਦਲਦੇ ਹਾਲਾਤ ਵਿਚ ਨਿਆਣਿਆਂ ਨਾਲ ਹੱਸਣ-ਬੋਲਣ ਦੀ ਕੋਈ ਸਾਂਝ ਨਾ ਬਣੇ ਤਾਂ ਜ਼ਿੰਦਗੀ ਫਿੱਕੀ ਲੱਗਣ ਲੱਗ ਪੈਂਦੀ ਆ, ਤੇ ਫੇਰ ਜਦੋਂ ਬੋਰ ਹੋ ਕੇ ਬੰਦੇ ਅੰਦਰ ਉਬਾਲ ਜਿਹਾ ਉਠਦਾ ਤਾਂ ਉਹ ਮਨ ਪਰਚਾਉਣ ਲਈ ਨਸ਼ਿਆਂ ਦਾ ਸਹਾਰਾ ਲੱਭਦਾ ਫੇਰ।"

"ਆਹੋ ਜੀ ਉਦੋਂ ਬੜਾ ਸੁਹਣਾ ਦਾਰੂ ਛੱਡ ਕੇ ਮਸ਼ੀਨਾਂ ਜਿਹੀਆਂ ਬੇਚਣ ਦਾ ਕੰਮ ਲੱਗ ਪਿਆ ਸੀ ਕਰਨ," ਪਾਖਰ ਨੇ ਦਾਲੂ ਦੀ ਪ੍ਰੋੜਤਾ ਕੀਤੀ, "ਫੇਰ ਜਦ ਦੀ ਆਹ ਪਿਲਸਣ ਲੱਗੀ ਤਾਂ ਪੀ ਕੇ ਵੀ ਕਾਰ ਚਲੌਣ ਲੱਗ ਗਿਆ, ਅਸੀਂ ਬਥੇਰਾ ਰੋਕਿਆ, ਇਕ ਦਿਨ ਸਾਡੇ ਘਰੋਂ ਗਿਆ ਤਾਂ ਔਥੇ ਫੋਰਟੀ ਨੈਨ ਦੀਆਂ ਬੱਤੀਆਂ 'ਤੇ ਖੜ੍ਹੇ ਦੀ ਕਾਰ ਦੇ ਪਿੱਛੇ ਕਿਸੇ ਨੇ ਕਾਰ ਲਿਆ ਮਾਰੀ। ਨਾਲੇ ਇਹਦੀ ਕਾਰ ਫੁੱਟ ਗਈ ਤੇ ਨਾਲੇ ਢੂਹੀ ਮੁੜ ਕੇ ਦੁਖਣ ਲੱਗ ਪਈ।"

"ਬੱਸ ਉਦੋਂ ਈ ਪੁਲਿਸ ਨੇ ਇਹਦਾ ਲਸੰਸ ਵੀ ਖੋਹ ਲਿਆ, ਫੇਰ ਤਾਂ ਇਹ ਘਰੋਂ ਨਿਕਲਣੋਂ ਈ ਹਟ ਗਿਆ, ਉਦਾਂ ਜੇ ਅਵਤਾਰ ਕੌਰ ਐਥੇ ਈ ਰਹਿੰਦੀ ਤਾਂ ਸ਼ੈਤ ਮਿੰਦ੍ਰ ਦਾ ਆਹ ਹਾਲ ਨਾ ਹੁੰਦਾ," ਟਹਿਲਪੁਰੀਆ ਜਾਗਰ ਬੋਲਿਆ।



"ਬਈ ਜਾਗਰਾ, ਅਵਤਾਰ ਕੌਰ ਸਾਰਿਆਂ ਦੀ ਸਲਾਹ ਨਾਲ ਈ ਨਿਆਣੇ ਲੈ ਕੇ ਦੂਜੇ ਘਰ ਰਹਿਣ ਲੱਗੀ ਸੀ, ਨਹੀਂ ਤਾਂ ਨਿਆਣੇ ਘਰੋਂ ਨਿਕਲ ਜਾਣੇ ਸੀ.. ਨਾਲੇ ਉਹ ਰੋਜ਼ ਤਾਂ ਦੋ ਵੇਲੇ ਏਹਦੀ ਰੋਟੀ ਪੰਹੁਚਾਉਂਦੀ ਰਹੀ ਆ, ਇਦੇ ਕੱਪੜੇ, ਏਥੇ ਦੀ ਸਫਾਈ, ਸਾਰਾ ਕੁਝ ਉਹੀ ਕਰਨ ਔਂਦੀ ਸੀ, ਹੁਣ ਵੀ ਬਿਚਾਰੀ ਪਰਸੋਂ ਦੀ ਮੰਜੇ ਤੋਂ ਨੀ ਉਠ ਸਕੀ ਏਦੀ ਖਬਰ ਸੁਣ ਕੇ," ਦਾਲੂ ਨੇ ਠਰੰਮੇ ਨਾਲ ਕਿਹਾ।

"ਬਈ ਜਿੱਦਾਂ ਬੀ ਸੀ, ਮਿੰਦ੍ਰ ਘਰ ਆਏ ਦੀ ਸੇਵਾ ਪੂਰੀ ਕਰਦਾ ਸੀ," ਚਰਨਾ ਬੋਲਿਆ।

"ਬਈ ਉਹ ਤਾਂ ਇਹਦਾ ਬਾਪ ਮੇਲਾ ਸੂੰਅ ਵੀ ਇੱਦਾਂ ਈ ਸੀ, ਘਰ ਆਏ ਨੂੰ ਜੋ ਰੁੱਖਾ-ਮਿੱਸਾ ਹੋਣਾ ਹਾਜਰ ਕਰ ਦੇਣਾ," ਇਕ ਬਜ਼ੁਰਗ ਬੋਲਿਆ।

"ਤਾਇਆ, ਉਦਾਂ ਲੋਕਾਂ ਨੇ ਇਹਨੂੰ ਖਰਾਬ ਵੀ ਬੜਾ ਕੀਤਾ," ਪਾਖਰ ਬੋਲਿਆ, "ਹਾਅ ਇਹਨਾਂ ਦੇ ਪਿੰਡ ਵਾਲੇ ਸਰਨੇ ਦਾ ਭਤੀਜਾ ਉਦੋਂ ਰਫੂਜੀ ਜਿਹਾ ਬਣ ਕੇ ਛੇ ਮਹੀਨੇ ਏਹਦੇ ਕੋਲ ਡੇਰਾ ਲਾਈ ਬੈਠਾ ਰਿਹਾ। ਪਿੰਡ ਕਦੀ ਸਰਨੇ ਹੁਰਾਂ ਨੇ ਕਾਮਰੇਡ ਨੂੰ ਪਾਣੀ ਨੀ ਸੀ ਪੁੱਛਿਆ।"

"ਉਹ ਤਾਂ ਬਹੁਤ ਚਲਾਕ ਸੀ ਜੀ," ਚਰਨਾਂ ਹਰੀਪੁਰੀਆ ਦੱਸਣ ਲੱਗਾ, "ਐਥੋਂ ਮਾਰ ਕਦੀ ਇੰਡੀਆ, ਕਦੀ ਅਮਰੀਕਾ ਨੂੰ ਫੋਨ ਕਰੀ ਜਾਵੇ, ਐਡਾ ਬਿੱਲ ਇਦੇ ਦੇਣ ਲਈ ਕਰ ਗਿਆ। ਨਾਲੇ ਇਧਰ ਏਹਨੂੰ ਚੱਕੀ ਜਾਣਾ ਪਈ ਤੇਰੇ ਪੈਸਿਆਂ ਦੇ ਸਿਰ 'ਤੇ ਤੇਰਾ ਟੱਬਰ ਐਸ਼ ਕਰਦਾ, ਤੇਰੀ ਵਾਤ ਵੀ ਨੀ ਪੁੱਛਦੇ, ਤੇ ਉਧਰ ਰੋਟੀ ਦੇਣ ਲਈ ਅਵਤਾਰ ਕੌਰ ਨੂੰ ਸੁਣਾਈ ਜਾਣਾ ਤੁਸੀਂ ਏਹਦਾ ਧਿਆਨ ਨੀ ਰੱਖਦੇ। ਉਦੋਂ ਈ ਨਿਕਲਿਆ ਇਥੋਂ ਜਦੋਂ ਏਹਦਾ ਫੋਨ ਵੀ ਬਿੱਲ ਦੇਣ ਖੁਣੋਂ ਅਖ਼ੀਰ ਕੱਟ ਹੋ ਗਿਆ।

"ਪਿੱਛੇ ਜਹੇ ਤਾਂ ਦੋ ਕੁ ਹੋਰ ਵੀ ਗੋਲ ਜਿਹੀਆਂ ਪੱਗਾਂ ਵਾਲੇ ਆ ਕੇ ਇਥੇ ਰਹਿੰਦੇ ਰਹੇ ਆ... ਫੋਨ ਨਾ ਕੱਟ ਹੁੰਦਾ ਤਾਂ ਹੋਰ ਕੀ ਹੋਣਾ ਸੀ?" ਕੋਈ ਹੋਰ ਬੋਲਿਆ।

"ਮਹੀਨਾ ਕੁ ਹੋਇਆ ਤਾਂ ਇਕ ਦਿਨ ਰਾਤ ਨੂੰ ਪਤਾ ਨੀ ਤਾਂ ਪੀ ਕੇ ਲੜ ਪਏ ਇਕ ਦੁਜੇ ਨਾਲ ਜਾਂ ਪਤਾ ਨੀ ਕੀ... ਮਾਅਰ ਸਾਰੀ ਰਾਤ ਪੁਲਿਸ ਦੀਆਂ ਕਾਰਾਂ ਤੇ ਐਮਬੂਲੈਂਸਾਂ ਘੁੰਮਦੀਆਂ ਰਹੀਆਂ।" ਮਾਸਟਰ ਨੇ ਮੌਕਾ ਤਾੜ ਕੇ ਆਪਣੀ ਗੱਲ ਹੱਕੀ।

"ਉਹ ਮੇਰਾ ਖਿਆਲ ਓਦਣ ਉਹ ਢੇਸੀਆਂ ਵਾਲੇ ਮੋਹਣ ਦੇ ਛਾਤੀ 'ਚ ਦਰਦ ਜਿਹਾ ਹੋਇਆ ਸੀਬੈਠੇ ਬੈਠੇ ਦੇ।"ਦਾਲੂ ਨੇ ਸਫਾਈ ਦਿੰਦਿਆਂ ਕਿਹਾ, "ਮੈਂ ਵੀ ਇਥੇ ਈ ਸੀ ਓਦਣ, ਤਾਸ਼ ਖੇਲ੍ਹਦੇ ਸੀ ਸਾਰੇ ਸ਼ੁਗਲ ਜਹੇ ਨਾਲ।"

"ਹੋਰ ਤੁਸੀਂ ਕੋਈ ਨਾਮ ਥੋੜ੍ਹੇ ਜਪਣਾ ਸੀ ਜਾਂ ਸ਼ਰਾਬਾਂ ਡੱਫ ਲਈਆਂ ਜਾਂ ਜੂਏ ਖੇਲ ਲਏ, ਮਾਸਟਰ ਨੇ ਮਨ ਵਿਚ ਸੋਚਿਆ ਪਰ ਮੂੰਹੋਂ ਉਸ ਨੇ ਕਿਹਾ, ਪਤਾ ਨੀ ਤਾਂ ਉਹਦੀ ਆਈਓ ਏਹਨੂੰ ਲੈ ਗਈ।"

"ਆਹੋ ਜੀ ਮੇਰਾ ਖਿਆਲ ਏਹਦਾ ਵੀ ਹਾਲ੍ਹਟ ਫੇਲ ਹੋ ਗਿਆ।" ਗੁਰਦੇਵ ਸਿੰਘ ਬੋਲਿਆ, "ਐਮਬੂਲੈਂਸ ਵਾਲੇ ਕਹਿੰਦੇ ਪਈ ਘਰ ਦੀ ਚਾਬੀ ਜਿੰਦੇ ਵਿਚ ਲੌਣ

ਲਈ ਇਹਦੇ ਹੱਥ ਵਿਚ ਫੜੀ ਹੋਈ ਸੀ, " ਪਾਖਰ ਨੇ ਦੱਸਿਆ।

"ਬੌਅਤੀ ਪੀਣ ਨਾਲ ਕਈ ਵਾਰੀ ਦਿਮਾਗ ਦੀ ਨਾੜੀ ਵੀ ਫਟ ਜਾਂਦੀ ਆ", ਇਕ ਬੋਲਿਆ। "ਮੇਰੇ ਖਿਆਲ ਵਿਚ ਇਦੀ ਕਿਡਨੀ ਫੇਲ੍ਹ ਹੋਈ ਆ, ਪਿੱਠ ਵੀ ਤਾਂ ਹੀ ਦੁਖਦੀ ਰਹਿੰਦੀ ਸੀ ਏਹਦੀ," ਗੁਰਦੇਵ ਸਿੰਘ ਨੇ ਆਪਣੀ ਰਾਇ ਦਿੱਤੀ।

"ਨਾ ਕਿਡਨੀ ਫੇਲ੍ਹ ਹੋਣੀ ਸੀ ਕਿਤੇ ਚਾਰ ਮਹੀਨੇ ਦਾਰੂ ਪੀਣੀ ਛੱਡਣ ਤੋਂ ਬਾਅਦ? " ਜਗਜੀਤ ਸਿੰਘ ਨੇ ਉਸ ਨੂੰ ਰੋਕਿਆ, "ਮੇਰੇ ਨਾਲ ਕਦੇ ਝੂਠ ਨਹੀਂ ਸੀ ਬੋਲਿਆ ਉਸ ਨੇ, ਚਾਰ ਮਹੀਨੇ ਪਹਿਲਾਂ ਮੈਨੂੰ ਫੋਨ 'ਤੇ ਕਿਹਾ ਸੀ ਕਿ ਪੂਰੇ ਸਾਲ ਲਈ ਅੱਜ ਦੇ ਦਿਨ ਤੋਂ ਦਾਰੂ ਪੀਣੀ ਛੱਡ ਰਿਹਾਂ। ਅੱਜ ਦੇ ਦਿਨ ਬੇਬੇ ਪੂਰੀ ਹੋਈ ਸੀ। ਮੇਰੇ ਸ਼ਰਾਬ ਛੱਡਣ ਨਾਲ ਓਹਦੀ ਰੂਹ ਨੂੰ ਆਰਾਮ ਮਿਲੂਗਾ।"

ਇਸੇ ਤਰ੍ਹਾਂ ਗੱਲਾਂ ਕਰਦਿਆਂ ਤੇ ਅੰਦਾਜ਼ੇ ਲਾਉਂਦਿਆਂ ਨੂੰ ਛੱਡ ਕੇ ਮਾਸਟਰ ਉਠ ਆਇਆ ਸੀ, "ਹੂੰ ਦਾਰੂ ਛੱਡੀਓ ਸੀ ਏਹਨੇ, ਸ਼ਰਾਬੀ ਬੰਦੇ ਦਾ ਕਾਹਦਾ ਇਤਬਾਰ? " ਘਰ ਨੂੰ ਆਉਂਦਾ ਉਹ ਮਨ ਵਿਚ ਸੋਚ ਰਿਹਾ ਸੀ। ਇਕ ਵਾਰੀ ਤਾਂ ਅਫਸੋਸ 'ਤੇ ਬੈਠੇ ਦਾ ਮਨ ਕੀਤਾ ਕਿ ਪਰਸੋਂ ਉਸ ਨੂੰ ਉਧਾਰੇ ਦਿੱਤੇ ਵੀਹ ਡਾਲਰਾਂ ਦਾ ਜ਼ਿਕਰ ਛੇੜੇ, ਪਰ ਗੱਲ ਕਿਤੇ ਉਲਟੀ ਆਪਣੇ ਸਿਰ ਨਾ ਪੈ ਜਾਵੇ, ਇਹ ਸੋਚ ਕੇ ਉਸ ਨੇ ਜ਼ਿਕਰ ਕਰਨਾ ਉਚਿਤ ਨਹੀਂ ਸੀ ਸਮਝਿਆ।

ਸਾਧਾਰਨ ਪਾਠ ਦਾ ਤੇਰ੍ਹਵੇਂ ਦਿਨ ਭੋਗ ਪੈ ਗਿਆ। ਇਕ ਡਾਲਰ ਨਾਲ ਮੱਥਾ ਟੇਕਦੇ ਮਾਸਟਰ ਗੁਰਮੁਖ ਸਿੰਘ ਨੇ ਸੋਚਿਆ ਕਿ ਇਹੀ ਸਮਝਾਂਗੇ ਕਿ ਗੁਰੂ ਮਹਾਰਾਜ ਨੂੰ ਇਕੀ ਡਾਲਰ ਚਾੜ੍ਹ ਦਿੱਤੇ।

ਹੌਲੀ ਹੌਲੀ ਇਧਰ-ਉਧਰ ਜੁੜਦੀਆਂ ਢਾਣੀਆਂ ਦੀ ਗੱਲਬਾਤ ਵਿਚੋਂ ਮਹਿੰਦਰ ਸਿੰਘ ਦਾ ਜ਼ਿਕਰ ਘਟਦਾ ਗਿਆ ਤੇ ਭੋਗ ਤੋਂ ਡੇਢ ਕੁ ਮਹੀਨਾ ਬਾਅਦ ਇਕ ਦਿਨ ਅਵਤਾਰ ਕੌਰ ਦੇ ਫੋਨ ਨੇ ਮਾਸਟਰ ਨੂੰ ਸਵੱਖਤੇ ਜਗਾ ਦਿੱਤਾ। ਬੱਚੇ ਤੇ ਜੁਗਿੰਦਰ ਕੌਰ ਕੰਮੀ ਕਾਰੀਂ ਜਾ ਚੁੱਕੇ ਸਨ।

"ਭਾਅ ਜੀ... ਦੋ ਕੁ ਮਿੰਟ ਐਧਰ ਪੁਰਾਣੇ ਘਰ ਆਇਉ, ਤੁਹਾਡੀ ਹੈਲਪ ਚਾਹੀਦੀ ਜ਼ਰਾ।"

"ਹੁਣੇ ਆਉਨਾਂ," ਕਹਿ ਕੇ ਅੱਖਾਂ ਮਲਦੇ ਪੱਗ ਲਪੇਟਦਾ ਮਾਸਟਰ ਬਿਨਾਂ ਕੋਈ ਭਾਰਾ ਕੱਪੜਾ ਪਹਿਨਿਆਂ ਪੈਂਟ-ਕਮੀਜ਼ ਵਿਚ ਹੀ ਸਟਰੀਟ ਦੇ ਦੂਸਰੇ ਪਾਸੇ ਮਹਿੰਦਰ ਸਿੰਘ ਦੇ ਘਰ ਵੱਲ ਨਿਕਲ ਤੁਰਿਆ। ਨੌਂ ਕੁ ਵਜੇ ਦਾ ਵਕਤ ਸੀ ਅਤੇ ਸੂਰਜ ਅਜੇ ਧੁੰਦ ਦੇ ਪਿੱਛੇ ਹੀ ਲੁਕਿਆ ਹੋਇਆ ਸੀ। ਠੰਢ ਨਾਲ ਕਰੰਡੇ ਘਾਹ ਉੱਪਰ ਜੰਮੀ ਹੋਈ ਕੱਕਰ ਦੀ ਤਹਿ ਬੂਟਾਂ ਹੇਠ ਆਉਣ ਨਾਲ ਕਰੜ ਕਰੜ ਕਰ ਰਹੀ ਸੀ। ਮਾਸਟਰ ਨੇ ਦੋਵੇਂ ਹੱਥ ਆਪਸ ਵਿਚ ਰਗੜ ਕੇ ਬਗਲਾਂ ਵਿਚ ਅੜਾ ਲਏ।

"ਆਹਾ ਅਲਮਾਰੀ ਨੀ ਸੀ ਖੁਲ੍ਹਦੀ, ਦੇਖਿਉ ਤਾਂ ਜਰਾ," ਪੌੜੀਆਂ ਚੜ੍ਹਦੇ ਮਾਸਟਰ ਨੂੰ ਦਰਵਾਜ਼ੇ ਨਾਲ ਕੰਧ ਵਿਚ ਬਣੀ ਕੱਪੜੇ ਟੰਗਣ ਵਾਲੀ ਅਲਮਾਰੀ ਵੱਲ ਇਸ਼ਾਰਾ ਕਰਦਿਆਂ ਅਵਤਾਰ ਕੌਰ ਨੇ ਕਿਹਾ। ਘਰ ਵਿਚਲਾ ਮੋਟਾ ਮੋਟਾ ਸਾਮਾਨ



ਬਾਹਰ ਕੱਢ ਕੇ ਘਰ ਦੇ ਪਿਛਲੇ ਪਾਸੇ ਵਿਹੜੇ ਵਿਚ ਰੱਖਿਆ ਹੋਇਆ ਸੀ। ਬਾਕੀ ਨਿੱਕ-ਸੁੱਕ ਦੇ ਬੈਗ ਜਿਹੇ ਭਰ ਕੇ ਸੁੱਟਦੇ ਲਈ ਇਕ ਪਾਸੇ ਰੱਖੇ ਹੋਏ ਸਨ।

"ਪਹਿਲੀ ਤਰੀਕ ਤੋਂ ਕਰਾਏ 'ਤੇ ਚਾੜ੍ਹ ਦੇਣਾ ਇਹ ਘਰ," ਅਵਤਾਰ ਕੌਰ ਦੱਸ ਰਹੀ ਸੀ, "ਜਸਬੀਰ ਤਾਂ ਕੈਂਹਦਾ ਇਹਨੂੰ ਢਾਹ ਕੇ ਇਥੇ ਨਮਾਂ ਘਰਾ ਬਣਾ ਕੇ ਵੇਚੀਏ, ਪਰ ਮੇਰਾ ਮਨ ਜਿਹਾ ਨੀ ਮੰਨਦਾ... ਭਾ ਜੀ ਉਹ ਜਿੱਦਾਂ ਦਾ ਵੀ ਸੀ ਮੇਰੇ ਲਈ ਤਾਂ ਓਹੀ ਸੀ ਸਭ ਕੁਸ਼,"ਕਹਿੰਦੀ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ ਤੇ ਉਹ ਚੁੰਨੀ ਨਾਲ ਅੱਖਾਂ ਪੂੰਝਦੀ ਕਿਚਨ ਵਿਚਲਾ ਸਾਮਾਨ ਸਾਂਭਣ ਲੱਗ ਪਈ।

ਮਾਸਟਰ ਨੇ ਅਲਮਾਰੀ ਦਾ ਪਾਟ ਖਿੱਚਿਆ। ਉਹ ਜ਼ਰਾ ਕੁ ਹਿੱਲ ਕੇ ਹਟ ਗਿਆ। ਉਸ ਨੇ ਇਕ-ਦੋ ਪੇਚ ਜਿਹੇ ਖੋਲ੍ਹ ਕੇ ਤੇ ਹੇਠਾਂ ਪੇਚਕਸ ਅੜਾ ਕੇ ਇਧਰ-ਉਧਰ ਹਿਲਾਉਂਦਿਆਂ ਅਖੀਰ ਅਲਮਾਰੀ ਖੋਲ੍ਹ ਦਿੱਤੀ। ਅੰਦਰ ਇਕ ਹੈਂਗਰ ਡੰਡੇ ਤੋਂ ਥੱਲੇ ਡਿੱਗ ਕੇ ਰੇਲ ਜਿਹੀ ਵਿਚ ਅੜ ਗਿਆ ਸੀ ਜਿਸ ਕਰਕੇ ਅਲਮਾਰੀ ਨਹੀਂ ਸੀ ਖੁੱਲ੍ਹ ਰਹੀ। ਅਲਮਾਰੀ ਦੇ ਅੰਦਰ ਹੋਰ ਹੈਂਗਰਾਂ ਉੱਪਰ ਮਹਿੰਦਰ ਸਿੰਘ ਦੇ ਕੁਝ ਕੱਪੜੇ ਲਟਕ ਰਹੇ ਸਨ ਤੇ ਇਕ ਫਰ ਜਿਹੀ ਦੇ ਕਾਲਰਾਂ ਵਾਲਾ ਕੋਟ ਡਿੱਗੇ ਹੋਏ ਹੈਂਗਰ ਵਿਚ ਅੱਧ-ਪਚੱਧਾ ਫਸਿਆ ਹੋਇਆ ਸੀ।

"ਉਦਣ ਐਂਮਬੂਲੈਂਸ ਵਾਲੇ ਇਹਨੂੰ ਪੌੜੀਆਂ 'ਚੋਂ ਡਿੱਗਿਆ ਚੱਕ ਕੇ ਇਹਦੇ ਬੂਟ-ਜਰਾਬਾਂ ਤੇ ਕੋਟ-ਕਾਟ ਐਥੇ ਹੀ ਲਾਹ ਕੇ ਰੱਖ ਗਏ," ਅਵਤਾਰ ਕੌਰ ਇਕ ਪੁਰਾਣਾ ਜਿਹਾ ਅਟੈਚੀਕੇਸ ਲਿਆ ਕੇ ਰੱਖਦੀ ਹੋਈ ਕਹਿ ਰਹੀ ਸੀ "ਤੁਹਾਡਾ ਬਹੁਤ ਥੈਂਕ ਯੂ ਭਾ ਜੀ, ਤੁਸੀਂ ਹਾਅ ਕੱਪੜੇ ਐਸ ਟੈਚੀ ਵਿਚ ਪਾ ਕੇ ਹੈਥੇ ਪੌੜੀਆਂ 'ਤੇ ਦਰਵਾਜ਼ੇ ਮੋਹਰੇ ਰੱਖ ਦਿਉ, ਉਹ ਰਣਜੀਤ ਨੇ ਫੋਨ ਕੀਤਾ ਸੀ-ਦੁਪਹਿਰ ਨੂੰ ਉਹ ਹੈਂਡੀਕੈਪਾਂ ਜਿਹਾਂ ਲਈ ਕੱਪੜੇ ਕੱਠੇ ਕਰਨ ਵਾਲੀ ਟਰੱਕੀ ਜਹੀ ਔਣੀ ਆ, ਉਹ ਲੈ ਜਾਣਗੇ... ਸਾਡੇ ਕਿਸ ਕੰਮ ਔਣੇ ਹੁਣ ਇਹ ਕੱਪੜੇ।"

"ਓ.ਕੇ." ਅਲਮਾਰੀ ਦਾ ਬੂਹਾ ਮੁੜ ਕੱਸਦਿਆਂ ਮਾਸਟਰ ਨੇ ਕਿਹਾ।"

"ਮੈਂ ਫੇਅ ਆਹ ਸ਼ੈੱਡ ਵਿਚੋਂ ਦੀ ਕੁਝ ਚੀਜ਼ਾਂ ਸਾਂਭ ਲਮਾਂ, ਤੁਸੀਂ ਜਾਂਦੇ ਹੋਏ ਚੇਤੇ ਨਾਲ ਬਾਹਰ ਰੱਖ ਦਿਉਂ ਟੈਚੀ," ਕਹਿ ਕੇ ਅਵਤਾਰ ਕੌਰ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਲਿਕਲ ਗਈ।

ਮਾਸਟਰ ਨੇ ਕੱਪੜੇ ਤਹਿ ਜਿਹੀ ਲਾ ਕੇ ਅਟੈਚੀਕੇਸ ਵਿਚ ਪਾਉਣੇ ਸ਼ੁਰੂ ਕੀਤੇ, ਚਾਰ ਕੁ ਪੈਂਟਾਂ, ਚਾਰ ਕੁ ਕਮੀਜ਼ਾਂ, ਇਕ ਹੈਟ ਜਿਹਾ, ਦੋ ਕੁ ਗੁਰਗਾਬੀਆਂ ਦੇ ਜੋੜੇ ਤੇ ਦੋ ਕੁ ਹਲਕੀਆਂ ਜਿਹੀਆਂ ਜੈਕਟਾਂ। ਕੱਪੜੇ ਸਨ ਤਾਂ ਪੁਰਾਣੇ ਪਰ ਸਾਫ ਸੁਥਰੇ। ਡਿੱਗੇ ਹੋਏ ਹੈਂਗਰ ਵਾਲਾ ਕੋਟ ਵਿਚ ਪਾਉਣ ਤੋਂ ਪਹਿਲਾਂ ਅਟੈਚੀਕੇਸ ਲਗਪਗ ਪੂਰਾ ਭਰ ਗਿਆ। ਪੌੜੀਆਂ ਵਿਚ ਬਾਹਰ ਰੱਖ ਕੇ ਜਾਣ ਤੋਂ ਪਹਿਲਾਂ ਮਾਸਟਰ ਨੇ ਇਹ ਫਰ ਦੇ ਕਾਲਰਾਂ ਵਾਲਾ ਕੋਟ ਵਿਚ ਤੁੰਨਣਾ ਚਾਹਿਆ ਪਰ ਅਟੈਚੀ ਬੰਦ ਨਹੀਂ ਸੀ ਹੁੰਦਾ। ਬਾਕੀ ਕੱਪੜੇ ਉਲੱਦ-ਪੁੱਲਦ ਕੇ ਇਧਰ-ਉਧਰ ਰੱਖ ਕੇ ਦੇਖੇ ਪਰ ਸੂਤ ਜਿਹਾ ਨਹੀਂ ਸੀ ਆਉਂਦਾ। ਅਖੀਰ ਉਸ ਨੇ ਕੋਟ ਬਾਹਰ ਕੱਢ ਕੇ ਜ਼ਰਾ ਉਲਟ ਪੁਲਟ ਕੇ

ਜਾਚਿਆ। ਲਗਪਗ ਨਵਾਂ ਹੀ ਜਾਪ ਰਿਹਾ ਸੀ ਉਹ ਕੋਟ।

"ਐਥੇ ਵੀ ਲੱਗੜੇ ਲੂਲ੍ਹਿਆਂ ਦੇ ਪਾਉਣ ਦੇ ਕੰਮ ਔਣਾ, ਕਿਉਂ ਨਾ ਉਥੇ ਇੰਡੀਆ ਕਿਸੇ ਲੋੜਵੰਦ ਲਈ ਭੇਜ ਦਿੱਤਾ ਜਾਵੇ... ਕਿਸੇ ਦਾ ਭਲਾ ਈ ਹੋਊ," ਮਾਸਟਰ ਦੇ ਮਨ ਵਿਚ ਅਚਾਨਕ ਖਿਆਲ ਆਇਆ। ਉਸ ਨੇ ਕੈਰੀ ਅੱਖ ਇਧਰ-ਉਧਰ ਦੇਖਿਆ। ਅਵਤਾਰ ਕੌਰ ਸ਼ਾਇਦ ਸ਼ੈੱਡ ਸਾਫ਼ ਕਰ ਰਹੀ ਸੀ ਤੇ ਹੋਰ ਆਲੇ-ਦੁਆਲੇ ਕੋਈ ਨਹੀਂ ਸੀ। ਮਾਸਟਰ ਨੇ ਅਟੈਚੀ ਕੇਸ ਬੰਦ ਕਰਕੇ ਬਾਹਰ ਰੱਖਿਆ ਤੇ ਫੇਰ ਦੋ ਕਾਲਰਾਂ ਵਾਲਾ ਕੋਟ ਦਬਾ ਦਬ ਪਹਿਨ ਕੇ ਦਰਵਾਜ਼ਾ ਮੱਲਕ ਦੇਣੀ ਭੀੜ ਕੇ ਪੌੜੀਆਂ ਉਤਰ ਗਿਆ।

ਲੈ ਇਹ ਕਾਹਦੀ ਚੋਰੀ ਆ, ਇਨ੍ਹਾਂ ਵੱਲੋਂ ਤਾਂ ਸਿੱਟਿਆਂ ਨਾਲ ਦਾ ਈ ਸੀ ਇਹ ਕੋਟ ਵੀ, ਆਪਣੇ ਮਨ ਵਿਚ ਉਠਦੇ ਦਵੰਦ ਨੂੰ ਦਬਾਉਂਦਾ ਮਾਸਟਰ ਸੋਚ ਰਿਹਾ ਸੀ, 'ਹੋਰ ਨੀ ਕੁਸ਼ ਤਾਂ ਉਥੇ ਪਿੰਡ ਗੁਰਨਾਮ ਸਿੰਘ ਈ ਪਾ ਲਊ ਵੇਲੇ-ਕੁਵੇਲੇ, ਉਹ ਵੀ ਪਾਠ ਬਾਣੀ ਕਰਨ ਵਾਲਾ ਬੰਦਾ ਆ, ਕਈ ਵਾਰੀ ਤੜਕੇ ਠੰਢ 'ਚ ਉਠ ਕੇ ਗੁਰਦੁਆਰੇ ਜਾਣਾ ਪੈਂਦਾ ਉਹਨੂੰ।' ਕਿਸੇ ਦੇ ਹੱਥ ਭੇਜ ਦਿਆਂਗੇ ਆਉਂਦੇ-ਜਾਂਦੇ ਦੇ, ਨਾ ਹੋਇਆ ਗੁਰਨਾਮ ਦੇ ਮੁੰਡੇ ਈ ਪਾ ਲਿਆ ਕਰਨਗੇ, ਕਿਸੇ ਨੂੰ ਕੀ ਪਤਾ ਲੱਗਣਾ ਕਿ ਨਮਾਂ ਆ ਕਿ ਪੁਰਾਣਾ...ਬਹੁਤਾ ਨੀ ਤਾਂ ਵੀਹ ਡਾਲਰ ਦਾ ਤਾਂ ਹੋਊਗਾ ਈ ਘੱਟੋ ਘੱਟ ਮੈਂ ਕਿਹੜਾ ਪਾਪ ਕੀਤਾ, ਸਮਝ ਲਉ ਕਿ ਉਨ੍ਹਾਂ ਵੀਹਾਂ ਦਾ ਰੱਬ ਨੇ ਮੈਨੂੰ ਕੋਟ ਈ ਦੇ ਦਿੱਤਾ-ਜਾਂਦੇ ਚੋਰ ਦੀ ਤੜਾਗੀ ਈ ਸਹੀ, ਹੋਰ ਸ਼ਰਾਬੀ ਬੰਦੇ ਤੋਂ ਕੀ ਆਸ ਹੋ ਸਕਦੀ ਆ, ਆਪਣੇ ਆਪ ਨੂੰ ਦਲੀਲਾਂ ਦਿੰਦਾ ਮਾਸਟਰ ਜ਼ਰਾ ਨੀਵੀਂ ਪਾਈ ਆਪਣੇ ਘਰ ਵੱਲ ਜਾ ਰਿਹਾ ਸੀ।

"ਰੱਬ ਵੀ ਏਦਾਂ ਈ ਸਬੱਬ ਬਣਾ ਦਿੰਦਾ ਹਿਸਾਬ-ਕਿਤਾਬ ਬਰਾਬਰ ਕਰਨ ਦਾ, ਹੋਰ ਕਿਹੜਾ ਉਹਨੇ ਮੈਨੂੰ ਚੈੱਕ ਘੱਲਣੀ ਆ", ਉਹ ਆਪਣੀ ਘਬਰਾਹਟ ਉੱਪਰ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਾਂ ਮਹਿੰਦਰ ਸੂਅ ਨੇ ਕਿਹੜਾ ਕਦੀ ਗੁਰਦੁਆਰੇ ਜਾ ਕੇ ਧੇਲਾ ਕਦੀ ਚਾੜ੍ਹਿਆ ਹੋਣਾ...।'

"ਗੁੱਡ ਮਾਰਨਿੰਗ, ਗੁੱਡ ਮਾਰਨਿੰਗ...ਮਿਸਟਰ ਬਿਲਸਨ, ਹਉ ਆਰ ਯੂ?" ਮਾਸਟਰ ਨੇ ਜ਼ਰਾ ਹਕਲਾਉਂਦਿਆਂ ਹੋਇਆ ਕਾਹਲੀ ਕਾਹਲੀ ਕਿਹਾ।

"ਮੈਂ ਤਾਂ ਠੀਕ ਆਂ," ਮਿਸਟਰ ਵਿਲਸਨ ਨੇ ਕਿਹਾ, "ਤੂੰ ਮਿੰਡਰ ਦੇ ਘਰੋਂ ਆਇਆਂ? ...ਚੰਗਾ ਬੰਦਾ ਸੀ ਉਹ...ਬਚਾਰਾ ਛੇਤੀ ਗੁਜ਼ਰ ਗਿਆ...ਇਟਸ ਸੋਅ ਸੈਡ!" ਮਿਸਟਰ ਵਿਲਸਨ ਨੇ ਆਪਣਾ ਗ਼ਮ ਮਾਸਟਰ ਨਾਲ ਸਾਂਝਾ ਕੀਤਾ।

"ਹਾਂ ਚੰਗਾ ਤਾਂ ਸੀ, ਪਰ ਦਾਰੂ ਬਹੁਤ ਪੀਂਦਾ ਸੀ," ਮਾਸਟਰ ਨੇ ਸੰਖੇਪ ਜਿਹਾ ਜੁਆਬ ਦੇ ਕੇ ਉਥੋਂ ਤੁਰਨਾ ਚਾਹਿਆ।

"ਦਾਰੂ ਤਾਂ ਹੁਣ ਕਈ ਚਿਰ ਤੋਂ ਨਹੀਂ ਸੀ ਪੀਂਦਾ..ਅੱਗੇ ਵੀ ਕਈ ਵਾਰੀ ਪੀਣੀ ਛੱਡ ਚੁੱਕਾ ਸੀ, ਪਰ ਮੈਨੂੰ ਲਗਦਾ ਉਹਨੇ ਛੋਟੀ ਉਮਰੇ ਕਾਫ਼ੀ ਦੁਰਵਰਤੋਂ ਕੀਤੀ ਸੀ ਨਸ਼ਿਆਂ ਦੀ।" ਵਿਲਸਨ ਨੇ ਕਿਹਾ।



"ਹਾਂ ਜੀ, ਜਦੋਂ ਬੰਦਾ ਇਕ ਵਾਰੀ ਗਲਤ ਰਾਹ ਉੱਪਰ ਪੈ ਜਾਂਦਾ, ਰੱਬ ਤੋਂ ਡਰਨੋਂ ਹਟ ਜਾਂਦਾ, ਫੇਰ ਇੱਦਾਂ ਈ ਬੁਰਾ ਹਾਲ ਹੁੰਦਾ।" ਮਾਸਟਰ ਨੇ ਕਿਹਾ।

"ਮੇਰੇ ਖਿਆਲ 'ਚ ਜੇ ਬੰਦਾ ਇਮਾਨਦਾਰੀ ਨਾਲ ਦਸਾਂ ਨੌਹਾਂ ਦੀ ਕਿਰਤ ਕਰੀ ਜਾਵੇ, ਐਧਰ ਉਧਰ ਬਹੁਤਾ ਨਾ ਸੋਚੇ ਤਾਂ ਠੀਕ ਰਹਿੰਦਾ।"

"ਜ਼ਰੂਰੀ ਨਹੀਂ," ਵਿਲਸਨ ਕਹਿਣ ਲੱਗਾ, "ਹਰੇਕ ਬੰਦੇ ਉੱਪਰ ਇਕੋ ਤਰੀਕਾ ਨਹੀਂ ਲਾਗੂ ਹੁੰਦਾ, ਹਾਂ ਮੈਨੂੰ ਯਕੀਨ ਆ ਪਈ ਜੇ ਕਿਤੇ ਮਿੰਡਰ ਨੂੰ ਪ੍ਰੋਫੈਸ਼ਨਲ ਤਰੀਕੇ ਨਾਲ ਸ਼ਰਾਬ ਅਤੇ ਹੋਰ ਨਸ਼ਿਆਂ ਸਬੰਧ ਕੌਂਸਲਿੰਗ ਮਿਲ ਜਾਂਦੀ ਤਾਂ ਉਹ ਸਭ ਕੁਝ ਕੰਟਰੋਲ ਕਰ ਸਕਦਾ ਸੀ।"

"ਚਲੋ ਹੁਣ ਤਾਂ ਟੂਅ ਲੇਟ ਆ।" ਮਾਸਟਰ ਨੇ ਸੰਖੇਪ ਜੁਆਬ ਦਿੱਤਾ।

"ਯੂ ਨੋਅ, ਕਈ ਵਾਰੀ ਮਿੰਡਰ ਨੇ ਮੇਰੇ ਕੋਲ ਮਹੀਨੇ ਦੇ ਅਖੀਰ ਉੱਪਰ ਆਉਣਾ ਜਦੋਂ ਉਹਦੇ ਪੈਸੇ ਮੁੱਕ ਜਾਣੇ, ਕਦੀ ਪੰਜ ਤੇ ਕਦੀ ਦਸ ਡਾਲਰ ਉਧਾਰੇ ਲੈ ਜਾਣੇ, ਕਦੀ ਸਿਗਰਟਾਂ ਲਈ ਤੇ ਕਦੀ ਰਾਸ਼ਨ-ਪਾਣੀ ਲਈ, ਪਰ ਪੈਨਸ਼ਨ ਦੀ ਚੈੱਕ ਆਉਂਦਿਆਂ ਹੀ ਸਭ ਤੋਂ ਪਹਿਲਾਂ ਮੇਰੇ ਪੈਸੇ ਮੋੜਨ ਆਉਣਾ, ਜੇਕਰ ਮੈਂ ਨਾ ਵੀ ਘਰ ਹੋਵਾਂ ਤਾਂ ਲਿਫਾਫ਼ੇ ਵਿਚ ਪਾ ਕੇ ਮੇਰੇ ਦਰਵਾਜ਼ੇ ਵਿਚ ਡਾਕ ਵਾਲੀ ਝੀਥ ਰਾਹੀਂ ਅੰਦਰ ਸੁੱਟ ਜਾਣੇਂ, ਬੜਾ ਈਮਾਨਦਾਰ ਸੀ," ਵਿਲਸਨ ਨੂੰ ਸ਼ਾਇਦ ਅਜੇ ਤਕ ਪੂਰੀ ਤਰ੍ਹਾਂ ਕਿਸੇ ਕੋਲ ਮਹਿੰਦਰ ਸਿੰਘ ਦਾ ਅਫ਼ਸੋਸ ਕਰਨ ਦਾ ਮੌਕਾ ਨਹੀਂ ਸੀ ਮਿਲਿਆ।

"ਤੇਰੇ ਪੈਸੇ ਤਾਂ ਮੋੜ ਦਿੰਦਾ ਹੋਊ ਪਰ ਮੇਰੇ ਤਾਂ ਵੀਹ ਡਾਲਰ ਨਾਲ ਲੈ ਗਿਆ ਨਾ," ਮਾਸਟਰ ਨੇ ਮਨ ਵਿਚ ਕਿਹਾ ਤੇ ਪੱਗ ਦਾ ਲੜ ਜ਼ਰਾ ਕੁ ਹਟਾ ਕੇ ਕੰਨ ਕੋਲ ਖਾਜ ਜਿਹੀ ਕਰਨ ਲੱਗਾ।

"ਮੈਂ ਉਸ ਹਫ਼ਤੇ ਆਪਣੀ ਭਤੀਜੀ ਦੇ ਵਿਆਹ ਦੇ ਸਿਲਸਿਲੇ ਵਿਚ ਅਮਰੀਕਾ ਗਿਆ ਹੋਇਆ ਸੀ ਤੇ ਉਸ ਦਿਨ ਅਜੇ ਵਾਪਸ ਆ ਕੇ ਲਿਵਿੰਗ ਰੂਮ ਵਿਚ ਬੈਠਾ ਮੈਂ ਡਾਕ ਚੈੱਕ ਕਰ ਰਿਹਾ ਸੀ ਜਦੋਂ ਮੈਂ ਮਿੰਡਰ ਨੂੰ ਤੁਹਾਡੇ ਘਰ ਵੱਲੋਂ ਇਧਰ ਆਪਣੇ ਘਰ ਵੱਲ ਜਾਂਦਾ ਦੇਖਿਆ। ਸਨੋਅ ਪੈ ਰਹੀ ਸੀ ਉਸ ਦਿਨ। ਜਦੋਂ ਮੇਰੇ ਘਰ ਸਾਹਮਣਿਉਂ ਲੰਘਿਆ ਤਾਂ ਮੇਰੇ ਫੋਨ ਦੀ ਘੰਟੀ ਵੱਜ ਪਈ ਤੇ ਜਦ ਤਕ ਮੈਂ ਵਿਹਲਾ ਹੋਇਆ ਉਦੋਂ ਉਹ ਆਪਣੇ ਘਰ ਦੀਆਂ ਪੌੜੀਆਂ ਚੜ੍ਹ ਰਿਹਾ ਸੀ। ਜਦੋਂ ਮੈਂ ਆਪਣਾ ਦਰਵਾਜ਼ਾ ਖੋਹਲ ਕੇ ਆਵਾਜ਼ ਮਾਰਨ ਲੱਗਾ ਤਾਂ ਮੈਂ ਦੇਖਿਆ ਕਿ ਉਹ ਧੜਾਂਅ ਕਰਕੇ ਆਪਣੀਆਂ ਪੌੜੀਆਂ ਵਿਚ ਡਿੱਗ ਪਿਆ। ਉਸੇ ਵੇਲੇ ਮੈਂ ਐਮਬੂਲੈਂਸ ਨੂੰ ਫੋਨ ਕਰਨ ਲੱਗ ਗਿਆ..." ਪਰ ਮਾਸਟਰ ਦਾ ਧਿਆਨ ਵਿਲਸਨ ਦੀਆਂ ਗੱਲਾਂ ਵੱਲ ਨਾ ਹੋ ਕੇ ਅਵਤਾਰ ਕੌਰ ਵੱਲ ਸੀ ਕਿ ਕਿਧਰੇ ਉਹ ਅਚਾਨਕ ਘਰੋਂ ਬਾਹਰ ਨਿਕਲ ਕੇ ਉਸ ਦੇ ਕੋਟ ਪਾਇਆ ਨਾ ਦੇਖ ਲਵੇ।

"ਆਹੋ ਜੀ ਹਾਅਰਟ ਫੇਲ੍ਹ ਦਾ ਵੀ ਕੀ ਪਤਾ ਲਗਦਾ ਕਦੋਂ ਹੋ ਜਾਣਾ, ਸਭ ਰੱਬ ਦਾ ਰੰਗ ਆ," ਕਹਿ ਕੇ ਮਾਸਟਰ ਨੇ ਉਥੋਂ ਟੁਰਨਾ ਚਾਹਿਆ।

"ਪਰ ਉਹ ਦੀ ਮੌਤ ਤਾਂ ਸਿਰ ਵਿਚ ਸੱਟ ਵੱਜਣ ਨਾਲ ਹੋਈ ਹੈ, ਪੌੜੀਆਂ ਤੋਂ

ਤਿਲਕ ਕੇ," ਵਿਲਸਨ ਨੇ ਕਿਹਾ। "ਤੁਹਾਨੂੰ ਕਿਵੇਂ ਪਤਾ?" ਮਾਸਟਰ ਨੇ ਪੁੱਛਿਆ।

"ਪਰਸੋਂ ਉਸ ਦਾ ਮੁੰਡਾ ਜੈੱਸੀ ਹੈਥੋਂ ਘਰੋਂ ਕੋਈ ਸਾਮਾਨ ਚੁੱਕਣ ਆਇਆ ਤਾਂ ਕੋਈ ਫੋਨ ਕਰਨ ਲਈ ਇਥੇ ਮੇਰੇ ਘਰ ਆਇਆ ਸੀ, ਉਸ ਨੇ ਦੱਸਿਆ ਕਿ ਪੋਸਟ ਮਾਰਟਮ ਦੀ ਰਿਪੋਰਟ ਇਉਂ ਕਹਿੰਦੀ ਹੈ।"

"ਚਲੋ ਬਹਾਨਾ ਈ ਬਣਨਾ ਸੀ, ਉਹਦੀ ਆਈ ਹੋਈ ਸੀ," ਕਹਿ ਕੇ ਤੁਰਦਾ ਮਾਸਟਰ ਸੋਚ ਰਿਹਾ ਸੀ ਕਿ ਉਦਾਂ ਉਹਨੇ ਹੋਰ ਜਿਉਂਦਾ ਰਹਿ ਕੇ ਕਿਹੜਾ ਪਹਾੜ ਪੱਟ ਲੈਣਾ ਸੀ।

"ਬਿਲਕੁਲ ਹੈਦਾਂ ਦਾ ਈ ਕੋਟ ਪਾਇਆ ਹੋਇਆ ਸੀ ਉਸ ਨੇ ਉਸ ਦਿਨ," ਮਾਸਟਰ ਦੀ ਪਿੱਠ ਵੱਲੋਂ ਵਿਲਸਨ ਬੋਲਿਆ।

"ਹਾਂ...ਅਸੀਂ ਦੋਨਾਂ ਨੇ ਇਕੱਠੇ ਇਕੋ ਦੁਕਾਨ ਤੋਂ ਲਏ ਸਨ," ਬੌਖਲਾਏ ਹੋਏ ਮਾਸਟਰ ਨੇ ਜਿਵੇਂ ਪਹਿਲੀ ਵਾਰੀ ਕੋਰਾ ਝੂਠ ਬੋਲਿਆ ਹੋਵੇ ਤੇ ਫਿਰ ਨਜ਼ਰ ਚੁਰਾ ਕੇ ਕੋਟ ਦੀ ਪੇਟੀ ਲੱਕ ਦਵਾਲੇ ਕੱਸਦਾ ਹੋਇਆ, "ਇਟਸ ਗੈਟਿੰਡ ਕੋਲਡ," ਕਹਿ ਕੇ ਫਿਰ ਟੁਰ ਗਿਆ।

'ਚਲੋ ਪਿੱਛਾ ਛੁੱਟਾ... ਪਹਿਲੀ ਵਾਰੀ ਝੂਠ ਬੋਲਿਆ ਇਸ ਤਰ੍ਹਾਂ... ਪਰ ਕਿਹੜਾ ਬੁਰੇ ਕੰਮ ਲਈ ਬੋਲਿਆ... ਇਹਨਾਂ ਨੇ ਆਪਣੇ ਵੱਲੋਂ ਤਾਂ ਕੋਟ ਸਿੱਟਿਆਂ ਵਰਗਾ ਹੀ ਸੀ... ਉਥੇ ਕਿਸੇ ਦੇ ਕੰਮ ਆਊ, ਅਗਲਾ ਸੌ ਅਸੀਸਾਂ ਦੇਊ, ਮਿੰਦ੍ਰ ਦੀ ਰੂਹ ਨੂੰ ਸ਼ਾਂਤੀ ਮਿਲੂ... ਨਾਲੇ ਯਾਰ ਮੇਰੇ ਵੀਹ ਡਾਲਰ ਲੱਗੇ ਆ, ਕੋਈ ਮੁਫ਼ਤ ਦਾ ਮਾਲ ਆ'? ਕਿਸੇ ਹੋਰ ਦੇ ਮਿਲ ਪੈਣ ਡਰੋਂ ਕਾਹਲੀ ਨਾਲ ਘਰ ਵੱਲ ਤੁਰਿਆ ਜਾਂਦਾ ਮਾਸਟਰ ਸੋਚ ਰਿਹਾ ਸੀ, ਕਿਤੇ ਮੈਂ ਫਸ ਈ ਨੀ ਗਿਆ? ਵਿਲਸਨ ਨੇ ਤਾਂਕੋਟ ਪਛਾਣ ਈ ਲਿਆ, ਜੇ ਕਿਤੇ ਅਵਤਾਰ ਕੌਰ ਵੀ ਉਧਰੋਂ ਬਾਹਰ ਨਿਕਲ ਆਉਂਦੀ ਤਾਂ...' ਅਗਾਂਹ ਸੋਚ ਨਾਲ ਝੁਣ-ਝੁਣੀ ਆ ਕੇ ਮਾਸਟਰ ਨੂੰ ਕਾਂਬਾ ਜਿਹਾ ਛਿੜ ਪਿਆ। ਉਸ ਨੇ ਕੋਟ ਦੀਆਂ ਬਾਹਰਲੀਆਂ ਜੇਬਾਂ ਵਿਚ ਦੋਨੋਂ ਹੱਥ ਪਾ ਕੇ ਆਪਣੇ ਢਿੱਡ ਨਾਲ ਘੁੱਟ ਲਏ ਤੇ ਉਸ ਨੇ ਦੋਨੋਂ ਮੋਢੇ ਕੁਝ ਉੱਪਰ ਵੱਲ ਚੁੱਕ ਹੋ ਪਏ।

ਸੱਜੇ ਪਾਸੇ ਦੀ ਜੇਬ ਵਿਚ ਕੁਝ ਰੜਕਿਆ। ਉਸ ਨੇ ਹੱਥ ਬਾਹਰ ਕੱਢਿਆ ਤਾਂ ਵਿਚ ਇਕ ਚਿੱਟੇ ਰੰਗ ਦਾ ਚਿੱਠੀ ਪਾਉਣ ਵਾਲਾ ਲਿਫਾਫਾ ਜਿਹਾ ਸੀ ਜਿਸ ਉੱਪਰ ਗੁਰਮੁਖੀ ਦੇ ਵਿੰਗੇ ਟੇਢੇ ਅੱਖਾਂ ਵਿਚ ਮਾਸਟਰ ਜੀ ਲਿਖਿਆ ਹੋਇਆ ਸੀ। ਮਾਸਟਰ ਨੇ ਬੰਦ ਲਿਫਾਫਾ ਖੋਲ੍ਹਿਆ ਤਾਂ ਉਸ ਦੇ ਅੰਦਰ ਇਕ ਨਵਾਂ ਜਿਹਾ ਵੀਹ ਡਾਲਰ ਦਾ ਨੋਟ ਤਹਿ ਲਾ ਕੇ ਪਾਇਆ ਹੋਇਆ ਨਿਕਲਿਆ। ਮਾਸਟਰ ਦੇ ਪੈਰ ਜਿਵੇਂ ਘਾਹ ਉੱਪਰਲੇ ਕੱਕਰ ਉੱਪਰ ਹੀ ਜੰਮ ਗਏ। ਉਸ ਨੇ ਚੋਰੀ ਜਿਹੇ ਗਰਦਨ ਘੁਮਾ ਕੇ ਦੇਖਿਆ ਤਾਂ ਵਿਲਸਨ ਆਪਣੇ ਘਰ ਦੀਆਂ ਪੌੜੀਆਂ ਚੜ੍ਹ ਰਿਹਾ ਸੀ ਤੇ ਮਹਿੰਦਰ ਸਿੰਘ ਦੇ ਦਰਵਾਜ਼ੇ ਬਾਹਰ ਪਿਆ ਅਟੈਚੀਕੇਸ ਉਸ ਵੱਲ ਜਿਵੇਂ ਅੱਖਾਂ ਕੱਢ ਘੂਰ ਰਿਹਾ ਹੋਵੇ।



## ਰੌਬਸਨ ਸਕੁਏਅਰ

ਬਿਜ਼ਨੈਸ ਅੱਜ ਫਿਰ ਠੰਢਾ ਹੈ, ਬਿਲਕੁਲ ਮੌਸਮ ਵਾਂਗ। ਆਮ ਤੌਰ 'ਤੇ ਟੈਕਸੀ ਵਾਲਿਆਂ ਦਾ ਧੰਦਾ ਅੱਜਕਲ੍ਹ ਤੇਜ਼ ਹੋਣਾ ਸ਼ੁਰੂ ਹੋ ਜਾਂਦਾ ਹੈ, ਕ੍ਰਿਸਮਿਸ ਜੁ ਨਜ਼ਦੀਕ ਆ ਰਹੀ ਹੁੰਦੀ ਹੈ। ਪਰੰਤੂ ਐਤਕੀਂ ਪਤਾ ਨਹੀਂ ਕੀ ਗੱਲ ਹੋ ਗਈ ਹੈ? ਸਰਦੀ ਤਾਂ ਅੱਗੇ ਨਾਲੋਂ ਕਾਫ਼ੀ ਤੇਜ਼ ਹੋ ਗਈ ਹੈ ਪਰ ਟੈਕਸੀ ਦਾ ਧੰਦਾ ਮੰਦਵਾੜੇ ਵਿਚ ਹੀ ਹੈ।

ਟੈਕਸੀ ਸਟੈਂਡ ਦੇ ਸੱਜੇ ਹੱਥ ਆਰਟ ਗੈਲਰੀ ਦੀਆਂ ਖੁੱਲ੍ਹੀਆਂ ਉੱਚੀਆਂ ਪੌੜੀਆਂ ਦੇ ਸਾਹਮਣੇ ਚੱਲ ਰਹੇ ਫੁਹਾਰੇ ਤੇ ਉਨ੍ਹਾਂ ਦੇ ਇਰਦ-ਗਿਰਦ ਮਧਰੇ ਜਿਹੇ, ਪੱਤਿਆਂ-ਰਹਿਤ ਦਰਖਤਾਂ ਦੀਅ ਟਾਹਣੀਆਂ ਨਾਲ ਟੰਗੀਆਂ ਛੋਟੀਆਂ ਛੋਟੀਆਂ ਲਾਈਟਾਂ ਕਦੋਂ ਦੀਆਂ ਚਾਲੂ ਹੋ ਚੁੱਕੀਆਂ ਹਨ। ਜਗਮਗ ਜਗਮਗ ਕਰਦੀਆਂ ਬੱਤੀਆਂ ਅੱਖਾਂ ਮਾਰ ਮਾਰ ਕੇ ਰਾਤ ਉਤਰਨ ਦੇ ਇਸ਼ਾਰੇ ਕਰਦੀਆਂ ਮੈਨੂੰ ਚਿੜਾ ਰਹੀਆਂ ਸਨ। ਲੋਹੜੀ ਦੁਆਲੇ ਪਿੰਡ ਦੇ ਚੌਂਤਰੇ 'ਤੇ ਬਲਦੀ ਧੂਣੀ ਦੀ ਅੱਗ ਸੇਕਣਾ ਤੇ ਹਾਣੀਆਂ ਨਾਲ ਗੱਪਾਂ ਮਾਰਦਿਆਂ ਖੁੱਲ੍ਹੇ ਆਕਾਸ਼ ਵਿਚ ਟਿਮ-ਟਿਮਾਉਂਦੇ ਤਾਰੇ ਤੱਕ ਦੇ ਧੁਰ ਅੰਦਰ ਇਕ ਝਰਨਾਹਟ ਮਹਿਸੂਸ ਕਰਨਾ ਮੈਨੂੰ ਮੱਲੋ ਮੱਲੀ ਯਾਦ ਆ ਜਾਂਦਾ ਹੈ। ਪਿੰਡ ਦੇ ਚੌਂਤਰੇ 'ਤੇ ਜੁੜੇ ਲੋਕਾਂ ਦੀ ਅਪਣੱਤ ਦੇ ਮੁਕਾਬਲੇ ਵੈਨਕੂਵਰ ਦੇ ਰੌਬਸਨ ਸਕੁਏਅਰ ਦੁਆਲੇ ਜੇਬਾਂ ਵਿਚ ਹੱਥ ਤੁੰਨੀ ਫਿਰਦੇ ਲੋਕਾਂ ਦੀ ਚੁੱਪ ਮੈਨੂੰ ਬੜੀ ਓਪਰੀ ਤੇ ਫਿੱਕੀ ਭਾਸਦੀ ਹੈ।

'ਹੁਣ ਤਾਂ ਵੱਡੇ ਸਟੋਰ ਵੀ ਬੰਦ ਹੋ ਗਏ ਆ, ਟੈਕਸੀ ਦੀ ਸੁਆਰੀ ਕਿੱਥੋਂ ਆਉਣੀ ਐ?' ਪਿੰਡ ਵੱਲੋਂ ਧਿਆਨ ਮੋੜਨ ਲਈ ਮੈਂ ਸੋਚਦਾ ਹਾਂ, 'ਬਾਕੀ ਟੈਕਸੀਆਂ ਵਾਲੇ ਇਸ ਵੇਲੇ ਹੋਟਲਾਂ ਤੇ ਕਲੱਬਾਂ ਦੇ ਬਾਹਰ ਬਣੇ ਟੈਕਸੀ ਸਟੈਂਡਾਂ ਉੱਪਰ ਸੁਆਰੀਆਂ ਉਡੀਕਦੇ ਗੱਪਾਂ ਵੱਢ ਰਹੇ ਹੋਣਗੇ। ਮੈਂ ਗ੍ਰੈਨਵਿਲ ਸਟ੍ਰੀਟ 'ਤੇ ਸਥਿਤ ਸਿਨਮੇ-ਘਰਾਂ ਦੇ ਸ਼ੋਆਂ ਦੇ ਖਤਮ ਹੋਣ ਦੀ ਉਡੀਕ ਵਿਚ ਆਪਣੀ ਗੱਡੀ ਰੋਜ਼ ਵਾਂਗ ਇਸ ਚੁੱਪ-ਚਾਪ ਜਿਹੇ ਟੈਕਸੀ ਸਟੈਂਡ 'ਤੇ ਲਾਈ ਹੋਈ ਹੈ।

ਕਿਸੇ ਲੰਬੀ ਸੁਆਰੀ ਦੇ ਟੱਕਰ ਜਾਣ ਦੀ ਆਸ ਵਿਚ ਸਟੀਰਿੰਗ ਉੱਪਰ ਵਿਛਾਈ ਅਖ਼ਬਾਰ ਦਾ ਪੰਨਾ ਪਲਟ ਕੇ ਪੜ੍ਹਨ ਦਾ ਯਤਨ ਕਰਦਾ ਹਾਂ। ਹਰ ਸਫੇ ਉੱਪਰ ਕ੍ਰਿਸਮਿਸ ਦੀਆਂ ਸੇਲਾਂ ਦੇ ਵੱਡੇ-ਵੱਡੇ ਇਸ਼ਤਿਹਾਰ ਹਨ। ਬੋਰ ਹੋ ਕੇ ਮੁੜ ਟਿਮਟਿਮਾ ਰਹੀਆਂ ਬੱਤੀਆਂ ਵੱਲ ਦੇਖਣ ਲੱਗ ਪੈਂਦਾ ਹਾਂ...ਗਰਮੀਆਂ ਵਿਚ ਇਨ੍ਹਾਂ ਬੱਤੀਆਂ ਦੀਬਾਂ ਟਾਹਣੀਆਂ ਹਰੇ-ਭਰੇ ਪੱਤਿਆਂ ਨਾਲ ਭਰੀਆਂ ਹੁੰਦੀਆਂ ਨੇ। ਉਨ੍ਹਾਂ

ਦੀ ਛਾਂ ਹੇਠ ਬੈਠ ਆਰਟ ਗੈਲਰੀ ਦੇਖ ਕੇ ਨਿਕਲੇ ਸੈਲਾਨੀ ਆਪਣੀ ਥਕਾਵਟ ਮਿਟਾਉਂਦੇ ਹਨ। ਸੜਕ ਦੇ ਦੂਸਰੇ ਪਾਸੇ ਕੋਰਟ ਹਾਊਸਾਂ ਵਿਚ ਕੰਮ ਕਰਦੀਆਂ ਕਲਰਕਾਂ ਲੰਚ ਟਾਈਮ ਵੇਲੇ, ਦਰਖਤਾਂ ਹੇਠਲੇ ਸੀਮੈਂਟ ਦੇ ਬੈਂਚਾਂ ਉੱਪਰ ਬੈਠੀਆਂ ਆਪਣੀਆਂ ਆਪਣੀਆਂ ਸੈਂਡਵਿਚਾਂ ਨੂੰ ਪੋਲੀਆਂ ਪੋਲੀਆਂ ਦੰਦੀਆਂ ਵੱਢ ਚਿੱਥਦੀਆਂ ਆਪਸ ਵਿਚ ਗੱਲਾਂ ਕਰਦੀਆਂ ਹਨ। ਇਥੇ ਹੀ ਕਦੀ ਕਦੀ ਔਹ ਸਾਹਮਣੀ ਬਿਲਡਿੰਗ ਵਿਚ ਕੰਮ ਕਰਦਾ ਮੇਰਾ ਪੇਂਡੂ ਸੁੱਖਾ ਤੇ ਮੈਂ ਵੀ ਲੰਚ ਖਾਂਦੇ ਹਾਂ ਜਦੋਂ ਮੈਂ ਦਿਨ ਦੀ ਸ਼ਿਫਟ ਟੈਕਸੀ ਚਲਾਉਂਦਾ ਹੋਵਾਂ?'

...'ਸੁੱਖਾ ਐਥੇ ਆ ਕੇ ਕੀ ਦਾ ਕੀ ਬਣ ਗਿਆ...ਅਖੇ ਲੋਕਾਂ ਨੂੰ ਕੈਨੇਡਾ ਦੇ ਕਾਨੂੰਨ ਸਬੰਧੀ ਸਲਾਹ ਮਸ਼ਵਰਾ ਦਿੰਦਾ ਹਾਂ...ਪਿੰਡ ਵਿਚ ਇਹਨੂੰ ਇੱਲ ਦਾ ਨਾਂ ਕੁੱਕੜ ਨਹੀਂ ਸੀ ਆਉਂਦਾ। ਮੈਨੂੰ ਪੱਕਾ ਯਾਦ ਹੈ ਜਦੋਂ ਸਕੂਲੇ ਅੰਗਰੇਜ਼ੀ ਵਾਲੇ ਮਾਸਟਰ ਨੇ ਸੁੱਖੇ ਨੂੰ ਮੁਰਗਾ ਬਣਾ ਇਸ ਲਈ ਕੁੱਟਿਆ ਸੀ ਕਿ ਇਹ ਭਾਰਤ ਦੀ ਰਾਜਧਾਨੀ ਨੂੰ "ਡੈਹਲੀ" ਦੀ ਬਜਾਇ "ਦਿੱਲੀ" ਪੜ੍ਹਦਾ ਸੀ। ਇਸੇ ਤਰ੍ਹਾਂ ਹਿੰਦੀ ਵਾਲਾ ਮਾਸਟਰ ਇਹਦੇ ਕੰਨ ਪੱਟਦਾ ਹੁੰਦਾ ਸੀ ਕਿ ਇਹ "ਘੋੜੇ" ਨੂੰ "ਗੋਹੜਾ" ਤੇ "ਘਰ" ਨੂੰ "ਗਹਰ" ਨਹੀਂ ਸੀ ਪੜ੍ਹ ਸਕਦਾ ਤੇ ਉਹੀ ਸੁੱਖਾ ਜੋ ਦਸਵੀਂ ਦਾ ਇਮਤਿਹਾਨ ਦੇਣ ਤੋਂ ਪਹਿਲਾਂ ਹੀ ਮਾਂ-ਬਾਪ ਨਾਲ ਇੱਧਰ ਆ ਗਿਆ ਸੀ, ਹੁਣ "ਕੈਨੇਡਾ" ਨੂੰ ਵੀ "ਖੈਨੇਡਾ" ਕਹਿੰਦਾ ਹੈ, ਤੇ ਇਧਰ ਮੈਂ ਜੋ ਦਸਵੀਂ ਤੋਂ ਬਾਅਦ ਬੀ.ਏ. ਤਾਂ ਕੀ ਐਮ.ਏ. ਕਰਕੇ ਵੀ ਇਥੇ ਆ ਕ ਟੈਕਸੀ ਹੱਕਦਾ ਹਾਂ... ਸ਼ਾਇਦ ਮਨ ਵਿਚ ਕੋਈ ਗੁੱਝੀ ਈਰਖਾ ਉੱਘੜ ਆਈ ਹੈ।

...ਤੇਰਾਂ ਸਾਲ ਹੋ ਗਏ ਸੜਕਾਂ ਨਾਪਦਿਆਂ ਤੇ ਤਰ੍ਹਾਂ ਤਰ੍ਹਾਂ ਦੀਆਂ ਸੁਆਰੀਆਂ ਨਾਲ ਮੱਥਾ ਮਾਰਦਿਆਂ। ਪਹਿਲੇ ਤਿੰਨ ਕੁ ਸਾਲ ਮੈਂ ਲਾਗਲੀ ਇਕ ਹੋਰ ਮਿਊਂਸਪੈਲਟੀ ਵਿਚ ਟੈਕਸੀ ਚਲਾਈ ਸੀ ਇੰਡੀਆ ਤੋਂ ਨਵਾਂ ਨਵਾਂ ਇਥੇ ਆ ਕੇ। ਉਸ ਕੰਪਨੀ ਵਿਚ ਬਾਕੀ ਡਰਾਈਵਰ ਦੀ ਜ਼ਿਆਦਾਤਰ ਮੇਰੇ ਵਰਗੇ ਪੰਜਾਬੀ ਮੁੰਡੇ ਹੀ ਸਨ। ਪੈਸੇ ਤਾਂ ਘੱਟ ਬਣਦੇ ਸਨ ਪਰ ਸਿਖਾਂਦਰੂ ਡਰਾਈਵਰ ਲਈ ਠੀਕ ਸੀ, ਘੱਟ ਟ੍ਰੈਫਿਕ, ਸਿੱਧੀਆਂ ਸੜਕਾਂ ਤੇ ਘਰਾਂ ਦੇ ਐਡਰੈੱਸ ਲੱਭਣੇ ਸੌਖੇ ਸਨ। ਦਸ ਕੁ ਸਾਲ ਪਹਿਲਾਂ ਮੈਂ ਉਹ ਕੰਪਨੀ ਛੱਡ ਦਿੱਤੀ ਸੀ ਜਦੋਂ ਰੌਬ ਜ਼ੈਕਰੀ ਵਾਲਾ ਵਾਕਿਆ ਹੋਇਆ ਸੀ।

ਟਰੱਕਾਂ ਦੀ ਇਕ ਵੱਡੀ ਕੰਪਨੀ ਦਾ ਮਾਲਕ ਸੀ ਰੌਬ ਜ਼ੈਕਰੀ। ਆਮ ਤੌਰ 'ਤੇ ਸ਼ਰਾਬ ਪੀ ਕੇ ਰੱਖਦਾ ਸੀ ਤੇ ਇਸੇ ਕਰਕੇ ਉਸ ਦਾ ਡਰਾਇਵਿੰਗ ਲਾਇਸੈਂਸ ਜ਼ਬਤ ਹੋ ਚੁੱਕਾ ਸੀ। ਹਰ ਪਾਸੇ ਆਉਣ-ਜਾਣ ਲਈ ਉਹ ਸਾਡੀ ਕੰਪਨੀ ਦੀ ਟੈਕਸੀ ਵਰਤਦਾ ਸੀ। ਵੀਕ-ਐਂਡ 'ਤੇ ਸ਼ਾਮ ਨੂੰ ਉਸ ਨੇ ਆਪਣੇ ਘਰ ਟੈਕਸੀ ਸੱਦ ਲੈਣੀ ਤੇ ਡਰਾਈਵਰ ਨੂੰ ਕਹਿ ਦੇਣਾ ਕਿ ਮੀਟਰ ਚਾਲੂ ਕਰਕੇ ਉਸ ਦੀ ਉਡੀਕ ਕਰੇ। ਆਰਾਮ ਨਾਲ ਤਿਆਰ ਹੋ ਕੇ ਤੇ ਪੈੱਗ ਲਾ ਕੇ ਨਿਕਲਣਾ ਘਰੋਂ ਉਸ ਨੇ। ਕਦੀ ਇਸ ਬਾਰ ਵਿਚ ਤੇ ਕਦੀ ਉਸ ਕਲੱਬ ਵਿਚ ...ਡਰਾਈਵਰ ਨੇ ਮੀਟਰ ਚਾਲੂ ਰੱਖ ਉਸ ਨੂੰ ਉਡੀਕਦੇ ਰਹਿਣਾ...ਅੰਤ ਉਸ ਨੇ ਕਿਸੇ ਨਾ ਕਿਸੇ ਕਲੱਬ ਵਿਚੋਂ ਕੋਈ ਔਰਤ ਨਾਲ ਲੈ ਕੇ



ਨਿਕਲਣਾ ਤੇ ਅੱਧੀ ਰਾਤ ਤੱਕ ਇਧਰ-ਉਧਰ ਘੁਮਾਉਣ ਤੋਂ ਬਾਅਦ ਕਿਸੇ ਹੋਟਲ ਵਿਚ ਲੈ ਜਾਣਾ। ਤੜਕਾ ਹੋਣ ਵੇਲੇ ਘਰ ਪਰਤਣਾ ਤੇ ਡਰਾਈਵਰ ਨੂੰ ਚੱਲੇ ਹੋਏ ਮੀਟਰ ਤੋਂ ਵਾਧੂ ਟਿੱਪ ਵੀ ਦੇਣਾ... ਜਿਸ ਡਰਾਈਵਰ ਨੂੰ ਉਸ ਦੀ ਕਾਲ ਮਿਲ ਜਾਂਦੀ ਉਸ ਦੀ ਤਾਂ ਲਾਟਰੀ ਨਿਕਲ ਆਈ ਸਮਝੀ ਜਾਂਦੀ।

ਸਿਰਫ਼ ਇਕੋ ਨੁਕਸ ਸੀ ਰੌਬ ਜ਼ੈਕਰੀ ਵਿਚ ਕਿ ਉਹ ਸ਼ਰਾਬੀ ਹੋਇਆ ਹਿੰਦੁਸਤਾਨੀ ਬੰਦਿਆਂ ਨੂੰ ਅਵਾ-ਤਵਾ ਬੋਲਣੋਂ ਨਾ ਹਟਦਾ। ਡਰਾਈਵਰ ਵੀ ਉਸ ਦੇ ਮਾਲਕਾਂ ਨੂੰ ਵੀ ਇਸ ਗੱਲ ਦਾ ਪਤਾ ਸੀ ਪਰ ਕਦੇ ਕਦਾਈਂ ਕਿਸੇ ਡਰਾਈਵਰ ਵੱਲੋਂ ਕੀਤੀ ਗਈ ਸ਼ਿਕਾਇਤ ਨੂੰ ਉਹ ਘੱਟ ਹੀ ਗੌਲਦੇ। ਦਿਨ ਵੇਲੇ ਰੌਬ ਜ਼ੈਕਰੀ ਦੀ ਟਰੱਕ ਕੰਪਨੀ ਵੱਲੋਂ ਢੇਰ ਸਾਰਾ ਕਾਗਜ਼-ਪੱਤਰ ਤੇ ਹੋਰ ਡਲਿਵਰੀਆਂ ਦਾ ਕੰਮ ਇਸੇ ਕੰਪਨੀ ਰਾਹੀਂ ਹੁੰਦਾ ਸੀ।

ਮੇਰੀ ਵੀ ਉਸ ਦਿਨ ਸ਼ਾਮ ਨੂੰ ਲਾਟਰੀ ਨਿਕਲੀ। ਰੌਬ ਜ਼ੈਕਰੀ ਦੀਆਂ ਬਹੁਤ ਸਾਰੀਆਂ ਗੱਲਾ ਸੁਣਨੀਆਂ ਪਈਆਂ... ਪੰਜਾਬੀ ਲੋਕ ਅਨਪੜ੍ਹ ਹਨ, ਮੈਨਰਜ਼ ਨਹੀਂ ਜਾਣਦੇ, ਪੰਜਾਬੀ ਡਰਾਈਵਰਾਂ ਦੇ ਮੂੰਹੋਂ ਲੁਸਣ ਦੀ ਬੂਅ ਆਉਂਦੀ ਹੈ, ਸਵਾਰੀ ਲਈ ਦਰਵਾਜ਼ਾ ਨਹੀਂ ਖੋਲ੍ਹਦੇ ਸਗੋਂ ਕੋਲ ਖੜ੍ਹੇ ਖੜ੍ਹੇ ਪਬਲਿਕ ਵਿਚ ਹੀ ਨੇਫ਼ੇ ਹੇਠਾਂ ਖੁਰਕ ਕਰਦੇ ਰਹਿੰਦੇ ਸਨ...ਆਦਿ।

ਮੈਂ ਸੁੱਖੇ ਨੂੰ ਇਸ ਤਜਰਬੇ ਬਾਰੇ ਦੱਸਿਆ ਤਾਂ ਉਸ ਨੇ ਮੈਨੂੰ ਬਾਕੀ ਟੈਕਸੀ ਡਰਾਈਵਰਾਂ ਨੂੰ ਲੈ ਕੇ ਯੂਨੀਅਨ ਬਣਾਉਣ ਦੀ ਸਲਾਹ ਦਿੱਤੀ। ਮੈਂ ਦੋਂਹ ਚੌਂਹ ਡਰਾਈਵਰਾਂ ਨਾਲ ਗੱਲ ਕੀਤੀ ਪਰ ਹਰ ਕੋਈ ਕੰਨ ਭੰਨ ਗਿਆ...'ਅਸੀਂ ਕਿਹੜਾ ਸਾਰੀ ਉਮਰ ਏਥੇ ਟੈਕਸੀਆਂ ਚਲਾਉਣੀਆਂ, ਚਾਰ ਪੈਸੇ ਜੋੜ 'ਦੇਸ' ਨੂੰ ਪਰਤ ਜਾਣੈਂ, ਕਿਹੜਾ ਇਥੇ ਯੂਨੀਅਨ ਬਣਾਉਣ ਦੇ ਚੱਕਰਾਂ'ਚ ਪਵੇ...' ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਵਿਚੋਂ ਲਗਪਗ ਸਾਰੇ ਦੇ ਸਾਰੇ ਅਜੇ ਵੀ ਉਹੀ ਟੈਕਸੀ ਚਲਾਉਂਦੇ ਹਨ। ਟੈਕਸੀਆਂ ਦੇ ਮਾਲਕ ਤਾਂ ਜ਼ਰੂਰ ਬਣ ਗਏ ਹਨ ਪਰ 'ਦੇਸ' ਪਰਤਣ ਦਾ ਕੋਈ ਨਾਮ ਲੈਂਦਾ ਨਹੀਂ ਸੁਣਿਆ।

ਛਿੱਬਾ ਪੈ ਕੇ ਮੈਂ ਇਸ ਕੰਪਨੀ ਵਿਚ ਆ ਗਿਆ। ਕੁਝ ਚਿਰ ਬਾਅਦ ਪੁਰਾਣੀ ਕੰਪਨੀ ਵਿਚ ਇਕ ਅਜੀਬ ਵਾਕਿਆ ਹੋਇਆ। ਇਕ ਵੀਕ ਐਂਡ ਸ਼ਾਮ ਨੂੰ ਰੌਬ ਜ਼ੈਕਰੀ ਦੀ ਕਾਲ ਇਕ ਕੈਨੈਡਾ 'ਚ ਪਲੇ ਪੰਜਾਬੀ ਨੌਜੁਆਨ ਪਿੰਦਰ ਨੂੰ ਮਿਲੀ। ਪਿੰਦਰ ਯੂਨੀਵਰਸਿਟੀ ਪੜ੍ਹਦਾ ਸੀ ਤੇ ਵੀਕ ਐਂਡ ਨੂੰ ਟੈਕਸੀ ਚਲਾ ਆਪਣਾ ਜੇਬ ਖਰਚ ਬਣਾ ਲੈਂਦਾ ਸੀ।

ਆਪਣੇ ਸੁਭਾਅ ਮੁਤਾਬਕ ਜਦੋਂ ਰੌਬ ਜ਼ੈਕਰੀ ਨੇ ਹਿੰਦੁਸਤਾਨੀਆਂ ਬਾਰੇ ਤਵਾ ਲਾਇਆ ਤਾਂ ਟੈਕਸੀ ਇਕ ਲੰਬੇ ਪੁਲ ਉੱਪਰੋਂ ਗੁਜ਼ਰ ਰਹੀ ਸੀ। ਪਿੰਦਰ ਨੇ ਪੁਲ ਦੇ ਐਨ ਅੱਧ ਵਿਚਕਾਰ ਟੈਕਸੀ ਰੋਕ ਕੇ ਗਾਹਲਾਂ ਕੱਢ ਕੇ ਰੌਬ ਜ਼ੈਕਰੀ ਤੇ ਉਸ ਦੀ ਸਹੇਲੀ ਨੂੰ ਉੱਥੇ ਹੀ ਉਤਾਰ ਦਿੱਤਾ ਬੜਾ ਹੱਲਾ-ਗੁੱਲਾ ਮੱਚਿਆ ਕੰਪਨੀ ਵਿਚ, ਡਰਾਈਵਰ ਤਾਂ ਪਿੰਦਰ ਦੇ ਹੱਕ ਵਿਚ ਖਲੋਂਦੇ ਸਨ ਤੇ ਮਾਲਕ ਪਿੰਦਰ ਨੂੰ ਬੁਰਾ ਭਲਾ ਕਹਿੰਦੇ ਸਨ।

ਰੌਬ ਜ਼ੈਕਰੀ ਦੀ ਕੰਪਨੀ ਨੇ ਡਲਿਵਰੀਆਂ ਲਈ ਕਿਸੇ ਹੋਰ ਕੰਪਨੀ ਦੀਆਂ ਟੈਕਸੀਆਂ ਸੱਦਣੀਆਂ ਸ਼ੁਰੂ ਕਰ ਦਿੱਤੀਆਂ ਸਨ। ਪਿੰਦਰ ਵੀ ਸੁੱਖੇ ਦਾ ਵਾਕਿਫ਼ ਸੀ ਤੇ ਉਸ ਨੇ ਸੁੱਖੇ ਦੀ ਟੈਕਸੀਆਂ ਦੇ ਮਾਲਕਾਂ ਨਾਲ ਇਕ ਮੀਟਿੰਗ ਕਰਵਾਈ। ਸੁੱਖੇ ਨੇ ਉਨ੍ਹਾਂ ਨੂੰ ਕਾਨੂੰਨੀ ਨੁਕਤਾ ਸਮਝਾਉਂਦਿਆਂ ਕਿਹਾ ਕਿ ਇਸ ਮਿਊਂਸਪੈਲਟੀ ਵਿਚ ਟੈਕਸੀ ਦੇ ਕੰਮ ਦਾ ਲਾਇਸੈਂਸ ਸਿਰਫ਼ ਤੁਹਾਡੀ ਕੰਪਨੀ ਕੋਲ ਹੈ। ਇਸ ਲਈ ਬਾਹਰਲੀ ਮਿਊਂਸਪੈਲਟੀ ਦੀ ਟੈਕਸੀ ਰੌਬ ਜ਼ੈਕਰੀ ਦੀ ਕੰਪਨੀ ਦਾ ਬਿਜ਼ਨੈੱਸ ਨਹੀਂ ਲੈ ਸਕਦੀ। ਸਰਕਾਰੀ ਅਦਾਰੇ ਕੋਲ ਪਹੁੰਚ ਕੀਤੀ ਗਈ ਤੇ ਸੁੱਖੇ ਦਾ ਦੱਸਿਆ ਨੁਕਤਾ ਠੀਕ ਨਿਕਲਿਆ। ਰੌਬ ਜ਼ੈਕਰੀ ਦੀ ਕੰਪਨੀ ਨੂੰ ਮਜਬੂਰਨ ਮੁੜ ਇਸੇ ਕੰਪਨੀ ਨੂੰ ਬਿਜ਼ਨੈਸ ਦੇਣਾ ਪਿਆ ਤੇ ਹਿਰਖਿਆ ਹੋਇਆ ਰੌਬ ਜ਼ੈਕਰੀ ਕਿਸੇ ਹੋਰ ਇਲਾਕੇ ਵਿਚ ਰਹਿਣ ਲੱਗ ਪਿਆ।

ਇਸ ਜਿੱਤ ਦੀ ਬੜੀ ਖੁਸ਼ੀ ਮਨਾਈ ਸੀ ਡਰਾਈਵਰਾਂ ਨੇ। ਕੁਝ ਇਕ ਨੇ ਇਕੱਠੇ ਹੋ ਕੇ ਇਕ ਛੋਟੀ ਜਿਹੀ ਪਾਰਟੀ ਵੀ ਕੀਤੀ ਜਿਸ ਵਿਚ ਸੁੱਖੇ ਨੂੰ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ ਸੀ। ਸੁੱਖੇ ਨਾਲ ਉਸ ਤੋਂ ਜ਼ਰਾ ਕੁ ਸਿਆਣੀ ਉਮਰ ਦਾ ਵਿਅਕਤੀ ਵੀ ਉਸ ਪਾਰਟੀ ਵਿਚ ਆਇਆ ਸੀ, ਨਾਂਮ ਸੀ ਦਰਵੇਸ਼ ਉਸ ਦਾ। ਚੌੜੇ ਮੱਥੇ ਉੱਪਰ ਦੀ ਵਾਹੇ ਹੋਏ ਜ਼ਰਾ ਕੁ ਸਫ਼ੈਦੀ ਲਿਸ਼ਕ ਮਾਰਦੇ ਜ਼ਰਾ ਲੰਬੇ ਵਾਲ, ਹਲਕੀਆਂ ਸ਼ਰਬਤੀ ਅੱਖਾਂ ਤੇ ਚੌੜੇ ਗੋਲਾਈਦਾਰ ਭਰਵੱਟੇ। ਸਾਦਾ ਜਿਹੇ ਕੱਪੜਿਆਂ ਵਿਚ ਵੀ ਸਿਆਣੀਆਂ ਗੱਲਾਂ ਕਰਦਾ ਉਹ ਅਗਲੇ ਦਾ ਧਿਆਨ ਮੱਲੋ-ਮੱਲੀ ਖਿੱਚ ਲੈਂਦਾ ਸੀ। ਸੁੱਖੇ ਨੇ ਉਹਦੀ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਸੀ ਕਿ ਫਾਰਮਾਂ ਦੇ ਕਾਮਿਆਂ ਦੀ ਯੂਨੀਅਨ ਬਣਾਉਣ ਵਿਚ ਦਰਵੇਸ਼ ਦਾ ਬੜਾ ਹੱਥ ਸੀ। ਉਸ ਪਾਰਟੀ ਵਿਚ ਵੀ ਦਰਵੇਸ਼ ਨੇ ਡਰਾਈਵਰਾਂ ਨੂੰ ਯੂਨੀਅਨ ਬਣਾਉਣ ਬਾਰੇ ਸੋਚਣ ਦੀ ਗੱਲ ਕੀਤੀ ਸੀ। ਉਸ ਦਾ ਕਹਿਣਾ ਸੀ ਕਿ ਹੁਣ ਇਹੀ ਸਾਡਾ ਮੁਲਕ ਹੈ ਤੇ ਆਪਾਂ ਇਥੇ ਆਪਣੀਆਂ ਜੜ੍ਹਾਂ ਪੱਕੀਆਂ ਕਰੀਏ।

ਪਰ ਸ਼ਰਾਬੀ ਹੋਏ ਡਰਾਈਵਰ ਤਾਂ ਹੋਰ ਈ ਮੂਡ ਵਿਚ ਸਨ, ਇਕ ਪਾਸੇ ਤਾਂ ਕੰਪਨੀ ਦੇ ਨਵੇਂ ਡਾਇਰੈਕਟਰਾਂ ਦੀ ਚੋਣ ਬਾਰੇ ਸਿੰਗ ਫਸੇ ਹੋਏ ਸਨ ਤੇ ਕੁਝ ਏਅਰ ਪੋਰਟ ਉੱਪਰ ਵਧ ਰਹੀ ਟੈਕਸੀਆਂ ਦੀ ਫੀਸ ਬਾਰੇ ਤੇ ਉਥੇ ਡਿਊਟੀ ਦਿੰਦੇ ਗੋਰੇ ਟੈਕਸੀ ਕੰਟਰੋਲਾਂ ਦੇ ਵਤੀਰੇ ਬਾਰੇ ਆਪਣਾ ਗੁਬਾਰ ਕੱਢ ਰਹੇ ਸਨ।

ਏਅਰਪੋਰਟ ਦੀ ਫ਼ੀਸ ਤੋਂ ਯਾਦ ਆਇਆ ਕਿ ਦੋ ਕੁ ਦਿਨ ਤਕ ਟੈਕਸੀ ਦੀ ਡਿਸਪੈਚ ਫੀਸ ਵੀ ਭਰਨੀ ਹੈ। ਘਰੋਂ ਲਿਆਂਦੇ ਬਾਕੀ ਬਿੱਲਾਂ ਦਾ ਥੱਬਾ ਵੀ ਮੇਰੇ ਕੋਟ ਦੀ ਜੇਬ ਵਿਚ ਹੀ ਹੈ। ਅਖ਼ਬਾਰ ਬੰਦ ਕਰਕੇ ਬਿੱਲਾਂ ਦਾ ਹਿਸਾਬ-ਕਿਤਾਬ ਕਰਨ ਦੀ ਤਿਆਰੀ ਕਰਦਾ ਹਾਂ ਤਾਂ ਸਾਹਮਣਿਉਂ ਇਕ ਬਜ਼ੁਰਗ ਜੋੜਾ ਟੈਕਸੀ ਵੱਲ ਆਉਂਦਾ ਦਿਖਾਈ ਦਿੰਦਾ ਹੈ। ਲਾਗੇ ਪਹੁੰਚਦਿਆਂ ਮੈਂ ਦਬਾ ਦਬ ਬਾਹਰ ਨਿਕਲ ਕੇ ਦਰਵਾਜ਼ਾ ਖੋਲ੍ਹਦਾ ਹਾਂ ਤੇ ਖੁੱਲ੍ਹੀ ਮੁਸਕਰਾਹਟ ਨਾਲ ਦੋਵੇਂ ਧੰਨਵਾਦ ਕਰਕੇ ਅੰਦਰ ਬੈਠ ਜਾਂਦੇ ਹਨ।

"ਹਾਏ ਯੰਗਮੈਨ! ਮੈਨੂੰ ਅਫ਼ਸੋਸ ਹੈ ਕਿ ਅਸੀਂ ਜ਼ਿਆਦਾ ਦੂਰ ਨਹੀਂ ਜਾਣਾ",



ਮੈਨੂੰ ਸੰਬੋਧਨ ਕਰਕੇ ਬਜ਼ੁਰਗ ਦੀ ਸਾਥਣ ਆਖਦੀ ਹੈ, "ਅਸੀਂ ਇਥੇ ਆਏ ਤਾਂ ਪੈਦਲ ਹੀ ਸਾਂ ਪਰ ਅਚਾਨਕ ਮੇਜਾ ਗੋਡਾ ਮੁੜ ਦੁਖਣ ਲੱਗ ਗਿਆ ਹੈ," ਉਹ ਪਿਆਰ ਤੇ ਹਲੀਮੀ ਨਾਲ ਕਹਿੰਦੀ ਹੈ।

"ਕੋਈ ਗੱਲ ਨਹੀਂ ਜੀ, ਜਦ ਕੰਮ ਹੀ ਇਹੋ ਕਰਨਾ ਤਾਂ ਟ੍ਰਿੱਪ ਛੋਟਾ ਕੀ ਤਾਂ ਵੱਡਾ ਕੀ," ਮੈਂ ਜ਼ਰਾ ਬਨਾਵਟੀ ਲਹਿਜ਼ੇ ਵਿਚ ਆਖਦਾ ਹਾਂ। "ਦੈਟ' ਸ ਲਾਈਕ ਏ ਗੁੱਡ ਵਰਕਰ," ਬਜ਼ੁਰਗ ਖੁਸ਼ ਹੋ ਕੇ ਕਹਿੰਦਾ ਹੈ, "ਤੇਰੇ ਵਰਗੇ ਰਵੱਈਏ ਵਾਲੇ ਦੀ ਮੈਂ ਕਦਰ ਕਰਦਾ ਹਾਂ।"

ਜੌਰਜੀਆ ਸਟਰੀਟ ਉੱਪਰ ਟ੍ਰੈਫਿਕ ਬਹੁਤ ਹੌਲੀ ਚੱਲ ਰਿਹਾ ਹੈ, ਸ਼ਾਇਦ ਅਗਾਂਹ ਪੁਲ ਉੱਪਰ ਜਾਮ ਲੱਗਾ ਹੈ।

"ਜਾਪਦਾ ਹੈ ਕਿ ਅਗਾਂਹ ਲਾਇਨਜ਼ ਗੇਟ ਪੁਲ ਉੱਪਰ ਫਿਰ ਕੋਈ ਦੁਰਘਟਨਾ ਹੋਈ ਹੈ," ਬਜ਼ੁਰਗ ਦੀ ਸਾਥਣ ਕਿਆਸਦੀ ਹੈ।

"ਸਰਕਾਰ ਨੂੰ ਚਾਹੀਦਾ ਹੈ ਕਿ ਇਕ ਹੋਰ ਨਵਾਂ ਤੇ ਚੌੜਾ ਪੁਲ ਬਣਾਵੇ, ਇਥੇ ਹਮੇਸ਼ਾ ਹੀ ਬਹੁਤ ਵਕਤ ਬਰਬਾਦ ਹੁੰਦਾ ਹੈ ਟ੍ਰੈਫਿਕ ਵਿਚ," ਮੈਂ ਮੀਟਰ ਉੱਪਰ ਵਧ ਰਹੇ ਭਾੜੇ ਵੱਲੋਂ ਉਨ੍ਹਾਂ ਦਾ ਧਿਆਨ ਹਟਾਉਣਾ ਚਾਹੁੰਦਾ ਹਾਂ।

"ਨਹੀਂ ਯੰਗ ਮੈਨ, ਨਵਾਂ ਪੁਲ ਨਹੀਂ, ਸਗੋਂ ਸਰਕਾਰ ਨੂੰ ਚਾਹੀਦਾ ਹੈ ਕਿ ਢੇਰ ਸਾਰੀਆਂ ਬੱਸਾਂ ਹੋਰ ਚਲਾਵੇ ਤਾਂ ਕਿ ਲੋਕਾਂ ਨੂੰ ਕਾਰਾਂ ਤੋਂ ਬਗੈਰ ਜਿਉਣ ਦੀ ਆਦਤ ਪਵੇ," ਬਜ਼ੁਰਗ ਮੈਨੂੰ ਸਮਝਾਉਂਦਾ ਹੈ, "ਹੋਰ ਪੁਲ ਬਣਨ ਨਾਲ ਇਕ ਤਾਂ ਕਾਰਾਂ ਦਾ ਧੂੰਆਂ ਤੇ ਟ੍ਰੈਫਿਕ ਵਧੇਗਾ ਤੇ ਦੂਸਰੇ ਤੇਰੇ ਵਰਗੇ ਕਾਮਿਆਂ ਨੂੰ ਟੈਕਸ ਹੋਰ ਦੇਣਾ ਪਵੇਗਾ। ਅਮੀਰ ਲੋਕ ਤਾਂ ਅੱਗੇ ਈ ਕੋਈ ਟੈਕਸ ਨਹੀਂ ਦਿੰਦੇ, ਇਹ ਮੁਲਕ ਤਾਂ ਤੇਰੇ-ਮੇਰੇ ਵਰਗੇ ਮਜ਼ਦੂਰਾਂ ਦੇ ਸਿਰ ਉੱਪਰ ਹੀ ਚਲਦੇ ਹਨ। ਅਸੀਂ ਸਾਰੀ ਉਮਰ ਬੁੱਕਾਂ ਦੇ ਬੁੱਕ ਡਾਲਰਾਂ ਦੇ ਟੈਕਸਾਂ ਵਿਚ ਭਰਦੇ ਰਹੇ ਹਾਂ, ਹੁਣ ਕਿਤੇ ਜਾ ਕੇ ਪੈਨਸ਼ਨ ਲੈਣ ਲੱਗੇ ਹਾਂ।"

ਟ੍ਰੈਫਿਕ ਹੌਲੀ-ਹੌਲੀ ਅਗਾਂਹ ਵਧਣ ਲੱਗਾ ਹੈ। "ਕਾਰਾਂ ਘਟਣ ਨਾਲ ਤੁਹਾਡਾ ਧੰਦਾ ਵੀ ਤੇਜ਼ ਹੋਵੇਗਾ ਤੇ ਤੁਹਾਨੂੰ ਘੱਟ ਘੰਟੇ ਕੰਮ ਕਰਕੇ ਟੱਬਰ ਪਾਲਣ ਜੋਗੀ ਆਮਦਨ ਹੋਵੇਗੀ... ਬੱਸ ਹੈਥੇ ਉਚੀ ਬਿਲਡਿੰਗ ਕੋਲ ਗੱਡੀ ਰੋਕ ਦੇ," ਬਜ਼ੁਰਗ ਕਹਿੰਦਾ ਹੈ ਤੇ ਮੀਟਰ ਉੱਪਰ ਚੱਲੇ ਪੈਸਿਆਂ ਤੋਂ ਕੁਝ ਵਾਧੂ ਪੈਸੇ ਮੇਰੇ ਹੱਥ ਵਿਚ ਫੜਾ ਕੇ ਘੁੱਟਦਾ ਹੋਇਆ "ਆਪਣੇ ਪਰਿਵਾਰ ਲਈ ਕ੍ਰਿਸਮਿਸ ਗਿਫ਼ਟ ਲੈ ਲਵੀਂ," ਕਹਿ ਕੇ ਸਾਥਣ ਨੂੰ ਬਾਂਹ ਫੜਾ ਕੇ ਟੈਕਸੀ ਵਿਚੋਂ ਬਾਹਰ ਕੱਢਦਾ ਬਿਲਡਿੰਗ ਵੱਲ ਤੁਰ ਪੈਂਦਾ ਹੈ।

ਮੈਂ ਮੁੜ ਉਸ ਟੈਕਸੀ ਸਟੈਂਡ ਦਾ ਰੁਖ ਕਰ ਲੈਂਦਾ ਹਾਂ। 'ਆਪਦੇ ਪਰਿਵਾਰ ਲਈ ਕ੍ਰਿਸਮਿਸ ਦਾ ਗਿਫ਼ਟ ਲੈ ਲਵੀਂ,' ਬਜ਼ੁਰਗ ਦੇ ਮੁਸਕਰਾਹਟ ਭਰੇ ਬੋਲ ਮੇਰੇ ਕੰਨਾਂ ਵਿਚ ਗੂੰਜਦੇ ਹਨ, 'ਬੱਚਿਆਂ ਲਈ ਸਭ ਤੋਂ ਵੱਡਾ ਗਿਫ਼ਟ ਤਾਂ ਇਹੀ ਹੋ ਸਕਦਾ ਹੈ ਕਿ ਮੈਂ ਕ੍ਰਿਸਮਿਸ ਵਾਲੇ ਦਿਨ ਛੁੱਟੀ ਕਰ ਕੇ ਸਾਰਾ ਵਕਤ ਉਨ੍ਹਾਂ ਨਾਲ ਗੁਜ਼ਾਰ ਸਕਾਂ। ਪਰ ਇਹ ਕਿਵੇਂ ਸੰਭਵ ਹੈ? ਉਨ੍ਹਾਂ ਦਿਨਾਂ ਵਿਚ ਹੀ ਤਾਂ ਚੰਗੇ ਪੈਸੇ ਬਣਦੇ ਹਨ।' ਮੱਲੋਮੱਲੀ ਮੇਰਾ ਹੱਥ ਕੋਟ ਦੀ ਜੇਬ ਵਿਚ ਪਏ ਬਿੱਲਾਂ ਉੱਪਰ ਜਾ ਟਿਕਦਾ ਹੈ।

ਅਗਾਂਹ ਚੌਰਾਹੇ ਉੱਪਰ ਲਾਲ ਬੱਤੀ ਹੈ। ਪਤਾ ਨਹੀਂ ਕਿਉਂ ਮੈਂ ਥੱਬੇ ਵਿਚੋਂ ਇਕ ਬਿੱਲ ਖਿੱਚ ਕੇ ਖੋਲ੍ਹ ਲੈਂਦਾ ਹਾਂ। ਮਾਤਾ-ਪਿਤਾ ਦੇ ਮੈਡੀਕਲ ਇੰਸ਼ੋਰੈਂਸ ਦਾ ਬਿੱਲ ਹੈ, ਪਿਛਲੀ ਵਾਰੀ ਨਾਲੋਂ ਕਿਸ਼ਤ ਵਧਾ ਦਿੱਤੀ ਗਈ ਹੈ। ਬਿੱਲ ਤਹਿ ਲਾ ਕੇ ਪੈਂਟ ਦੀ ਜੇਬ ਵਿਚ ਪਾ ਲੈਂਦਾ ਹਾਂ ਕਿ ਕਿਧਰੇ ਪਿਤਾ ਜੀ ਦੀ ਨਜ਼ਰ ਨਾ ਪੈ ਜਾਵੇ। ਐਵੇਂ ਫਿਕਰ ਕਰੀ ਜਾਣਗੇ, "ਸਾਡੇ ਆਉਣ ਨਾਲ ਤੇਰਾ ਖਰਚ ਵਧ ਗਿਆ ਹੈ, ਸੁੱਖੇ ਨੂੰ ਕਹਿ-ਸੁਣ ਕੇ ਸਾਨੂੰ ਕੋਈ ਮਾੜਾ-ਮੋਟਾ ਕੰਮ ਹੀ ਦਿਵਾ ਦੇ, ਖਰਚੇ ਵਿਚ ਤੇਰਾ ਹੱਥ ਵਟਾਈਏ।"

"ਅੰਕਲ ਜੀ! ਤੁਸੀਂ ਆਪਦੇ ਪੋਤੇ-ਪੋਤੀ ਨੂੰ ਸਾਂਭੀ ਜਾਨੇ ਆਂ, ਇਹ ਇਨ੍ਹਾਂ ਦਾ ਹੱਥ ਵਟਾਉਣ ਦੀ ਆ, ਹੋਰ ਪੰਜਾਂ-ਸੱਤਾਂ ਸਾਲਾਂ ਨੂੰ ਤੁਹਾਨੂੰ ਬੁਢਾਪਾ ਪੈਨਸ਼ਨ ਲੱਗ ਜਾਣੀਆਂ," ਸੁੱਖੇ ਨੇ ਪਿਤਾ ਜੀ ਨੂੰ ਸਮਝਾਇਆ ਸੀ।

"ਪਰ ਕਾਕਾ, ਅਸੀਂ ਕੰਮ ਤਾਂ ਕੋਈ ਕਰਦੇ ਨਹੀਂ, ਪੈਨਸ਼ਨ ਦੇ ਹੱਕਦਾਰ ਕਿਵੇਂ ਹੋਵਾਂਗੇ?" ਪਿਤਾ ਜੀ ਨੇ ਪੁੱਛਿਆ ਸੀ।

"ਜੋ ਕੰਮ ਅੰਕਲ ਜੀ ਤੁਸੀਂ ਕਰ ਰਹੇ ਆਂ ਉਹ ਸਭ ਤੋਂ ਵੱਧ ਕੀਮਤੀ ਹੈ। ਇਹ ਤੀਵੀਂ-ਆਦਮੀ ਤਾਂ ਕੰਮਾਂ ਉੱਪਰ ਚਲੇ ਜਾਂਦੇ ਹਨ ਤੇ ਇਨ੍ਹਾਂ ਦੇ ਬੱਚੇ ਤੁਹਾਡੇ ਦੋਨਾਂ ਦੀ ਦੇਖ-ਰੇਖ ਅਧੀਨ ਚੰਗੀ ਤਰ੍ਹਾਂ ਪਲ ਰਹੇ ਹਨ। ਵੱਡੇ ਹੋ ਕੇ ਇਹ ਬੱਚੇ ਇਸ ਮੁਲਕ ਦੇ ਵਧੀਆਂ ਸ਼ਹਿਰੀ ਬਣਨਗੇ। ਇਸ ਤੋਂ ਵੱਧ ਸੇਵਾ ਇਸ ਮੁਲਕ ਦੀ ਹੋਰ ਕੀ ਹੋ ਸਕਦੀ ਹੈ?" ਸੁੱਖੇ ਦੀ ਗੱਲ ਨੇ ਪਿਤਾ ਜੀ ਨੂੰ ਨਿਰਉੱਤਰ ਕਰ ਦਿੱਤਾ ਸੀ।... ਕੁਝ ਦਿਨਾਂ ਬਾਅਦ ਮਾਤਾ ਨੂੰ ਫੋਨ ਉੱਪਰ ਸੁੱਖੇ ਦੀ ਮਾਂ ਨਾਲ ਗੱਲਾਂ ਕਰਦੇ ਸੁਣਿਆ,"...ਹੋਰ ਭੈਣੇ! ਹੁਣ ਤਾਂ ਅਸਥ ਈ ਕੁੱਜੇ 'ਚ ਪੈ ਕੇ ਇੰਡੀਆ ਜਾਣਗੇ, ਅਸੀਂ ਕੀ ਜਾਣਾ...ਬੱਸ ਮਨ ਨੂੰ ਸਮਝਾਉਣ ਦੀ ਗੱਲ ਆ....!" ਮਾਤਾ ਕਦੇ ਕਦੇ ਐਵੇਂ ਝੱਲ-ਬਲੱਲੀਆਂ ਮਾਰਨ ਲੱਗ ਪੈਂਦੀ ਹੈ।

ਹਰੀ ਬੱਤੀ ਹੋ ਗਈ ਹੈ ਅਗਾਂਹ ਡੈਨਮਾਨ ਸਟਰੀਟ ਦੇ ਬੱਸ ਸਟਾਪ ਉੱਪਰ ਇਕ ਜੁਆਨ ਲੜਕੀ ਮੈਨੂੰ ਹੱਥ ਹਿਲਾ ਕੇ ਰੁਕਣ ਦਾ ਇਸ਼ਾਰਾ ਕਰਦੀ ਹੈ। ਸ਼ਾਇਦ ਬੱਸ ਉਡੀਕਦੀ ਉਕਤਾ ਗਈ ਹੈ। ਉਕਤਾਵੇ ਵੀ ਕਿਉਂ ਨਾ? ਬਿਲਕੁਲ ਨੀਵੇਂ ਗਲਮੇਂ ਦਾ ਬਲਾਊਜ਼ ਤੇ ਮਿੰਨੀ ਸਕਰਟ ਪਾਈ ਹੋਈ ਹੈ। ਕੱਪੜੇ ਸਰੀਰ ਨੂੰ ਕੱਜ ਘੱਟ ਤੇ ਦਿਖਾ ਵਧੇਰੇ ਰਹੇ ਸਨ।

"ਪੈਨ ਪੈਸਿਫਿਕ," ਉਹ ਪਿਛਲੀ ਸੀਟ ਉੱਪਰ ਬੈਠ ਕੇ ਹੱਥ ਆਪਸ ਵਿਚ ਰਗੜਦੀ ਬੋਲਦੀ ਹੈ।

'ਜੇਕਰ ਇਤਨੀ ਸਰਦੀ ਵਿਚ ਇਹ ਇਤਨੇ ਘੱਟ ਕੱਪੜੇ ਪਾਉਂਦੀ ਹੈ ਤਾਂ ਗਰਮੀਆਂ ਵਿਚ ਕੀ ਹਾਲ ਹੋਵੇਗਾ?' ਸੋਚਦਿਆਂ ਕੁਝ ਮਹੀਨੇ ਪਹਿਲਾਂ ਅਖ਼ਬਾਰ ਵਿਚ ਪੜ੍ਹੀ ਖ਼ਬਰ ਯਾਦ ਆਉਂਦੀ ਹੈ ਕਿ ਇਕ ਯੂਨੀਵਰਸਿਟੀ ਦੀ ਵਿਦਿਆਰਥਣ ਨੇ ਕਾਨੂੰਨ ਨੂੰ ਚੈਲਿੰਜ ਕਰਨ ਲਈ ਸਵਿਮਿੰਗ ਪੂਲ ਵਿਚ ਵੜਨ ਤੋਂ ਪਹਿਲਾਂ ਉੱਪਰਲੇ ਧੜ ਦੇ ਸਾਰੇ ਵਸਤਰ ਉਤਾਰ ਦਿੱਤੇ ਸਨ। ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ



ਕਰ ਲਿਆ ਸੀ ਤੇ ਹੁਣ ਉਹ ਆਪਣਾ ਕੇਸ ਖੁਦ ਲੜਨਾ ਚਾਹੁੰਦੀ ਸੀ। ਕੈਨੇਡਾ ਦੇ ਇਕ ਪ੍ਰਾਂਤ ਵਿਚ ਵੀ ਔਰਤਾਂ ਨੇ ਜੱਦੋ-ਜਹਿਦ ਨਾਲ ਇਕ ਹੱਕ ਪ੍ਰਾਪਤ ਕਰ ਲਿਆ ਸੀ ਕਿ ਜੇਕਰ ਮਰਦ ਆਪਣੀ ਕਮੀਜ਼ ਪਬਲਿਕ ਵਿਚ ਉਤਾਰ ਕੇ ਤੁਰ-ਫਿਰ ਸਕਦੇ ਹਨ ਤਾਂ ਔਰਤਾਂ ਵੀ ਅਜਿਹਾ ਕਰ ਸਕਦੀਆਂ ਹਨ।

ਪਿਛਲੇ ਸਾਲ ਗਰਮੀਆਂ 'ਚ ਇਸੇ ਰੌਬਸਨ ਸਕੁਏਅਰ ਵਿਚ ਹੀ ਔਰਤਾਂ ਨੇ ਇਹ ਹੱਕ ਮੰਗਣ ਲਈ ਮੁਜ਼ਾਹਰਾ ਵੀ ਕੀਤਾ ਸੀ ਤੇ ਕਈ ਔਰਤਾਂ ਨੇ ਆਪਣੇ ਉੱਪਰਲੇ ਧੜ ਦੇ ਵਸਤਰ ਉਤਾਰ ਕੇ ਜਲੂਸ ਦੀ ਸ਼ਕਲ ਵਿਚ ਮਾਰਚ ਕੀਤਾ ਸੀ। ਬੜੇ ਲੋਕ ਇਕੱਠੇ ਹੋਏ ਸਨ, ਕੁਝ ਤਾਂ ਉਨ੍ਹਾਂ ਦੀ ਇਸ ਮੰਗ ਦੀ ਪ੍ਰੋੜਤਾ ਕਰਨ ਲਈ ਤੇ ਕਈ ਸਿਰਫ਼ ਤਮਾਸ਼ਬੀਨੀ ਲਈ ਜਿਨ੍ਹਾਂ ਵਿਚ ਸਾਡੇ ਟੈਕਸੀਆਂ ਵਾਲੇ ਵੀ ਸ਼ਾਮਿਲ ਸਨ। ਪਤਾ ਨਹੀਂ ਕਿਉਂ ਉਸ ਦਿਨ ਇਕ ਛੋਟੀ ਜਿਹੀ ਬੱਚੀ ਨੂੰ ਜਲੂਸ ਵਿਚ ਪਲੈਕਾਰਡ ਚੁੱਕੀ ਜਾਂਦੀ ਯਾਦ ਕਰਕੇ ਮੇਰੀ ਦਸਾਂ ਕੁ ਸਾਲਾਂ ਦੀ ਬੇਟੀ ਗਿਮੀ ਮੇਰੀ ਸੋਚ ਵਿਚ ਆ ਖਲੋਂਦੀ ਹੈ। ਮੈਂ ਸਿਰ ਝਟਕਦਾ ਹੋਇਆ ਗੱਡੀ ਪੈਨ ਪੈਸਿਫਿਕ ਹੋਟਲ ਦੇ ਅਹਾਤੇ ਵਿਚ ਰੋਕਦਾ ਹਾਂ। ਕਾਹਲੀ ਵਿਚ ਪੈਸੇ ਦੇ ਕੇ ਉੱਤਰੀ ਕੁੜੀ ਟੈਕਸੀ ਦਾ ਪਿਛਲਾ ਦਰਵਾਜ਼ਾ ਬੰਦ ਕਰਨਾ ਭੁੱਲ ਗਈ ਹੈ।

ਬਾਹਰ ਨਿਕਲ ਕੇ ਦਰਵਾਜ਼ਾ ਬੰਦ ਕਰਦਿਆਂ ਅਚਾਨਕ ਮੇਰੀ ਨਜ਼ਰ ਪਿਛਲੇ ਟਾਇਰ ਉੱਪਰ ਪੈਂਦੀ ਹੈ। ਹਵਾ ਕਾਫ਼ੀ ਘੱਟ ਹੈ, ਸ਼ਾਇਦ ਪੈਂਚਰ ਹੋ ਗਿਆ ਹੈ। ਟਾਇਰ ਬਦਲਣ ਲਈ ਵਿਹਲੀ ਜਗਹ ਲੱਭਦਾ-ਲੱਭਦਾ ਭਾਰਤੀ ਕੌਂਸਲੇਟ ਦੇ ਦਫ਼ਤਰ ਸਾਹਮਣੇ ਸੜਕ ਕਿਨਾਰੇ ਗੱਡੀ ਪਾਰਕ ਕਰਦਾ ਹਾਂ। ਬਿਲਡਿੰਗ ਦੇ ਦਰਵਾਜ਼ੇ ਉੱਪਰ ਟੰਗਿਆ ਤਿਰੰਗਾ ਵੀ ਜਿਵੇਂ ਠੰਢ ਨਾਲ ਸੁੰਗੜ ਦੇ ਸਿਰ ਸੁੱਟੀ ਲਟਕ ਰਿਹਾ ਹੈ।

ਕੁਝ ਸਾਲ ਪਹਿਲਾਂ ਜਦੋਂ ਦੇਸ ਗੇੜਾ ਮਾਰਨ ਤੋਂ ਪਹਿਲਾਂ ਸਾਨੂੰ ਇਸ ਦਫ਼ਤਰ ਵਿਚ ਆ ਕੇ ਵੀਜ਼ਾ ਲਗਵਾਉਣਾ ਪਿਆ ਸੀ ਤਾਂ ਬੜਾ ਅਜੀਬ ਜਾਪਿਆ ਸੀ। ਵੀਜ਼ੇ ਦੀ ਅਰਜ਼ੀ ਫਰੋਲਦਿਆਂ ਐਨਕੂ ਜਿਹੇ ਬਾਬੂ ਨੇ ਮੋਟੇ-ਮੋਟੇ ਭੱਦੇ ਬੁੱਲ੍ਹਾਂ ਉਪਰ ਜੀਭ ਫੇਰਦਿਆਂ ਪੁੱਛਿਆ ਸੀ, "ਇੰਡੀਆ ਆਪ ਕਿਉਂ ਜਾਨਾ ਚਾਹਤੇ ਹੈਂ?"

"ਮਾਂ-ਬਾਪ ਤੇ ਦੋਸਤਾਂ ਨੂੰ ਮਿਲਣ ਤੇ ਬੱਚਿਆਂ ਨੂੰ ਦੇਸ ਦਿਖਾਉਣ ਲਈ", ਮੈਂ ਜੁਆਬ ਦਿੱਤਾ ਸੀ।

"ਤੋ ਬਾਰਤ ਮੇਂ ਆਪ ਕਹਾਂ ਕਹਾਂ ਜਾਉਗੇ?" ਉਸ ਨੇ ਅਜੀਬ ਜਿਹੀ ਨਜ਼ਰ ਨਾਲ ਮੈਨੂੰ ਤੱਕਦਿਆਂ ਪੁੱਛਿਆ ਸੀ।

ਮੇਰਾ ਦਿਲ ਤਾਂ ਕੀਤਾ ਸੀ ਕਿ ਉਸ ਨੂੰ ਮੁੱਛਾਂ ਤੋਂ ਫੜ ਕੇ ਪੁੱਛਾਂ ਕਿ ਤੂੰ ਸਾਅਲਾ ਲਗਦੈਂ ਪੁੱਛਣ ਦਾ ਕਿ ਮੈਂ ਆਪਣੇ ਦੇਸ 'ਚ ਕਿੱਥੇ ਕਿੱਥੇ ਜਾਣੈ? ਕਿੰਤੂ ਉਸ ਦੇ ਹੱਥ ਵਿਚ ਫੜਿਆ ਆਪਣਾ ਕੈਨੇਡੀਅਨ ਪਾਸਪੋਰਟ ਦੇਖ ਕੇ ਮੈਂ ਆਪਣਾ ਗੁੱਸਾ ਅੰਦਰ ਹੀ ਪੀ ਗਿਆ ਸੀ।

ਪੈਂਚਰ ਹੋਏ ਟਾਇਰ ਤੇ ਜੈਕ ਨੂੰ ਕਾਰ ਦੇ ਪਿਛਲੇ ਟਰੰਕ ਵਿਚ ਸੁੱਟ ਕੇ ਪਹੀਆ ਕੱਸਣ ਵਾਲਾ ਫਾਨਾ ਆਪਣੀ ਸੀਟ ਹੇਠਾਂ ਰੱਖ ਲੈਂਦਾ ਹਾਂ। ਕੁਝ ਦੇਰ ਗੱਡੀ ਚੱਲਣ

ਤੋਂ ਬਾਅਦ ਨਵੇਂ ਚੜ੍ਹਾਏ ਟਾਇਰ ਦੇ ਨਟ ਦੁਬਾਰਾ ਚੈੱਕ ਕਰਨੇ ਹਨ ਕਿ ਕਿਧਰੇ ਢਿੱਲੇ ਨਾ ਰਹਿ ਗਏ ਹੋਣ। ਠੰਢੇ ਹੱਥਾਂ ਨਾਲ ਪੂਰਾ ਜ਼ੋਰ ਵੀ ਨਹੀਂ ਲਗਾਂ ਹੁੰਦਾ।

ਹੱਥ ਪੂੰਝ ਕੇ ਗੱਡੀ ਕੌਂਸਲੇਟ ਦੇ ਦਫ਼ਤਰ ਤੋਂ ਅਗਾਂਹ ਤੋਰਦਾ ਹਾਂ। ਸ਼ਹਿਰ ਦੇ ਇਸ ਪਾਸੇ ਤਾਂ ਦਫ਼ਤਰ ਜਿਹੇ ਹੀ ਹਨ ਜੋ ਇਸ ਵੇਲੇ ਬੰਦ ਪਏ ਹਨ ਤੇ ਮੈਂ ਪਤਾ ਨਹੀਂ ਕਿਉਂ ਫਿਰ ਰੌਬਸਨ ਸਕੁਏਅਰ ਦਾ ਰੁਖ਼ ਕਰਦਾ ਹਾਂ। ਔਰਤਾਂ ਦੇ ਮੁਜ਼ਾਹਰੇ ਤੋਂ ਅਗਲੇ ਦਿਨ ਸ਼ਾਮ ਨੂੰ ਸੁੱਖੇ ਦੇ ਘਰ ਇਕ ਛੋਟੀ ਜਿਹੀ ਪਾਰਟੀ ਸੀ। ਪੰਜ ਸਾਲ ਪਹਿਲਾਂ ਜਦੋਂ ਸੁੱਖੇ ਨੇ ਯੂਨੀਵਰਸਿਟੀ ਪੜ੍ਹਦੀ ਇਕ ਗੋਰੀ ਕੁੜੀ ਨਾਲ ਕੋਰਟ ਮੈਰਿਜ ਕਰਵਾਈ ਸੀ ਤਾਂ ਲੋਕਾਂ ਨੇ ਕਈ ਤਰ੍ਹਾਂ ਦੀਆਂ ਗੱਲਾਂ ਬਣਾਈਆਂ ਸਨ।

"ਗੋਰੀ ਨੇ ਇਹਦੇ ਨਾਲ ਚਾਰ ਦਿਨ ਨੀ ਕੱਟਣੇ, ਸੁੱਖੇ ਨੂੰ ਛੱਡ ਕਿਸੇ ਹੋਰ ਨਾਲ ਤੁਰ ਜਾਣੈ," ਕੋਈ ਕਿਆਸਦਾ।

"ਉਏ ਇਹ ਗੋਰੀਆਂ ਤਾਂ ਐਸ਼ ਕਰਨ ਲਈ ਘਰ ਦੇ ਮੰਜੇ ਪੀਹੜੇ ਵੀ ਵੇਚ ਛੱਡਦੀਆਂ, ਸੁੱਖੇ ਨੂੰ ਉਦੋਂ ਸੁਰਤ ਆਊ ਜਦੋਂ ਚਹੁੰ ਦਿਨਾਂ ਵਿਚ ਇਦੇ ਕੋਟ ਪੈਂਟ ਜਿਹੇ ਵੀ ਵਿਕਵਾਏ... ਅਖੇ ਜੇ ਆਪਾਂ ਆਪਣੇ ਲਈ ਬਰਾਬਰ ਦੇ ਹੱਕ ਮੰਗਦੇ ਆਂ ਤਾਂ ਆਪਾਂ ਨੂੰ ਵੀ ਗੋਰਿਆਂ ਨਾਂਲ ਫਰਕ ਨਹੀਂ ਕਰਨਾ ਚਾਹੀਦਾ...ਚੌਕਿਆ ਆ ਕਨੇਡੇ ਦਾ....' ਕੋਈ ਹੋਰ ਆਖਦਾ।

ਪਰ ਇਨ੍ਹਾਂ ਭਵਿੱਖਬਾਣੀਆਂ ਦੇ ਉਲਟ ਉਸ ਦਿਨ ਸੁੱਖੇ ਨੇ ਆਪਣੇ ਨਵੇਂ ਲਏ ਘਰ ਵਿਚ ਆਪਣੇ ਵਿਆਹ ਦੀ ਪੰਜਵੀਂ ਵਰ੍ਹੇ ਗੰਢ ਮਨਾਈ ਸੀ। ਕੁਝ ਇਕ ਖਾਸ ਪੇਂਡੂ ਤੇ ਵਾਕਿਫਾਂ ਤੋਂ ਇਲਾਵਾ ਦਰਵੇਸ਼ ਵੀ ਉਸ ਪਾਰਟੀ ਵਿਚ ਆਇਆ ਸੀ। ਦੋ-ਤਿੰਨ ਪੈੱਗ ਲੱਗਣ ਉੱਪਰੰਤ ਮਹਿਫਲ ਦੋ-ਤਿੰਨ ਢਾਣੀਆਂ ਵਿਚ ਤਬਦੀਲ ਹੋ ਗਈ ਸੀ ਤੇ ਇਸ ਢਾਣੀ ਦੀ ਗੱਲਬਾਤ ਦਾ ਰੁਖ਼ ਕਿਸੇ ਤਰ੍ਹਾਂ ਪਿਛਲੇ ਦਿਨ ਹੋਏ ਮੁਜ਼ਾਹਰੇ ਵੱਲ ਮੁੜ ਗਿਆ ਸੀ।

"ਹੱਦ ਲਾਹ 'ਤੀ ਇਨ੍ਹਾਂ ਨੇ ਤਾਂ ਕਜੰਰਪੁਣੇ ਵਾਲੀ," ਇਕ ਬੋਲਿਆ, "ਅੱਗੇ ਤਾਂ ਬੀਚਾਂ ਬੂਚਾਂ 'ਤੇ ਹੀ ਕਿਤੇ ਕੱਪੜੇ ਲੌਂਹਦੀਆਂ ਸੀ, ਹੁਣ ਤਾਂ ਸ਼ਰ੍ਹੇਆਮ ਤਮਾਸ਼ਾ ਦਖਾਲਣਗੀਆਂ।"

"ਤੁਸੀਂ ਨੀ ਕਦੀ ਧੁੱਪ ਵਾਲੇ ਦਿਨ ਇਕੱਲੀ ਨਿੱਕਰ ਪਾ ਕੇ ਘਰ ਦਾ ਘਾਹ ਘੂਹ ਕੱਟਦੇ ਹੁੰਦੇ?" ਦਰਵੇਸ਼ ਨੇ ਪੋਲੇ ਜਿਹੇ ਉਸ ਨੂੰ ਪੁੱਛਿਆ।

"ਬੰਦਿਆਂ ਦੀ ਗੱਲ ਹੋਰ ਆ ਜੀ, ਇਹ ਤਾਂ ਸਿੱਧਾ ਈ ਅਗਲੇ ਨੂੰ ਕਹਿਣ ਦੇ ਬਰਾਬਰ ਆ ਕਿ ਆਉ ਮੈਨੂੰ ਹੱਥ ਪਾ ਲਉ। ਬੰਦਾ ਕਿਮੇਂ ਕੰਟਰੋਲ ਕਰ ਲਊ ਆਪਣੇ ਆਪ ਨੂੰ ਅਗਲੀ ਦਾ ਝੱਗਾ ਲੱਥਾ ਦੇਖ ਕੇ?"

"ਭਾਈ ਸਾਹਿਬ! ਮਰਦ ਦੀ ਛਾਤੀ ਵੇਖ ਕੇ ਔਰਤ ਨੂੰ ਵੀ ਆਨੰਦ ਆਉਂਦਾ, ਉਨ੍ਹਾਂ ਨੇ ਤਾਂ ਕਦੀ ਨੀ ਕਿਹਾ ਕਿ ਇਕੱਲੀ ਨਿੱਕਰ ਪਾ ਕੇ ਘੁੰਮਣ ਵਾਲਾ ਆਦਮੀ ਵਿਕਾਉ ਹੈ," ਦਰਵੇਸ਼ ਨੇ ਸ਼ਾਂਤੀ ਨਾਲ ਕਿਹਾ।

"ਅਸਲ ਵਿਚ ਇਹ ਜਾਣ-ਬੁੱਝ ਕੇ ਚਲਾਕ ਬੰਦਿਆਂ ਨੇ ਆਪਦੇ ਆਪਣੇ



ਵਪਾਰ ਚਮਕਾਉਣ ਲਈ ਮੱਲੋ-ਮਲੀ ਔਰਤ ਦੇ ਸੀਨੇ ਨੂੰ ਉਕਸਾਊ ਵਸਤ ਬਣਾ ਕੇ ਰੱਖ ਦਿੱਤਾ," ਬਾਕੀਆਂ ਨੂੰ ਚੁੱਪ ਦੇਖ ਦਰਵੇਸ਼ ਨੇ ਠਰ੍ਹੰਮੇ ਨਾਲ ਆਪਣੀ ਗੱਲ ਜਾਰੀ ਰੱਖੀ, "ਅੱਜ ਵੀ ਕਈ ਆਦਿ ਵਾਸੀ ਕਬੀਲਿਆਂ ਵਿਚ ਔਰਤਾਂ ਆਪਣੀ ਛਾਤੀ ਢੱਕ ਕੇ ਨਹੀਂ ਰੱਖਦੀਆਂ ਤਾਂ ਕੀ ਉਹ ਸਭ ਬਦਚਲਨ ਬਣ ਜਾਂਦੀਆਂ? ਜਾਂ ਤੁਸੀਂ ਕਦੀ ਬੱਚੇ ਨੂੰ ਦੁੱਧ ਚੁੰਘਾਉਂਦੀ ਆਪਣੀ ਮਾਂ ਭੈਣ ਨੂੰ ਨਹੀਂ ਦੇਖਿਆ?"

ਢਾਣੀ ਵਿਚ ਸਭ ਚੁੱਪ ਸਨ। ਕੁਝ ਇਕ ਤਾਂ ਨਵਾਂ ਪੈੱਗ ਬਣਾਉਣ ਚਲੇ ਗਏ ਤੇ ਮੈਂ ਪਤਾ ਨੀ ਕਦੋਂ ਆਪਣੇ ਬਚਪਨ ਵਿਚ ਪਹੁੰਚ ਗਿਆ ਜਦੋਂ ਲੋਹੜੇ ਦੀ ਗਰਮੀ ਦੀ ਦੁਪਹਿਰ ਵੇਲੇ ਸਾਡੀ ਦਾਦੀ ਆਪਦਾ ਝੱਗਾ ਉਤਾਰ ਇਕ ਪਤਲੀ ਜਿਹੀ ਚੁੰਨੀ ਛਾਤੀ ਉੱਪਰ ਪਾ ਕੇ ਸੌਂ ਰਹਿੰਦੀ ਸੀ, ਕਦੇ ਕਿਸੇ ਨੂੰ ਓਪਰਾ ਨਹੀਂ ਸੀ ਜਾਪਿਆ।

"ਕਿੱਦਾਂ ਯੰਗਮੈਨ, ਕਿੱਧਰ ਗੁਆਚ ਗਿਆ?" ਦਰਵੇਸ਼ ਨੇ ਮੇਰਾ ਮੋਢਾ ਥਪਥਪਾਹਿਆ।

"ਇਹ ਗੋਰਿਆਂ ਦੀਆਂ ਗੋਰੇ ਹੀ ਜਾਨਣ, ਤੂੰ ਕਾਹਤੋਂ ਫਿਕਰ ਕਰਦਾਂ, ਤੂੰ ਆਰਾਮ ਨਾਲ ਆਪਦਾ ਡ੍ਰਿੰਕ ਪੀ," ਮੇਰੇ ਨਾਲ ਦਾ ਭਾਈਬੰਦ ਬੋਲਿਆ।

"ਨਹੀਂ ਜੀ, ਇਹ ਇਕੱਲਾ ਗੋਰਿਆਂ ਦਾ ਹੀ ਮਸਲਾ ਨਹੀਂ," ਦਰਵੇਸ਼ ਫਿਰ ਬੋਲਿਆ,"ਆਪਣੇ ਧੀਆਂ-ਪੁੱਤਾਂ ਨੇ ਵੀ ਇਥੇ ਈ ਪਲਣਾ ਤੇ ਕੱਲ੍ਹ ਨੂੰ ਉਨ੍ਹਾਂ ਨੇ ਵੀ ਇਹ ਹੱਕ ਮੰਗਣੇ ਆਂ। ਸੋ ਇਨ੍ਹਾਂ ਗੱਲਾਂ ਨਾਲ ਆਪਣਾ ਸਭ ਦਾ ਸਬੰਧ ਹੈ।"

ਇਹ ਸੁਣ ਕੇ ਭਾਈਬੰਦ ਵੀ ਚੁੱਪ ਕਰਕੇ ਡ੍ਰਿੰਕ ਪਾਉਣ ਖਿਸਕ ਗਿਆ। ਮੇਰੀਆਂ ਸੋਚਾਂ ਦੀ ਲੜੀ ਮੁੜ ਆਪਣੀ ਬੇਟੀ ਰਿੰਮੀ ਵਿਚ ਗੁਆਚ ਗਈ। ਇਕ ਦਮ ਜੁਆਨ ਹੋ ਗਈ ਰਿੰਮੀ ਮੁੰਡੇ-ਕੁੜੀਆਂ ਨਾਲ ਸਵਿਮਿੰਗ ਪੂਲ ਵੱਲ ਜਾ ਰਹੀ ਸੀ।

"ਹੋਰ ਬਈ ਸ਼ੇਰਾ ਕੁਸ਼ ਪੜ੍ਹਦਾ-ਪੁੜ੍ਹਦਾ ਵੀ ਹੁੰਨਾ?" ਦਰਵੇਸ਼ ਨੇ ਮੈਨੂੰ ਸੋਚਾਂ ਵਿਚੋਂ ਵਾਪਸ ਲਿਆਂਦਾ।

"ਹਾਂ ਜੀ ਬੱਸ ਆ ਅਖ਼ਬਾਰ-ਅਖ਼ਬੂਰ ਪੜ੍ਹ ਲਈਦਾ," ਮੈਂ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

"ਉਹ ਇਹ ਅਖ਼ਬਾਰਾਂ ਤਾਂ ਮਸਾਲਾ ਛਾਪਦੀਆਂ, ਕੋਈ ਅਕਲ ਦੀ ਗੱਲ ਘੱਟ ਈ ਲਿਖਦੀਆਂ, ਤੂੰ ਕਿਸੇ ਲਾਇਬਰੇਰੀ ਜਾ ਕੇ ਕਿਤਾਬਾਂ ਪੜ੍ਹਿਆ ਕਰ।"

"ਬੱਸ ਜੀ ਕੰਮਾਂ-ਕਾਰਾਂ ਵਿਚੋਂ ਵਕਤ ਈ ਨੀ ਮਿਲਦਾ," ਮੈਂ ਮਜਬੂਰੀ ਪ੍ਰਗਟਾਈ, "ਕਾਲਿਜ ਵੇਲੇ ਤਾਂ ਬਥੇਰੇ ਨਾਵਲ ਰਸਾਲੇ ਖੜ੍ਹ ਲਈਦੇ ਸੀ।"

"ਕਿਸੇ ਵੇਲੇ ਸਾਡੇ ਘਰ ਆਈਂ, ਦਿਨੇਂ ਮੈਂ ਘਰੇ ਈ ਹੁੰਨਾ, ਨਾਲੇ ਚਾਹ ਪੀ ਜਾਈਂ ਤੇ ਨਾਲੇ ਤੈਨੂੰ ਕੁਸ਼ ਕਿਤਾਬਾਂ ਦਊਂਗਾ," ਦਰਵੇਸ਼ ਨੇ ਅਪਣੱਤ ਨਾਲ ਕਿਹਾ। ਕੁਝ ਦਿਨਾਂ ਬਾਅਦ ਕੁਦਰਤੀ ਮੇਰਾ ਟ੍ਰਿਪ ਦਰਵੇਸ਼ ਦੇ ਘਰ ਵਾਲੇ ਪਾਸੇ ਲੱਗ ਗਿਆ। ਸੁਆਰੀ ਉਤਾਰ ਕੇ ਮੈਂ ਦਰਵੇਸ਼ ਦੇ ਘਰ ਦੀ ਘੰਟੀ ਜਾ ਖੜਕਾਈ। ਬੜਾ ਖ਼ੁਸ਼ ਹੋਇਆ ਉਹ। ਚਾਹ ਪੀਂਦਾ ਕਈ ਦੇਰ ਮੈਨੂੰ ਕੈਨੇਡਾ ਵਿਚ ਆਪਣੇ ਲੋਕਾਂ ਦੇ ਇਤਿਹਾਸ ਬਾਰੇ ਦੱਸਦਾ ਰਿਹਾ। ਤੁਰਨ ਲੱਗਿਆਂ ਮੈਨੂੰ ਪੜ੍ਹਨ ਲਈ ਕਈ ਸਾਰੀਆਂ ਕਿਤਾਬਾਂ ਦਿੱਤੀਆਂ

ਤੇ ਕਿਸੇ ਲਾਹਿਬਰੇਰੀਅਨ ਵਾਂਗ ਉਸ ਨੇ ਕਿਤਾਬਾਂ ਦੇ ਨਾਮ ਤੇ ਮੇਰਾ ਪਤਾ ਸਿਰਨਾਵਾਂ ਡਾਇਰੀ ਵਿਚ ਨੋਟ ਕਰ ਲਿਆ।

"ਦੇਖਣਾ ਕਿ ਕਿੰਨੀ ਛੇਤੀ ਇਹ ਕਿਤਾਬਾਂ ਪੜ੍ਹ ਕੇ ਮੈਥੋਂ ਹੋਰ ਕਿਤਾਬਾਂ ਲੈਣ ਆਉਨਾਂ ਤੂੰ!" ਟੈਕਸੀ ਸਟਾਰਟ ਕਰਨ ਲੱਗੇ ਨੂੰ ਇਕ ਵਾਰੀ ਫਿਰ ਪੜ੍ਹਨ ਦੀ ਤਾਕੀਦ ਕਰਦਿਆਂ ਉਸ ਨੇ ਕਿਹਾ।

ਘਰ ਲਿਆ ਕੇ ਮੈਂ ਕਿਤਾਬਾਂ ਦੇਖੀਆਂ, ਜ਼ਿਆਦਾਤਰ ਬਾਹਰਲੀਆਂ ਭਾਸ਼ਾਵਾਂ ਤੋਂ ਪੰਜਾਬੀ ਵਿਚ ਟ੍ਰਾਂਸਲੇਟ ਹੋਏ ਨਾਵਲ ਜਾਂ ਕਹਾਣੀਆਂ ਦੀਆਂ ਕਿਤਾਬਾਂ ਸਨ। ਇਕ ਕਿਸੇ ਇੰਗਲੈਂਡ ਦੇ ਪੰਜਾਬੀ ਲੇਖਕ ਦੀ ਕਹਾਣੀਆਂ ਦੀ ਕਿਤਾਬ ਸੀ 'ਲਾਲ ਚੌਂਕ।' ਪਿਛਲੇ ਹਫਤੇ ਹੀ ਹਾਲੇ ਪੜ੍ਹੀ ਹੈ ਮੈਂ ਉਹ ਸਾਰੀ ਕਿਤਾਬ। ਉਸ ਦੀ ਇਕ ਕਹਾਣੀ ਵਿਚ ਇੰਗਲੈਂਡ ਤੋਂ ਭਾਰਤ ਘੁੰਮਣ ਗਿਆ ਇਕ ਪੰਜਾਬੀ ਸ੍ਰੀਨਗਰ ਦੇ ਲਾਲ ਚੌਂਕ ਵਿਚਲੇ ਇਕ ਟੈਕਸੀ ਸਟੈਂਡ ਤੋਂ ਇਕ ਟੈਕਸੀ ਕਿਰਾਏ ਉੱਪਰ ਕਰਦਾ ਹੈ। ਸਾਰਾ ਦਿਨ ਪਹਿਲਗਾਮ ਤੇ ਗੁਲਮਰਗ ਆਦਿ ਥਾਵਾਂ 'ਤੇ ਖ਼ੂਬ ਘੁੰਮ-ਫਿਰ ਕੇ ਵਾਪਸ ਆਉਂਦਾ ਹੈ ਤਾਂ ਟੈਕਸੀ ਦੇ ਕਿਰਾਏ ਬਦਲੇ ਡਰਾਈਵਰ ਨਲ ਝਗੜਦਾ ਹੈ। ਟੈਕਸੀ ਡਰਾਈਵਰ ਜੋ ਕਿ ਇਕ ਕਸ਼ਮੀਰੀ ਮੁਸਲਮਾਨ ਹੈ, ਉਸ ਨੂੰ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਕਿਰਾਇਆ ਬਿਲਕੁਲ ਵਾਜਿਬ ਹੈ। ਅੰਤ ਉਹ ਇੰਗਲੈਂਡੀਆ ਕਿਰਾਏ ਦੇ ਪੈਸੇ ਡਰਾਈਵਰ ਦੇ ਹੱਥ ਧਰਦਾ ਕਹਿੰਦਾ ਹੈ,

"ਲੈ ਫੜ ਆ ਤੇ ਦਫ਼ਾ ਹੋ ਜਾ ਇਥੋ।"

ਟੈਕਸੀ ਡਰਾਈਵਰ ਇਕ ਦਮ ਕਿਰਾਇਆ ਭੁੱਲ ਕੇ ਇੰਗਲੈਂਡੀਏ ਨੂੰ ਗਲੋਂ ਫੜਦਾ ਕਹਿੰਦਾ ਹੈ, "ਖ਼ਬਰਦਾਰ! ਅਗਰ ਮੇਰੀ ਸਰ ਜ਼ਮੀਨ ਪਰ ਮੁਝੇ ਹੀ ਦਫ਼ਾ ਹੋਨੇ ਕੇ ਲਿਏ ਬੋਲ..."

ਕਿਤਨਾ ਹੀ ਚਿਰ ਇਹ ਕਹਾਣੀ ਮੇਰੇ ਮਨ ਉੱਪਰ ਛਾਈ ਰਹੀ। ਸਾਡੇ ਕਾਲਿਜ ਦੇ ਦਿਨੀਂ ਇਕ ਦਿਨ ਬੱਸ ਅੱਡੇ ਦੇ ਬਾਹਰ ਇਕ ਮੋਟਾ-ਤਕੜਾ ਬਾਬੂ ਇਕ ਮਾੜਕੂ ਜਿਹੇ ਰਿਕਸ਼ੇ ਵਾਲੇ ਭਈਏ ਨੂੰ ਇਸ ਕਰਕੇ ਕੁੱਟ ਰਿਹਾ ਸੀ ਕਿ ਉਸ ਨੇ ਇਕ ਤਾਂ ਹੌਲੀ ਹੌਲੀ ਰਿਕਸ਼ਾ ਚਲਾਉਂਦਿਆਂ ਉਸ ਦੀ ਬੱਸ ਖੁੰਝਾ ਦਿੱਤੀ ਤੇ ਦੂਸਰੇ ਉਹ ਰੇਟ ਤੋਂ ਵੱਧ ਪੈਸੇ ਮੰਗ ਰਿਹਾ ਹੈ। ਰਿਕਸ਼ੇ ਵਾਲਾ ਰੀਂ ਰੀਂ ਕਰਦਾ ਬਾਬੂ ਦੇ ਭਾਰੇ ਬਿਸਤਰੇ ਤੇ ਬਾਕੀ ਸਾਮਾਨ ਵੱਲ ਇਸ਼ਾਰਾ ਕਰ ਰਿਹਾ ਸੀ। ਮੈਂ ਚਾਹ ਕੇ ਵੀ ਬਾਬੂ ਨੂੰ ਕੁੱਟਣੋਂ ਨਹੀਂ ਰੋਕ ਸਕਿਆ ਸਾਂ ਕਿ ਕਿਸੇ ਦੇ ਝਗੜੇ ਵਿਚ ਕਿਉਂ ਪਵਾਂ?

ਪਤਾ ਨਹੀਂ ਕਿਹੜੇ ਵੇਲੇ ਟੈਕਸੀ ਰੌਬਸਨ ਸਕੁਏਅਰ ਉੱਪਰ ਫਿਰ ਲਿਆ ਰੋਕਦਾ ਹਾਂ। ਥੋੜ੍ਹੀ-ਥੋੜ੍ਹੀ ਧੁੰਦ ਉਤਰ ਰਹੀ ਹੈ ਤੇ ਤੁਰਨ ਫਿਰਨ ਵਾਲਾ ਵੀ ਕੋਈ ਟਾਵਾਂ ਹੀ ਨਜ਼ਰ ਆਉਂਦਾ ਹੈ। ਚਾਰ-ਚੁਫੇਰਾ ਹੋਰ ਉਦਾਸ ਤੇ ਅਜਨਬੀ ਹੋ ਗਿਆ ਜਾਪਦਾ ਹੈ। ਬਿੱਲਾਂ ਦਾ ਥੱਬਾ ਕੋਟ ਦੀ ਜੇਬ ਵਿਚੋਂ ਫਿਰ ਕੱਢ ਲੈਂਦਾ ਹਾਂ। ਪਿਛਲੇ ਸਾਲ ਦੇ ਇਨਕਮ ਟੈਕਸ ਦਾ ਬਕਾਇਆ ਭਰਨ ਲਈ ਆਖ਼ਰੀ ਨੋਟਿਸ ਆਇਆ ਹੈ। ਮਾਰ ਲਿਆ ਟੈਕਸਾਂ ਨੇ।



ਦਰਵੇਸ਼ ਸਮਝਾਉਂਦਾ ਸੀ ਕਿ ਜਿਉਂ ਜਿਉਂ ਬੇਰੋਜ਼ਗਾਰੀ ਭੱਤਾ ਜਾਂ ਵੈਲਫੇਅਰ ਭੱਤਾ ਲੈਣ ਵਾਲਿਆਂ ਦੀ ਗਿਣਤੀ ਵਧੇਗੀ ਤਿਉਂ ਤਿਉਂ ਦਸਾਂ ਨੌਂਹਾਂ ਦੀ ਕਿਰਤ ਕਰਨ ਵਾਲਿਆਂ ਦੇ ਟੈਕਸ ਤੇ ਕਟੌਤੀਆਂ ਵਧਦੇ ਰਹਿਣਗੇ। ਇਹ ਤਾਂ ਉਹ ਗੱਲ ਹੈ ਕਿ ਨਾਲੇ ਤਾਂ ਆਪਣਾ ਢਿੱਡ ਭਰੋ ਤੇ ਨਾਲੇ ਬਾਕੀਆਂ ਦਾ।

ਗ੍ਰੈਨਵਿਲ ਸਟ੍ਰੀਟ ਵੱਲੋਂ ਇਕ ਨੌਜੁਆਨ ਪਤਲਾ ਜਿਹਾ ਮੁੰਡਾ ਤੇ ਸਜਦੀ-ਫੱਬਦੀ ਕੁੜੀ ਟੈਕਸੀ ਦਾ ਦਰਵਾਜ਼ਾ ਖੋਲ੍ਹ ਕੇ ਬੈਠ ਜਾਂਦੇ ਹਨ। ਲਾਗੇ ਹੀ ਇਕ ਬਿਲਡਿੰਗ ਤਕ ਜਾਣ ਲਈ ਮੈਨੂੰ ਆਖਦੇ ਹਨ। ਜਦ ਤਕ ਮੈਂ ਉਥੇ ਪਹੁੰਚਦਾ ਹਾਂ ਉਹ ਇਕ ਦੂਸਰੇ ਨਾਲ ਸਟੇ ਘੁਸਰ-ਮੁਸਰ ਕਰਦੇ ਰਹਿੰਦੇ ਹਨ।

"ਤੂੰ ਇਥੇ ਹੀ ਉਡੀਕ, ਮੈਂ ਦੋ ਮਿੰਟ ਵਿਚ ਆਇਆ," ਕਹਿ ਕੇ ਮੁੰਡਾ ਬਿਲਡਿੰਗ ਅੰਦਰ ਜਾਂਦਾ ਹੈ ਤੇ ਕੁੜੀ ਪਿਛਲੀ ਸੀਟ ਉੱਪਰ ਹੀ ਬੈਠੀ ਰਹਿੰਦੀ ਹੈ, ਉਸਦੀ ਸ਼ਕਲ ਕੁਝ ਕੁਝ ਮੇਰੀ ਪਛਾਣ ਵਿਚ ਆਉਂਦੀ ਹੈ।

"ਤੂੰ ਕਦੀ ਪਹਿਲਾਂ ਵੀ ਮੇਰੀ ਟੈਕਸੀ ਵਿਚ ਚੜ੍ਹੀ ਏਂ?" ਮੈਂ ਅਚਾਨਕ ਉਸ ਨੂੰ ਪੁੱਛ ਬੈਠਦਾ ਹਾਂ।

"ਪਤਾ ਨਹੀਂ!" ਉਹ ਪਰ੍ਹਾਂ ਨੂੰ ਮੂੰਹ ਘੁਮਾ ਕੇ ਕਹਿੰਦੀ ਹੈ, "ਮੈਨੂੰ ਤਾਂ ਸਾਰੇ ਟੈਕਸੀਆਂ ਵਾਲੇ ਇਕੋ ਜਿਹੇ ਜਾਪਦੇ ਹਨ ਕਾਲੇ ਵਾਲਾਂ ਵਾਲੇ।"

ਉਸ ਦਾ ਖੁਸ਼ਕ ਲਹਿਜ਼ਾ ਦੇਖ ਮੈਂ ਹੋਰ ਕੁਝ ਨਹੀਂ ਪੁੱਛਦਾ ਪਰ ਉਸ ਦੀ ਭਾਰੀ ਆਵਾਜ਼ ਤੋਂ ਮੈਨੂੰ ਯਾਦ ਆ ਜਾਂਦਾ ਹੈ ਕਿ ਦਸ ਕੁ ਦਿਨ ਪਹਿਲਾਂ ਮੈਂ ਇਸੇ ਕੁੜੀ ਨੂੰ ਹਸਪਤਾਲ ਦੇ ਡਰੱਗ ਟ੍ਰੀਟਮੈਂਟ ਯੂਨਿਟ ਦੇ ਬਾਹਰਲੇ ਦਰਵਾਜ਼ਿਉਂ ਚੁੱਕ ਕੇ ਇਸੇ ਬਿਲਡਿੰਗ ਤਕ ਲਿਆਇਆ ਸੀ। ਟੈਕਸੀ ਦੇ ਕਿਰਾਏ ਦਾ ਬਿੱਲ ਵੀ ਸਰਕਾਰ ਦੇ ਵੈੱਲਫੇਅਰ ਮਹਿਕਮੇ ਦੇ ਨਾਮ ਬਣਾਇਆ ਸੀ।

ਉਸ ਦਾ ਸਾਥੀ ਮੁੰਡਾ ਬਿਲਡਿੰਗ ਅੰਦਰੋਂ ਬਾਹਰ ਆ ਰਿਹਾ ਹੈ, ਮੈਂ ਟੈਕਸੀ ਮੁੜ ਗੇਅਰ ਵਿਚ ਪਾਉਂਦਾ ਹਾਂ। ਮੈਨੂੰ ਸ਼ਹਿਰ ਦੇ ਇਕ ਬਦਨਾਮ ਇਲਾਕੇ ਵੱਲ ਚੱਲਣ ਲਈ ਆਖਦਾ ਉਹ ਕੁੜੀ ਨੂੰ ਪਿਛਲੀ ਸੀਟ ਉੱਪਰ ਜੱਫੀ ਪਾ ਕੇ ਬੈਠ ਜਾਂਦਾ ਹੈ। ਕੁਝ ਦੇਰ ਬਾਅਦ ਘੁਸਰ-ਮੁਸਰ ਤੇ ਪਲਾਸਟਿਕ ਦਾ ਲਿਫਾਫਾ ਖੁੱਲ੍ਹਣ ਦੀ ਆਵਾਜ਼ ਹੈ। ਪਿਛਾਂਹ ਦੇਖਣ ਵਾਲੇ ਸ਼ੀਸ਼ੇ ਵਿਚ ਮੈਨੂੰ ਉਹ ਇਕ ਪੈਕਟ ਜਿਹਾ ਮੁੜ ਜੈਕਟ ਦੀ ਅੰਦਰਲੀ ਜੇਬ ਵਿਚ ਪਾਉਂਦਾ ਜਾਪਦਾ ਹੈ।

"ਇਸ ਸਕੂਲ ਦੇ ਪਰਲੇ ਪਾਸੇ ਗਰਾਊਂਡ ਵੱਲ ਲੈ ਚੱਲ," ਉਹ ਆਖਦਾ ਹੈ। ਸਕੂਲ ਦੀ ਬਿਲਡਿੰਗ ਉੱਪਰ ਉੱਕਰੇ ਨਾਮ ਤੋਂ ਮੈਨੂੰ ਯਾਦ ਆਉਂਦਾ ਹੈ ਕਿ ਕੁਝ ਦਿਨ ਪਹਿਲਾ ਇਥੇ ਖੇਡ ਰਹੇ ਇਕ ਛੋਟੇ ਜਿਹੇ ਬੱਚੇ ਦੇ ਪੈਰ ਵਿਚ ਗਰਾਊਂਡ ਦੇ ਘਾਹ ਵਿਚੋਂ ਟੀਕਾ ਲਾਉਣ ਵਾਲੀ ਸੂਈ ਖੁੱਭਣ ਦੀ ਖ਼ਬਰ ਟੀ.ਵੀ. ਉੱਪਰ ਦੇਖੀ ਸੀ। ਜਾਪਦਾ ਸੀ ਕਿ ਕਿਸੇ ਨਸ਼ੇਬਾਜ਼ ਨੇ ਵਰਤ ਕੇ ਸੁੱਟੀ ਸੀ ਤੇ ਲਹੂ ਲੱਗੀ ਸੂਈ ਤੋਂ ਬੱਚੇ ਨੂੰ ਭਿਆਨਕ ਰੋਗ ਲੱਗਣ ਦਾ ਡਰ ਸੀ। ਇਹ ਖ਼ਬਰ ਸੁਣ ਕੇ ਮੈਂ ਤਾਂ ਕੀ ਸੱਭ ਸਕੂਲੀ ਬੱਚਿਆਂ ਦੇ ਮਾਂ-ਬਾਪ ਭੈਅ-ਭੀਤ ਹੋ ਉੱਠੇ ਸਨ ਕਿ ਉਹ ਬੱਚਾ ਕਿਸੇ ਦਾ ਵੀ ਹੋ

ਸਕਦਾ ਸੀ। ਸ਼ੁਕਰ ਸੀ ਕਿ ਸਾਡਾ ਘਰ ਤੇ ਬੱਚਿਆਂ ਦਾ ਸਕੂਲ ਸ਼ਹਿਰ ਦੇ ਹੋਰ ਪਾਸੇ ਸੀ।

ਗਰਾਊਂਡ ਦੇ ਇਸ ਪਾਸੇ ਸੜਕ ਉੱਪਰ ਜ਼ਰਾ ਹਨੇਰਾ ਹੈ। ਇਕ ਸਕਰਟ ਵਾਲੀ ਕੁੜੀ ਕੱਛ ਵਿਚ ਪਰਸ ਲਈ ਬੈਂਚ ਨਾਲ ਲੱਗ ਕੇ ਖੜ੍ਹੀ ਸਿਗਰਟ ਪੀ ਰਹੀ ਹੈ। ਉਸ ਦੀ ਨਜ਼ਰ ਟਾਵੀਂ ਗੁਜ਼ਰ ਰਹੀ ਹਰ ਕਾਰ ਦਾ ਪਿੱਛਾ ਕਰਦੀ ਹੈ। ਕੁਝ ਹੋਰ ਅਗਾਂਹ ਇਕ ਪਕੇਰੀ ਉਮਰ ਦੀ ਔਰਤ ਤੰਗ ਜਿਹੀ ਜੀਨ ਪਹਿਨੀ ਇਕ ਸ਼ਰਾਬੀ ਜਾਪਦੇ ਗੰਦੇ ਜਿਹੇ ਆਦਮੀ ਨਾਲ ਗੱਲਾਂ ਕਰ ਰਹੀ ਹੈ।

"ਇੱਥੇ ਈ ਜ਼ਰਾ ਸਾਈਡ 'ਤੇ ਲਗਾ ਲੈ ਗੱਡੀ," ਕਹਿ ਕੇ ਮੁੰਡਾ ਜੈਕਟ ਦੀ ਜੇਬ ਟੋਂਹਦਾ ਟੈਕਸੀ ਦੀ ਪਿਛਲੀ ਸੀਟ ਤੋਂ ਬਾਹਰ ਨਿਕਲ ਇਧਰ-ਉਧਰ ਤੱਕਦਾ ਹੈ ਜਿਵੇਂ ਕਿਸੇ ਨੂੰ ਤਲਾਸ਼ ਕਰ ਰਿਹਾ ਹੋਵੇ। ਫਿਰ ਨਜ਼ਦੀਕ ਹੀ ਬਣੇ ਇਕ ਟੈਲੀਫੋਨ ਬੂਥ ਵਿਚੋਂ ਫੋਨ ਕਰ ਰਹੀ ਇਕ ਹੋਰ ਲੜਕੀ ਨੂੰ ਨੇੜੇ ਹੋ ਕੇ ਦੇਖਦਾ ਹੈ। ਉਹ ਗੂੜ੍ਹੇ ਲਾਲ ਰੰਗੇ ਬੁੱਲ੍ਹਾਂ ਵਿਚੋਂ ਚੌੜੇ ਚੌੜੇ ਦੰਦ ਕਢਦੀ ਉਸ ਨੂੰ ਅੱਖ ਮਾਰਦੀ ਹੈ। ਮੁੰਡਾ ਨਾਂਹ ਵਿਚ ਸਿਰ ਫੇਰ ਕੇ ਸੜਕ ਦੇ ਦੂਸਰੇ ਪਾਸੇ ਜਾ ਕੇ ਆਲਾ-ਦੁਆਲੇ ਦੇਖਦਾ ਹੈ।

ਪਿਛਲੀ ਸੀਟ 'ਤੇ ਬੈਠੀ ਕੁੜੀ ਝੁੰਜਲਾ ਰਹੀ ਹੈ," ਤੂੰ ਇਹ ਮੀਟਰ ਬੰਦ ਨਹੀਂ ਕਰ ਸਕਦਾ?" ਉਹ ਜਿਵੇਂ ਮੈਨੂੰ ਹੁਕਮ ਸੁਣਾਉਂਦੀ ਹੈ।

"ਮੁਆਫ਼ ਕਰਨਾ ਮੈਂ ਅਜਿਹਾ ਨਹੀਂ ਕਰ ਸਕਦਾ, ਜਿਤਨੀ ਦੇਰ ਇਹ ਟੈਕਸੀ ਖਾਲੀ ਨਹੀਂ ਹੁੰਦੀ," ਮੈਂ ਆਪਨੀ ਮਜਬੂਰੀ ਸਮਝਾਉਂਦਾ ਹਾਂ।

"ਹੂੰਹ..." ਭੈੜਾ ਜਿਹਾ ਮੂੰਹ ਬਣਾ ਕੇ ਉਹ ਹੱਥ ਵਿਚ ਫੜੀ ਪੁੜੀ ਨੂੰ ਸਿਗਰਟ ਬਣਾ ਕੇ ਸੁਲਗਾਉਂਦੀ ਹੈ। ਅਜੀਬ ਜਿਹੀ ਗੰਧ ਹੈ ਉਸ ਧੂੰਏਂ ਦੀ। ਮੈਂ ਆਪਨੇ ਵੱਲ ਦੀ ਤਾਕੀ ਦਾ ਸ਼ੀਸ਼ਾ ਨੀਵਾਂ ਕਰਦਾ ਹਾਂ। ਹਾਲਾਂਕਿ ਟੈਕਸੀ ਅੰਦਰ 'ਨੋ ਸਮੋਕਿੰਗ' ਦਾ ਸਾਈਨ ਲੱਗਾ ਹੈ ਪਰ ਪਤਾ ਨਹੀਂ ਮੈਂ ਕਿਵੇਂ ਚੁੱਪ ਰਹਿੰਦਾ ਹਾਂ, ਸ਼ਾਇਦ ਉਸ ਦਾ ਵਿਗੜਿਆ ਮਿਜਾਜ਼ ਦੇਖ ਕੇ।

"ਬਲੱਡੀ ਬਿੱਚ,... ਕਹਿੰਦੀ ਸੀ ਐਸ ਫੋਨ ਬੂਥ ਕੋਲ ਖੜ੍ਹੀ ਹੋਵਾਂਗੀ," ਠਾਹ ਕਰਦਾ ਦਰਵਾਜ਼ਾ ਬੰਦ ਕਰ ਕੇ ਤਿਲਮਿਲਾਇਆ ਮੁੰਡਾ ਪਿਛਲੀ ਸੀਟ ਉੱਪਰ ਮੁੜ ਆ ਬੈਠਦਾ-ਬੋਲਦਾ ਹੈ।

"ਤੈਨੂੰ ਪੱਕਾ ਪਤਾ ਹੈ ਕਿ ਆਹੀ ਫੋਨ ਬੂਥ ਕਿਹਾ ਸੀ ਉਸ ਨੇ?" ਕੁੜੀ ਆਪਨਾ ਸਿਗਰਟ ਉਸ ਦੇ ਮੂੰਹ ਨੂੰ ਲਾਉਂਦੀ ਹੈ।

"ਹੋਰ ਉਹਨੇ ਸਲੱਟ ਨੇ ਕਿੱਥੇ ਜਾਣਾ? ... ਕਹਿੰਦੀ ਸੀ ਸਟੱਫ ਬਿਲਕੁਲ ਖਤਮ ਹੈ," ਲੰਬਾ ਸੂਟਾ ਛੱਡਦਾ ਮੁੰਡਾ ਬੋਲਦਾ ਹੈ, "ਡਰਾਈਵਰ! ਸਾਨੂੰ ਜਿੱਥੋਂ ਚੁੱਕਿਆ ਸੀ ਵਾਪਸ ਉੱਥੇ ਈ ਲੈ ਚੱਲ," ਮੈਨੂੰ ਸੁਣਾ ਕੇ ਉਹ ਆਖਦਾ ਹੈ।

"ਜ਼ਰਾ ਹੋਰ ਉਡੀਕ ਲੈਂਦਾ...ਸ਼ਾਇਦ ਕੰਮ ਭੁਗਤਾ ਕੇ ਉਹ ਜਲਦੀ ਵਾਪਸ ਆ ਜਾਂਦੀ," ਕੁੜੀ ਨੀਵੀਂ ਆਵਾਜ਼ ਵਿਚ ਮੁੰਡੇ ਨੂੰ ਕਹਿੰਦੀ ਹੈ।

"ਦਫ਼ਾ ਕਰ, ਟੁੱਟ ਲੈਣ ਦੇ ਉਹਨੂੰ, ਆਪੇ ਸੁਰਤ ਆਊ ਜਦੋਂ..."ਕਹਿੰਦਾ ਉਹ



ਇਕ ਹੋਰ ਲੰਮਾ ਸੂਟਾ ਲਗਾ ਕੇ ਸਿਗਰਟ ਕੁੜੀ ਦੇ ਬੁੱਲ੍ਹਾਂ ਨੂੰ ਲਗਾ ਦਿੰਦਾ ਹੈ।

"ਹੁਣ ਜਦੋਂ ਮੈਂ ਇਹਨੂੰ ਧੰਦੇ ਦੇ ਗੁਰ ਸਿਖਾ ਦਿੱਤੇ ਤਾਂ ਇਹ ਮੈਨੂੰ ਈ ਪੈਸੇ ਦੇਣ ਨੂੰ ਅੱਗਾ-ਪਿੱਛਾ ਕਰਨ ਲੱਗ ਪਈ...ਪੰਦਰਾਂ ਦੀ ਸੀ ਜਦੋਂ ਨੇਟਿਵਾਂ ਦੇ ਰੀਜ਼ਰਵ ਵਿਚੋਂ ਪੱਟ ਕੇ ਲਿਆਇਆ ਸੀ...ਗੱਡੀ ਰੋਕੀਂ ਜ਼ਰਾ," ਅਚਾਨਕ ਉਹ ਮੈਨੂੰ ਕਹਿੰਦਾ ਹੈ।

ਪੈਟਰੀਸ਼ੀਆ ਹੋਟਲ ਦੇ ਬਾਹਰ ਇਕ ਮਾੜਕੂ ਜਿਹਾ ਬੰਦਾ ਕੰਧ ਨਾਲ ਲੱਗ ਕੇ ਖੜ੍ਹਾ ਹੈ। ਇਸ ਮੁੰਡੇ ਨੂੰ ਟੈਕਸੀ ਵਿਚੋਂ ਨਿਕਲਦਾ ਦੇਖ ਉਹ ਹਰਕਤ ਵਿਚ ਆਉਂਦਾ ਹੈ। ਦੋਵੇਂ ਜਣੇ ਪਰ੍ਹ ਪਾਰਕਿੰਗ ਲਾਟ ਦੀ ਇਕ ਹਨੇਰੀ ਜਿਹੀ ਗੁੱਠ ਵੱਲ ਵਧਦੇ ਹਨ। ਇਸ ਮੁੰਡੇ ਦਾ ਹੱਥ ਜੈਕਟ ਦੀ ਅੰਦਰਲੀ ਜੇਬ ਵਿਚ ਹੈ।

"ਚੱਲ ਰੌਬਸਨ ਸਕੁਏਅਰ," ਕਹਿ ਕੇ ਉਹ ਮੁੜ ਟੈਕਸੀ ਦੀ ਪਿਛਲੀ ਸੀਟ ਉੱਪਰ ਬੈਠਦਾ ਹੈ। ਕੁੜੀ ਸੀਟ ਨਾਲ ਢੋਅ ਲਾਈ ਅੱਖਾਂ ਮੀਚੀ ਆਰਾਮ ਨਾਲ ਪਈ ਹੈ, ਸਿਗਰਟ ਖ਼ਤਮ ਹੋ ਚੁੱਕਾ ਹੈ।

"ਬਲੱਡੀ ਹੈੱਲ...ਥੋੜ੍ਹਾ ਈ ਸਟੱਫ ਲਿਆ, ਕਹਿੰਦਾ ਪੈਸੇ ਮੁੱਕ ਗਏ," ਮੁੰਡਾ ਕੁੜੀ ਦੇ ਕੰਨ ਕੋਲ ਕਹਿੰਦਾ ਹੈ।

"ਮੈਂ ਕੀ ਕਰਾਂ ਫੇਰ..." ਕੁੜੀ ਖਿਝੀ ਹੋਈ ਹੈ, ਤੇਰਾ ਵੈਲਫੇਅਰ ਦਾ ਚੈੱਕ ਵੀ ਨੀ ਆਇਆ ਅਜੇ?"

"ਕੱਲ੍ਹ ਨੂੰ ਆ ਜਾਵੇ ਸ਼ਾਇਦ... ਤੂੰ ਕੱਢ ਪਰਸ ਵਿਚੋਂ ਜੋ ਕੁਝ ਹੈ। ਟੈਕਸੀ ਦਾ ਕਿਰਾਇਆ ਦੇਈਏ," ਰੌਬਸਨ ਸੁਕਏਅਰ ਸਹਮਣੇ ਦੇਖ ਮੁੰਡਾ ਜੇਬ ਵਿਚੋਂ ਮੁੜੇ-ਤੁੜੇ ਜਿਹੇ ਨੋਟ ਕੱਢਦਾ ਹੈ।

"ਹੋਅਲੀ ਸ਼ਿੱਟ... ਐਨੇ ਪੈਸੇ ਚੱਲ ਗਏ ਮੀਟਰ ਉੱਪਰ," ਕੁੜੀ ਮੀਟਰ ਵੱਲ ਦੇਖ ਗੁੱਸੇ ਨਾਲ ਆਖਦੀ ਹੈ, "ਹੇਅ ਮੈਨ, ਤੇਰਾ ਮੀਟਰ ਤੇਜ਼ ਚੱਲਦਾ ਹੈ, ਤੂੰ ਸਾਡੇ ਨਾਲ ਹੇਰਾ-ਫੇਰੀ ਕੀਤੀ ਹੈ," ਪਰਸ ਵਿਚੋਂ ਭਾਨ ਜਿਹੀ ਕੱਢ ਕੇ ਉਹ ਮੁੰਡੇ ਨੂੰ ਫੜਾਉਂਦੀ ਹੈ।

"ਤੁਹਾਡੇ ਸਾਹਮਣੇ ਈ ਆ ਮੀਟਰ... ਤੁਸੀਂ ਕਿੰਨੀ ਕਿੰਨੀ ਦੇਰ ਤਾਂ ਮੇਰੇ ਕੋਲੋਂ ਉਡੀਕ ਕਰਵਾਉਂਦੇ ਰਹੇ ਆਂ," ਮੈਂ ਸਫ਼ਾਈ ਦਿੰਦਾ ਹਾਂ।

"ਆਹ ਫੜ ਐਨੇ ਪਹਿਲਾਂ," ਮੁੜੇ-ਤੁੜੇ ਗੰਦੇ ਜਿਹੇ ਨੋਟ ਮੇਰੇ ਵੱਲ ਸੁੱਟਦਿਆਂ ਆਪਨੀ ਪੈਂਟ ਦੀਆਂ ਅਗਲੀਆਂ-ਪਿਛਲੀਆਂ ਜੇਬਾਂ ਟਟੋਲਦਾ ਮੁੰਡਾ ਮੇਰੇ 'ਤੇ ਨਜ਼ਲਾ ਝਾੜਦਾ ਹੈ, "ਤੁਸੀਂ ਲੋਕਾਂ ਨੇ ਇਥੇ ਆ ਕੇ ਟੈਕਸੀ ਦੇ ਧੰਦੇ ਵਿਚ ਹੇਰਾ-ਫੇਰੀਆਂ ਸ਼ੁਰੂ ਕਰ ਦਿੱਤੀਆਂ।"

"ਮੈਨੂੰ ਤੇਰ੍ਹਾਂ ਸਾਲ ਹੋ ਗਏ ਹਨ ਇਸ ਕੰਮ ਵਿਚ, ਮੈਂ ਸਦਾ ਆਪਨੀ ਮਿਹਨਤ ਦੀ ਕਮਾਈ ਹੀ..."

ਮੇਰੀ ਗੱਲ ਵਿਚੋਂ ਹੀ ਕੱਟਦੀ ਕੁੜੀ ਭੈੜਾ ਜਿਹਾ ਮੂੰਹ ਬਣਾ ਕੇ ਮੈਨੂੰ ਕਹਿੰਦੀ ਹੈ, "ਵ੍ਹਾਈ ਡੋਂਟ ਯੂ ਗੋ ਬੈਅਕ ਟੂ ਦਾ ਕੰਟਰੀ ਯੂ ਹੈਵ ਕੰਮ ਫਰੋਮ?"

"ਯਾਅ, ਸ਼ੀਅ ਇਜ਼ ਰਾਈਟ... ਵ੍ਹਾਈ ਡੌਂਟ ਯੂ ਗੈੱਟ ਲੌਸਟ?" ਕੁਝ ਸਿੱਕੇ ਮੇਰੇ ਵੱਲ ਉਛਾਲਦਾ ਮੁੰਡਾ ਵੀ ਜ਼ਹਿਰੀ ਮੁਸਕਾਨ ਨਾਲ ਕਹਿੰਦਾ ਹੈ।

ਪਤਾ ਨਹੀ ਕਿਹੜੇ ਵੇਲੇ ਕਿਤਾਬ ਵਿਚਲੀ ਕਹਾਣੀ ਦਾ ਸ੍ਰੀਨਗਰ ਦਾ ਮੁਸਲਮਾਨ ਟੈਕਸੀ ਡਰਾਈਵਰ ਮੇਰੇ ਅੰਦਰ ਆ ਉਤਰਦਾ ਹੈ,

"ਆਈ ਐੱਮ ਏ ਬੈਅਰ ਸਿਟੀਜ਼ਨ ਔਫ਼ ਦਿਸ ਕੰਟਰੀ ਦੈਨ ਯੂ ਆਰ... ਯੂ ਮਦਰ ਫੱਕਰ ਬਾਸਟਰਡਜ਼...." ਆਪਣਾ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲਦਾ ਮੈਂ ਦਹਾੜਦਾ ਹਾਂ, "ਗੈੱਟ ਦਾ ਫੱਕ ਆਊਟ ਐਫ ਮਾਈ ਕੈਬ ਬੀਫੋਰ ਆਈ ਸਟਿੱਕ ਦਿੱਸ ਅੱਪ ਯੂਅਰ ਬੱਟ," ਟਾਇਰ ਕੱਸਣ ਵਾਲਾ ਪਾਨਾ ਮੈਂ ਮਜ਼ਬੂਤੀ ਨਾਲ ਹਵਾ ਵਿਚ ਲਹਿਰਾਉਂਦਾ ਹਾਂ।

ਮੇਰੇ ਕੁਝ ਹੋਰ ਕਰਨ ਤੋਂ ਪਹਿਲਾਂ ਪਰਲੇ ਪਾਸੇ ਦਾ ਦਰਵਾਜ਼ਾ ਖੋਲ੍ਹ ਕੇ ਉਹ ਦੋਵੇਂ ਵਾਹੋ-ਦਾਹੀ ਬਾਹਰ ਭੱਜਦੇ ਹਨ। ਹਫ਼ੜਾ-ਦਫ਼ੜੀ ਵਿਚ ਕੁੜੀ ਦਾ ਪਰਸ ਟੈਕਸੀ ਦੇ ਦਰਵਾਜ਼ੇ ਦੇ ਬਾਹਰ ਡਿੱਗ ਪੈਂਦਾ ਹੈ।

ਕੁਝ ਕਦਮ ਉਨ੍ਹਾਂ ਦੇ ਪਿੱਛੇ ਨੱਠ ਕੇ ਮੈਂ ਉਹ ਪਰਸ ਵਗਾਹ ਕੇ ਉਨ੍ਹਾਂ ਵੱਲ ਮਾਰਦਾ ਹਾਂ, "ਟੇਕ ਯੂਅਰ ਸ਼ਿੱਟ ਵਿੱਦ ਯੂ, ਯੂਅ ਬਾਸਟਰਡਜ਼।"

ਪਰਸ ਚੁੱਕ ਕੇ ਮੁੰਡਾ ਹੋਰ ਤੇਜ਼ ਦੌੜਦਾ ਹੈ।

"ਹਰਾਮਖ਼ੋਰ! ਮੇਰੇ ਟੈਕਸਾਂ ਦਿਆਂ ਪੈਸਿਆਂ ਨਾਲ ਤੁਸੀਂ ਪਲਦੇ ਆਂ, ਵੈੱਲਫੇਅਰ ਤੁਹਾਡੇ ਵਿਹਲੜਾਂ-ਲਫੰਗਿਆਂ ਲਈ ਨਹੀਂ ਹੁੰਦਾ। ਕੁੱਤਿਉ, ਤੁਸੀਂ ਲੋਕਾਂ ਨੂੰ ਜ਼ਹਿਰ ਵੇਚਦੇ ਆਂ ਤੇ ਨਾਲੇ ਦੱਲੇ ਬਣ ਕੁੜੀਆਂ ਨੂੰ ਬਰਬਾਦ ਕਰਦੇ ਆਂ ਸੂਰੋ ਤੇ ਮੈਨੂੰ ਦੱਸਦੇ ਆਂ ਕਿ ਹੇਰਾ-ਫੇਰੀ ਮੈਂ ਕਰਦਾਂ... ਭੈਣ ਦਿਉ ਖਸਮੋਂ?" ਪਤਾ ਨਹੀ ਕਿਹੜੇ ਵੇਲੇ ਮੈਂ ਅੰਗਰੇਜ਼ੀ ਤੋਂ ਪੰਜਾਬੀ 'ਤੇ ਉਤਰ ਆਉਂਦਾ ਹਾਂ। ਉਹ ਦੋਵੇਂ ਨੱਠੇ ਜਾਂਦੇ ਸਿਨਮਿਆਂ ਦੇ ਪਿਛਲੇ ਪਾਸੇ ਇਕ ਹਨੇਰੀ ਜਿਹੀ ਗਲੀ ਵੱਲ ਮੁੜ ਗਏ ਹਨ। ਮੈਨੂੰ ਤਸੱਲੀ ਜਿਹੀ ਮਹਿਸੂਸ ਹੁੰਦੀ ਹੈ ਤੇ ਮੈਂ ਟੈਕਸੀ ਵੱਲ ਪਰਤਦਾ ਹਾਂ।

ਧੁੰਦ ਉਵੇਂ ਹੀ ਪਸਰੀ ਪਈ ਹੈ। ਉੱਪਰੋ ਆਕਾਸ਼ ਵੱਲ ਨੂੰ ਮੂੰਹ ਕਰਕੇ ਮੈਂ ਅੰਦਰੋਂ ਲੰਬਾ ਜਿਹਾ ਸਾਹ ਕੱਢਦਾ ਹਾਂ ਜੋ ਮੂੰਹੋਂ ਬਾਹਰ ਆਉਂਦਿਆਂ ਹੀ ਭਾਫ਼ ਬਣ ਜਾਂਦਾ ਹੈ। ਮੈਨੂੰ ਇੰਝ ਲੱਗਦੇ ਜਿਵੇਂ ਭਾਫ਼ ਦੇ ਗੁਬਾਰ ਦੇ ਦੂਸਰੇ ਪਾਸੇ ਰੌਬਸਨ ਸਕੁਏਅਰ ਦੀਆਂ ਜਗਮਗ ਜਗਮਗ ਕਰਦੀਆਂ ਲਾਈਟਾਂ ਮੈਨੂੰ ਤੇ ਮੇਰੀ ਟੈਕਸੀ ਨੂੰ ਮੋਹ ਨਾਲ ਤੱਕ ਰਹੀਆਂ ਹੋਣ...ਸ਼ਾਇਦ ਕੁਝ ਇਸੇ ਹੀ ਤਰ੍ਹਾਂ ਲੋਹੜੀ ਦਵਾਲੇ ਪਿੰਡ ਦੇ ਚੌਂਤਰੇ ਉੱਪਰ ਧੂਣੀ ਦੀ ਅੱਗ ਸੇਕਦਿਆਂ ਝਿਲਮਿਲ ਕਰਦੇ ਤਾਰੇ ਸਾਨੂੰ ਤੇ ਹਰੇ-ਭਰੇ ਖੇਤਾਂ ਨੂੰ ਤੱਕਦੇ ਸਨ। ਰੌਬਸਨ ਸਕੁਏਅਰ ਮੈਨੂੰ ਹੁਣ ਆਪਣਾ ਆਪਣਾ ਲਗਦਾ ਹੈ।

(ਕੈਨੇਡਾ ਵਿਚ ਭਾਰਤੀਆਂ ਦੇ ਸੌਵੇਂ ਵਰ੍ਹੇ ਦੇ ਨਾਮ)



# ਬੈਂਕਰਪਟ

ਬੋਝਲ ਕਦਮਾਂ ਨਾਲ ਹਸਪਤਾਲ ਦੇ ਕਾਰੀਡਾਰ ਵਿਚ ਤੁਰਦਾ ਕਰਮ ਸਿੰਘ ਜਦੋਂ ਮੁੱਖ ਦਰਵਾਜ਼ੇ ਤਕ ਪਹੁੰਚਿਆ ਤਾਂ ਉਸ ਨੂੰ ਜਾਪਿਆ ਜਿਵੇਂ ਪੈਰ ਵਰਾਂਡੇ ਦੇ ਫ਼ਰਸ਼ ਨਾਲ ਜੁੜ ਰਹੇ ਹੋਣ। ਦਰਵਾਜ਼ੇ ਦਾ ਪਟ ਫੜ ਕੇ ਉਹ ਪਿਛਾਂਹ ਆਉਂਦੀ ਗਿਆਨੋ ਨੂੰ ਉਡੀਕਣ ਲੱਗਾ। ਕੋਲੋਂ ਗੁਜ਼ਰਦੇ ਦੋ ਕੁ ਬੰਦਿਆਂ ਨੇ ਜ਼ਰਾ ਓਪਰਾ ਜਿਹਾ ਉਸ ਵੱਲ ਤੱਕਿਆ ਤੇ ਉਹ ਪਿੱਠ ਘੁਮਾ ਕੇ ਅੱਖਾਂ ਦੀਆਂ ਗੰਨੀਆਂ ਪੂੰਝਦਾ ਪਾਰਕਿੰਗ ਲਾਟ ਵਿਚ ਖੜ੍ਹੀ ਆਪਣੀ ਨਵੇਂ ਮਾਡਲ ਦੀ ਕਾਰ ਵੱਲ ਦੇਖਣ ਲੱਗ ਗਿਆ। ਕੁਝ ਪਲਾਂ ਬਾਅਦ ਚੁੰਨੀ ਦੇ ਲੜ ਨਾਲ ਅੱਖਾਂ ਤੇ ਪਾਣੀ ਭਰਿਆ ਨੱਕ ਪੂੰਝਦੀ ਗਿਆਨੋ ਵੀ ਆ ਗਈ ਤੇ ਉਹ ਉਸ ਨੂੰ ਲੈ ਕੇ ਹੌਲੀ-ਹੌਲੀ ਕਾਰ ਵੱਲ ਤੁਰ ਪਿਆ। ਸੀਟ ਉੱਪਰ ਬਹਿੰਦਿਆਂ ਹੀ ਗਿਆਨੋ ਉੱਚੀ-ਉੱਚੀ ਰੋਣ ਲੱਗ ਪਈ।

"ਐਥੇ ਬਥੇਰੇ ਅਲਾਜ ਹੈਗੇ ਆ। ਤੂੰ ਘਬਰਾ ਨਾ", ਕਾਰ ਚਲਾਉਂਦਾ ਕਰਮ ਸਿੰਘ ਗਿਆਨੋ ਨੂੰ ਹੌਸਲਾ ਦੇ ਰਿਹਾ ਸੀ। ਵੱਡੇ ਤੋਂ ਵੱਡੇ ਡਾਕਟਰ, ਤਰ੍ਹਾਂ ਤਰ੍ਹਾਂ ਦੇ ਸਪੈਸ਼ਲਿਸਟ ਆ। ਔਹ ਵੇਖਿਆ ਨੀ ਕਿੰਨੀਆਂ ਮਸ਼ੀਨਾਂ ਪਈਆਂ ਸੀ ਕਮਰੇ ਵਿਚ, ਏਹੀ ਤਾਂ ਇਕ ਫੈਦਾ ਇਸ ਮੁਲਕ ਦਾ।" ਮਗਰਲੀ ਗੱਲ ਜਿਵੇਂ ਉਸ ਨੇ ਗਿਆਨੋ ਨੂੰ ਘੱਟ, ਆਪਣੇ ਆਪ ਨੂੰ ਵੱਧ ਕਹੀ ਸੀ।

ਕਾਰ ਵੈਨਕੂਵਰ ਦੀਆਂ ਸੜਕਾਂ ਉੱਪਰ ਦੌੜ ਰਹੀ ਸੀ। ਪਿਛਲੇ ਇਕੀਆਂ ਸਾਲਾਂ ਵਿਚ ਕਰਮ ਸਿੰਘ ਨੇ ਇਸ ਸ਼ਹਿਰ ਦੇ ਅਣਗਿਣਤ ਚੱਕਰ ਲਾਏ ਸਨ ਪਰ ਅੱਜ ਉਹੀ ਸੜਕਾਂ ਉਸ ਨੂੰ ਘਸਮੈਲੀਆਂ ਤੇ ਓਪਰੀਆਂ ਦਿਸ ਰਹੀਆਂ ਸਨ। ਉਸ ਦਾ ਧਿਆਨ ਜੈਸੀ ਦਾ ਮੁਆਇਨਾ ਕਰਨ ਵਾਲੇ ਡਾਕਟਰ ਦੀਆਂ ਗੱਲਾਂ ਵਿਚ ਸੀ। ਇੰਟੈਂਸਿਵ ਕੇਅਰ ਯੂਨਿਟ ਦੇ ਬਾਹਰ 'ਕੁਆਇਟ ਰੂਮ' ਵਿਚ ਲਿਜਾ ਕਾਡਾਕਟਰ ਨੇ ਪੂਰੀ ਗੰਭੀਰਤਾ ਨਾਲ ਕਰਮ ਸਿੰਘ ਤੇ ਗਿਆਨੋ ਨੂੰ ਜੈਸੀ ਦੀ ਸਥਿਤੀ ਬਿਆਨ ਕੀਤੀ ਸੀ। ਗਿਆਨੋ ਜੋ ਪਹਿਲਾਂ ਹੀ ਜੈਸੀ ਦੇ ਬੈੱਡ ਦਵਾਲੇ ਲੱਗੇ ਤਰ੍ਹਾਂ-ਤਰ੍ਹਾਂ ਦੇ ਯੰਤਰ ਤੇ ਕਾਹਲੀ-ਕਾਹਲੀ ਤੁਰਦੀਆਂ ਫਿਰਦੀਆਂ ਨਰਸਾਂ ਦੇਖ ਮੰਦੇ ਹਾਲ ਹੋ ਗਈ ਸੀ, ਡਾਕਟਰ ਦੀਆਂ ਗੱਲਾਂ ਸੁਣ ਉੱਚੀ-ਉੱਚੀ ਰੋਂਦੀ ਜੈਸੀ ਦੇ ਬੈੱਡ ਵੱਲ ਨੂ ਵਧੀ। ਨਰਸਾਂ ਨੇ ਉਸ ਨੂੰ ਪਿਆਰ ਪਰ ਦ੍ਰਿੜ੍ਹਤਾ ਨਾਲ ਰੋਕ ਦਿੱਤਾ। ਕਰਮ ਸਿੰਘ ਕੁਝ ਦੇਰ ਠੱਗਿਆ ਜਿਹਾ ਰਹਿਣ ਤੋਂ ਬਾਅਦ ਗਿਆਨੋ ਨੂੰ ਧਰਵਾਸ ਦਿਵਾਉਂਦਾ ਕਾਰ ਵਿਚ ਲੈ ਆਇਆ। ਕਿਧਰ ਜਾਵਾਂ? ਕੁਝ ਹੋਰ ਸੁੱਝਦਾ ਨਾ ਵੇਖ ਉਸ ਨੇ ਕਾਰ ਗੁਰਦੁਆਰੇ

ਵੱਲ ਮੋੜ ਦਿੱਤੀ ਤੇ ਡੁੱਬਦੇ ਮਨ ਨੂੰ ਟਿਕਾਉਣ ਦੇ ਯਤਨ ਕਰਨ ਲੱਗਾ।

ਅਗਾਂਹ ਵੱਡੇ ਚੌਰਾਹੇ ਉੱਪਰ ਲਾਲ ਬੱਤੀ ਹੋਣ ਕਾਰਨ ਟ੍ਰੈਫਿਕ ਰੁਕਿਆ ਹੋਇਆ ਸੀ। ਕਾਰ ਤੋਂ ਅਗਾਂਹ ਇਕ ਵੱਡਾ ਸਾਰਾ ਡਲਿਵਰੀ ਟਰੱਕ ਰੁਕਿਆ ਹੋਇਆ ਸੀ ਜਿਸ ਉੱਪਰ ਉਸਾਰੀ ਲਈ ਵਰਤੇ ਜਾਣ ਵਾਲੇ ਲੱਕੜੀ ਦੇ ਲੰਮੇ ਲੰਮੇ ਫੱਟੇ ਲੱਦੇ ਹੋਏ ਸਨ। ਫੱਟਿਆਂ ਵੱਲ ਦੇਖਦੇ-ਦੇਖਦੇ ਕਰਮ ਸਿੰਘ ਦੇ ਮਨ ਵਿਚ ਆਪਣੇ ਕੰਮ ਵਾਲੀ ਮਿੱਲ ਦਾ ਧਿਆਨ ਆਇਆ, ਜਿੱਥੇ ਅਜਿਹੇ ਹੀ ਫੱਟੇ ਚੀਰੇ ਜਾਂਦੇ ਸਨ। ਇਕੀ ਸਾਲ ਪਹਿਲਾਂ ਵਾਲੀ ਗੱਲ, ਜਿਸ ਨੇ ਅੱਜ ਡਾਕਟਰ ਦੀ ਦੱਸੀ ਗੱਲ ਵਾਂਗ ਹੀ ਹਿਲਾ ਕੇ ਰੱਖ ਦਿਤਾ ਸੀ ਮੁੜ ਯਾਦ ਆ ਗਈ।

ਮਿੱਲ ਵਿਚ ਕੰਮ ਕਰਨ ਲੱਗੇ ਨੂੰ ਪਹਿਲੇ ਹੀ ਦਿਨ ਇਕ ਹੋਰ ਪੰਜਾਬੀ ਕਾਮੇ ਵੱਲੋਂ ਉਸ ਨੂੰ ਥੱਕਿਆ ਦੇਖ ਕੀਤੀ ਟਿੱਚਰ ਦੇ ਸ਼ਬਦ ਉਸ ਦੇ ਮੱਥੇ ਵਿਚ ਵੱਜੇ ਸਨ, " ਖਿੱਚ ਖਿੱਚ ਠਾਣੇਦਾਰਾ ਜੋਰ ਲਾ। ਇਹ ਫੱਟਾ ਤੇਰਾ ਈ ਆ। ਇੰਡੀਆ ਵਾਲੀ ਬੈਂਤ ਤਾਂ ਨੀ ਕਿ ਲੈਫਟਰਾਈ ਕਰਦੇ ਪੈਂਟ ਦੇ ਪੌਂਚਿਆਂ ਉੱਤੇ ਈ ਮਾਰੀ ਜਾਊ," ਗ੍ਰੀਨ ਚੇਨ ਦੇ ਦੂਸਰੇ ਪਾਸੇ ਕੰਮ ਕਰਦੇ ਕੋਰੇ ਅਨਪੜ੍ਹ ਨੇ ਉਸ ਦੀਆਂ ਦਰਜਨ ਜਮਾਤਾਂ ਦੀ ਫੱਟੀ ਪੋਚ ਦਿੱਤੀ ਸੀ।

ਕਰਮ ਸਿੰਘ ਉਸ ਘੜੀ ਨੂੰ ਕੋਸਦਾ ਜਦੋਂ ਉਸ ਨੇ ਪਾਪ ਦੀ ਕਮਾਈ ਜੇਬ ਵਿਚ ਪਾਈ ਸੀ। ਅਜੇ ਠਾਣੇਦਾਰੀ ਕਰਦੇ ਨੂੰ ਸਾਲ ਮਸੀਂ ਹੋਇਆ ਸੀ ਕਿ ਉਹ ਰਿਸ਼ਵਤ ਦੇ ਕੇਸ ਵਿਚ ਮੁਅੱਤਲ ਹੋ ਗਿਆ। ਉਸ ਦੇ ਭਾਈਏ ਸਾਧੂ ਸਿੰਘ ਨੇ ਤਿੰਨ ਖੇਤ ਗਹਿਣੇ ਕਰ ਕੇ ਉਸ ਨੂੰ ਠਾਣੇਦਾਰ ਬਣਾਉਣ ਦੀ ਕੀਮਤ ਤਾਰੀ ਸੀ।ਪਰ ਬਾਪ ਨੂੰ ਕੀ ਖ਼ਬਰ ਸੀ ਕਿ ਪੁੱਤਰ ਕਰਮ ਸਿੰਘ ਦੇ ਕਰਮ ਅਜਿਹੇ ਨਹੀਂ ਸਨ।

ਹੌਲੀ-ਹੌਲੀ ਚਲਦੇ ਕੇਸ ਦੌਰਾਨ ਇਧਰੋਂ-ਉਧਰੋਂ ਕੁਝ ਪੈਸੇ ਫੜ-ਫੜਾ ਕੇ ਕਰਮ ਸਿੰਘ ਕੈਨੇਡਾ ਚੜ੍ਹ ਆਇਆ ਸੀ। ਪਾਸਪੋਰਟ ਤਾਂ ਉਸ ਨੇ ਠਾਣੇਦਾਰੀ ਦੀ ਟ੍ਰੇਨਿੰਗ ਵੇਲੇ ਹੀ ਬਣਵਾ ਲਿਆ ਸੀ ਜਦੋਂ ਉਸ ਨੇ ਆਪਣੇ ਗੁਆਂਢੀ ਪਿੰਡ ਦੇ ਜਮਾਤੀ ਕ੍ਰਿਸ਼ਨ ਦਾ ਪਾਸਪੋਰਟ ਬਣਵਾ ਕੇ ਦਿੱਤਾ ਸੀ। ਰੌਲਿਆਂ ਵੇਲੇ ਪਾਕਿਸਤਾਨ ਤੋਂ ਆ ਕੇ ਵੱਸੇ ਬ੍ਰਾਹਮਣ ਪ੍ਰੀਵਾਰ ਦਾ ਇਹ ਗੋਰਾ-ਚਿੱਟਾ ਕ੍ਰਿਸ਼ਨ ਕਾਲਜ ਪੜ੍ਹਦਾ ਸੈਰ ਬਹਾਨੇ ਕੈਨੇਡ ਲੰਘ ਆਇਆ ਸੀ ਤੇ ਸਾਲ ਕੁ ਬਾਅਦ ਕੈਨੇਡਾ ਵਿਚ ਕਿਸੇ ਵਿਧਵਾ ਗੋਰੀ ਦੀ ਲੜਕੀ ਨਾਲ ਸ਼ਾਦੀ ਕਰ ਕੇ ਪੱਕਾ ਹੋ ਗਿਆ ਸੀ।

ਜਦੋਂ ਕਰਮ ਸਿੰਘ ਕੈਨੇਡਾ ਉਤਰਿਆ ਤਾਂ ਕ੍ਰਿਸ਼ਨ ਤੋਂ ਕਰਿੱਸ ਬਣਿਆ ਉਸ ਦਾ ਆੜੀ ਉਸ ਨੂੰ ਆਪਦੇ ਸ਼ਹਿਰ ਤੋਂ ਲੈਣ ਆਇਆ ਸੀ। ਸੁਨਹਿਰੀ ਵਾਲ ਪਰ ਸਾਧਾਰਨ ਜਿਹੀ ਦਿੱਖ, ਕੱਦ ਜ਼ਰਾ ਕੁ ਮਧਰਾ। ਪਰ ਜਦੋਂ ਉਸ ਨੇ ਟੁੱਟੀ-ਫੁੱਟੀ ਪੰਜਾਬੀ ਵਿਚ 'ਸੱਟ ਸਰੀ ਕਾਅਲ ਪਾਅਜੀ' ਕਹਿ ਕੇ ਕਰਮ ਸਿੰਘ ਨੂੰ ਪੋਲੀ ਜਿਹੀ ਗਲਵਕੜੀ ਪਾਈ ਤਾਂ ਕਰਮ ਸਿੰਘ ਬਹੁਤ ਹੈਰਾਨ ਹੋਇਆ। ਉੱਪਰੋਂ ਲੋਰੇਨ ਦਾ ਵਧਿਆ ਹੋਇਆ ਢਿੱਡ। ਉਹ ਤਾਂ ਇਹੀ ਸਮਝਦਾ ਸੀ ਕਿ ਕ੍ਰਿਸ਼ਨ ਨੇ ਐਵੇਂ ਪੱਕਾ ਹੋਣ ਲਈ ਕੋਈ ਜੁਗਾੜ ਜਿਹਾ ਕੀਤਾ ਹੋਵੇਗਾ ਤੇ ਹੁਣ ਲੋਰੇਨ ਵੱਲ ਦੇਖ ਕੇ ਉਹ ਜਿਵੇਂ ਕ੍ਰਿਸ਼ਨ ਨੂੰ



ਅੱਖਾਂ-ਅੱਖਾਂ ਵਿਚ ਹੀ ਪੁੱਛ ਗਿਆ, "ਇਹ ਕੀ ਚੱਕਰ ਆ ਬਾਹਮਣਾ?"

ਛੇਆਂ ਕੁ ਘੰਟਿਆਂ ਬਾਅਦ ਕ੍ਰਿਸ਼ਨ ਹੁਰੀਂ ਵੈਨਕੂਵਰੋਂ ਕਾਰ ਵਿਚ ਵਿਲੀਅਮਜ਼ ਲੇਕ ਪਹੁੰਚੇ ਸਨ। ਝੀਲ ਦੇ ਕਿਨਾਰੇ ਵੱਸਿਆ ਹੋਇਆ ਸ਼ਾਂਤ ਜਿਹਾ ਸ਼ਹਿਰ। ਇਕ ਵੱਡੀ ਸਾਰੀ ਲੱਕੜੀ ਦੀ ਮਿੱਲ ਜਿੱਥੇ ਕਾਫ਼ੀ ਜ਼ਿਆਦਾ ਲੋਕ ਕੰਮ ਕਰਦੇ ਸਨ। ਕ੍ਰਿਸ਼ਨ ਵੀ ਇੱਥੇ ਹੀ ਕੰਮ ਕਰਦਾ ਸੀ। ਲੋਰੇਨ ਦਾ ਇਕ ਨਜ਼ਦੀਕੀ ਇੱਥੇ ਸੁਪਰਵਾਈਜ਼ਰ ਸੀ।

ਕਰਮ ਸਿੰਘ ਪਹਿਲਾਂ ਤਾਂ ਬੜਾ ਉਦਾਸ ਹੋਇਆ ਸੀ ਇੱਥੇ ਆ ਕੇ। ਪਿੱਛੇ ਰਹਿ ਗਈ ਪਤਨੀ ਗਿਆਨੋ ਤੇ ਛੇ ਕੁ ਮਹੀਨੇ ਦਾ ਪੁੱਤਰ ਗੁਰਬੀਰ ਬੜਾ ਯਾਦ ਆਉਂਦੇ ਸਨ। ਕ੍ਰਿਸ਼ਨ ਤੇ ਲੋਰੇਨ ਦੀ ਆਉਭਗਤ ਨੇ ਵਾਹ ਲੱਗਦੀ ਉਸ ਦਾ ਦਿਲ ਬੰਨ੍ਹ ਰੱਖਿਆ ਸੀ।

ਚੰਗੀ ਕਿਸਮਤ ਨੂੰ ਕੁਝ ਹੀ ਮਹੀਨਿਆਂ ਬਾਅਦ ਕੈਨੇਡਾ ਸਰਕਾਰ ਨੇ ਸੈਰ ਉੱਪਰ ਆਏ ਲੋਕਾਂ ਨੂੰ ਪੱਕੇ ਤੌਰ ਉਤੇ ਰਹਿਣ ਦੀ ਇਜਾਜ਼ਤ ਦੇ ਦਿੱਤੀ ਤੇ ਕਰਮ ਸਿੰਘ ਦੇ ਕਰਮ ਸਿੱਧੇ ਹੋ ਗਏ। ਲੋਰੇਨ ਦੇ ਰਿਸ਼ਤੇਦਾਰ ਨੇ ਕਰਮ ਸਿੰਘ ਨੂੰ ਵੀ ਮਿੱਲ ਵਿਚ ਕੰਮ ਦਿਵਾ ਦਿੱਤਾ ਤੇ ਉਹਨਾਂ ਦੀ ਦਿਨਾਂ ਵਿਚ ਲੋਰੇਨ ਨੇ ਪੁੱਤਰ ਕੇਵਿਨ ਨੂੰ ਜਨਮ ਦਿੱਤਾ।

ਕਰਮ ਸਿੰਘ ਹੁਣ ਅਲੱਗ ਰਹਿਣ ਲੱਗ ਪਿਆ ਸੀ। ਉਹ ਵੱਧ ਤੋਂ ਵੱਧ ਓਵਰਟਾਈਮ ਕਰਦਾ। ਮਿੱਲ ਦੇ ਫੱਟਿਆਂ ਉੱਪਰ ਡੁੱਲ੍ਹਿਆ ਪਸੀਨਾ ਨੋਟਾਂ ਦੀ ਸ਼ਕਲ ਅਖ਼ਤਿਆਰ ਕਰ ਕੇ ਪਿੱਛੇ 'ਦੇਸ' ਵਿਚ ਮਹਿਕਾਂ ਖਿਲਾਰਨ ਲੱਗਾ। ਗਹਿਣੇ ਪਏ ਖੇਤ ਵੀ ਛੁਡਾ ਲਏ। ਰਿਸ਼ਵਤ ਵਾਲਾ ਕੇਸ ਵੀ ਅਗਾਂਹ ਰਿਸ਼ਵਤ ਦੇ ਕੇ ਰਫ਼ਾ-ਦਫ਼ਾ ਹੋ ਗਿਆ ਤੇ ਅਖੀਰ ਗਿਆਨੋ ਤੇ ਗੁਰਬੀਰ ਨੂੰ ਵੀ ਕੈਨੇਡਾ ਆਉਣ ਲਈ ਹਰੀ ਝੰਡੀ ਮਿਲ ਗਈ।

"ਮੈਂ ਤੈਨੂੰ ਕਹਿ ਰਹੀ, ਤੂੰ ਕੁੜੀ ਨੂੰ ਪੁੱਛ ਲਾ। ਪਰ ਤੂੰ ਮੇਰੀ ਇਕ ਨੀ ਮੰਨੀ," ਕਹਿੰਦੀ ਗਿਆਨੋ ਫਿਰ ਹੁਬਕਣ ਲੱਗ ਪਈ।

"ਮੈਂ ਉਹਦਾ ਕੋਈ ਦੁਸ਼ਮਣ ਤਾਂ ਨਹੀ, ਜੋ ਕੀਤਾ ਸੀ ਆਪਣੇ ਚਿੱਤੋਂ ਉਹਦੇ ਫੈਦੇ ਲਈ ਕੀਤਾ ਸੀ," ਕਰਮ ਸਿੰਘ ਜ਼ਰਾ ਖਿਝ ਕੇ ਬੋਲਿਆ। ਪਰ ਅਗਲੇ ਹੀ ਪਲ ਡਾਕਟਰ ਦੇ ਕਹੇ ਸ਼ਬਦ ਉਸ ਦੇ ਮਨ ਨੂੰ ਝੰਜੋੜ ਗਏ, 'ਸ਼ੀ ਮੇਅ ਔਰ ਮੇਅ ਨੋਟ ਬੀ ਏਬਲ ਟੂ ਵਾਕ ਅਗੇਨ।' ਦੁਖਿਆਰੇ ਮਨ ਨਾਲ ਕਰਮ ਸਿੰਘ ਨੇ ਗੁਰਦੁਆਰੇ ਦੀ ਪਾਰਕਿੰਗ ਵਿਚ ਕਾਰ ਰੋਕੀ ਤੇ ਦੋਵੇਂ ਮੱਥਾ ਟੇਕਣ ਤੁਰ ਪਏ।

ਜੈਸੀ ਗਿਆਨੋ ਦੇ ਕੈਨੇਡਾ ਆਉਣ ਤੋਂ ਦੋ ਕੁ ਸਾਲ ਬਾਅਦ ਜਨਮੀ ਸੀ। ਕੱਕੇ ਵਾਲ, ਗੋਰਾ ਰੰਗ, ਛੋਟੀ ਹੁੰਦੀ ਕੰਮ ਤੋਂ ਪਰਤੇ ਕਰਮ ਸਿੰਘ ਦੀਆਂ ਲੱਤਾਂ ਨੂੰ ਚਿੰਬੜ ਜਾਂਦੀ। ਫਿਰ ਉਸ ਦੇ ਹੱਥੋਂ ਲੰਚ ਵਾਲੀ ਕਿੱਟ ਫੜ ਕੇ ਨੱਠੀ-ਨੱਠੀ ਕਿਚਨ ਵੱਲ ਜਾਂਦੀ ਤਾਂ ਰਾਹ ਵਿਚ ਕਈ ਵਾਰੀ ਫਸ-ਫਸ ਕੇ ਡਿੱਗਦੀ।

"ਨੀ! ਤੈਨੂੰ ਕਿੰਨੀ ਵਾਰੀ ਕਿਹੈ, ਨੱਠਿਆ ਨਾ ਕਰ, ਕੁੜੀਆਂ ਨੀ ਨੱਠਦੀਆਂ ਹੁੰਦੀਆਂ," ਗਿਆਨੋ ਕਹਿ ਉੱਠਦੀ। ਜੈਸੀ ਅਣਮੰਨੇ ਮਨ ਨਾਲ ਟੀਵੀ ਸਾਹਮਣੇ ਜਾ ਬਹਿੰਦੀ।

ਜਦੋਂ ਜੈਸੀ ਸਕੂਲ ਜਾਣ ਜੋਗੀ ਹੋਈ ਤਾਂ ਗਿਆਨੋ ਨੂੰ ਇਕ ਬੇਕਰੀ ਵਿਚ ਕੰਮ ਮਿਲ ਗਿਆ। ਬੱਚਿਆਂ ਦੇ ਛੋਟੇ ਹੋਣ ਕਾਰਨ ਸੀ ਤਾਂ ਔਖਿਆਈ ਪਰ ਬੇਕਰੀ ਵਿਚ ਤਨਖਾਹ ਚੰਗੀ ਸੀ ਤੇ ਸ਼ਿਫ਼ਟ ਵੀ ਦਿਨ ਦੀ ਸੀ। ਕਰਮ ਸਿੰਘ ਨੇ ਆਪਣੀ ਸ਼ਿਫ਼ਟ ਆਫਟਰਨੂਨ ਕਰਵਾ ਲਈ। ਸਵੇਰੇ ਦੋਨਾਂ ਬੱਚਿਆਂ ਨੂੰ ਸਕੂਲ ਛੱਡ ਕੇ ਤੇ ਦੁਪਹਿਰ ਨੂੰ ਵਾਪਿਸ ਲਿਆ ਕੇ ਟੀਵੀ ਸਾਹਮਣੇ ਬਿਠਾ ਉਹ ਕੰਮ ਨੂੰ ਤੁਰ ਜਾਂਦਾ। ਅੱਧੇ ਕੁ ਘੰਟੇ ਬਾਅਦ ਗਿਆਨੋ ਘਰ ਆ ਜਾਂਦੀ। ਅੱਧੀ ਰਾਤ ਕਰਮ ਸਿੰਘ ਦੇ ਕੰਮ ਤੋਂ ਪਰਤਣ ਤਕ ਬੱਚੇ ਕਦੋਂ ਦੇ ਸੌਂ ਚੁੱਕੇ ਹੁੰਦੇ। ਸਨਿੱਚਰ, ਐਤਵਾਰ ਉਹ ਵਾਹ ਲੱਗਦੀ ਓਵਰਟਾਈਮ ਨਾ ਛੱਡਦਾ। ਜੇਕਰ ਓਵਰਟਾਈਮ ਨਾ ਮਿਲਦਾ ਤਾਂ ਉਹ ਵੈਨਕੂਵਰ ਦਾ ਗੇੜਾ ਮਾਰ ਜਾਂਦੇ। ਨਾਲੇ ਤਾਂ ਭਾਈਬੰਦਾਂ ਨੂੰ ਮਿਲ ਜਾਂਦੇ ਤੇ ਨਾਲੇ ਵਾਪਸੀ ਉਤੇ ਖਾਣ-ਪੀਣ ਤੇ ਹੋਰ ਜ਼ਰੂਰੀ ਵਸਤਾਂ ਥੋਕ ਵਿਚ ਸਸਤੇ ਭਾਅ ਖ਼ਰੀਦ ਲਿਜਾਂਦੇ।

ਕਰਮ ਸਿੰਘ ਦੀ ਸਕੀਮ ਵੱਧ ਤੋਂ ਵੱਧ ਡਾਲਰ ਇਕੱਠੇ ਕਰ ਕੇ ਦੇਸ ਪਰਤ ਜਾਣ ਦੀ ਸੀ। ਕਾਫ਼ੀ ਸਾਰੇ ਪੈਸੇ ਪਿੰਡ ਵਿਚ ਸਭ ਤੋਂ ਵੱਡੀ ਢੇਰੀ ਉਸ ਦੀ ਹੋਵੇ ਤੇ ਲੋਕ ਉਸ ਨੂੰ ਠਾਣੇਦਾਰ ਦੀ ਬਜਾਇ 'ਸਰਦਾਰ ਕਰਮ ਸਿੰਘ' ਕਹਿ ਕੇ ਪੁਕਾਰਨ। 'ਸਰਦਾਰੀ', ਜੋ ਕੁਝ ਤਾਂ ਉਸ ਉੱਪਰ ਬਣੇ ਰਿਸ਼ਵਤ ਦ ਕੇਸ ਨੇ ਖ਼ਰਾਬ ਕਰ ਦਿੱਤੀ ਸੀ ਤੇ ਬਾਕੀ ਕੈਨੇਡਾ ਪਹੁੰਚਣ ਤੋਂ ਬਾਅਦ ਛੇਤੀ ਹੀ ਲੱਥ ਗਈ ਸੀ।

ਕ੍ਰਿਸ਼ਨ ਦੀ ਸੱਸ ਮੈਰੀਅਨ ਉਸ ਨੂੰ ਮਿਲਣ ਵਾਸਤੇ ਗਈ ਤਾਂ ਉਹ ਸਵੇਰੇ-ਸਵੇਰੇ ਦਾੜ੍ਹੀ ਉੱਪਰ ਠਾਠੀ ਕੱਸੀ ਬੈਠਾ ਸੀ। ਮੈਰੀਅਨ ਸਮਝੀ ਸੀ ਕਿ ਉਸ ਦੇ ਦੰਦ ਦੁਖਦੇ ਹੋਣ ਕਾਰਨ ਉਸ ਨੇ ਮੂੰਹ ਇਸ ਤਰ੍ਹਾਂ ਬੰਨ੍ਹਿਆ ਹੋਇਆ ਹੈ। ਬੜਾ ਹਾਸਾ ਪਿਆ ਸੀ। ਬੇਸ਼ੱਕ ਕ੍ਰਿਸ਼ਨ ਤਾਂ ਉਸ ਨੂੰ ਕਹਿੰਦਾ ਸੀ ਕਿ ਉਹ ਵਾਲ ਨਾ ਮੁੰਨਾਵੇ ਪਰ ਕਰਮ ਸਿੰਘ ਨੂੰ ਇਹ ਜਾਪਦਾ ਸੀ ਕਿ ਜੇ ਉਸ ਦਾ ਇੰਮੀਗ੍ਰੇਸ਼ਨ ਦਾ ਕੰਮ ਨਾ ਬਣਿਆ ਤਾਂ ਪੱਗ-ਦਾੜ੍ਹੀ ਨਾਲ ਉਸ ਨੂੰ ਕੈਨੇਡਾ ਵਿਚ ਛੁਪਣ ਲਈ ਮੁਸ਼ਕਿਲ ਬਣੇਗੀ। ਨਾਲੇ ਪੱਗ ਦਾ ਕੀ ਸੀ ਜਦੋਂ ਦੇਸ ਪਰਤਣਾ ਹੋਇਆ ਤਾਂ ਮੁੜ ਬੰਨ੍ਹੀ ਜਾਵੇਗੀ ਤੇ ਫਿਰ ਜਦੋਂ ਸ਼ਹਿਰ ਵਿਚ ਐਸ.ਪੀ. ਦੀ ਸਰਕਾਰੀ ਕੋਠੀ ਦੇ ਐਨ ਸਾਹਮਣੇ ਆਲੀਸ਼ਾਨ ਕੋਠੀ ਪਾਵੇਗਾ ਤਾਂ ਉਸ ਉੱਪਰ ਲੱਗਿਆ ਹਰ ਦਾਗ਼ ਧੋਤਾ ਜਾਵੇਗਾ।

ਹਫ਼ਤੇ ਦੇ ਵਿਚਕਾਰ ਜਿਹੇ ਦਾ ਦਿਨ ਹੋਣ ਕਾਰਨ ਗੁਰਦੁਆਰੇ ਸੰਗਤ ਘੱਟ ਹੀ ਜੁੜੀ ਹੋਈ ਸੀ। ਮੱਥਾ ਟੇਕਣ ਉੱਪਰੰਤ ਗਿਆਨੋ ਤਾਂ ਨੱਕ ਦਵਾਲੇ ਚੁੰਨੀ ਦੀ ਬੁੱਕਲ ਮਾਰ, ਪਾਸੇ ਜਿਹੇ ਕੰਧ ਨਾਲ ਢੋਅ ਲਾ ਕੇ ਬਹਿ ਗਈ ਤੇ ਕਰਮ ਸਿੰਘ ਰਾਗੀਆਂ ਨੂੰ ਡਾਲਰ ਦੇਣ ਚਲਾ ਗਿਆ।

ਉਸ ਦਾ ਧਿਆਨ ਗਾਇਨ ਹੋ ਰਹੇ ਸ਼ਬਦ, 'ਜੋ ਮਾਂਗੇ ਠਾਕੁਰ ਅਪਨੇ ਤੇ, ਸੋਈ ਸੋਈ ਦੇਵੈ, ਵੱਲ ਚਲਾ ਗਿਆ। ਜਦੋਂ ਗੁਰਬੀਰ ਜੰਮਿਆ ਸੀ ਤਾਂ ਭਾਈਏ ਨੇ ਘਰ



ਅਖੰਡਪਾਠ ਖੁਲ੍ਹਵਾਇਆ ਸੀ। ਰਾਗੀਆਂ ਨੇ ਇਹੀ ਸ਼ਬਦ ਗਾਇਆ ਸੀ। ਭਾਈਏ ਨੇ ਉੱਠ ਕੇ ਇਕ ਵੱਡਾ ਨੋਟ ਉਹਨਾਂ ਦੇ ਹਾਰਮੋਨੀਅਮ ਦੇ ਉੱਪਰ ਜਿਹੇ ਇਸ ਤਰੀਕੇ ਨਾਲ ਅੜੰਗਿਆ ਸੀ ਕਿ ਨੋਟ ਸਭ ਨੂੰ ਦਿਖਾਈ ਦਿੰਦਾ ਰਹੇ। ਵੱਡਾ ਨੋਟ ਉਹ ਦਿੰਦਾ ਵੀ ਕਿਉਂ ਨਾ। ਕੁਝ ਮਹੀਨੇ ਪਹਿਲਾਂ ਕਰਮ ਸਿੰਘ ਠਾਣੇਦਾਰ ਬਣਿਆ ਸੀ ਤੇ ਹੁਣ ਇਹ ਸੌ ਸੁੱਖਾਂ ਦਾ ਪੋਤਾ ਜੰਮਿਆ ਸੀ।

ਕੈਨੇਡਾ ਵਿਚ ਪਹੁੰਚਣ ਤੋਂ ਕੁਝ ਚਿਰ ਬਾਅਦ ਹੀ ਗੁਰਬੀਰ ਦਾ ਨਾਂ ਸਕੂਲ ਵਿਚੋਂ ਹੁੰਦਾ-ਹੁੰਦਾ ਘਰ ਵਿਚ "ਗੈਰੀ" ਪੱਕ ਗਿਆ ਤੇ ਉਸੇ ਲਿਹਾਜ਼ ਨਾਲ ਕੁੜੀ ਜਸਬੀਰ ਦਾ ਨਾਮ "ਜੈਸੀ" ਪੈ ਗਿਆ। ਬੱਚੇ ਜਿਉਂ-ਜਿਉਂ ਵੱਡੇ ਹੋ ਰਹੇ ਸਨ, ਉਹ ਜਿਸ ਚੀਜ਼ ਦੀ ਵੀ ਮਸ਼ਹੂਰੀ ਟੀਵੀ ਉੱਪਰ ਦੇਖਦੇ, ਘਰਦਿਆਂ ਨੂੰ ਉਹੀ ਚੀਜ਼ ਲੈ ਕੇ ਦੇਣ ਦੀ ਜ਼ਿਦ ਕਰਦੇ। ਗੈਰੀ ਮਹਿੰਗੇ ਤੋਂ ਮਹਿੰਗੇ ਰਨਰ ਸ਼ੂਅ ਅਤੇ ਵਧੀਆ ਤੋਂ ਵਧੀਆ ਕੁਆਲਿਟੀ ਦੀਆਂ ਜ਼ੀਨਾਂ ਲੈਣ ਦੀ ਜ਼ਿਦ ਪੁਗਾ ਕੇ ਹਟਦਾ। ਜੇ ਕਿਧਰੇ ਕਰਮ ਸਿੰਘ ਚੀਜ਼ ਦੇ ਮਹਿੰਗਾ ਹੋਣ ਕਾਰਨ ਕਿੰਤੂ ਕਰਦਾ ਤਾਂ ਗਿਆਨੋ ਕਹਿ ਦਿੰਦੀ, "ਟੁੱਟ-ਟੁੱਟ ਵੀ ਤਾਂ ਇਹਨਾਂ ਲਈ ਮਰਦੇ ਆਂ। ਦਿਨੇ ਬੇਕਰੀ, ਫੇਰ ਘਰ ਦਾ ਸਾਰਾ ਕੰਮ। ਆਪ ਤਾਂ ਮੈਨੂੰ ਕਦੇ ਚੱਜ ਦਾ ਖਰੀਦਣ ਨੀ ਦਿੱਤਾ, ਇਹਨੂੰ ਤਾਂ ਪਾ ਲੈਣ ਦੇ।"

ਜੈਸੀ ਦੀ ਫ਼ਰਮਾਇਸ਼ ਜ਼ਿਆਦਾਤਰ ਗੀਤਾਂ ਦੀ ਟੇਪ ਜਾਂ ਰੀਕਾਰਡ ਲੈਣ ਦੀ ਹੁੰਦੀ ਜੋ ਸੌਖਿਆਂ ਹੀ ਪੂਰੀ ਹੋ ਜਾਂਦੀ। ਪਰ ਬਹੁਤੀ ਵਾਰੀ ਉਹ ਸ਼ੌਨ ਕੈਸਿਡੀ ਦੇ ਗਾਏ ਗੀਤ ਹੀ ਖ਼ਰੀਦਦੀ। ਟੀਵੀ ਸ਼ੋਅ ਉੱਪਰ ਉਸ ਨੂੰ ਇਹ ਵੀਹਾਂ ਕੁ ਸਾਲਾਂ ਦਾ ਸੁਹਣੇ-ਸੁਹਣੇ ਦੰਦਾਂ ਵਾਲਾ ਗਾਇਕ ਬਹੁਤ ਪਸੰਦ ਸੀ। ਖਾਸ ਕਰਕੇ ਜਦੋਂ ਉਹ ਗਾਉਂਦਾ-ਗਾਉਂਦਾ ਝਟਕੇ ਜਿਹੇ ਨਾਲ ਆਪਣੇ ਸੁਨਹਿਰੀ ਵਾਲ ਮੱਥੇ ਤੋਂ ਪਰ੍ਹਾਂ ਕਰਦਾ ਤਾਂ ਉਸ ਨੂੰ ਬੜਾ ਚੰਗਾ ਲੱਗਦਾ। ਸ਼ੌਨ ਕੈਸਿਡੀ ਦਾ ਹੀ ਇਕ ਹੋਰ ਸ਼ੋਅ 'ਹਾਰਡੀ ਬੁਆਇਜ਼' ਉਹ ਬੜੀ ਦਿਲਚਸਪੀ ਨਾਲ ਦੇਖਦੀ ਜਿਸ ਵਿਚ ਦੋ ਟੀਨ-ਏਜਰ ਮੁੰਡੇ ਨੈਂਸੀ ਨਾਂ ਦੀ ਕੁੜੀ ਨੂੰ ਅਗਵਾਕਾਰਾਂ ਕੋਲੋਂ ਛੁਡਾ ਕੇ ਲਿਆਉਂਦੇ।

ਗੈਰੀ ਦੇ ਮਨਪਸੰਦ ਸ਼ੋਅ ਉਹੀ ਹੁੰਦੇ, ਜਿਨ੍ਹਾਂ ਵਿਚ ਲਾਸ ਏਂਜਲਸ ਦੇ ਪੁਲਸੀਆਂ ਦੀ ਖ਼ਤਰਨਾਕ ਸਮਗਲਰਾਂ, ਕਾਤਲਾਂ ਨਾਲ ਮੁੱਠਭੇੜ ਹੁੰਦੀ। ਗੋਲੀਆਂ ਵਰ੍ਹਾਉਂਦੇ ਅਪਰਾਧੀਆਂ ਦਾ ਉਹ ਮੋਟਰਸਾਈਕਲਾਂ ਉੱਪਰ ਪਿੱਛਾ ਕਰਦੇ ਤੇ ਖ਼ਤਰਿਆਂ ਨਾਲ ਖੇਡਦੇ ਉਹਨਾਂ ਨੂੰ ਕਾਬੂ ਕਰਦੇ। ਲਾਲ-ਨੀਲੀਆਂ ਬੱਤੀਆਂ ਚਮਕਾਉਂਦੀਆਂ ਘੂੰਅ-ਘੂੰਅ ਕਰਦੀਆਂ ਪੁਲਿਸ ਦੀਆਂ ਕਾਰਾਂ ਉਸ ਨੂੰ ਬੜੀਆਂ ਚੰਗੀਆਂ ਲੱਗਦੀਆਂ।

ਮਾਂ-ਬਾਪ ਦੀ ਗ਼ੈਰ-ਹਾਜ਼ਰੀ ਵਿਚ ਟੀਵੀ ਉਹਨਾਂ ਦਾ ਸਭ ਕੁਝ ਹੁੰਦਾ। ਇਕ ਸ਼ੋਅ ਖਤਮ ਹੁੰਦਾ ਤੇ ਦੂਸਰਾ ਆਰੰਭ ਹੋ ਜਾਦਾ। ਸੱਤਾਂ ਕੁ ਸਾਲਾਂ ਦਾ ਗੈਰੀ ਤਾਂ ਅਕਸਰ ਕਹਿੰਦਾ ਕਿ ਉਸ ਨੇ ਵੱਡਾ ਹੋ ਕੇ ਪੁਲੀਸਮੈਨ ਬਣਨਾ ਹੈ ਤੇ ਉਸੇ ਤਰ੍ਹਾਂ ਕਾਰਾਂ ਚਲਾਉਣੀਆਂ ਹਨ। ਇਹ ਗੱਲ ਕਰਮ ਸਿੰਘ ਨੂੰ ਬੜੀ ਖ਼ੁਸ਼ੀ ਦਿੱਤੀ ਕਿ ਜੋ ਪ੍ਰਾਪਤੀ ਉਹ ਨਹੀਂ ਸੀ ਕਰ ਸਕਿਆ, ਉਸ ਦਾ ਪੁੱਤਰ ਕਰਗੇ। ਵੀਕ-ਐਂਡ ਉੱਤੇ

ਟੀ. ਵੀ. ਉੱਪਰ ਆਉਂਦੀਆਂ ਕੁਸ਼ਤੀਆਂ ਨੂੰ ਪਿਉ-ਪੁੱਤਰ ਬੜੇ ਹੀ ਸ਼ੌਂਕ ਨਾਲ ਵੇਖਦੇ। ਭਾਂਤ-ਭਾਂਤ ਦੇ ਭਲਵਾਨ ਇਕ ਦੂਜੇ ਨੂੰ ਚੁੱਕ-ਚੁੱਕ ਮਾਰਦੇ ਤੇ ਅਵਾ-ਤਵਾ ਬੋਲਦੇ। ਦਾਰੂ ਦਾ ਘੁੱਟ ਭਰਦਾ ਕਰਮ ਸਿੰਘ ਗੈਰੀ ਨੂੰ ਕਸਰਤ ਕਰਨ ਲਈ ਪ੍ਰੇਰਦਾ। ਉਧਰ ਜੈਸੀ ਪਰ੍ਹਾਂ ਕੰਨਾਂ ਉੱਪਰ ਹੈੱਡਫੋਨ ਲਾਈ ਸਟੀਰੀਓ ਸੁਣਦੀ-ਸੁਣਦੀ ਸੌਂ ਜਾਂਦੀ। ਜੇ ਕਦੀ ਗੈਰੀ ਖਾਣ-ਪੀਣ ਵੱਲੋਂ ਢਿੱਲ ਕਰਦਾ ਤਾਂ ਗਿਆਨੋ ਉਸ ਨੂੰ ਟੀਵੀ ਦਾ ਉਹ ਸ਼ੋਅ ਯਾਦ ਕਰਵਾਉਂਦੀ ਜਿਸ ਵਿਚ ਵਿਗਿਆਨਕ ਤਰੀਕੇ ਨਾਲ ਤਿਆਰ ਕੀਤਾ ਮਨੁੱਖਾਂ ਵਾਂਗ ਜਾਪਦਾ ਮਸ਼ੀਨੀ ਪਾਤਰ ਔਖੇ ਤੋਂ ਅੜੇ ਕੰਮ ਅੱਖ ਦੇ ਪਲਕਾਰੇ ਵਿਚ ਕਰ ਦਿਖਾਉਂਦਾ। "ਜੇ ਉਸ ਸਿਕਸ ਮਿਲੀਅਨ ਡਾਲਰ ਮੈਨ ਵਾਂਗ ਤਕੜਾ ਹੋਣੈਂ ਤਾਂ ਹੋਰ ਦੁੱਧ ਪੀ!" ਤੇ ਗੈਰੀ ਡੀਕ ਲਾ ਕੇ ਦੁੱਧ ਦਾ ਵੱਡਾ ਗਲਾਸ ਖਾਲੀ ਕਰ ਦਿੰਦਾ।

ਪਹਿਲਾਂ-ਪਹਿਲ ਜਦੋਂ ਗੈਰੀ ਆਪਣੇ ਸਕੂਲ ਦੇ ਕਿਸੇ ਮੁੰਡੇ ਨੂੰ ਕੁੱਟ ਕੇ ਘਰ ਆਇਆ ਤਾਂ ਕਰਮ ਸਿੰਘ ਨੇ ਉਸ ਨੂੰ ਆਖਿਆ, "ਸਾਲਿਆ, ਕਿਸੇ ਤੋਂ ਕੁੱਟ ਖਾ ਕੇ ਨਾ ਘਰ ਨੂੰ ਆਈਂ ਕਦੀ। ਜੇ ਆਇਆ ਤਾਂ ਮੈਂ ਤੈਨੂੰ ਹੋਰ ਠੋਕੂੰ।" ਤੇ ਜਦੋਂ ਸਕੂਲਦੇ ਪ੍ਰਿੰਸੀਪਲ ਨੇ ਗੈਰੀ ਦੇ ਵਧ ਰਹੇ ਲੜਾਈ-ਭੜਾਈ ਦੇ ਰਵੱਈਏ ਕਾਰਨ ਕਰਮ ਸਿੰਘ ਨੂੰ ਸਕੂਲ ਸੱਦਿਆ ਸੀ ਤਾਂ ਉਹ ਪ੍ਰਿੰਸੀਪਲ ਨੂੰ ਉੱਪਰੋਂ ਤਾਂ "ਯੈੱਸ ਯੈੱਸ...ਆਈ ਸਟਾਪ ਹਿਮ," ਕਹਿ ਆਇਆ ਸੀ ਪਰ ਅੰਦਰੋਂ ਉਸ ਨੇ ਬੜੀ ਖੁਸ਼ੀ ਮਹਿਸੂਸ ਕੀਤੀ ਸੀ, 'ਫੇਰ ਵੀ ਸਾਲਾ ਜੱਟ ਦਾ ਪੁੱਤ ਆ।' ਸ਼ਾਇਦ ਉਸ ਦਾ ਪੁਲੀਸੀਆ ਸੁਭਾਅ ਹੀ ਅਜਿਹਾ ਹੋਵੇ।

ਕਰਮ ਸਿੰਘ ਦਾ ਨਰਮ ਵਤੀਰਾ ਦੇਖ ਗੈਰੀ ਦੀ ਲੜਨ ਦੀ ਆਦਤ ਵਿਗੜਦੀ ਗਈ। ਖੇਡ ਦੌਰਾਨ ਵੀ ਉਹ ਧੱਕਾ-ਜ਼ੋਰੀ ਤੋਂ ਕੰਮ ਲੈਂਦਾ। ਕਿਸੇ ਨੂੰ ਧੱਕਾ ਮਾਰ ਕੇ ਸਿੱਟਣ ਨਾਲ ਉਸ ਨੂੰ ਉਹੀ ਰੁਮਾਂਚ ਮਿਲਦਾ ਜੋ ਟੀਵੀ ਸ਼ੋਅ ਵਿਚ ਪੁਲਸੀਆਂ ਵੱਲੋਂ ਗੁੰਡਿਆਂ ਨੂੰ ਕਾਬੂ ਕਰਦ ਦੇਖ ਕੇ ਮਿਲਦਾ ਸੀ।

ਜੈਸੀ ਦੀ ਦਿਲਚਸਪੀ ਤਸਵੀਰਾਂ ਬਣਾਉਣ ਤੇ ਰੰਗ ਭਰਨ ਵਿਚ ਸੀ। ਜਦੋਂ ਕਦੀ ਕ੍ਰਿਸ਼ਨ ਹੁਰੀਂ ਉਹਨਾਂ ਦੇ ਘਰ ਆਉਂਦੇ ਤਾਂ ਉਹ ਤੇ ਕੈਵਿਨ ਮਿਲ ਕੇ ਵੇਲ-ਬੂਟੇ ਵਾਹੁਣ ਲੱਗ ਪੈਂਦੇ।

ਲੋਰੇਨ ਤੇ ਕ੍ਰਿਸ਼ਨ ਨੇ ਮਿਲ ਕੇ ਆਪਦਾ ਬਿਜ਼ਨਿਸ ਚਾਲੂ ਕਰ ਲਿਆ ਸੀ। ਕ੍ਰਿਸ਼ਨ ਨੇ ਕਰਮ ਸਿੰਘ ਨੂੰ ਵੀ ਭਾਈਵਾਲ ਬਣਨ ਲਈ ਕਿਹਾ ਸੀ ਪਰ ਉਹ ਨਹੀਂ ਸੀ ਮੰਨਿਆ। "ਅਸੀਂ ਕਿਹੜਾ ਇੱਥੇ ਰਹਿਣੈਂ? ਦੇਸ ਜਾ ਕੇ ਮੌਜਾਂ ਕਰਾਂਗੇ। ਐਸ.ਪੀ. ਦੀ ਕੋਠੀ ਸਾਹਮਣੇ ਮੇਰੀ ਕੋਠੀ ਹੋਵੇਗੀ। ਬੱਚੇ ਕਾਨਵੈਂਟ ਸਕੂਲਾਂ ਵਿਚ ਪੜ੍ਹਨਗੇ। ਬੱਸ ਥੋੜ੍ਹੇ ਜਿਹੇ ਪੈਸੇ ਹੋਰ ਇਕੱਠੇ ਹੋ ਜਾਣ,' ਉਹ ਸੋਚਦਾ।

ਪਰ ਜਿਉਂ-ਜਿਉਂ ਮਹਿੰਗਾਈ ਵਧਦੀ ਗਈ, ਖਰਚੇ ਵੀ ਵਧਦੇ ਗਏ ਤੇ ਪਿੱਛੇ ਦੇਸ ਵਿਚ ਵੀ ਚੀਜ਼ਾਂ ਦੇ ਭਾਅ ਵਧਦੇ ਗਏ। ਸਿੱਟੇ ਵਜੋਂ ਉਹਨਾਂ ਦਾ ਦੇਸ ਮੁੜਨ ਦਾ ਪ੍ਰੋਗਰਾਮ ਅਗਾਂਹ ਪੈਂਦਾ ਗਿਆ। ਦੋ ਕੁ ਵਾਰੀ ਕ੍ਰਿਸ਼ਨ ਨੇ ਉਸ ਨੂੰ ਸਮਝਾਉਣ ਦੀ



ਵੀ ਕੋਸ਼ਿਸ਼ ਕੀਤੀ, ਪਰ ਗੱਲ ਉਲਟੀ ਪੈ ਜਾਂਦੀ।

"ਓਏ ਸਾਡੀਆਂ ਸਰਦਾਰੀਆਂ ਉੱਥੇ। ਤੁਹਾਡਾ ਕਿਹੜਾ ਪਿੱਛੇ ਕੁਸ਼ ਹੈਗਾ? ਪਾਕਿਸਤਾਨੋਂ ਖਾਲੀ ਹੋ ਕੇ ਪਿੰਡ ਤੇ ਪਿੰਡੋਂ ਕਨੇਡੇ। ਐਥੇ ਆ ਕੇ ਤੈਨੂੰ, ਗੱਲਾਂ ਆਉਂਦੀਐਂ ਬਾਹਮਣਾ, ਮਾਏਂ ਗੋਰੀ ਨਾਲ ਵਿਆਹ ਕਰਾ ਕੇ ਹੁਣ ਕਰਿੱਸ਼ ਕਹਾਉਂਦੈਂ। ਉਥੇ ਕੌਡੀ ਵਾਲੇ ਮੁੰਡੇ ਤੇਰੀਆਂ ਗੱਲ੍ਹਾਂ ਪਟਦੇ ਹੁੰਦੇ ਸੀ," ਕਰਮ ਸਿੰਘ ਗੱਲ ਸਿਰੇ ਨਾ ਆਉਣ ਦਿੰਦਾ।

ਤੇਰ੍ਹਵੇਂ ਵਰ੍ਹੇ ਵਿਚ ਹੁੰਦਿਆਂ ਜਦੋਂ ਗੈਰੀ ਨੇ ਇਕ ਗੋਰੀ ਕੁੜੀ ਨਾਲ ਅਸ਼ਲੀਲ ਹਰਕਤ ਕਰ ਕੇ ਉਲ੍ਹਾਮਾ ਲਿਆਂਦਾ ਤਾਂ ਕਰਮ ਸਿੰਘ ਉਦੋਂ ਵੀ ਘੇਸ ਮਾਰ ਗਿਆ ਕਿ ਮੁੰਡੇ ਕਰਦੇ ਈ ਹੁੰਦੇ ਆ ਮਾੜੀਆਂ-ਮੋਟੀਆਂ ਇੱਲਤਾਂ।

"ਨਾਨਕ ਨਾਮ ਚੜ੍ਹਦੀ ਕਲਾ, ਮੇਰੇ ਭਾਣੇ ਸਰਬੱਤ ਕਾ ਭਲਾ" ਕਹਿੰਦਿਆਂ ਭਾਈ ਸਾਹਿਬ ਨੇ ਅਰਦਾਸ ਸਮਾਪਤ ਕੀਤੀ ਤੇ ਮੱਥਾ ਟੇਕ ਕੇ ਉਠਦਿਆਂ ਉਸ ਦੇ ਗੋਡਿਆਂ ਵਿਚ ਹਲਕੀ ਜਿਹੀ ਚੀਸ ਪਈ। ਪਿਛਲੇ ਪੰਜਾਂ ਕੁ ਸਾਲਾਂ ਤੋਂ ਪੈਂਦੀ ਇਹ ਚੀਸ ਉਸ ਨੂੰ ਕਈ ਤਰ੍ਹਾਂ ਦੇ ਗੁੱਝੇ ਅਹਿਸਾਸ ਕਰਵਾ ਜਾਂਦੀ। ਸੰਗਤ ਨੇ ਦੋਹਾ "ਆਗਿਆ ਭਈ ਅਕਾਲ ਕੀ" ਛੋਹਿਆ ਤਾਂ ਕਰਮ ਸਿੰਘ ਸੋਚ ਰਿਹਾ ਸੀ ਕਿ ਸਮਾਂ ਕਿਵੇਂ ਖੰਭ ਲਾ ਕੇ ਉਡਦਾ ਜਾਂਦਾ ਹੈ। "ਰਾਜ ਕਰੇਗਾ ਖਾਲਸਾ, ਆਕੀ ਰਹੇ..." ਪਿਛਲੇ ਕਈ ਸਾਲ ਉਹ ਦੋਹਾ ਕਿੰਨੇ ਜੋਸ਼ ਨਾਲ ਪੜ੍ਹਦਾ ਰਿਹਾ ਸੀ ਹੁਣ ਤਾਂ ਇਥੇ ਪਹੁੰਚ ਕੇ ਉਹ ਚੁੱਪ ਜਿਹਾ ਹੋ ਜਾਂਦਾ ਸੀ। ਸਮਾਂ ਕਿਵੇਂ ਬਦਲ ਜਾਂਦਾ ਹੈ।

ਅਖੀਰ ਉਸ ਸਾਲ ਜੁਲਾਈ ਮਹੀਨੇ ਬੱਚਿਆਂ ਦੀਆਂ ਛੁੱਟੀਆਂ ਵਿਚ ਉਹਨਾਂ ਨੇ ਦੇਸ ਜਾਣ ਦਾ ਪ੍ਰੋਗਰਾਮ ਬਣਾਇਆ ਸੀ। ਗਿਆਨੋ ਤਾਂ ਭਾਵੇਂ ਸਹਿਮਤ ਨਹੀਂ ਸੀ ਪਰ ਕਰਮ ਸਿੰਘ ਦੀ ਸਕੀਮ ਸੀ ਕਿ ਇਹ ਤਾਂ ਕੋਠੀ ਦੀ ਉਸਾਰੀ ਲਈ ਜੁਗਾੜ ਕਰ ਆਈਏ ਤੇ ਦੂਸਰੇ, ਬੱਚਿਆਂ ਲਈ ਸਕੂਲ ਦੀਆਂ ਸੀਟਾਂ ਰੀਜ਼ਰਵ ਕਰਵਾ ਆਈਏ। ਅੱਗੇ ਐਨੇ ਸਾਲ ਬੰਨੇ ਨਾ ਲਗਦੀਆਂ ਜ਼ਮੀਨਾਂ ਖਰੀਦਣ ਵਿਚ ਹੀ ਗੁਜ਼ਰ ਗਏ ਸਨ। ਪਰ ਜੂਨ ਮਹੀਨਾ ਚੜ੍ਹਦਿਆਂ ਹੀ ਪੰਜਾਬ ਵਿਚ ਭਾਣਾ ਵਰਤ ਗਿਆ ਸੀ ਤੇ ਸਾਰਾ ਪ੍ਰੋਗਰਾਮ ਧਰਿਆ-ਧਰਾਇਆ ਰਹਿ ਗਿਆ ਸੀ। ਬੜੀਆਂ ਗਾਹਲਾਂ ਕੱਢੀਆਂ ਸਨ ਉਸ ਨੇ ਭਾਰਤ ਦੀ ਸਰਕਾਰ ਨੂੰ ਜਿਸ ਨੇ ਪਹਿਲਾਂ ਉਸ ਦੀ 'ਠਾਣੇਦਾਰੀ' ਖੋਹੀ ਸੀ ਤੇ ਹੁਣ ਬਚਦੀ 'ਸਰਦਾਰੀ' ਵੀ ਖੋਹ ਲਈ ਸੀ।

ਕਰਮ ਸਿੰਘ ਨੇ ਮੁੜ ਦਾਹੜੀ ਵਧਾ ਲਈ ਤੇ ਵੀਕ-ਐਂਡ ਉਤੇ ਗੁਰਦੁਆਰੇ ਜਾਣ ਲੱਗਿਆਂ ਉਹ ਪੱਗ ਵੀ ਬੰਨ੍ਹ ਲੈਂਦਾ। ਧੂੰਆਂ-ਧਾਰ ਤਕਰੀਰਾਂ ਦੇ ਪ੍ਰਭਾਵ ਹੇਠ ਉਹ ਕ੍ਰਿਸ਼ਨ ਨਾਲ ਵੀ ਲੜ ਗਿਆ, "ਸਾਲਿਉ, ਖਾ ਲਿਆ ਤੁਹਾਡੀ ਕੌਮ ਨੇ ਸਾਨੂੰ ਲੁੱਟ ਕੇ!" ਉਸ ਤੋਂ ਬਾਅਦ ਉਸ ਦੀ ਕ੍ਰਿਸ਼ਨ ਨਾਲ ਬੋਲਚਾਲ ਬੰਦ ਵਰਗੀ ਸੀ। ਕੁਝ ਮਹੀਨਿਆਂ ਬਾਅਦ ਜਦੋਂ ਪ੍ਰਧਾਨ ਮੰਤਰੀ ਦੇ ਕਤਲ ਦੀ ਖ਼ਬਰ ਟੀਵੀ ਉੱਪਰ ਦੇਖੀ ਤਾਂ ਦਾਰੂ ਦੀ ਲੋਰ ਵਿਚ ਉਸ ਨੇ ਅੱਧੀ ਰਾਤ ਨੂੰ ਕ੍ਰਿਸ਼ਨ ਦੇ ਘਰ ਫੋਨ ਕਰ ਦਿੱਤਾ। ਲੋਰੇਨ ਦੇ ਫੋਨ ਚੁੱਕਿਆ ਤਾਂ ਕਰਮ ਸਿੰਘ ਨੇ ਇਹ ਕਹਿ ਕੇ ਫੋਨ ਰੱਖ ਦਿੱਤਾ, "ਟੈੱਲ ਹਿਮ,

ਦੇਅਰ ਮਦਰ ਇਜ਼ ਪੁੱਟ ਆਨ ਦਾ ਟ੍ਰੇਨ।"

ਕੜਾਹ ਪ੍ਰਸ਼ਾਦ ਵਰਤਾਉਣਾ ਸ਼ੁਰੂ ਹੋ ਚੁੱਕਾ ਸੀ। ਗੁਰਦੁਆਰਾ ਕਮੇਟੀ ਦਾ ਇਕ ਖੁੱਲ੍ਹੇ ਦਾਹੜੇ ਵਾਲਾ ਮੈਂਬਰ ਮਾਈਕ ਸੰਭਾਲ ਰਿਹਾ ਸੀ। ਕਰਮ ਸਿੰਘ ਗਿਆਨੋ ਨੂੰ ਇਸ਼ਾਰਾ ਕਰ ਕੇ ਹੇਠਾਂ ਲੰਗਰ ਵੱਲ ਤੁਰ ਪਿਆ। ਜੈਸੀ ਦੀ ਹਾਲਤ ਦੇਖ ਕੇ ਉਸ ਦੀ ਖਾਣ-ਪੀਣ ਨੂੰ ਰੂਹ ਤਾਂ ਨਹੀਂ ਸੀ ਕਰ ਰਹੀ ਪਰ ਫਿਰ ਵੀ ਉਹ ਉੱਪਰ ਹਾਲ ਵਿਚ ਹੋਰ ਠਹਿਰਨਾ ਨਹੀਂ ਸੀ ਚਾਹੁੰਦਾ। ਉੱਪਰ ਬੁਲਾਰੇ ਦੀ ਆਵਾਜ਼ ਛੱਤ ਵਿਚ ਲੱਗੇ ਸਪੀਕਰਾਂ ਰਾਹੀਂ ਹੇਠਾਂ ਲੰਗਰ ਵਿਚ ਵੀ ਪਹੁੰਚ ਰਹੀ ਸੀ। ਉਹ ਸੰਗਤਾਂ ਨੂੰ ਚਲ ਰਹੇ ਸੰਘਰਸ਼ ਵਿਚ ਯੋਗਦਾਨ ਪਾਉਣ ਲਈ ਪ੍ਰੇਰ ਰਿਹਾ ਸੀ। ਕਰਮ ਸਿੰਘ ਦਾ ਦਿਲ ਕੀਤਾ ਕਿ ਕੰਨਾਂ ਵਿਚ ਰੂੰ ਦੇ ਫੈਹੇ ਦੇ ਲਵੇ। ਉਸ ਦੇਸ਼ਹਿਰ ਦੇ ਅਜਿਹੇ ਹੀ ਦਿਖਾਈ ਦਿੰਦੇ ਇਕ ਲੀਡਰ ਦੀਆਂ ਗੱਲਾਂ ਵਿਚ ਆ ਕੇ ਉਸ ਨੇ ਦੇਸ ਪਰਤਣ ਲਈ ਜੋੜੀ ਪੂੰਜੀ ਦਾ ਚੋਖਾ ਹਿੱਸਾ ਗੰਵਾ ਲਿਆ ਸੀ ਜਦੋਂ ਉਸ ਲੀਡਰ ਸਾਹਿਬ ਵੱਲੋਂ ਸ਼ੁਰੂ ਕੀਤੇ ਇਕ ਵੱਡੇ ਸਾਰੇ ਬਿਜ਼ਨਿਸ ਵਿਚ ਕਰਮ ਸਿੰਘ ਤੇ ਉਸ ਦੇ ਸ਼ਹਿਰ ਦੇ ਕਈ ਹੋਰ ਬੰਦਿਆਂ ਨੇ ਸ਼ੇਅਰਜ਼ ਖਰੀਦੇ ਸਨ। ਕੁਝ ਮਹੀਨਿਆਂ ਬਾਅਦ ਲੀਡਰ ਸਾਹਿਬ ਬੈਂਕਰਪਸੀ ਦਾ ਐਲਾਨ ਕਰ ਕੇ ਸਾਰਾ ਪੈਸਾ ਆਰਾਮ ਨਾਲ ਪਚਾ ਗਏ ਸਨ। ਬੜਾ ਔਖਾ ਵਕਤ ਸੀ ਕਰਮ ਸਿੰਘ ਲਈ। ਇਕ ਤਾਂ ਮਨ ਦੇਸ਼ ਵਿਚ ਹੋਈਆਂ ਘਟਨਾਵਾਂ ਕਾਰਨ ਉਚਾਟ ਸੀ ਤੇ ਦੂਸਰੇ, ਮਿਹਨਤ ਨਾਲ ਜੋੜੀ ਰਕਮ ਰੁੜ੍ਹ ਗਈ ਸੀ ਤੇ ਤੀਸਰੇ, ਉਸ ਲੀਡਰ ਸਾਹਿਬ ਦੇ ਇਰਦ-ਗਿਰਦ ਰਹਿਣ ਕਾਰਨ ਉਸ ਨੂੰ ਭਾਰਤ ਜਾਣ ਦਾ ਵੀਜ਼ਾ ਨਹੀਂ ਸੀ ਮਿਲਿਆ। ਕਿੰਨਾ ਹੀ ਸਮਾਂ ਉਹ ਘਰ ਵੱਲ ਕੋਈ ਧਿਆਨ ਨਹੀਂ ਸੀ ਦੇ ਸਕਿਆ। ਕਦੀ ਓਵਰਟਾਈਮ, ਕਦੀ ਇਸ ਗੁਰਦੁਆਰੇ ਮੀਟਿੰਗ ਤੇ ਕਦੀ ਉਸ ਗੁਰਦੁਆਰੇ ਮੀਟਿੰਗ।

ਅੱਧ-ਪਚੱਧਾ ਲੰਗਰ ਛਕ ਕੇ ਉਸ ਨੇ ਟ੍ਰੇਅ ਜੂਠੇ ਭਾਂਡਿਆਂ ਵਿਚ ਰੱਖ ਦਿੱਤੀ ਤੇ ਕਿਸੇ ਵਾਕਿਫ਼ ਦੇ ਮਿਲ ਪੈਣ ਡਰੋਂ ਗਿਆਨੋ ਨੂੰ ਲੈ ਕੇ ਬਾਹਰ ਆ ਗਿਆ। ਉਂਜ ਵੀ ਹੁਣ ਉਹ ਗੁਰਦੁਆਰੇ ਘੱਟ ਹੀ ਆਉਂਦਾ ਸੀ। ਆਪਣ ਸ਼ਹਿਰ ਵਾਲੇ ਲੀਡਰ ਦੀ ਅਸਲੀਅਤ ਸਾਹਮਣੇ ਆਉਣ ਤੋਂ ਬਾਅਦ ਉਹ ਭਾਰਤੀ ਦੂਤਾਵਾਸ ਜਾ ਕੇ ਮੁਆਫ਼ੀਨਾਮਾ ਵੀ ਲਿਖ ਕੇ ਦੇ ਆਇਆ ਸੀ। ਤਦ ਕਿਤੇ ਤਿੰਨ-ਚਾਰ ਸਾਲ ਬਾਅਦ ਉਸ ਨੂੰ ਭਾਰਤ ਜਾਣ ਦਾ ਵੀਜ਼ਾ ਮਿਲਿਆ ਸੀ। ਗੈਰੀ ਉਦੋਂ ਸੋਹਲਵੇਂ ਸਾਲ ਵਿਚ ਸੀ ਤੇ ਜੈਸੀ ਲਗਪਗ ਤੇਰ੍ਹਵੇਂ ਵਿਚ।

ਇਕ ਤਾਂ ਗਰਮੀਆਂ ਦਾ ਮੌਸਮ ਸੀ ਤੇ ਉੱਪਰੋਂ ਸੱਤ-ਅੱਠ ਭਰੇ ਹੋਏ ਸੂਟਕੇਸ। ਦਿੱਲੀ ਏਅਰਪੋਰਟ ਉਤੇ ਬਾਬੂ ਜਿਹੇ ਦਿਸਦੇ ਇਮੀਗ੍ਰੇਸ਼ਨ ਅਧਿਕਾਰੀ ਨੇ ਪੀਲੇ ਜਿਹੇ ਦੰਦ ਕੱਢਦਿਆਂ ਵਿਅੰਗ ਨਾਲ ਕਿਹਾ, "ਤੋ ਆਪ ਉੱਗਰਵਾਦੀਉਂ ਕੇ ਸਾਥ ਥੇ?" ਤੇ ਉਹਨਾਂ ਦੇ ਪਾਸਪੋਰਟ ਬੇਮਤਲਬ ਹੀ ਫਰੋਲਣ ਲੱਗ ਗਿਆ। ਇਹ ਤਾਂ ਚੰਗਾ ਹੋਇਆ ਕਿ ਕਰਮ ਸਿੰਘ ਦੇ ਵੇਲੇ ਦਾ ਭਰਤੀ ਹੋਇਆ ਰਾਮ ਲਾਲ ਵੀ ਅੱਜਕਲ੍ਹ ਏਅਰਪੋਰਟ ਉੱਪਰ ਸਪੈਸ਼ਲ ਡਿਊਟੀ ਇੰਸਪੈਕਟਰ ਸੀ ਜਿਸ ਕਰਕੇ ਮਾਮਲਾ ਜ਼ਰਾ



ਸੌਖਿਆਂ ਨਿਪਟ ਗਿਆ, ਨਹੀਂ ਤਾਂ ਪਤਾ ਨੀ ਕੀ ਬਣਦਾ।

ਭੁੱਖ, ਪਿਆਸ ਤੇ ਥਕੇਵੇਂ ਨਾਲ ਲੱਦੇ ਹੋਏ ਸਾਰੀ ਖੱਜਲ-ਖੁਆਰੀ ਤੋਂ ਬਾਅਦ ਜਦੋਂ ਏਅਰਪੋਰਟ ਦੇ ਸ਼ੀਸ਼ਿਆਂ ਵਾਲੇ ਦਰਵਾਜ਼ੇ ਵਿਚੋਂ ਬਾਹਰ ਨਿਕਲੇ ਤਾਂ ਟੈਕਸੀਆਂ ਵਾਲੇ ਉਹਨਾਂ ਦਵਾਲੇ ਝੁਰਮੁਟ ਪਾ ਕੇ ਪੜ੍ਹ ਗਏ। ਇਕ ਟੈਕਸੀ ਵਾਲਾ ਕੋਈ ਸੂਟਕੇਸ ਇਕ ਪਾਸੇ ਚੁੱਕੀ ਜਾਵੇ ਤੇ ਦੂਸਰਾ, ਦੂਸਰੇ ਪਾਸੇ। ਕੋਈ ਕਰਮ ਸਿੰਘ ਦਾ ਝੱਗਾ ਖਿੱਚੀ ਜਾਵੇ ਤੇ ਕੋਈ ਜੈਸੀ ਵੱਲ ਭੁੱਖਿਆਂ ਨਜ਼ਰਾਂ ਨਾਲ ਦੇਖੀ ਜਾਵੇ। ਅੰਤ ਇਥੇ ਵੀ ਕਰਮ ਸਿੰਘ ਦੀ ਠਾਣੇਦਾਰੀ ਕੰਮ ਆਈ ਤੇ ਓਹ ਬੱਸ ਅੱਡੇ ਪਹੁੰਚ ਕੇ ਪੰਜਾਬ ਜਾਣ ਵਾਲੀ ਬੱਸ ਵਿਚ ਸਵਾਰ ਹੋਏ।

ਦਿੱਲੀ ਦੇ ਮਿੱਟੀ-ਘੱਟੇ ਅਤੇ ਟ੍ਰੈਫਿਕ ਵਿਚੋਂ ਨਿਕਲ ਕੇ ਬੱਸ ਨੇ ਜਿਉਂ ਹੀ ਜੀ.ਟੀ. ਰੋਡ ਉੱਪਰਰਫ਼ਤਾਰ ਫੜੀ, ਗਿਆਨੋ ਮੂੰਹ ਵਿਚ ਵਾਹਿਗੁਰੂ-ਵਾਹਿਗੁਰੂ ਕਰਨ ਲੱਗ ਪਈ। ਡਰਾਈਵਰ ਦੇ ਬਰਾਬਰ ਮੂਹਰਲੀ ਸੀਟ ਉੱਪਰ ਬੈਠਾ ਗੈਰੀ ਤਾਂ ਚਾਅ ਨਾਲ ਆਲਾ-ਦੁਆਲਾ ਦੇਖ ਰਿਹਾ ਸੀ ਪਰ ਉਸ ਦੇ ਨਾਲ ਬੈਠੀ ਜੈਸੀ ਨੇ ਆਪਣੇ ਪੈਰ ਬੱਸ ਦੇਫਰਸ਼ ਨਾਲ ਘੁੱਟੇ ਹੋਏ ਸਨ।

"ਪਾਂਅ ਅ ਅ ਅ...ਕਰਦਾ ਇਕ ਤੇਜ਼ ਰਫ਼ਤਾਰ ਟਰੱਕ ਜਦੋਂ ਸਾਹਮਣਿਉਂ ਆਉਂਦਾ ਉਹਨਾਂ ਦੀ ਬੱਸ ਵਿਚ ਵੱਜਣੋਂ ਮਸਾਂ ਬਚਦਾ ਕੋਲੋਂ ਗੁਜ਼ਰਿਆ ਤਾਂ ਇਕ ਵਾਰੀ ਗੈਰੀ ਦਾ ਵੀ ਤ੍ਰਾਹ ਨਿਕਲ ਗਿਆ। ਉਸ ਨੂੰ ਜਾਪਿਆ ਜਿਵੇਂ ਟੀਵੀ ਸ਼ੋਅ ਦਾ ਕੋਈ ਸੀਨ ਦੇਖ ਕੇ ਹਟਿਆ ਹੋਵੇ। ਸਾਰੇ ਟੱਬਰ ਨੇ ਇਕਦਮ ਬੱਸ ਦੀਆਂ ਸੀਟਾਂ ਨਾਲ ਪਿੱਠਾਂ ਅਕੜਾਅ, ਮੂਹਰਲਾ ਡੰਡਾ ਘੁੱਟ ਕੇ ਫੜ ਲਿਆ।

"ਮਾਂ ਦਾ ਖਸ..." ਉਹਨਾਂ ਦੀ ਬੱਸ ਦੇ ਡਰਾਈਵਰ ਨੇ ਏਨਾਂ ਹੀ ਕਿਹਾ ਤੇ ਆਰਾਮ ਨਾਲ ਬੱਸ ਦੱਬੀ ਜਾਂਦਾ ਰਿਹਾ।

ਪਿੰਡ ਪਹੁੰਚਦਿਆਂ ਹੀ ਦੋਹਾਂ ਨਿਆਣਿਆਂ ਦੇ ਪੇਟ ਖਰਾਬ ਹੋ ਗਏ। ਇਹਨਾਂ ਗੱਲਾਂ ਬਾਰੇ ਸੋਚਿਆ ਹੀ ਨਹੀਂ ਸੀ ਕਦੀ। ਜੈਸੀ ਨੂੰ ਤਾਂ ਟਾਇਲਟ ਪੇਪਰ ਦੀ ਘਾਟ ਵੀ ਬੁਰੀ ਤਰ੍ਹਾਂ ਮਹਿਸੂਸ ਹੋ ਰਹੀ ਸੀ। ਅੱਤ ਦੀ ਗਰਮੀ ਕਾਰਨ ਦਿਨ ਵੇਲੇ ਤਾਂ ਉਂਜ ਬਾਹਰ ਨਿਕਲਣਾ ਸੰਭਵ ਨਹੀਂ ਸੀ ਤੇ ਰਾਤ ਨੂੰ ਮੱਛਰ ਤੜਫਾਈ ਰੱਖਦੇ। ਬਿਜਲੀ ਵੀ ਵੇਲੇ-ਕੁਵੇਲੇ ਆਉਂਦੀ ਤੇ ਬੱਚਿਆਂ ਨੂੰ ਮੱਖੀਆਂ ਤੋਂ ਵੀ ਬੜੀ ਕਚਿਆਣ ਆਉਂਦੀ ਸੀ। ਟੀਵੀ ਉੱਪਰ ਜੋ ਕੁਝ ਆਉਂਦਾ, ਉਹਨਾਂ ਦੇ ਮਤਲਬ ਦਾ ਨਹੀਂ ਸੀ। ਗਿਆਨੋ ਤੇ ਕਰਮ ਸਿੰਘ ਤਾਂ ਮਿਲਣ-ਗਿਲਣ ਆਇਆਂ ਰਿਸ਼ਤੇਦਾਰਾਂ ਵਿਚ ਮਗਨ ਹੁੰਦੇ, ਪਰ ਬੱਚਿਆਂ ਦੇ ਭਾਅ-ਦੀ ਬਣੀ ਹੋਈ ਸੀ। ਗੈਰੀ ਕਦੇ-ਕਦੇ ਜਾ ਕੇ ਟਿਊਬਵੈੱਲ ਦੇ ਪਾਣੀ ਵਿਚ ਟੁੱਭੀ ਲਾ ਆਉਂਦਾ ਪਰ ਜੈਸੀ ਕਿਧਰ ਜਾਵੇ? ਪਿੰਡ ਦੇ ਲੋਕ ਉਸ ਦੇ ਗੋਰੇ ਰੰਗ ਤੇ ਸ਼ਰਬਤੀ ਅੱਖਾਂ ਵੱਲ ਇਕ-ਟਕ ਤੱਕਦੇ ਰਹਿੰਦੇ ਤਾਂ ਉਸ ਨੂੰ ਬਹੁਤ ਔਖਾ ਜਾਪਦਾ।

ਕੁਝ ਦਿਨਾਂ ਬਾਅਦ ਕਰਮ ਸਿੰਘ ਸਭ ਨੂੰ ਲੈ ਕੇ ਸ਼ਹਿਰ ਗਿਆ। ਪੰਦਰਾਂ ਹੀ ਸਾਲਾਂ ਵਿਚ ਕਿੰਨਾ ਕੁਝ ਬਦਲ ਚੁੱਕਾ ਸੀ। ਆਬਾਦੀ ਤੇ ਟ੍ਰੈਫਿਕ ਕਿਤਨੇ ਵਧ ਚੁੱਕੇ

ਸਨ। ਸਕੂਟਰਾਂ, ਸਾਈਕਲਾਂ ਤੇ ਬੰਦਿਆਂ ਦਾ ਜਿਵੇਂ ਇਕ ਹੜ੍ਹ ਜਿਹਾ ਚੁਪਾਸੀਂ ਤੁਰਿਆ ਫਿਰਦਾ ਸੀ। ਐਸ. ਪੀ. ਵਾਲੀ ਕੋਠੀ ਦਾ ਆਲਾ-ਦਵਾਲਾ ਦੇਖਿਆ ਤਾਂ ਹੈਰਾਨ ਹੀ ਰਹਿ ਗਿਆ। ਉਸ ਦੇ ਸਾਹਮਣੇ ਵਾਲੀ ਖਾਲੀ ਜਗ੍ਹਾ ਵਿਚ ਨਵੀਂ ਕਾਲੋਨੀ ਬਣ ਕੇ ਵੀ ਪੁਰਾਣੀ ਹੋ ਚੁਕੀ ਸੀ। ਜਿਹੜੀਆਂ ਕੋਠੀਆਂ ਉਸ ਦੇ ਜਾਣ ਤੋਂ ਪਹਿਲਾਂ ਕਹਿੰਦੀਆਂ-ਕਹਾਉਂਦੀਆਂ ਸਨ। ਉਹ ਹੁਣ ਬੋਦੀਆਂ ਤੇ ਭੱਦੀਆਂ ਜਾਪ ਰਹੀਆਂ ਸਨ। ਮੇਨ ਸੜਕ ਉੱਪਰ ਦੁਕਾਨਾਂ ਤੇ ਰੇਹੜੀਆਂ ਦੀ ਭਰਮਾਰ ਸੀ। ਕੋਠੀ ਤਾਂ ਇਕ ਪਾਸੇ ਉਥੇ ਤਾਂ ਝੁੱਗੀ ਪਾਉਣ ਜੋਗੀ ਜਗ੍ਹਾ ਵੀ ਨਹੀਂ ਸੀ ਬਚੀ।

ਉਸ ਨੇ ਆਪਣੇ ਨਾਲ ਦੇ ਭਰਤੀ ਹੋਏ ਪੁਲਸੀਆਂ ਦਾ ਪਤਾ ਕਰਨ ਦੀ ਕੋਸ਼ਿਸ਼ ਕੀਤੀ। ਬਹੁਤ ਸਾਰੇ ਤਾਂ ਦੂਰ-ਦਰੇਡੇ ਸ਼ਹਿਰਾਂ ਵਿਚ ਜਾ ਚੁੱਕੇ ਸਨ। ਸਿਰਫ਼ ਦੋ ਕੁ ਪੁਰਾਣੇ ਸਿਪਾਹੀਆਂ, ਜੋ ਹਵਾਲਦਾਰ ਤੇ ਏ.ਐਸ.ਆਈ ਬਣੇ ਹੋਏ ਸਨ, ਨੇ ਉਸ ਨੂੰ ਪਛਾਣਿਆ। ਪਰ ਉਹਨਾਂ ਦਾ ਮਤਲਬ ਵੀ ਕਰਮ ਸਿੰਘ ਤੋਂ ਦਾਰੂ-ਮੁਰਗਾ ਛਕਣ ਤੋਂ ਅਗਾਂਹ ਨਾ ਵਧ ਸਕਿਆ। ਦਾਰੂ ਪੀਂਦਿਆਂ ਕੋਈ ਕਰਮ ਸਿੰਘ ਨੂੰ ਗੁੱਝਾ ਜਿਹਾ ਕਹਿ ਵੀ ਦਿੰਦਾ ਕਿ ਕਿਸੇ ਨੂੰ ਜ਼ਿਆਦਾ ਦੱਸੇ ਨਾ ਕਿ ਉਹ ਬਾਹਰੋਂ ਆਇਆ ਹੈ, ਜ਼ਮਾਨਾ ਬੜਾ ਖ਼ਰਾਬ ਹੈ।

ਜੈਸੀ ਜਦੋਂ ਵੀ ਕੋਈ ਚੀਜ਼ ਖਾਣ ਬੈਠਦੀ ਤਾਂ ਮੱਖੀਆਂ ਤੋਂ ਬਚਣ ਲਈ ਆਪਣੇ ਆਲੇ-ਦੁਆਲੇ ਪਤਲੀ ਚਾਦਰ ਤੰਬੂ ਵਾਂਗ ਤਾਣ ਲੈਂਦੀ ਜਿਸ ਨੂੰ ਦੇਖ ਕੇ ਪਿੰਡ ਵਾਲੇ ਬੜਾ ਹਸਦੇ। ਜੈਸੀ ਨੂੰ ਉਹਨਾਂ ਦਾ ਹੱਸਣਾ ਬੁਰਾ ਲਗਦਾ।

ਅੰਤ ਨੂੰ ਕਰਮ ਸਿੰਘ ਨੇ ਬੱਚਿਆਂ ਨੂੰ ਹਿੱਲ ਸਟੇਸ਼ਨ ਲਿਜਾਣ ਦਾ ਫੈਸਲਾ ਕੀਤਾ। ਉਹ ਬੱਚਿਆਂ ਨੂੰ ਗਡਸ਼ਈ ਦਾ ਉਹ ਸਕੂਲ ਵੀ ਦਿਖਾਉਣਾ ਚਾਹੁੰਦਾ ਸੀ ਜਿੱਥੇ ਵੱਡੇ ਵੱਡੇ ਲੋਕਾਂ ਦੇ ਬੱਚੇ ਪੜ੍ਹਦੇ ਸਨ। ਜਦੋਂ ਉਹ ਸ਼ਹਿਰ ਵਿਚ ਆਲੀਸ਼ਾਨ ਕੋਠੀ ਵਿਚ ਰਹੇਗਾ ਤਾਂ ਉਸ ਦੇ ਬੱਚੇ ਆਈ.ਏ.ਐਸ. ਬਣ ਰਹੇ ਹੋਣਗੇ। ਪਰ ਸਕੂਲ ਦੇਖ ਸਕਣ ਦੀ ਖਾਹਿਸ਼ ਵਿਚੇ ਹੀ ਰਹਿ ਗਈ ਜਦੋਂ ਜ਼ੋਰਦਾਰ ਬਾਰਿਸ਼ਾਂ ਕਾਰਨ ਸ਼ਿਮਲੇ ਨੂੰ ਜਾਣ ਦਾ ਰਾਹ ਕੁਝ ਦਿਨਾਂ ਲਈ ਬੰਦ ਹੋ ਗਿਆ।

ਕੈਨੇਡਾ ਮੁੜਨ ਤੋਂ ਕੁਝ ਦਿਨ ਪਹਿਲਾਂ ਇਕ ਸ਼ਾਮ ਕਰਮ ਸਿੰਘ ਟਿਊਬਵੈੱਲ ਉੱਤੇ ਬੈਠਾ ਕਿਸੇ ਮਿਲਣ ਆਏ ਰਿਸ਼ਤੇਦਾਰ ਨਾਲ ਪੈੱਗ ਲਾ ਰਿਹਾ ਸੀ ਕਿ ਚਲ੍ਹੇ ਵਿਚ ਟੁੱਭੀਆਂ ਲਾ ਕੇ ਹਟਿਆ ਗੈਰੀ ਵੀ ਉਹਨਾਂ ਕੋਲ ਆ ਨਿਕਲਿਆ। ਲੰਮਾ ਕੱਦ ਤੇ ਕੱਸਿਆ ਹੋਇਆ ਸਰੀਰ ਦੇਖ ਕੇ ਥੋੜ੍ਹਾ ਸ਼ਰਾਬੀ ਹੋਇਆ ਰਿਸ਼ਤੇਦਾਰ ਕਹਿ ਉੱਠਿਆ, "ਮੁੰਡਾ ਤਾਂ ਕੰਮਿਆਂ ਤੇਰੇ ਤੋਂ ਵੀ ਜੁਆਨ ਨਿਕਲਿਆ, ਸੁੱਖ ਨਾਲ ਹੱਡ-ਪੈਰ ਵੀ ਨਰੋਏ ਆ," ਤੇ ਫਿਰ ਗੈਰੀ ਨੂੰ ਸੰਬੋਧਨ ਕਰ ਕੇ ਬੋਲਿਆ, "ਕਿੱਦਾਂ ਪੁੱਤਰਾ? ਕੌਡੀ-ਕੂਡੀ ਖੇਲ੍ਹਦਾ ਹੁੰਨੈਂ?"

ਗੈਰੀ ਦੀ ਬਜਾਇ ਗਦਗਦ ਹੋਏ ਕਰਮ ਸਿੰਘ ਨੇ ਜਵਾਬ ਵਿਚ ਕਿਹਾ, 'ਮੁੰਡਾ ਤਾਂ ਮੈਂਖਿਆ ਕਿਸੇ ਨੂੰ ਖੰਘਣ ਨੀ ਦਿੰਦਾ, ਨਾ ਸਕੂਲ ਵਿਚ, ਨਾ ਬਾਹਰ।"

"ਗੱਲ ਹੋਈ ਨਾ! ਏਥੇ ਰਹੇ ਤਾਂ ਛਿੰਞਾਂ ਵਿਚ ਖੁੱਤੀਆਂ ਪਾਵੇ," ਕਹਿੰਦਿਆਂ



ਰਿਸ਼ਤੇਦਾਰ ਨੇ ਗਲਾਸ ਮੱਲੋਮੱਲੀ ਗੈਰੀ ਵੱਲ ਵਧਾ ਦਿੱਤਾ। ਕਰਮ ਸਿੰਘ ਦੇ ਥੋੜ੍ਹਾ-ਬਹੁਤ ਰੋਕਦਿਆਂ ਦੀ ਚਾਂਭਲੇ ਹੋਏ ਗੈਰੀ ਨੇ ਉਹ ਖਾਲੀ ਕਰ ਦਿੱਤਾ। ਛੇਤੀ ਹੀ ਉਸ ਨੂੰ ਆਪਣਾ ਆਪ ਹਵਾ ਵਿਚ ਉੱਡਦਾ ਮਹਿਸੂਸ ਹੋਣ ਲੱਗਾ ਤੇ ਗਰਮੀ ਲੱਗਣੋਂ ਵੀ ਹਟ ਗਈ। ਮਹੀਨੇ ਭਰ ਦੀ ਬੋਰੀਅਤ ਤੋਂ ਜਿਵੇਂ ਮਸੀਂ ਛੁਟਕਾਰਾ ਮਿਲਿਆ ਹੋਵੇ। ਅਗਲੇ ਦਿਨ ਕਿਤੇ ਦੁਪਹਿਰੇ ਜਾ ਕੇ ਉਹ ਸੁੱਤਾ ਉੱਠਿਆ ਤੇ ਲੌਢੇ ਕੁ ਵੇਲੇ ਉਸ ਦਾ ਦਿਲ ਕਰੇ ਕਿ ਕੋਈ ਹੋਰ ਰਿਸ਼ਤੇਦਾਰ ਮਿਲਣ ਆਵੇ ਤੇ ਉਸ ਨੂੰ ਗਲਾਸ ਭਰ ਕੇ ਦੇਵੇ।

ਜੈਸੀ ਨੇ ਇਹ ਸਾਰਾ ਸਮਾਂ ਬੜਾ ਅਜੀਬ ਜਿਹਾ ਮਹਿਸੂਸ ਕੀਤਾ ਸੀ। ਮਿਲਣ ਆਏ ਰਿਸ਼ਤੇਦਾਰ ਹਮੇਸ਼ਾਂ ਪਹਿਲਾ ਗੁਰਬੀਰ ਬਾਰੇ ਹੀ ਪੁੱਛਦੇ ਤੇ ਬੁੜ੍ਹੀਆਂ ਕਿੰਨੀ ਦੇਰ ਉਸ ਦਾ ਸਿਰ ਪਲੋਸਦੀਆਂ ਅਸੀਸਾਂ ਦਿੰਦੀਆਂ ਜਦੋਂ ਕਿ ਜੈਸੀ ਬਾਰੇ ਇਕ ਅੱਧ ਗੱਲ ਹੀ ਪੁੱਛਦੀਆਂ ਤੇ ਸਿਰ ਵੀ ਘੱਟ ਹੀ ਪਲੋਸਦੀਆਂ। ਜਦੋਂ ਰਿਸ਼ਤੇਦਾਰ ਮੁੜਨ ਲੱਗਦੇ ਤਾਂ ਗੁਰਬੀਰ ਨੂੰ ਵੱਡਾ ਪਰ ਜੈਸੀ ਨੂੰ ਛੋਟਾ ਨੋਟ ਪਿਆਰ ਵਜੋਂ ਦਿੰਦੇ ਤੇ ਗਿਆਨੋ, "ਨਾ, ਨਾ, ਇਹ ਕੀ ਕਰਦੇ ਆਂ, ਰਹਿਣ ਦਿਉ," ਕਹਿੰਦਿਆਂ ਸਭ ਕੁਝ ਪਰਸ ਵਿਚ ਪਾ ਲੈਂਦੀ। ਜਿਸ ਦਿਨ ਸ਼ਾਮ ਨੂੰ ਘਰ ਵਿਚ ਤੁਰੀ ਫਿਰਦੀ ਜੈਸੀ ਦੇ ਪੈਰ ਹੇਠ ਹੌਲਾ ਜਿਹਾ ਡੱਡੂ ਮਿੱਧਿਆ ਗਿਆ ਸੀ, ਉਸ ਨੇ ਚੀਕਾਂ ਮਾਰ ਕੇ ਸਾਰਾ ਘਰ ਸਿਰ ਉੱਪਰ ਚੁੱਕ ਲਿਆ ਸੀ। ਮੁੜ ਥੋੜ੍ਹੇ ਕੀਤੇ ਉਹ ਮੰਜੇ ਤੋਂ ਹੇਠ ਪੈਰ ਨਹੀਂ ਧਰਦੀ ਸੀ। ਉਸ ਦੇ ਤੇ ਗੈਰੀ ਦੇ ਮਨੋਂ ਇੰਡੀਆ ਸ਼ਾਇਦ ਪੂਰੀ ਤਰ੍ਹਾਂ ਲੱਥ ਗਿਆ ਸੀ।

ਲੰਗਰ ਵਿਚੋਂ ਨਿਕਲ ਕੇ ਕਰਮ ਸਿੰਘ ਤੇ ਗਿਆਨੋ ਪਾਰਕਿੰਗ ਵਿਚ ਆ ਗਏ। ਕਾਰ ਵਿਚ ਬੈਠਣ ਤੋਂ ਪਹਿਲਾਂ ਕਰਮ ਸਿੰਘ ਨੇ ਸਵਾਲੀਆ ਨਜ਼ਰਾਂ ਨਾਲ ਗਿਆਨੋ ਵੱਲ ਤੱਕਿਆ।

"ਗੈਰੀ ਨੂੰ ਦੇਖ ਲਉ, ਸ਼ੈਤ ਹੁਣ ਘਰ ਆ ਗਿਆ ਹੋਵੇ!" ਗਿਆਨੋ ਬੋਲੀ।

"ਮੈਂ ਤਾਂ ਕਹਿਨਾ, ਔਹ ਪੇਂਡੂਆਂ ਦੇ ਈ ਰਾਤ ਕੱਟ ਲੈਨੇ ਆਂ, ਉੱਥੋਂ ਫੋਨ ਕਰ ਕੇ ਗੈਰੀ ਨੂੰ ਦੱਸ ਦੇਵਾਂਗੇ।"

"ਸਾਰੀ ਦੁਨੀਆਂ ਨੂੰ ਜ਼ਰੂਰ ਪਤਾ ਲੌਣੈਂ ਤੈਂ? ਨਾਲੇ ਮੇਰਾ ਚਿੱਤ ਕਰਦੈ ਮੁੰਡੇ ਨੂੰ ਮਿਲਣ ਨੂੰ," ਕਹਿੰਦੀ ਹੋਈ ਗਿਆਨੋ ਕਾਰ ਵਿਚ ਬੈਠ ਗਈ। ਕਰਮ ਸਿੰਘ ਨੇ ਗੁਰਦੁਆਰਿਉਂ ਕਾਰ ਕੱਢ ਕੇ ਗੈਰੀ ਦੇ ਘਰ ਵੱਲ ਮੋੜ ਦਿੱਤੀ।

ਗੈਰੀ ਪਿਛਲੇ ਦੋ ਕੁ ਸਾਲ ਤੋਂ ਵੈਨਕੂਵਰ ਹੀ ਰਹਿੰਦਾ ਸੀ। ਭਾਰਤ ਤੋਂ ਪਰਤ ਕੇ ਕਰਮ ਸਿਘ ਨੇ ਕਈ ਵਿਚਾਰਾਂ ਕੀਤੀਆਂ।

ਉਹਨਾਂ ਦੀ ਬੱਚਤ ਬਿਲਕੁਲ ਖੁਰ ਚੁੱਕੀ ਸੀ। ਕਿਸੇ ਦੀ ਸਲਾਹ ਮੰਨ ਕੇ ਉਸ ਨੇ ਆਪਣੇ ਘਰ ਉੱਪਰ ਕਰਜ਼ਾ ਚੁੱਕ ਵੈਨਕੂਵਰ ਘਰ ਖਰੀਦ ਕੇ ਕਿਰਾਏ ਉੱਪਰ ਚਾੜ੍ਹ ਦਿੱਤਾ ਸੀ। ਓਵਰਟਾਈਮ ਕਰਦਾ ਤੇ ਪੈਸੇ ਬਚਾਉਣ ਲਈ ਹੋਰ ਤੇ ਹੋਰ ਸਕੀਮਾਂ ਲੜਾਉਂਦਾ ਉਹ ਪੰਜਾਬ ਵੱਲੋਂ ਹੋ ਚੁੱਕੇ ਦੁਖੀ ਮਨ ਨੂੰ ਗੁੱਝਿਆ ਰੱਖਦਾ।

ਸਾਲ, ਡੇਢ ਸਾਲ ਵਿਚ ਹੀ ਵੈਨਕੂਵਰ ਵਿਚ ਘਰਾਂ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ। ਉਸ ਨੇ ਉਹ ਘਰ ਵੇਚ ਕੇ ਨਾਲੇ ਤਾਂ ਮੁਨਾਫ਼ੇ ਵਿਚੋਂ ਵਿਲੀਅਮਜ਼ ਲੇਕ ਵਾਲੇ ਘਰ ਉੱਪਰ ਚੁੱਕਿਆ ਕਰਜ਼ਾ ਲਾਹ ਲਿਆ ਤੇ ਨਾਲੇ ਵੈਨਕੂਅਰ ਵਿਚ ਨਵਾਂ ਘਰ ਬਣਾਉਣ ਲਈ ਜ਼ਮੀਨ ਖਰੀਦ ਲਈ। ਕੁਝ ਕੁ ਮਹੀਨਿਆਂ ਅੰਦਰ ਉਹ ਘਰ ਬਣਦਿਆਂ ਹੀ ਵਿਕ ਗਿਆ ਤੇ ਅੱਧਾ ਮੁਨਾਫ਼ਾ ਦੇ ਗਿਆ। ਉਸ ਨੇ ਅਗਾਂਹ ਦੋ ਘਰ ਹੋਰ ਖਰੀਦ ਲਏ। ਇਸ ਸਾਰੀ ਚੱਲ-ਸੌ-ਚੱਲ ਵਿਚ, ਉਹ ਬੱਚਿਆਂ ਵੱਲੋਂ ਅਵੇਸਲਾ ਹੋ ਗਿਆ।

ਗੈਰੀ ਸਕੂਲੋਂ ਘਰ ਮਗਰੋਂ ਵੜਦਾ, ਨਿਕਲ ਪਹਿਲਾਂ ਜਾਂਦਾ। ਘਰ ਨਾਲ ਉਸ ਨੂੰ ਮਤਲਬ ਪਰੌਂਠੇ ਛਕਣ ਤੇ ਕੱਪੜੇ ਬਦਲਣ ਤਕ ਹੀ ਸੀ। ਸਕੂਲ ਵੀ ਉਸ ਨੇ ਡਿੱਗਦਿਆਂ-ਢਹਿੰਦਿਆਂ ਹੀ ਪਾਸ ਕੀਤਾ ਸੀ ਅਗਾਂਹ ਪੜ੍ਹਨ ਲਈ ਉਹ ਵੈਨਕੂਵਰ ਇਕ ਛੋਟੇ ਜਿਹੇ ਕਾਲਜ ਵਿਚ ਦਾਖਲ ਹੋਇਆ ਸੀ, ਅਖੇ, ਬਿਜ਼ਨਸ ਦਾ ਡਿਪਲੋਮਾ ਕਰਨਾ ਹੈ। ਉਦੋਂ ਤੋਂ ਉਹ ਇਹਨਾਂ ਨਵੇਂ ਖਰੀਦੇ ਘਰਾਂ ਵਿਚੋਂ ਇਕ ਵਿਚ ਰਹਿੰਦਾ ਸੀ। ਇਥੇ ਆਉਂਦਿਆਂ ਹੀ ਘਰਦਿਆਂ ਦੇ ਗਲ ਗੂਠਾ ਦੇ ਕੇ ਨਵੀਂ ਘੂੰਅ-ਘੂੰਅ ਕਰਦੀ ਕਾਰ ਕਢਵਾ ਲਈ ਸੀ ਕਿ ਡੈਡੀ ਕਿਸ਼ਤਾਂ ਦੇਈ ਜਾਵੇਗਾ। ਪਰ ਕਾਰ ਵਿਚ ਵਧੀਆ ਸਟੀਰੀਓ ਸਿਸਟਮ ਲਾਉਣ ਲਈ ਉਸ ਨੂੰ ਘਰੋਂ ਪੈਸੇ ਨਹੀਂ ਸਨ ਮਿਲੇ।

"ਪਹਿਲਾਂ ਕਾਲਜ ਪਾਸ ਕਰ ਕੇ ਦਿਖਾ," ਕਰਮ ਸਿੰਘ ਨੇ ਸ਼ਰਤ ਰੱਖ ਦਿੱਤੀ ਸੀ। ਬੜਾ ਪਿੱਟਿਆ ਸੀ ਗੈਰੀ। ਕਰਮ ਸਿੰਘ ਨੂੰ ਉਹ ਚੰਗਾ-ਮੰਦਾ ਵੀ ਬੋਲਿਆ ਸੀ। ਪਰ ਆਪ ਤੋਂ ਚਾਰ ਉਂਗਲਾਂ ਉੱਚੇ ਗੈਰੀ ਨੂੰ ਹੱਥ ਪਾਉਣ ਦਾ ਹੀਆ ਨਹੀਂ ਸੀ ਪਿਆ ਕਰਮ ਸਿੰਘ ਦਾ। ਕਈ ਮਹੀਨੇ ਗੈਰੀ ਵਿਲੀਅਮਜ਼ ਲੇਕ ਘਰਦਿਆਂ ਨੂੰ ਮਿਲਣ ਨਹੀਂ ਸੀ ਗਿਆ, ਭਾਵੇਂ ਗਿਆਨੋ ਕਰਮ ਸਿੰਘ ਤੋਂ ਚੋਰੀ ਉਸ ਨੂੰ ਕਈ ਵਾਰੀ ਫੋਨ ਉੱਪਰ ਮਿਲਣ ਆਉਣ ਲਈ ਮਿੰਨਤਾਂ ਕਰ ਚੁੱਕੀ ਸੀ। ਅਖ਼ੀਰ ਜਦੋਂ ਕਰਮ ਸਿੰਘ ਤੇ ਗਿਆਨੋ ਆਪ ਹੀ ਇਕ ਦਿਨ ਉਸ ਨੂੰ ਵੈਨਕੂਵਰ ਮਿਲਣ ਆ ਗਏ ਤਾਂ ਘਰ ਦੇ ਬਾਹਰ ਖੜ੍ਹੀ ਗੈਰੀ ਦੀ ਕਾਰ ਵਿਚ ਲੱਗਿਆ ਕੀਮਤੀ ਸਟੀਰੀਓ ਦੇਖ ਉਹਨਾਂ ਨੂੰ ਹੈਰਾਨੀ ਹੋਈ। ਪਰ ਉਸ ਤੋਂ ਵੀ ਵੱਧ ਹੈਰਾਨੀ ਉਦੋਂ ਹੋਈ ਜਦੋਂ ਗੈਰੀ ਦੀ ਬਜਾਇ ਕਿਸੇ ਗੋਰੀ ਕੁੜੀ ਨੇ ਦਰਵਾਜ਼ਾ ਖੋਲ੍ਹਿਆ। "ਇਹ ਮੇਰੇ ਦੋਸਤ ਦੀ ਗਰਲ ਫਰੈਂਡ ਹੈ," ਗੈਰੀ ਨੇ ਦੱਸਿਆ ਸੀ। ਵਾਪਸੀ ਉਤੇ ਜਦੋਂ ਗਿਆਨੋ ਨੇ ਇਸ ਬਾਰੇ ਕਰਮ ਸਿੰਘ ਨਾਲ ਗੱਲ ਕੀਤੀ ਤਾਂ ਉਸ ਨੇ ਇਹ ਕਹਿ ਕੇ ਚੁੱਪ ਕਰਾ ਦਿੱਤਾ, "ਮੁੰਡਿਆਂ ਦਾ ਬਾਹਲਾ ਫਿਕਰ ਨੀ ਕਰੀਦਾ।"

"ਤੇ ਕੁੜੀ ਦਾ ਕਿਹੜਾ ਤੂੰ ਕੋਈ ਫਿਕਰ ਕਰਦੈਂ।" ਸਾਰੀ ਵਾਟ ਗਿਆਨੋ ਜੈਸੀ ਬਾਰੇ ਹੀ ਸੋਚਦੀ ਆਈ ਸੀ। ਜਦੋਂ ਦੀ ਉਹ ਇੰਡੀਆ ਤੋਂ ਪਰਤੀ ਸੀ, ਉੱਦੋਂ ਦੀਆਂ ਕਈ ਗੱਲਾਂ ਉਸ ਦੇ ਮਨ ਉੱਪਰ ਭਾਰੂ ਸਨ। ਜਿਵੇਂ ਸਫ਼ਾਈ ਦਾ ਬੁਰਾ ਹਾਲ, ਲੋਕਾਂ ਦਾ ਉਸ ਵੱਲ ਝਾਕਣਾ, ਉਸ ਦੇ ਪੰਜਾਬੀ ਬੋਲਣ ਉੱਪਰ ਹੱਸਣਾ ਆਦਿ। ਉਸ ਨੇ ਸਕੂਲ ਆਪਦੀਆਂ ਸਹੇਲੀਆਂ ਨਾਲ ਵੀ ਇਸ ਬਾਰੇ ਗੱਲ ਕੀਤੀ। ਸਕੂਲ ਵਿਚ



ਬੱਚਿਆਂ ਦੀ ਪੜ੍ਹਾਈ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਕਰਮ ਸਿੰਘ ਕੋਲ ਤਾਂ ਸ਼ਾਮ ਦੀ ਸ਼ਿਫਟ ਹੋਣ ਕਾਰਨ ਵਕਤ ਨਾ ਹੁੰਦਾ ਤੇ ਗਿਆਨੋ ਅੰਗਰੇਜ਼ੀ ਬੋਲਣ ਦੇ ਡਰੋਂ ਨਾ ਜਾਂਦੀ। ਘਰ ਕੋਈ ਆਇਆ-ਗਿਆ ਵੀ ਗੈਰੀ ਦੇ ਫੁਟਬਾਲ ਖੇਡਣ ਬਾਰੇ ਸ਼ੌਕ ਨਾਲ ਪੁੱਛਦਾ ਪਰ ਜੈਸੀ ਦੇ ਸ਼ੌਕ ਬਾਰੇ ਕੋਈ ਨਾ ਪੁੱਛਦਾ। ਕਰਮ ਸਿੰਘ ਕੋਲ ਵਿਹਲ ਜਾਂ ਉਂਜ ਇੱਛਾ ਹੀ ਨਹੀਂ ਸੀ ਹੁੰਦੀ ਜੈਸੀ ਦੀ ਗੱਲ ਸੁਣਨ ਦੀ। ਗੈਰੀ ਦੇ ਵੈਨਕੂਵਰ ਜਾਣ ਸਮੇਂ ਉਹ ਦਸਵੀਂ ਜਮਾਤ ਵਿਚ ਸੀ। ਸਕੂਲੋਂ ਬਾਅਦ ਜ਼ਿਆਦਾ ਸਮਾਂ ਉਹ ਮੂਰਤਾਂ ਵਾਹੁਣ ਜਾਂ ਰੰਗ ਭਰਨ ਵਿਚ ਲਾਉਂਦੀ। ਕਦੇ-ਕਦੇ ਗਿਟਾਰ ਵੀ ਵਜਾ ਲੈਂਦੀ। ਸੰਗੀਤ ਨਾਲ ਉਸ ਨੂੰ ਵਿਸ਼ੇਸ਼ ਲਗਾਉ ਸੀ। ਸਕੂਲ ਵਿਚ ਸੰਗੀਤ ਨੂੰ ਉਹ ਵਿਸ਼ੇ ਵਜੋਂ ਲੈਣਾ ਚਾਹੁੰਦੀ ਸੀ ਪਰ ਕਰਮ ਸਿੰਘ ਨਹੀਂ ਸੀ ਮੰਨਿਆ, "ਕਿੱਥੋਂ ਜੰਮ ਪਈ ਸਾਡੇ ਇਹ ਤਾਨਸੈਨ ਦੀ ਧੀ," ਕਹਿ ਕੇ ਗੱਲ ਉਸ ਨੇ ਹਾਸੇ ਵਿਚ ਟਾਲ ਦਿੱਤੀ ਸੀ। ਅਸਲ ਵਿਚ ਸੰਗੀਤ ਦਾ ਵਿਸ਼ਾ ਚੁਣਨ ਉਤੇ ਅਗਾਂਹ ਜਾ ਕੇ ਜੈਸੀ ਨੂੰ ਪਿਆਨੋ ਵੀ ਖਰੀਦਣਾ ਪੈਣਾ ਸੀ ਤੇ ਉਸ ਦੇ ਮਾਂ-ਬਾਪ ਦੇ ਹਿਸਾਬ ਨਾਲ ਇਹ ਫਜ਼ੂਲ-ਖਰਚੀ ਸੀ। ਸੋ ਹੁਣ ਜੈਸੀ ਕੈਵਿਨ ਨਾਲ ਸਕੂਲ ਦੇ ਮਿਊਜ਼ਿਕ ਰੂਮ ਵਿਚ ਹੀ ਪਿਆਨੋ ਦੀ ਪ੍ਰੈਕਟਿਸ ਕਰ ਲੈਂਦੀ।

ਕੈਵਿਨ ਹਾਈ ਸਕੂਲ ਦੇ ਆਖ਼ਰੀ ਸਾਲ ਵਿਚ ਸੀ। ਸਕੂਲ ਦੇ ਮਿਊਜ਼ਿਕ ਪ੍ਰੋਗਰਾਮਾਂ ਉੱਪਰ ਉਹ ਲੀਡ ਗਿਟਾਰ ਵਜਾਉਂਦਾ ਜੈਸੀ ਨੂੰ ਬੜਾ ਪਿਆਰਾ ਜਾਪਦਾ, ਖਾਸ ਕਰਕੇ ਜਦੋਂ ਉਹ ਮੱਥੇ ਉੱਪਰੋਂ ਸੁਨਹਿਰੀ ਵਾਲਾਂ ਨੂੰ ਝਟਕੇ ਨਾਲ ਪਾਸੇ ਕਰਦਾ ਤਾਂ ਜੈਸੀ ਨੂੰ ਉਹ ਸ਼ੌਨ ਕੈਸਿਡੀ ਵਾਂਗ ਜਾਪਦਾ। ਕੈਵਿਨ ਦਾ ਰੰਗ-ਰੂਪ ਤੇ ਮੁਹਾਂਦਰਾ ਤਾਂ ਮਾਂ ਲੋਰੇਨ ਵਰਗਾ ਸੀ ਪਰ ਅੱਖਾਂ ਆਪਦੇ ਬਾਪ ਕ੍ਰਿਸ਼ਨ ਵਾਂਗ ਮੋਟੀਆਂ ਤੇ ਕਾਲੀਆਂ ਸਨ ਜੋ ਉਸ ਦੇ ਚਿਹਰੇ ਨੂੰ ਕਾਫ਼ੀ ਆਕਰਸ਼ਕ ਬਣਾਉਂਦੀਆਂ ਸਨ।

ਲੰਚ ਦੇ ਕਵਤ ਕੈਵਿਨ ਤੇ ਜੈਸੀ ਸਕੂਲ ਦੀ ਲਾਇਬ੍ਰੇਰੀ ਵਿਚ ਸੰਗੀਤ ਤੇ ਪੇਂਟਿੰਗ ਸੰਬੰਧੀ ਕਿਤਾਬਾਂ ਫਰੋਲਦੇ। ਕਦੇ-ਕਦੇ ਕੈਵਿਨ ਦੀਆਂ ਪੇਂਟਿੰਗਜ਼ ਦੀ ਸਕੂਲ ਲਾਇਬ੍ਰੇਰੀ ਵਿਚ ਛੋਟੀ ਜਿਹੀ ਨੁਮਾਇਸ਼ ਵੀ ਲੱਗਦੀ। ਪੇਂਟਿੰਗ ਥੱਲੇ ਅੰਗਰੇਜ਼ੀ ਦੇ ਵਿਸ਼ੇਸ਼ ਤਰੀਕੇ ਦੇ ਅੱਖਰਾਂ ਵਿਚ ਲਿਖਿਆ ਕੈਵਿਨ ਸ਼ਾਰਮਾ ਜੈਸੀ ਨੂੰ ਆਪਣਾ-ਆਪਣਾ ਜਾਪਦਾ। ਗੈਰੀ ਜਿੰਨੀ ਦੇਰ ਇਸੇ ਸਕੂਲ ਵਿਚ ਪੜ੍ਹਦਾ ਰਿਹਾ ਸੀ, ਕਦੀ ਮਿਊਜ਼ਿਕ ਰੂਮ ਜਾਂ ਲਾਇਬ੍ਰੇਰੀ ਨਾਲ ਉਸ ਦਾ ਦੂਰ ਦਾ ਵਾਸਤਾ ਵੀ ਨਹੀਂ ਰਿਹਾ ਸੀ। ਇਸ ਲਈ ਕੈਵਿਨ ਤੇ ਜੈਸੀ ਦੇ ਮਿਲਣ-ਗਿਲਣ ਬਾਰੇ ਉਸ ਨੂੰ ਖ਼ਬਰ ਨਹੀਂ ਸੀ। ਉਸ ਦਾ ਤੁਰਨ-ਫਿਰਨ ਮੋਟੇ-ਮੋਟੇ ਡੌਲਿਆਂ ਵਾਲੇ ਖਿਡਾਰੀ ਕਿਸਮ ਦੇ ਮੁੰਡਿਆਂ ਨਾਲ ਸੀ। ਉਂਜ ਵੀ ਉਹ ਕੈਵਿਨ ਨੂੰ ਡਰਪੋਕ ਮੁੰਡਿਆਂ ਵਿਚ ਗਿਣਦਾ ਸੀ। ਖਾਸ ਕਰਕੇ ਜਦੋਂ ਤੋਂ ਕਰਮ ਸਿੰਘ ਨੇ ਕ੍ਰਿਸ਼ਨ ਨੂੰ "ਮੂੰਗੀ-ਖਾਣੇ" ਕਹਿਣਾ ਸ਼ੁਰੂ ਕੀਤਾ ਸੀ।

ਵੈਨਕੂਵਰ ਵਿਚ ਗੈਰੀ ਕੀ ਪੜ੍ਹਦਾ ਸੀ ਤੇ ਕੀ ਨਹੀਂ, ਇਹ ਗੱਲ ਕਦੀ ਕਰਮ ਸਿੰਘ ਦੇ ਧਿਆਨ ਵਿਚ ਹੀ ਨਹੀਂ ਸੀ ਆਈ। ਉਸ ਨੂੰ ਤਾਂ ਇੰਨਾ ਪਤਾ ਸੀ ਕਿ ਗੈਰੀ ਪੜ੍ਹਾਈ ਮੁਕਦਿਆਂ ਹੀ ਇਸ ਘਰ ਨੂੰ ਢਾਹ ਕੇ ਇਸ ਦੀ ਜਗ੍ਹਾ ਦੋ ਨਵੇਂ ਘਰ ਬਣ

ਸਕਦੇ ਸਨ ਜਿਨ੍ਹਾਂ ਵਿਚੋਂ ਇਕ ਉਹ ਵੇਚ ਦੇਣਗੇ ਤੇ ਦੂਸਰੇ ਵਿਚ ਵਿਆਹ ਕਰਵਾ ਕੇ ਗੈਰੀ ਰਹੇਗਾ ਤੇ ਕੋਈ ਬਿਜ਼ਨਿਸ ਖੋਲ੍ਹੇਗਾ।

ਪਿੱਛੇ ਜਿਹੇ ਇਕ ਦਿਨ ਅਚਾਨਕ ਕਰਮ ਸਿੰਘ ਕਿਸੇ ਕੰਮ ਗੈਰੀ ਵਾਲੇ ਘਰ ਗਿਆ ਤਾਂ ਗੈਰੀ ਘਰ ਨਹੀਂ ਸੀ ਪਰ ਉਸ ਦੀ ਉਮਰ ਦੇ ਘੋਨ-ਮੋਨ ਜਿਹੇ ਚਾਰ ਪੰਜ ਗੋਰੇ ਛੋਕਰੇ=ਛੋਕਰੀਆਂ ਝੂਮਦੇ ਜਿਹੇ ਅਰਧ-ਨਗਨ ਅਵਸਥਾ ਵਿਚ ਤੁਰ ਫਿਰ ਰਹੇ ਸਨ।

ਘਰ ਵਿਚ ਅਜੀਬ ਜਿਹੇ ਧੂੰਏਂ ਦੀ ਗੰਧ ਫੈਲੀ ਹੋਈ ਸੀ ਤੇ ਜਗ੍ਹਾ-ਜਗ੍ਹਾ ਬੀਅਰ ਦੀਆਂ ਖਾਲੀ ਬੋਤਲਾਂ ਤੇ ਜੂਠੇ ਭਾਂਡੇ ਖਿੱਲਰੇ ਹੋਏ ਸਨ। ਕਾਰਪੈੱਟ ਉੱਪਰ ਵੀ ਜਗ੍ਹਾ-ਜਗ੍ਹਾ ਦਾਗ਼ ਪਏ ਹੋਏ ਸਨ। ਕਰਮ ਸਿੰਘ ਉਹਨਾਂ ਨੂੰ ਉੱਚੀ-ਉੱਚੀ ਗਾਹਲਾਂ ਕੱਢਣ ਲੱਗਾ ਤਾਂ ਉਹ ਸਾਰੇ ਬਾਹਰ ਖੜ੍ਹੀ ਇਕ ਕਾਲੇ ਸ਼ੀਸ਼ਿਆਂ ਵਾਲੀ ਪੁਰਾਣੀ ਜਿਹੀ ਕਾਰ ਵਿਚ ਬੈਠ ਗਏ। ਵੈਨ ਸਟਾਰਟ ਹੋਣ ਦੀ ਆਵਾਜ਼ ਸੁਣ ਕੇ ਗੈਰੀ ਵਾਲੇ ਕਮਰੇ ਵਿਚੋਂ ਵੀ ਇਕ ਜੁਆਨ ਜਿਹੀ ਕੁੜੀ ਅੱਧ-ਪਚੱਧੇ ਕੱਪੜੇ ਪਹਿਨੀ ਉਹਨਾਂ ਨਾਲ ਜਾ ਬੈਠੀ।

ਕਈ ਘੰਟੇ ਲਾ ਕੇ ਕਰਮ ਸਿੰਘ ਨੇ ਸਫ਼ਾਈ ਕੀਤੀ। ਗੈਰੀ ਸ਼ਾਮ ਤਕ ਨਾ ਆਇਆ। ਤਿੰਨ-ਚਾਰ ਵਾਰ ਫੋਨ ਵਾਰ ਫੋਨ ਦੀ ਘੰਟੀ ਵੱਜੀ। ਕਰਮ ਸਿੰਘ ਜਦੋਂ ਵੀ ਰਿਸੀਵਰ ਚੁੱਕਦਾ, ਉਧਰੋਂ ਫੋਨ ਬੰਦ ਹੋ ਜਾਂਦਾ ਤੇ ਉਹ ਮੁੜ ਗਾਹਲਾਂ ਕੱਢਣ ਲੱਗ ਪੈਂਦਾ। ਰਾਤ ਨੂੰ ਜਦੋਂ ਉਹ ਵਿਲੀਅਮਜ਼ ਲੇਕ ਪਹੁੰਚਿਆ ਤਾਂ ਗਿਆਨੋ ਨੇ ਦੱਸਿਆ ਕਿ ਗੈਰੀ ਦਾ ਫੋਨ ਆਇਆ ਸੀ। ਬਹੁਤ ਲੜਦਾ ਸੀ ਤੇ ਕਹਿੰਦਾ ਸੀ ਕਿ ਡੈਡੀ ਨੂੰ ਕਹੀਂ ਕਿ ਮੇਰੇ ਗੈਸਟਾਂ ਨੂੰ ਕੁਝ ਨਾ ਕਹੇ ਤੇ ਅਗਾਂਹ ਵਾਸਤੇ ਫੋਨ ਕਰ ਕੇ ਇੱਥੇ ਆਇਆ ਕਰੇ। ਕਰਮ ਸਿੰਘ ਨੂੰ ਬਹੁਤ ਔਖਾ ਲੱਗਿਆ ਸੀ ਪਰ ਗਿਆਨੋ ਨੇ ਉਸ ਨੂੰ ਢੈਲਾ ਕਰ ਲਿਆ। ਮੁੜ ਕਰਮ ਸਿੰਘ ਅਜੇ ਤਕ ਗੈਰੀ ਵਾਲੇ ਘਰ ਨਹੀਂ ਸੀ ਗਿਆ।

ਰਾਹ ਵਿਚ ਕਾਰ ਖੜ੍ਹੀ ਕਰ ਕੇ ਕਰਮ ਸਿੰਘ ਨੇ ਪੇਅ-ਫ਼ੋਨ ਤੋਂ ਗੈਰੀ ਦੇ ਘਰ ਫੋਨ ਕੀਤਾ। ਪਹਿਲਾਂ ਹਸਪਤਾਲੋਂ ਕੀਤਾ ਸੀ ਤਾਂ ਕਿਸੇ ਨੇ ਨਹੀਂ ਸੀ ਚੁੱਕਿਆ। ਐਤਕੀਂ ਗੈਰੀ ਦੇ ਦੋਸਤ ਰੌਨ ਨੇ ਫ਼ੋਨ ਚੁੱਕਿਆ। ਉਸ ਨੇ ਦੱਸਿਆ ਕਿ ਗੈਰੀ ਘਰ ਨਹੀਂ ਤੇ ਰਾਤ ਨੂੰ ਦੇਰ ਨਾਲ ਆਵੇਗਾ। ਅਣਮੰਨੇ ਜਿਹੇ ਮਨ ਨਾਲ ਕਰਮ ਸਿੰਘ ਗਿਆਨੋ ਨੂੰ ਲੈ ਕੇ ਗੈਰੀ ਵਾਲੇ ਘਰ ਆ ਗਿਆ। ਉਹਨਾਂ ਦੇ ਘਰ ਵੜਦਿਆਂ ਹੀ ਰੌਨ ਕਾਲੇ ਸ਼ੀਸ਼ਿਆਂ ਵਾਲੀ ਵੈਨ ਲੈ ਕੇ ਖਿਸਕ ਗਿਆ।

ਘਰ ਕਾਹਲੀ ਨਾਲ ਸਾਫ਼ ਕੀਤਾ ਜਾਪਦਾ ਸੀ। ਘਰ ਦੇ ਪਿਛਲੇ ਪਾਸੇ ਗੈਰੀ ਵਾਲੀ ਕਾਰ ਇਕ ਪਾਸਿਉਂ ਬੁਰੀ ਤਰ੍ਹਾਂ ਭੱਜੀ ਹੋਈ ਖੜ੍ਹੀ ਸੀ। ਘਰ ਦੇ ਅੰਦਰ ਲਿਵਿੰਗ ਰੂਮ ਵਿਚ ਦੋ-ਤਿੰਨ ਨਵੇਂ ਮਾਡਲ ਦੇ ਟੀਵੀ ਅਤੇ ਤਿੰਨ-ਚਾਰ ਵੱਡੇ-ਵੱਡੇ ਸਟੀਰੀਓ ਸੈੱਟ ਪਏ ਸਨ।

"ਆਹ ਐਨਾ ਸਮਾਨ ਕਿੱਥੋਂ ਆਇਆ?" ਸ਼ੱਕੀ ਜਿਹੀਆਂ ਨਜ਼ਰਾਂ ਨਾਲ



ਕਰਮ ਸਿੰਘ ਸਟੀਰੀਓ ਸੈੱਟਾਂ ਵੱਲ ਦੇਖਦਾ ਬੋਲਿਆ।

"ਔਹ ਰੌਨ ਟੀਵੀ-ਟੂਵੀਆਂ ਠੀਕ ਕਰਨ ਦਾ ਕੰਮ ਕਰਦਾ ਹੁੰਦੈ।...ਤੁਸੀ ਹਸਪਤਾਲ ਫੋਨ ਕਰ ਕੇ ਕੁੜੀ ਦਾ ਪਤਾ ਕਰੋ, ਮੇਰੇ ਤਾਂ ਅੰਦਰ ਜਾਣੀ ਕੁਸ਼ ਹੋਈ ਜਾਂਦੈ," ਦਿਲ ਉੱਪਰ ਹੱਥ ਰੱਖ ਕੇ ਦੱਬਦੀ ਗਿਆਨੋ ਬੋਲੀ।

ਕਰਮ ਸਿੰਘ ਨੈ ਹਸਪਤਾਲ ਫ਼ੋਨ ਕੀਤਾ ਤਾਂ ਪਤਾ ਲੱਗਾ ਕਿ ਜੈਸੀ ਦੀ ਹਾਲਤ ਖ਼ਤਰੇ ਤੋਂ ਬਾਹਰ ਸੀ ਪਰ ਅਜੇ ਹੋਸ਼ ਨਹੀਂ ਸੀ ਆਈ। ਫੋਨ ਰੱਖ ਕੇ ਕਰਮ ਸਿੰਘ ਕਮਰਿਆਂ ਵੱਲ ਵਧਿਆ। ਗੈਰੀ ਵਾਲੇ ਕਮਰੇ ਵਿਚੋਂ ਅਜੀਬ ਜਿਹੀ ਗੰਧ ਆ ਰਹੀ ਸੀ ਤੇ ਦੋ-ਤਿੰਨ ਜ਼ਨਾਨੇ ਕੱਪੜੇ ਵੀ ਇਧਰ-ਉਧਰ ਖਿੱਲਰੇ ਪਏ ਸਨ। ਗਿਆਨੋ ਨਾਲ ਦੇ ਕਮਰੇ ਵਿਚ ਪਈ ਸੀ। ਦੋ ਰਾਤਾਂ ਦਾ ਉਨੀਂਦਾ ਹੋਣ ਕਰਕੇ ਕਰਮ ਸਿੰਘ ਤਾਂ ਜਲਦੀ ਸੌਂ ਗਿਆ ਪਰ ਗਿਆਨੋ ਉੱਸਲਵੱਟੇ ਲੈਂਦੀ ਜੈਸੀ ਬਾਰੇ ਸੋਚਦੀ ਰਹੀ। ਪਰੀਆਂ ਵਰਗੀ ਕੁੜੀ ਸੀ। ਕੁਝ ਮਹੀਨੇ ਪਹਿਲਾਂ ਹੀ ਹਾਈ ਸਕੂਲ ਪਾਸ ਕੀਤਾ ਸੀ ਤੇ ਅਗਾਂਹ ਪੜ੍ਹਨਾ ਚਾਹੁੰਦੀ ਸੀ। ਪਰ ਕਰਮ ਸਿੰਘ ਸਾਹਮਣੇ ਉਸ ਦੀ ਇਕ ਨਹੀਂ ਸੀ ਚੱਲੀ। ਪੜ੍ਹਨ ਵਿਚ ਕਿੰਨੀ ਹੁਸ਼ਿਆਰ ਸੀ ਜੈਸੀ। ਹਰ ਕਿਸੇ ਨਾਲ ਹੱਸ ਕੇ ਬੋਲਦੀ। ਗਿਆਨੋ ਦੀ ਘਰ ਦੇ ਕੰਮਾਂ ਵਿਚ ਖੁਸ਼ੀ-ਖੁਸ਼ੀ ਮਦਦ ਕਰਾਉਂਦੀ। ਕਦੇ ਨਾ ਥੱਕਦੀ। ਕਿੱਥੇ ਉਹ ਜੈਸੀ ਤੇ ਕਿੱਥੇ ਹਸਪਤਾਲ ਦੇ ਬੈੱਡ ਉਤੇ ਪਈ ਜੈਸੀ। ਸੋਚਦਿਆਂ ਉਸ ਦੀਆਂ ਅੱਖਾਂ ਮੁੜ ਗਿੱਲੀਆਂ ਹੋ ਗਈਆਂ।

ਜਦੋਂ ਵੀਕ-ਐਂਡ ਉਤੇ ਜੈਸੀ ਕਿਤਾਬਾਂ ਵੇਚਣ ਵਾਲੀ ਦੁਕਾਨ ਉੱਪਰ ਕੰਮ ਕਰਦੀ ਸੀ ਤਾਂ ਕਾਲਿਜ ਪੜ੍ਹਦਾ ਕੈਵਿਨ ਵੀ ਵੀਕ-ਐਂਡ ਉਤੇ ਸਾਹਮਣੇ ਗੈਸ ਸਟੇਸ਼ਨ ਉੱਪਰ ਕੰਮ ਕਰਦਾ। ਲੰਚ ਸਮੇਂ ਉਹ ਕਦੀ-ਕਦੀ ਸੈਰ ਕਰਨ ਲੇਕ ਦੇ ਕੰਢੇ ਵੱਲ ਨਿਕਲ ਜਾਂਦੇ। ਸਿਆਲ ਵਿਚ ਜਦੋਂ ਲੇਕ ਪੂਰੀ ਤਰ੍ਹਾਂ ਜੰਮੀ ਹੋਈ ਹੁੰਦੀ ਤਾਂ ਕੈਵਿਨ ਜੈਸੀ ਨੂੰ ਆਈਸ ਸਕੇਟਿੰਗ ਵੀ ਸਿਖਾਉਂਦਾ। ਤਾਜ਼ੀ ਡਿੱਗੀ ਬਰਫ਼ ਦੇ ਰੂੰ ਵਰਗੇ ਗੋਲੇ ਉਹ ਇਕ ਦੂਸਰੇ ਦੇ ਮਾਰਦੇ ਹੱਸਦੇ-ਖੇਡਦੇ।

ਸਵੇਰੇ ਉੱਠ ਕੇ ਕਰਮ ਸਿੰਘ ਨੇ ਫਿਰ ਹਸਪਤਾਲ ਫ਼ੋਨ ਕੀਤਾ। ਜੈਸੀ ਦੀ ਹਾਲਤ ਵਿਚ ਸੁਧਾਰ ਆਇਆ ਸੀ। ਇਕ ਵਾਰੀ ਕੁਝ ਦੇਰ ਲਈ ਹੋਸ਼ ਵੀ ਆ ਚੁੱਕੀ ਸੀ। ਗੈਰੀ ਪਤਾ ਨਹੀਂ ਕਦੋਂ ਚੁੱਪ-ਚੁਪੀਤੇ ਆਪਦੇ ਕਮਰੇ ਵਿਚ ਆ ਕੇ ਸੌਂ ਗਿਆ ਸੀ। ਗਿਆਨੋ ਨੇ ਕਿਚਨ ਵਿਚ ਖਿੱਲਰੇ ਸਾਰੇ ਜੂਠੇ ਭਾਂਡੇ ਧਤੇ, ਚਾਹ ਬਣਾਈ ਤੇ ਕੱਪ ਗੈਰੀ ਨੂੰ ਫੜਾਉਣ ਉਸ ਦੇ ਕਰਮੇ ਵਿਚ ਗਈ। ਉਹ ਘੂਕ ਸੁੱਤਾ ਪਿਆ ਸੀ ਤੇ ਮੂੰਹ ਵਿਚੋਂ ਹਵਾੜ ਜਿਹੀ ਆ ਰਹੀ ਸੀ। ਚਾਹ ਦਾ ਕੱਪ ਟੇਬਲ ਉੱਪਰ ਰੱਖਣ ਲੱਗੀ ਨੇ ਅਧਖੁੱਲ੍ਹੇ ਦਰਾਜ ਵਿਚ ਇਕ ਪਲਾਸਟਿਕ ਦੇ ਕਾਗਜ਼ ਦੀ ਪੁੜੀ ਜਿਹੀ ਵੀ ਦੇਖੀ। ਬਾਹਰ ਕਰਮ ਸਿੰਘ ਘਰ ਵੇਚਣ ਵਾਲੇ ਏਜੰਟ ਨਾਲ ਫ਼ੋਨ ਉੱਪਰ ਗੱਲ ਕਰ ਰਿਹਾ ਸੀ।

"ਤਿੰਨਾਂ ਦਿਨਾਂ ਤਕ...ਓ ਕੇ", ਕਹਿ ਕੇ ਉਸ ਨੇ ਫ਼ੋਨ ਰੱਖ ਦਿੱਤਾ।

ਹਸਪਤਾਲ ਜਾ ਕੇ ਜੈਸੀ ਨੂੰ ਦੇਖਿਆ। ਉਸ ਨੇ ਅੱਖਾਂ ਖੋਲ੍ਹ ਗਿਆਨੋ ਨੂੰ ਦੇਖ ਕੇ ਸਿਰ ਨੂੰ ਰਤਾ ਕੁ ਹਿਲਾਇਆ। ਕਰਮ ਸਿਘ ਚਾਹ ਕੇ ਵੀ ਜੈਸੀ ਨਾਲ ਅੱਖਾਂ ਨਾ

ਮੇਲ ਸਕਿਆ ਤੇ ਭਰੇ ਮਨ ਨਾਲ ਕਮਰੇ ਤੋਂ ਬਾਹਰ ਆ ਗਿਆ। ਡਾਕਟਰ ਨੇ ਦੱਸਿਆ ਕਿ ਪੂਰੇ ਰੀਜ਼ਲਟ ਤਿੰਨ-ਚਾਰ ਦਿਨ ਤਕ ਪਤਾ ਲੱਗਣਗੇ ਪਰ ਉਂਜ ਜੈਸੀ ਦੀ ਜਾਨ ਨੂੰ ਹੁਣ ਕੋਈ ਖ਼ਤਰਾ ਨਹੀਂ ਸੀ। ਗੈਰੀ ਨੂੰ ਫੋਨ ਕਰ ਕੇ ਸਾਰੀ ਗੱਲ ਸਮਝਾਈ ਤੇ ਤਾਕੀਦ ਕੀਤੀ ਕਿ ਉਹ ਜੈਸੀ ਕੋਲ ਵੱਧ ਤੋਂ ਵੱਧ ਸਮਾਂ ਬਿਤਾਏ। ਗਿਆਨੋ ਤਾਂ ਜੈਸੀ ਕੋਲੋਂ ਉੱਠਣਾ ਨਹੀਂ ਚਾਹੁੰਦੀ ਸੀ ਪਰ ਡਾਕਟਰ ਦੀ ਸਲਾਹ ਨਾਲ ਦੋਵੇਂ ਵਿਲੀਅਮਜ਼ ਲੇਕ ਤੁਰ ਪਏ ਕਿ ਤਿੰਨਾਂ ਦਿਨਾਂ ਨੂੰ ਫਿਰ ਆ ਜਾਣਗੇ। ਓਨੀ ਦੇਰ ਕੰਮਾਂ ਤੋਂ ਕਾਹਨੂੰ ਦਿਹਾੜੀਆਂ ਭੰਨਣੀਆਂ ਨੇ!

ਸਾਰੀ ਵਾਟ ਗਿਆਨੋ ਜੈਸੀ ਬਾਰੇ ਸੋਚ ਕੇ ਅੱਖਾਂ ਪੂੰਝਦੀ ਰਹੀ ਤੇ ਕਰਮ ਸਿੰਘ ਜ਼ਿਆਦਾਤਰ ਗੈਰੀ ਵਾਲੇ ਘਰ ਬਾਰੇ ਸਕੀਮਾਂ ਲਾਉਂਦਾ ਰਿਹਾ। ਦੋ ਨਵੇਂ ਘਰ ਪੈ ਜਾਣਗੇ ਇਸ ਦੀ ਜਗ੍ਹਾ। ਅੱਜ-ਕੱਲ੍ਹ ਕੀਮਤਾਂ ਕਾਫੀ ਹਨ। ਹਾਂਗਕਾਂਗ ਦੇ ਲੋਕ ਮੁੜ ਚੀਨ ਦੇ ਕਬਜ਼ੇ ਹੇਠ ਆ ਜਾਣ ਦੇ ਦੁੱਖੋਂ ਧੜਾਧੜ ਆਪਣਾ ਪੈਸਾ ਬਾਹਰਲੇ ਮੁਲਕਾਂ ਵੱਲ ਕੱਢ ਰਹੇ ਸਨ। ਜਿਸ ਕਰਕੇ ਵੈਨਕੂਵਰ ਵਰਗੇ ਸ਼ਹਿਰਾਂ ਵਿਚ ਪ੍ਰਾਪਰਟੀ ਕਾਫੀ ਮਹਿੰਗੀ ਹੋ ਚੁੱਕੀ ਸੀ। ਪਿਛਲਾ ਵੇਚਿਆ ਘਰ ਵੀ ਕਿਸੇ ਹਾਂਗਕਾਂਗ ਤੋਂ ਆਏ ਬਿਜ਼ਨਿਸਮੈਨ ਨੇ ਸਾਰੇ ਪੈਸੇ ਕੈਸ਼ ਤਾਰ ਕੇ ਖਰੀਦਿਆ ਸੀ ਤੇ ਵਕੀਲ ਰਾਹੀਂ ਤਿੰਨਾਂ ਦਿਨਾ ਤਕ ਸ਼ੁੱਕਰਵਾਰ ਨੂੰ ਪੈਸੇ ਮਿਲਣੇ ਸਨ। ਤਿੰਨਾਂ ਦਿਨਾਂ ਦਾ ਯਾਦ ਆਉਂਦਿਆਂ ਹੀ ਉਸ ਨੂੰ ਜੈਸੀ ਦੇ ਆਉਣ ਵਾਲੇ ਰੀਜ਼ਲਟਾਂ ਬਾਰੇ ਯਾਦ ਆਇਆ ਤੇ ਮਹਿੰਗੇ ਮੁੱਲ ਵਿਕੇ ਘਰ ਦੀ ਖੁਸ਼ੀ ਅਲੋਪ ਹੋ ਗਈ। ਕੱਲ੍ਹ ਸਵੇਰੇ-ਸਵੇਰੇ ਹੀ ਤਾਂ ਕਰਮ ਸਿੰਘ ਇਸ ਘਰ ਨੂੰ ਵੇਚਣ ਖ਼ਾਤਰ ਕੰਮ ਤੋਂ ਛੁੱਟੀ ਲੈ ਕੇ ਵੈਨਕੂਵਰ ਪਹੁੰਚਿਆ ਸੀ। ਸੌਦਾ ਖਤਮ ਹੋਣ ਉਤੇ ਕਾਗ਼ਜ਼ਾਂ ਉੱਪਰ ਦਸਖ਼ਤ ਕਰ ਕੇ ਲੇਟ ਰਾਤ ਜਦੋਂ ਉਹ ਵਿਲੀਅਮਜ਼ ਲੇਕ ਪਹੁੰਚਿਆ ਤਾਂ ਉਹਨਾਂ ਦੇ ਘਰ ਦ ਬਾਹਰ ਕੁਝ ਜਾਣੀਆਂ-ਪਛਾਣੀਆਂ ਕਾਰਾਂ ਖੜ੍ਹੀਆਂ ਸਨ ਤੇ ਅੰਦਰ ਗਿਆਨੋ ਨੇ ਕੁਹਰਾਮ ਮਚਾਇਆ ਹੋਇਆ ਸੀ। ਹਸਪਤਾਲ ਵਾਲਿਆਂ ਨੇ ਦੱਸਿਆ ਸੀ ਕਿ ਜੈਸੀ ਨੂੰ ਇੱਥੋਂ ਹਵਾਈ ਐਂਬੂਲੈਂਸ ਰਾਹੀਂ ਵੈਨਕੂਵਰ ਭੇਜ ਦਿੱਤਾ ਗਿਆ ਸੀ ਤੇ ਉਸ ਦੀ ਸਹੇਲੀ ਲਿੰਡਾ ਇਸੇ ਹਸਪਤਾਲ ਵਿਚ ਸੀ ਤੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਸੀ।

ਲਿੰਡਾ ਜੈਸੀ ਦੀ ਗੂੜ੍ਹੀ ਸਹੇਲੀ ਸੀ। ਇਕੱਠੀਆਂ ਨੇ ਹਾਈ ਸਕੂਲ ਪਾਸ ਕੀਤਾ ਸੀ। ਲਿੰਡਾ ਦੀ ਮਾਂ ਵਾਲੀ ਕਾਰ ਹੀ ਜੈਸੀ ਚਲਾ ਰਹੀ ਸੀ ਜਦੋਂ ਇਹ ਦੁਰਘਟਨਾ ਘਟੀ ਸੀ। ਅਜੇ ਕੁਝ ਮਹੀਨੇ ਪਹਿਲਾਂ ਹੀ ਜੈਸੀ ਨੇ ਡਰਾਈਵਿੰਗ ਲਾਇਸੈਂਸ ਲਿਆ ਸੀ। ਗੈਰੀ ਨੂੰ ਸੋਲ੍ਹਾਂ ਦਾ ਹੁੰਦਿਆਂ ਹੀ ਪਿਉ ਤੋਂ ਲਾਇਸੈਂਸ ਲੈਣ ਦੀ ਇਜਾਜ਼ਤ ਤੇ ਕੁਝ ਦੇਰ ਬਾਅਦ ਨਵੀਂ ਕਾਰ ਮਿਲ ਗਈ ਸੀ ਪਰ ਜੈਸੀ ਨੂੰ ਲਾਇਸੈਂਸ ਦੁਆਉਣ ਦੀ ਜ਼ਰੂਰਤ ਉਦੋਂ ਮਹਿਸੂਸ ਹੋਈ ਸੀ ਜਦੋਂ ਗੈਰੀ ਵੈਨਕੂਵਰ ਰਹਿਣ ਲੱਗ ਪਿਆ ਸੀ। ਗਿਆਨੋ ਨੇ ਤਾਂ ਅੰਗਰੇਜ਼ੀ ਦੇ ਡਰੋਂ ਕਦੀ ਕੋਸ਼ਿਸ਼ ਹੀ ਨਹੀਂ ਕੀਤੀ ਸੀ ਲਾਇਸੈਂਸ ਲੈਣ ਦੀ ਤੇ ਨਾ ਹੀ ਛੋਟਾ ਸ਼ਹਿਰ ਹੋਣ ਕਰਕੇ ਕੋਈ ਖਾਸ ਜ਼ਰੂਰਤ ਸੀ। ਮੌਸਮ ਖਰਾਬ ਹੋਣ 'ਤੇ ਗੈਰੀ ਜਾਂ ਕਰਮ ਸਿੰਘ ਉਸ ਨੂੰ ਕੰਮ ਉੱਪਰ ਛੱਡ ਦਿੰਦੇ ਸਨ। ਪਰ ਹੁਣ



ਕਰਮ ਸਿੰਘ ਦੇ ਹੋਰਨਾਂ ਕੰਮਾਂ ਵਿਚ ਰੁੱਝਣ ਕਾਰਨ ਵੇਲੇ-ਕੁਵੇਲੇ ਘਰ ਵਿਚ ਕਾਰ ਚਲਾਉਣ ਵਾਲੇ ਦੀ ਜ਼ਰੂਰਤ ਸੀ।

"ਹੂੰ...ਅ...ਅ...," ਗਿਆਨੋ ਨੇ ਲੰਮਾ ਹੂੰਗਾ ਜਿਹਾ ਭਰਿਆ, "ਹਾਏ, ਮੇਰੀ ਫੁੱਲ ਵਰਗੀ..."ਕਹਿ ਕੇ ਉਹ ਬੁਸਕਣ ਲੱਗੀ।

"ਜੇ ਤੂੰ ਕਾਰ ਚਲਾਉਣੀ ਸਿੱਖ ਲੈਂਦੀ ਤਾਂ ਨਾ ਉਹਨੂੰ ਲਾਇਸੈਂਸ ਲੈਣ ਦਿੰਦੇ ਤੇ ਨਾ ਆਹ ਕੁਸ਼ ਹੁੰਦਾ," ਕਰਮ ਸਿੰਘ ਨੇ ਆਪਣੇ ਆਪ ਨੂੰ ਬਰੀ ਕਰਨਾ ਚਾਹਿਆ।

"ਤੂੰ ਵੀ ਕਿਹੜਾ ਕਿਸੇ ਨਾਲ ਸਲਾਹ ਕੀਤੀ! ਚੁੱਕ ਕੇ ਫੋਨ ਘੁਮਾ ਦਿੱਤਾ ਇੰਡੀਆ ਨੂੰ," ਗਿਆਨੋ ਨੇ ਆਪਣਾ ਮਨ ਹੌਲਾ ਕੀਤਾ।

"ਹੋਰ ਕੀ ਕਰਦਾ? ਐਥੇ ਲੋਕਾਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਸੁਣਦਾ? ਨਾਲੇ ਮੁੰਡੇ ਵਿਚ ਮਾੜਾ ਵੀ ਕੀ ਸੀ, ਐਮ.ਏ.ਪਾਸ। ਪਿਉ ਉਹਦੇ ਨੇ ਹੋਰ ਥੋੜ੍ਹੇ ਚਿਰ ਨੂੰ ਐਸ. ਪੀ. ਬਣ ਜਾਣੈਂ।"

"ਹੁਣ ਐਦਾਂ ਦੀ ਨੂੰ ਕਿਹੜਾ ਵਿਆਹ ਲਊ? ਹਾਏ ਮੇਰੀ ਸੋਨੇ ਵਰਗੀ...," ਕਹਿ ਕੇ ਗਿਆਨੋ ਅੱਖਾਂ ਪੂੰਝਣ ਲੱਗ ਪਈ। ਕਰਮ ਸਿੰਘ ਕੋਲ ਵੀ ਕੋਈ ਚਾਰਾ ਨਹੀਂ ਸੀ ਸਿਵਾਏ ਸ਼ੁੱਕਰਵਾਰ ਤਕ ਉਡੀਕਣ ਦੇ। ਉਂਜ ਗਿਆਨੋ ਦੀ ਗੱਲ ਸੁਣ ਕੇ ਉਹ ਵਾਕਿਆ ਹੀ ਇਹ ਸੋਚਣ ਲੱਗ ਗਿਆ ਸੀ ਕਿ ਜੇ ਜੈਸੀ ਠੀਕ ਨਾ ਹੋਈ ਤਾਂ ਉਸ ਦੇ ਰਿਸ਼ਤੇ ਦਾ ਕੀ ਬਣੇਗਾ?

ਅੱਗੇ ਤਾਂ ਅਜਿਹੇ ਮੌਕੇ ਉਹ ਹਮੇਸ਼ਾ ਕ੍ਰਿਸ਼ਨ ਨਾਲ ਦਿਲ ਦੀ ਗੱਲ ਸਾਂਝੀ ਕਰ ਲੈਂਦਾ ਹੁੰਦਾ ਸੀ ਪਰ ਹੁਣ ਤਾਂ ਉਸ ਨੂੰ ਸਾਰੇ ਪੁਆੜੇ ਦੀ ਜੜ੍ਹ ਹੀ ਕ੍ਰਿਸ਼ਨ ਜਾਪਦਾ ਸੀ। ਉਹ ਗੱਲ ਜਿਸ ਨਾਲ ਕਰੇ ਉਂਜ ਜਦੋਂ ਤੋਂ ਧੂਆਂਧਾਰ ਸਪੀਚਾਂ ਦੇਣ ਵਾਲੇ ਲੀਡਰ ਦੀ ਅਸਲੀਅਤ ਉਸਦੇ ਸਾਮਣੇ ਆਈ ਸੀ ਉਦੋਂ ਕ੍ਰਿਸ਼ਨ ਨਾਲ ਸਬੰਧ ਮੁੜ ਸੁਧਰਨੇ ਸ਼ੁਰੂ ਹੋ ਗਏ ਸਨ। ਬੇਸ਼ਕ ਪਹਿਲਾਂ ਵਾਲਾ ਆਉਣ-ਜਾਣ ਤਾਂ ਨਹੀਂ ਸੀ ਬਣ ਸਕਿਆ ਪਰ ਕਿਧਰੇ ਮਿਲਦੇ ਤਾਂ ਕੁਝ ਗੱਲਾਂ ਜ਼ਰੂਰ ਹ ਜਾਂਦੀਆਂ। ਇੰਡੀਆ ਗਿਆ ਕਰਮ ਸਿੰਘ ਕ੍ਰਿਸ਼ਨ ਦੇ ਪਿੰਡ ਵੀ ਮਿਲ ਕੇ ਉਸ ਦੇ ਭੇਜੇ ਤੋਹਫੇ ਦੇ ਆਇਆ ਸੀ। ਪਰ ਹੁਣ ਅੱਗੇ ਵਰਗੇ ਖੁੱਲ੍ਹੇ ਵਕਤ ਵੀ ਨਹੀਂ ਸਨ ਮਿਲਦੇ। ਕ੍ਰਿਸ਼ਨ ਵੀ ਆਪਣੇ ਬਿਜ਼ਨਿਸ ਵਿਚ ਖੁੱਭਿਆ ਹੋਇਆ ਸੀ ਤੇ ਕਰਮ ਸਿੰਘ ਵੀ ਘਰਾਂ ਦੇ ਢਾਹੁਣ-ਬਣਾਉਣ ਵਿਚ ਰੁੱਝਿਆ ਹੋਇਆ ਸੀ। ਪਰ ਇਹ ਸੁਧਰ ਰਹੇ ਸੰਬੰਧ ਮੁੜ ਇਕ ਝਟਕੇ ਨਾਲ ਟੁੱਟ ਗਏ, ਜਦੋਂ ਉਸ ਨੂੰ ਆਪਣੀ ਮਿੱਲ ਵਿਚ ਕੰਮ ਕਰਦੇ ਭਾਈਬੰਦ ਤਰਸੇਮ ਤੋਂ ਗੱਲ ਦੀ ਸੂਹ ਲੱਗੀ ਸੀ। ਤਦ ਹੀ ਉਸ ਨੂੰ ਸਮਝ ਆਈ ਸੀ ਕਿ ਕੁਝ ਦਿਨਾਂ ਤੋਂ ਤਿੰਨ-ਚਾਰ ਪੰਜਾਬੀ ਕਾਮੇ ਉਸ ਵੱਲ ਮੁਸਕੜੀਏਂ ਕਿਉਂ ਤੱਕਦੇ ਸਨ।

ਤਰਸੇਮ ਨੇ ਦੱਸਿਆ ਸੀ ਕਿ ਐਤਵਾਰ ਦੁਪਹਿਰ ਨੂੰ ਕੁਝ ਪੰਜਾਬੀ ਮੁੰਡੇ ਬੀਅਰ ਪੀਂਦੇ ਘੁੰਮਣ-ਫਿਰਨ ਨਿਕਲੇ ਤਾਂ ਉਹਨਾਂ ਨੇ ਦੇਖਿਆ ਸੀ ਕਿ ਨੀਲੀ ਝੀਲ ਦੇ ਕੰਢੇ ਇਕਾਂਤ ਜਿਹੀ ਵਿਚ ਜੈਸੀ ਇਕ ਪੱਥਰ ਉੱਪਰ ਚੁੱਪਚਾਪ ਬੈਠੀ ਸੀ ਤੇ ਕੁਝ ਦੂਰੀ 'ਤੇ ਖੜ੍ਹਾ ਕੈਵਿਨ ਉਸ ਦੀ ਪੇਂਟਿੰਗ ਬਣਾ ਰਿਹਾ ਸੀ। ਉਹਨਾਂ ਮੁੰਡਿਆਂ ਵਿਚੋਂ ਇਕ

ਜਣਾ ਕਰਮ ਸਿੰਘ ਵਾਲੀ ਮਿੱਲ ਵਿਚ ਕੰਮ ਕਰਦਾ ਸੀ।

ਇਹ ਗੱਲ ਸੁਣਦਿਆਂ ਕਰਮ ਸਿੰਘ ਨੂੰ ਸੱਤੀਂ ਕੱਪੜੀਂ ਅੱਗ ਲੱਗ ਪਈ ਸੀ। ਕੰਮ ਤੋਂ ਆਉਂਦਿਆਂ ਹੀ ਅੱਧੀ ਰਾਤ ਨੂੰ ਗਿਆਨੋ ਤੇ ਜੈਸੀ ਨੂੰ ਸੁੱਤੀਆਂ ਨੂੰ ਉਠਾਲ ਲਿਆ ਤੇ ਠਾਹ-ਠਾਹ ਕਰਦੇ ਕਈ ਥੱਪੜ ਜੈਸੀ ਦੀਆਂ ਅਨਾਰ ਵਰਗੀਆਂ ਗੱਲ੍ਹਾਂ ਉੱਪਰ ਜੜ ਦਿੱਤੇ। "ਇਦੇ ਨਾਲੋਂ ਤਾਂ ਜੰਮਦੀ ਮਰ ਜਾਂਦੀ ਜੇ ਏਹੀ ਚੰਦ ਚਾੜ੍ਹਨੇ ਸੀ," ਕਹਿੰਦਿਆਂ ਗਿਆਨੋ ਨੇ ਵੀ ਉਸ ਦੇ ਦੁਹੱਥੜਾ ਜੜ ਦਿੱਤਾ ਤੇ ਉਸੇ ਵੇਲੇ ਕਰਮ ਸਿੰਘ ਗਿਆਨੋ ਦੇ ਰੋਕਦਿਆਂ-ਰੋਕਦਿਆਂ ਕ੍ਰਿਸ਼ਨ ਦੇ ਘਰ ਜਾ ਵੱਜਿਆ। ਦਰਵਾਜ਼ਾ ਖੋਲ੍ਹਦੀ ਲੋਰੇਨ ਨੂੰ ਕਈ ਕੁਝ ਕਹਿ ਕੇ ਅੰਤ ਉੱਚੀ ਦੇਣੀ ਪੰਜਾਬੀ ਵਿਚ "ਬਾਹਮਣਾਂ, ਆਪਣੇ ਛੋਕਰੇ ਨੂੰ ਸਮਝਾ ਲੈ, ਜੇ ਉਹਨੇ ਮੇਰੀ ਕੁੜੀ ਵੱਲ ਅੱਖ ਵੀ ਚੱਕੀ ਤਾਂ ਸਾਰੇ ਟੱਬਰ ਨੂੰ ਫੂਕ ਦਊਂ" ਕਹਿ ਕੇ ਘਰ ਆ ਗਿਆ ਸੀ।

ਅਗਲੇ ਦਿਨ ਕਰਮ ਸਿੰਘ ਨੇ ਜੈਸੀ ਨੂੰ ਸਕੂਲ ਨਾ ਜਾਣ ਦਿੱਤਾ। ਗਿਆਨੋ ਵੀ ਕੰਮ ਤੋਂ ਘੰਟਾ ਕੁ ਪਹਿਲਾਂ ਆ ਗਈ ਤਾਂ ਜੋ ਕਰਮ ਸਿੰਘ ਜੈਸੀ ਨੂੰ ਘਰ ਇਕੱਲਿਆਂ ਛੱਡੇ ਬਗੈਰ ਕੰਮ ਉਤੇ ਜਾ ਸਕੇ। ਮਿੱਲ ਵਿਚ ਕਰਮ ਸਿੰਘ ਦੀ ਬਾਕੀ ਪੰਜਾਬੀ ਕਾਮਿਆਂ ਨਾਲ ਅੱਖ ਰਲਾਉਣ ਦੀ ਹਿੰਮਤ ਨਹੀਂ ਪੈ ਰਹੀ ਸੀ। ਅੱਗੇ ਵੀ ਜਦੋਂ ਉਹ ਇੰਡੀਆ ਜਾਣ ਦਾ ਵੀਜ਼ਾ ਲੈਣ ਲਈ ਮੁਆਫ਼ੀਨਾਮਾ ਲਿਖ ਕੇ ਆਇਆ ਸੀ ਤਾਂ ਉਸ ਨੇ ਅਜਿਹਾ ਹੀ ਮਹਿਸੂਸ ਕੀਤਾ ਸੀ ਕਿ ਹਰ ਕੋਈ ਉਸ ਦੀ ਪਿੱਠ ਪਿੱਛੇ ਉਸ ਉੱਪਰ ਹੱਸ ਰਿਹਾ ਹੈ। ਉਹ 'ਪਿੱਠ ਦੁਖਦੀ' ਕਹਿ ਕੇ ਘਰ ਆ ਗਿਆ।

ਕੁਝ ਹਫ਼ਤੇ ਪਹਿਲਾਂ ਉਸ ਦੇ ਪੁਲਿਸ ਵੇਲੇ ਦੇ ਸਾਥੀ ਬਲਬੀਰ ਸਿੰਘ ਸੰਧੂ ਦੀ ਇੰਡੀਆ ਤੋਂ ਆਈ ਚਿੱਠੀ ਉਸ ਨੇ ਦੁਬਾਰਾ ਪੜ੍ਹੀ। ਪੰਜਾਬ ਦੇ ਹਾਲਾਤ ਠੀਕ ਨਹੀਂ ਸਨ। ਖਾਸ ਕਰ ਪੁਲਿਸ ਵਾਲਿਆਂ ਦੇ ਪਰਿਵਾਰਾਂ ਲਈ ਬੜੀ ਮੁਸ਼ਕਿਲ ਸੀ। ਉਹਨੇ ਆਪਣੇ ਚੰਡੀਗੜ੍ਹ ਐਮ.ਏ. ਵਿਚ ਪੜ੍ਹਦੇ ਪੁੱਤਰ ਦੀ ਫੋਟੋ ਭੇਜੀ ਸੀਤੇ ਕਰਮ ਸਿੰਘ ਤੋਂ ਜੈਸੀ ਦੇ ਰਿਸ਼ਤੇ ਬਾਰੇ ਪੁੱਛਿਆ ਸੀ। ਉਦੋਂ ਕਰਮ ਸਿੰਘ ਘਰ ਬਣਾਉਣ ਦੇ ਚੱਕਰ ਵਿਚ ਹੋਣ ਕਰਕੇ ਇਸ ਬਾਰੇ ਜ਼ਿਆਦਾ ਸੋਚ ਨਹੀਂ ਸਕਿਆ ਸੀ। ਨਾਲੇ ਉਹ ਗੈਰੀ ਦਾ ਵਿਆਹ ਪਹਿਲਾਂ ਕਰਨਾ ਚਾਹੁੰਦਾ ਸੀ ਤਾਂ ਜੋ ਉਹ ਸਿੱਧੇ ਰਸਤੇ ਆ ਕੇ ਕੋਈ ਕਾਰੋਬਾਰ ਕਰੇ। ਹੋਰ ਨਹੀਂ ਤਾਂ ਨਵਾਂ ਘਰ ਬਣਾਉਣ ਵਿਚ ਹੀ ਉਸ ਦੀ ਮਦਦ ਕਰੇ।

ਚਿੱਠੀ ਪੜ੍ਹ ਕੇ ਉਹ ਇੰਡੀਆ ਆਪਣੀ ਭੈਣ ਨੂੰ ਫੋਨ ਕਰਨ ਲੱਗਾ ਤਾਂ ਗਿਆਨੋ ਕਹਿਣ ਲੱਗੀ, "ਤੁਸੀਂ ਕਾਹਲੀ ਨਾ ਕਰੋ, ਜ਼ਰਾ ਹੋਰ ਸੋਚ ਲਉ।"

"ਨਾ ਹੁਣ ਇਹਨੇ ਸੋਚਣ ਜੋਗਾ ਛੱਡਿਆ ਈ ਕੀ ਆ? ਮੈਨੂੰ ਕਿਤੇ ਮੂੰਹ ਦਿਖਾਲਣ ਜੋਗਾ ਨੀ ਛੱਡਿਆ। ਕੋਈ ਚੱਜ ਦਾ ਮੁੰਡਾ ਹੁੰਦਾ ਤਾਂ ਸੋਚ ਵੀ ਲੈਂਦੇ, ਇਹਨੂੰ ਏਹੀ ਲੱਭਾ ਸਾਲਾ ਬ੍ਰਾਹਮਣ ਦਾ ਤੁਖ਼ਮ..."

"ਤੁਸੀਂ ਜ਼ਰਾ ਠਹਿਰ ਲਉ। ਕੋਈ ਏਥੇ ਈ ਪ੍ਰਬੰਧ ਹੋ ਜਾਊ, ਇੰਡੀਆ ਨਾਲੋਂ। ਤੁਹਾਡੇ ਕੰਮ ਉਤੇ ਜਾਣ ਮਗਰੋਂ ਮੈਂ ਕੁੜੀ ਨੂੰ ਪਤਿਆ ਕੇ ਪੁੱਛਿਆ ਸੀ। ਅਜੇ ਡੁੱਲ੍ਹੇ ਬੇਰਾਂ ਦਾ ਕੁਸ਼ ਨੀ ਬਿਗੜਿਆ," ਗਿਆਨੋ ਨੇ ਸਹਿਜ ਨਾਲ ਕਿਹਾ।



"ਤੂੰ ਪਤਿਆਈ ਚੱਲ। ਅੱਗੇ ਸਾਲਾ ਮੁੰਡਾ ਨੀ ਕਿਸੇ ਦੀ ਸੁਣਦਾ, ਹੁਣ ਇਹਦੀ ਵਾਰੀ ਆ। ਮੈਤੋਂ ਨੀ ਠਹਿਰ ਹੁੰਦਾ," ਕਹਿ ਕੇ ਕਰਮ ਸਿੰਘ ਫ਼ੋਨ ਕਰਨ ਲੱਗ ਗਿਆ। ਆਪਣੀ ਭੈਣ ਨੂੰ ਤਾਕੀਦ ਕਰ ਦਿੱਤੀ ਕਿ ਬਲਬੀਰ ਸਿੰਘ ਦੇ ਮੁੰਡੇ ਨਾਲ ਰਿਸ਼ਤਾ ਪੱਕਾ ਕਰ ਦੇਣ ਤੇ ਛੇਤੀ ਤੋਂ ਛੇਤੀ ਮੁੰਡੇ ਦੀ ਜਨਮ-ਤਾਰੀਖ਼ ਤੇ ਹੋਰ ਵੇਰਵੇ ਭੇਜ ਦੇਣ। ਅਗਲੇ ਦਿਨ ਇੰਮੀਗ੍ਰੇਸ਼ਨ ਦਫ਼ਤਰ ਫ਼ੋਨ ਕਰ ਕੇ ਇੰਡੀਆ ਤੋਂ ਮੁੰਡਾ ਮੰਗਵਾਉਣ ਲਈ ਅਰਜ਼ੀ ਭਰਨ ਦੀ ਤਾਰੀਖ ਲੈ ਲਈ। ਤਾਰੀਖ਼ ਆਉਣ ਤਕ ਇੰਡੀਆ ਤੋਂ ਮੁੰਡੇ ਬਾਰੇ ਲੋੜੀਂਦੀ ਜਾਣਕਾਰੀ ਵੀ ਪਹੁੰਚ ਗਈ। ਤਦ ਤਕ ਗਿਆਨੋ ਜੈਸੀ ਨੂੰ ਸਮਝਾਉਂਦੀ ਰਹੀ, "ਦੇਖ ਪੁੱਤ, ਤੇਰੀ ਭੂਆ ਨੇ ਇੰਡੀਆ ਵਿਚ ਦੇਖਿਐ ਮੁੰਡਾ ਤੇਰੇ ਲਈ। ਬਹੁਤ ਸੁਹਣਾ, ਪੜ੍ਹਿਆ-ਲਿਖਿਆ"...ਤੇ ਹੋਰ ਕਈ ਕੁਝ। ਪਰ ਇੰਡੀਅ ਦਾ ਨਾਂ ਸੁਣਦਿਆਂ ਹੀ ਜੈਸੀ ਦੀਆਂ ਅੱਖਾਂ ਸਾਹਮਣੇ ਮੱਖੀਆਂ, ਮੱਛਰ, ਗਰਮੀ, ਅਜੀਬ ਤਰ੍ਹਾਂ ਤੱਕਦੇ ਲੋਕ, ਟ੍ਰੈਫਿਕ ਦਾ ਰੌਲਾ ਤੇ ਟੁੱਟੀਆਂ-ਭੱਜੀਆਂ ਸੜਕਾਂ ਆ ਜਾਂਦੀਆਂ। ਉਂਜ ਵੀ ਉਹ ਅਜੇ ਅਗਾਂਹ ਪੜ੍ਹਨਾ ਚਾਹੁੰਦੀ ਸੀ। ਬਹੁਤ ਪ੍ਰੇਸ਼ਾਨ ਹੋਈ ਜੈਸੀ। ਪਰ ਡੈਡੀ ਦੇ ਗੁੱਸੇ ਤੋਂ ਡਰਦੀ ਕੁਝ ਨਾ ਬੋਲੀ ਤੇ ਮਿੱਥੇ ਦਿਨ ਉਹਨਾਂ ਨਾਲ ਜਾ ਕੇ ਇੰਮੀਗ੍ਰੇਸ਼ਨ ਦੇ ਕਾਗਜ਼ ਭਰ ਆਈ। ਉਦੋਂ ਤਕ ਕਰਮ ਸਿੰਘ ਆਪ ਉਸ ਨੂੰ ਸਕੂਲ ਛੱਡਣ ਅਤੇ ਲੈਣ ਲਈ ਜਾਂਦਾ ਰਿਹਾ ਕਿਤਾਬਾਂ ਵਾਲੀ ਦੁਕਾਨ ਉੱਪਰ ਕੰਮ ਕਰਨੋਂ ਵੀ ਹਟਾ ਲਿਆ ਅਤੇ ਲੰਚ ਟਾਈਮ ਸਕੂਲ ਦੁਆਲੇ ਗੇੜਾ ਵੀ ਕੱਢ ਆਉਂਦਾ। ਜੈਸੀ ਦਾ ਹਾਈ ਸਕੂਲ ਮੁੱਕਣ ਉਤੇ ਸੀ।

ਸਕੂਲ ਵਿਚ ਉਸ ਦਾ ਬਦਲਿਆ ਚਿਹਨ-ਚੱਕਰ ਦੇਖ ਕੇ ਲਿੰਡਾ ਨੇ ਉਸ ਨੂੰ ਟੀਚਰ ਨਾਲ ਗੱਲ ਕਰਨ ਲਈ ਪ੍ਰੇਰਿਆ ਤੇ ਟੀਚਰ ਨੇ ਅਗਾਂਹ ਉਸ ਨੂੰ ਕਾਉਂਸਲਰ ਨੂੰ ਮਿਲਣ ਦਾ ਪ੍ਰਬੰਧ ਕਰ ਦਿੱਤਾ।

ਹਾਈ ਸਕੂਲ ਮੁਕਾ ਕੇ ਜੈਸੀ ਹੁਣ ਘਰ ਹੀ ਬੈਠੀ ਸੀ। ਇੰਡੀਆ ਤੋਂ ਆਉਣ ਵਾਲੇ ਮੁੰਡੇ ਦੇ ਕਾਗਜ਼-ਪੱਤਰ ਮੁਕੰਮਲ ਹੋਣ ਹੀ ਵਾਲੇ ਸਨ। ਦੋ ਕੁ ਜਗ੍ਹਾ ਜੈਸੀ ਨੂੰ ਕੰਮ ਵੀ ਮਿਲਦਾ ਸੀ ਪਰ ਕਰਮ ਸਿੰਘ ਨੇ ਸਖ਼ਤੀ ਨਾਲ ਕਹਿ ਦਿੱਤਾ, "ਖ਼ਬਰਦਾਰ ਜੇ ਘਰੋਂ ਬਾਹਰ ਪੈਰ ਪਾਇਆ ਤਾਂ! ਮੁੰਡਾ ਇੰਡੀਆ ਤੋਂ ਆ ਲੈਣ ਦੇ। ਵਿਆਹ ਤੋਂ ਬਾਅਦ ਜਿੰਨੇ ਮਰਜ਼ੀ ਕੰਮ ਲੱਭਦੀ ਰਹੀਂ ਸਾਰੀ ਉਮਰ।"

ਐਤਕੀਂ ਜੈਸੀ ਦੇ ਜਨਮ-ਦਿਨ ਦਾ ਵੀ ਕਿਸੇ ਨੂੰ ਚੇਤਾ ਨਹੀਂ ਸੀ। ਜਿੱਥੇ ਅੱਗੇ ਗੈਰੀ ਦੇ ਜਨਮ-ਦਿਨ ਉਤੇ ਡੈਡੀ ਦੇ ਦੋਸਤ ਪੂਰਾ ਵੀਕ-ਐਂਡ ਉਹਨਾਂ ਦੇ ਘਰ ਸ਼ਰਾਬ ਪੀਂਦੇ ਰਹਿੰਦੇ ਸਨ, ਉੱਥੇ ਜੈਸੀ ਦੇ ਜਨਮ-ਦਿਨ ਉੱਪਰ ਘੱਟੋ-ਘੱਟ ਲਿੰਡਾ ਤੇ ਦੋ ਕੁ ਹੋਰ ਸਹੇਲੀਆਂ ਨੂੰ ਬੁਲਾ ਕੇ ਕੇਕ ਜ਼ਰੂਰ ਖੁਸ਼ੀ-ਖੁਸ਼ੀ ਕੱਟਿਆ ਜਾਂਦਾ ਸੀ। ਪਰ ਜੈਸੀ ਅੰਦਰੋਂ-ਅੰਦਰ ਕਿਸੇ ਖਾਸ ਵਜਾਹ ਕਰਕੇ ਜ਼ਰੂਰ ਖੁਸ਼ ਸੀ।

ਇਸੇ ਜਨਮ-ਦਿਨ ਤੋਂ ਕੁਝ ਹੀ ਦਿਨ ਬਾਅਦ ਕਰਮ ਸਿੰਘ ਨੂੰ ਅਚਾਨਕ ਵੈਨਕੂਵਰ ਦਾ ਚੱਕਰ ਲਾਉਣਾ ਪੈ ਗਿਆ ਸੀ। ਨਵੇਂ ਬਣੇ ਘਰ ਦੀ ਵਾਜਬ ਆਫ਼ਰ ਆਈ ਸੀ। ਖਰੀਦਦਾਰ ਪਾਰਟੀ ਹਾਂਗਕਾਂਗ ਤੋਂ ਕੈਸ਼ ਪੈਸੇ ਲੈ ਕੇ ਆਈ ਹੋਈ ਸੀ ਤੇ

ਉਹਨਾਂ ਨੇ ਹਫ਼ਤੇ ਦੇ ਵਿਚ-ਵਿਚ ਹੀ ਸੌਦਾ ਮੁਕਾ ਕੇ ਹਾਂਗਕਾਂਗ ਨੂੰ ਮੁੜ ਜਾਣਾ ਸੀ। ਜੈਸੀ ਨੂੰ ਕਰਮ ਸਿੰਘ ਦੀ ਵੈਨਕੂਵਰ ਵਿਚਲੇ ਘਰਾਂ ਦੇ ਏਜੰਟ ਨਾਲ ਹੋਈ ਫ਼ੋਨ ਵਾਰਤਾ ਦੀ ਖਬਰ ਲੱਗ ਗਈ ਸੀ।

ਕੰਮ ਤੋਂ ਅੱਧੇ ਦਿਨ ਦੀ ਛੁੱਟੀ ਲੈ ਕੇ ਕਰਮ ਸਿੰਘ ਮੂੰਹ-ਹਨੇਰੇ ਹੀ ਵੈਨਕੂਵਰ ਨੂੰ ਨਿਕਲ ਗਿਆ। ਗਿਆਨੋ ਵੀ ਕੰਮ ਉੱਪਰ ਚਲੀ ਗਈ। ਜਿਉਂ-ਜਿਉਂ ਇੰਡੀਆ ਤੋਂ ਆਉਣ ਵਾਲੇ ਮੁੰਡੇ ਦੇ ਕਾਗਜ਼-ਪੱਤਰ ਸਿੱਧੇ ਹੋਈ ਜਾਂਦੇ ਸਨ, ਉਹ ਤਿਉਂ-ਤਿਉਂ ਜੈਸੀ ਵੱਲੋਂ ਕੁਝ ਅਵੇਸਲੇ ਹੋ ਰਹੇ ਸਨ। ਕਰਮ ਸਿੰਘ ਹਰ ਹੀਲੇ ਇਹ ਨਵਾਂ ਬਣਿਆ ਘਰ ਵੇਚ ਕੇ ਗੈਰੀ ਵਾਲੇ ਘਰ ਦੀ ਜਗ੍ਹਾ ਹੋਰ ਘਰ ਬਣਾ ਦੇਣਾ ਚਾਹੁੰਦਾ ਸੀ ਤਾਂ ਜੋ ਵਿਆਹ ਲਈ ਹੱਥ ਖੁੱਲ੍ਹਾ ਹੋ ਜਵੇ। ਪਰ ਜੈਸੀ ਕੀ ਸੋਚ ਰਹੀ ਸੀ, ਇਸ ਦਾ ਉਸ ਨੂੰ ਕੋਈ ਗਿਆਨ ਨਹੀ ਸੀ।

ਦਿਨ ਚੜ੍ਹਦਿਆਂ ਜੈਸੀ ਨੇ ਲਿੰਡਾ ਨੂੰ ਫ਼ੋਨ ਕੀਤਾ ਕਿ ਅੱਜ ਮੌਕਾ ਹੈ ਕਾਊਂਸਲਰ ਵੱਲੋਂ ਦਿੱਤੀ ਸਲਾਹ ਨੂੰ ਸਿਰੇ ਚਾੜ੍ਹਨ ਦਾ। ਲਿੰਡਾ ਦੀ ਮਾਂ ਕੰਮ ਉੱਪਰ ਗਈ ਸੀ ਪਰ ਆਪਣੀ ਕਾਰ ਨਹੀਂ ਸੀ ਲੈ ਗਈ। ਜੈਸੀ ਝੱਟ-ਪੱਟ ਤਿਆਰ ਹੋ ਕੇ ਲਿੰਡਾ ਦੇ ਘਰ ਪਹੁੰਚੀ ਤੇ ਦੋਵੇਂ ਜਣੀਆਂ ਕਾਰ ਲੈਕੇ ਨਿਕਲ ਤੁਰੀਆਂ। ਲਿੰਡਾ ਨੇ ਅਜੇ ਕਾਰ ਚਲਾਉਣੀ ਨਹੀਂ ਸਿਖੀ ਸੀ ਤੇ ਜੈਸੀ ਕਾਰ ਚਲਾਉਂਦੀ ਨਰਵਸ ਹੋ ਰਹੀ ਸੀ।

"ਅਵੈਰੀ ਥਿੰਗ ਇਜ਼ ਗੋਇੰਗ ਟੂ ਬੀ ਓ ਕੇ। ਡੋਂਟ ਵਰੀ, ਯੂ ਆਰ ਐਨ ਅਡੱਲਟ ਨਾਊ। ਰੀਮੈਂਬਰ ਯੂਅਰ ਲਾਸਟ ਬਰਥ-ਡੇਅ," ਲਿੰਡਾ ਉਸ ਨੂੰ ਹੌਂਸਲਾ ਦੇ ਰਹੀ ਸੀ।

"ਆਈ ਲਵ ਮਾਈ ਪੇਰੈਂਟਸ। ਆਈ ਰੀਅਲੀ ਡੂਅ। ਬੱਟ ਯੂ ਡੋਂਟ ਨੋਅ ਮਾਈ ਡੈਡ। ਹੀ ਇਜ਼ ਗੋਇੰਗ ਟੂ ਕਿੱਲ ਮੀ ਫਾਰ ਦਿਸ," ਜੈਸੀ ਦੇ ਸਟੀਅਰੰਗਿ ਉੱਪਰ ਹੱਥ ਕੰਬ ਰਹੇ ਸਨ।

ਦੋ ਕੁ ਘੰਟਿਆਂ ਬਾਅਦ ਉਹ ਪ੍ਰਿੰਸ ਜਾਰਜ ਸ਼ਹਿਰ ਵਿਚਸਥਿਤ ਇੰਮੀਗ੍ਰੇਸ਼ਨ ਆਫ਼ਿਸ ਪਹੁੰਚੀਆਂ। ਪਹਿਲਾਂ ਅਪਾਇੰਟਮੈਂਟ ਨਾ ਲਈ ਹੋਣ ਕਰਕੇ ਉਹਨਾਂ ਨੂੰ ਕਾਫ਼ੀ ਦੇਰ ਉਡੀਕਣਾ ਪਿਆ। ਘਬਰਾਹਟ ਦੇ ਮਾਰੇ ਜੈਸੀ ਦਾ ਬੁਰਾ ਹਾਲ ਸੀ। ਜੇ ਲਿੰਡਾ ਨਾਲ ਨਾ ਹੁੰਦੀ ਤਾਂ ਪਤਾ ਨਹੀਂ ਕੀ ਹੁੰਦਾ!

ਅਖੀਰ ਓਹਨਾਂ ਦੀ ਵਾਰੀ ਆ ਗਈ। ਇੰਮੀਗ੍ਰੇਸ਼ਨ ਅਫ਼ਸਰਨੀ ਉਹਨਾਂ ਦੋਨਾਂ ਨੂੰ ਲੈ ਕੇ ਆਪਣੇ ਛੋਟੇ ਜਿਹੇ ਕਮਰੇ ਵਿਚ ਆਈ। "ਵੱਟ ਕੈਨ ਆਈ ਡੂ ਫਾਰ ਯੂ," ਉਸ ਨੇ ਜੈਸੀ ਦੀ ਫਾਈਲ ਉੱਪਰੋਂ ਨਜ਼ਰਾਂ ਚੁੱਕ ਕੇ ਜੈਸੀ ਵੱਲ ਦੇਖਦਿਆਂ ਕਿਹਾ।

ਜੈਸੀ ਦੀ ਬਜਾਇ ਲਿੰਡਾ ਨੇ ਉਸ ਨੂੰ ਸਾਰੀ ਸਥਿਤੀ ਬਿਆਨ ਕੀਤੀ ਤੇ ਅਫ਼ਸਰਨੀ ਧਿਆਨ ਨਾਲ ਸੁਣਦੀ ਰਹੀ। "ਬੱਟ ਵ੍ਹਾਈ ਡੋਂਟ ਯੂ ਵਾਂਟ ਟੂ ਮੈਰੀ ਹਿੰਮ ਨਾਊ?" ਉਸ ਨੇ ਜੈਸੀ ਨੂੰ ਪੁੱਛਿਆ।

"ਆਈ ਡੋਂਟ ਨੋਅ ਹਿੰਮ ਐਟ ਆਲ। ਇੱਟ'ਸ ਏ ਮੈਟਰ ਆਫ਼ ਮਾਈ ਹੋਲ ਲਾਈਫ਼। ਆਈ ਜਸਟ ਕੈਂਟ ਮੈਰੀ ਐਨੀ ਬਾਡੀ। ਬੀਸਾਈਡਜ਼, ਆਈ ਪਲੈਨ ਟੂ



ਸਟੱਡੀ ਫਰਦਰ। ਇਟਸ ਏ ਮੈਟਰ ਆਫ ਚੁਆਇਸ," ਪਤਾ ਨਹੀਂ ਕਿਵੇਂ ਜੈਸੀ ਨੇ ਹੌਸਲੇ ਨਾਂਲ ਕਹਿ ਦਿੱਤਾ।

"ਹੂੰਅ..." ਕਹਿ ਕੇ ਇੰਮੀਗ੍ਰੇਸ਼ਨ, ਅਫ਼ਸਰਨੀ ਨੇ ਸਪਾਂਸਰਸ਼ਿਪ ਕੈਂਸਲ ਕਰਨ ਦੀ ਅਰਜ਼ੀ ਉੱਪਰ ਉਸ ਦੇ ਦਸਖ਼ਤ ਕਰਵਾ ਲਏ।

ਇਕ ਬੋਝ ਤਾਂ ਲੱਥ ਗਿਆ ਪਰ ਉਸ ਤੋਂ ਵੱਡਾ ਡਰ ਜੈਸੀ ਦੇ ਮਨ ਵਿਚ ਪੈ ਗਿਆ, ਕਰਮ ਸਿੰਘ ਦੇ ਗੁੱਸੇ ਦਾ ਡਰ! ਵਿਲੀਅਮਜ਼ ਲੇਕ ਪਰਤਦਿਆਂ ਦਿਨ ਢਲ ਚੁੱਕਾ ਸੀ। "ਡੈਡੀ ਵੈਨਕੂਵਰੋਂ ਵਾਪਿਸ ਆ ਗਏ ਹੋਣਗੇ, ਮੈਨੂੰ ਲੱਭਦੇ ਹੋਣਗੇ," ਕਾਰ ਚਲਾਉਂਦੀ ਜੈਸੀ ਨੇ ਲਿੰਡਾ ਕੋਲ ਚਿੰਤਾ ਪ੍ਰਗਟ ਕੀਤੀ।

"ਟੇਕ ਇਟ ਈਜ਼ੀ ਜੈਸੀ, ਯੂ ਡਿੱਡ ਦਾ ਰਾਈਟ ਥਿੰਗ," ਲਿੰਡਾ ਨੇ ਹੌਸਲਾ ਬੰਨ੍ਹਾਇਆ, "ਆਫ਼ਟਰ ਆਲ ਇਟ ਇਜ਼ ਯੂਅਰ ਲਾਈਫ਼।"

"ਬੱਟ ਮਾਈ ਪੇਰੈਂਟਸ ਡੋਂਟ ਬਿਲੀਵ ਸੋ। ਓਹ, ਮਾਈ ਡੈਡ ਇਜ਼ ਜਸਟ ਗੋਇੰਗ ਟੂ ਕਿੱਲ...," ਕਹਿੰਦਿਆਂ ਜੈਸੀ ਦਾ ਗੱਚ ਭਰ ਆਇਆ।

"ਜੇ ਤੈਨੂੰ ਏਨਾ ਡਰ ਲਗਦੈ ਤਾਂ ਤੈਨੂੰ ਉਹਨਾਂ ਦੇ ਘਰ ਜਾਣ ਦੀ ਜ਼ਰੂਰਤ ਨਹੀਂ। ਤੂੰ ਸਾਡੇ ਨਾਲ ਰਹਿ ਸਕਦੀ ਏਂ। ਮੈਂ ਆਪਣੀ ਮਾਂ ਨਾਲ ਗੱਲ ਕਰਾਂਗੀ। ਉਹ ਬੜੀ, ਚੰਗੀ ਹੈ। ਜਿੰਨੀ ਦੇਰ ਤੂੰ ਕੰਮ ਨਹੀਂ ਕਰਨ ਲਗਦੀ, ਮੈਂ ਤੇਰੇ ਹਿੱਸੇ ਦਾ ਖਰਚ ਵੀ ਉਸ ਨੂੰ ਦੇ ਦਿਆਂਗੀ," ਲਿੰਡਾ ਉਸ ਨੂੰ ਆਉਣ ਵਾਲੇ ਸਮੇਂ ਲਈ ਤਿਆਰ ਕਰ ਰਹੀ ਸੀ। ਪਰ ਜੈਸੀ ਦੀਆਂ ਅੱਖਾਂ ਸਾਹਮਣੇ ਕਰਮ ਸਿੰਘ ਦਾ ਉਸ ਰਾਤ ਵਾਲਾ ਤਿਲਮਿਲਾਇਆ ਚਿਹਰਾ ਘੁੰਮ ਰਿਹਾ ਸੀ ਜਦੋਂ ਉਸ ਨੇ ਵਾਲਾਂ ਤੋਂ ਫੜ ਕੇ ਉਸ ਦੇ ਥੱਪੜ ਜੜੇ ਸਨ। ਥੱਪੜਾਂ ਦੀ ਪੀੜ ਸੋਚ ਕੇ ਉਸ ਦੀਆਂ ਅੱਖਾਂ ਭਰ ਆਈਆਂ।

ਬਾਹਰ ਅਚਾਨਕ ਵਰਖਾ ਸ਼ੁਰੂ ਹੋ ਗਈ ਸੀ ਤੇ ਸੜਕ ਪਹਿਲਾਂ ਹੀ ਮੁਸ਼ਕਿਲ ਨਾਲ ਦਿਖਾਈ ਦਿੰਦੀ ਸੀ। ਅਚਾਨਕ ਸਾਹਮਣਿਉਂ ਆਉਂਦੀ ਇਕ ਕਾਰ ਆਪਣਾ ਰਾਹ ਛੱਡ ਕੇ ਇਹਨਾਂ ਦੀ ਕਾਰ ਦੇ ਸਾਹਮਣੇ ਆ ਗਈ। "ਵਾਚ ਆਊਟ ਜੈਸੀ," ਲਿੰਡਾ ਚਿੱਲਾਈ।

ਜੈਸੀ ਨੇ ਕਾਰ ਸੱਜੇ ਪਾਸੇ ਵੱਲ ਕੱਟ ਕੇ ਬ੍ਰੇਕ ਲਾਉਣ ਦੀ ਕੋਸ਼ਿਸ਼ ਕੀਤੀ ਪਰ ਕਾਰ ਇਕਦਮ ਨਹੀਂ ਰੁਕੀ, ਸਗੋਂ ਸੜਕ ਤੋਂ ਉੱਤਰ ਕੇ ਜੈਸੀ ਵਾਲੇ ਪਾਸਿਉਂ ਇਕ ਮਜ਼ਬੂਤ ਖੰਭੇ ਨਾਲ ਟਕਰਾ ਗਈ। ਜੈਸੀ ਤਾਂ ਉੱਥੇ ਹੀ ਬੇਹੋਸ਼ ਹੋ ਗਈ, ਪਰ ਲਿੰਡਾ ਦੀਆਂ ਸੱਟਾਂ ਜ਼ਿਆਦਾ ਗੰਭੀਰ ਨਹੀਂ ਸਨ। ਹਸਪਤਾਲ ਵਿਚ ਲਿੰਡਾ ਨੇ ਸਾਰੀ ਵਾਰਤਾ ਆਪਣੀ ਮਾਂ ਨੂੰ ਦੱਸੀ ਜਿਸ ਨੇ ਅਗਾਂਹ ਕਰਮ ਸਿੰਘ ਨੂੰ ਸਭ ਕੁਝ ਦੱਸਿਆ ਸੀ। ਵੈਨਕੂਵਰੋਂ ਪਰਤਦਿਆਂ ਹੀ ਕਰਮ ਸਿੰਘ ਰੋਂਦੀ-ਧੋਂਦੀ ਗਿਆਨੋ ਨੂੰ ਲੈ ਕੇ ਵੈਨਕੂਵਰ ਤੁਰ ਗਿਆ ਸੀ ਜਿਥੇ ਜੈਸੀ ਨੂੰ ਭੇਜਿਆ ਗਿਆ ਸੀ ਤੇ ਕਲ੍ਹ ਦੇ ਗਏ ਉਹ ਅੱਜ ਉੱਥੋਂ ਪਰਤੇ ਸਨ।

ਘਰ ਪਹੁੰਚ ਕੇ ਕਰਮ ਸਿੰਘ ਨੇ ਗੈਰੀ ਨੂੰ ਫ਼ੋਨ ਕੀਤਾ। ਉਹ ਘਰ ਨਹੀਂ ਸੀ। ਜੈਸੀ ਦੇ ਹਸਪਤਾਲ ਫੋਨ ਕੀਤਾ ਤਾਂ ਪਤਾ ਲੱਗਾ ਕਿ ਉਸ ਦੀ ਹਾਲਤ ਪਹਿਲਾਂ

ਨਾਲੋਂ ਹੋਰ ਸੁਧਰ ਗਈ ਸੀ ਪਰ ਗੈਰੀ ਮਿੰਟ ਦੀ ਮਿੰਟ ਹੀ ਉਸ ਨੂੰ ਸੁੱਤੀ ਗਈ ਨੂੰ ਦੇਖਣ ਪਹੁੰਚਿਆ ਸੀ।

ਤਿੰਨ ਦਿਨ ਉਹਨਾਂ ਲਈ ਬੜੇ ਔਖੇ ਗੁਜ਼ਰੇ। ਮਿੱਲ ਵਿਚ ਕਰਮ ਸਿੰਘ ਕਿਸੇ ਨੂੰ ਦੱਸ ਵੀ ਨਹੀਂ ਸਕਦਾ ਸੀ ਕਿ ਜੈਸੀ ਪ੍ਰਿੰਸ ਜਾਰਜ ਵੱਲ ਕੀ ਕਰਨ ਗਈ ਸੀ। ਕਦੇ ਉਹ ਪਛਤਾਉਂਦਾ ਕਿ ਸੱਚੀਂ ਉਸ ਨੂੰ ਜੈਸੀ ਤੋਂ ਮੱਲੋਜ਼ੋਰੀ ਅਰਜ਼ੀ ਨਹੀਂ ਸੀ ਦਿਵਾਉਣੀ ਚਾਹੀਦੀ। ਪਰ ਮੈਂ ਹੋਰ ਕਰਦਾ ਵੀ ਕੀ? ਉਹ ਬਾਂਵਰੀਆਂ ਵਾਲੇ ਛੋਕਰੇ ਨਾਲ ਤੁਰੀ ਫਿਰਨ ਦਿੰਦਾ? ਕਦੀ ਉਸ ਦੇ ਦਿਲ ਆਉਂਦਾ ਕਿ ਕ੍ਰਿਸ਼ਨ ਦੇ ਘਰ ਜਾ ਕੇ ਪਿਉ-ਪੁੱਤ ਨੂੰ ਗਲੋਂ ਫੜ ਕੇ ਕਹੇ ਕਿ ਇਹ ਤੁਹਾਡੇ ਕਾਰਨ ਸਭ ਕੁਝ ਹੋਇਆ ਹੈ ਤੇ ਹੁਣ ਸੰਭਾਲੋ ਹਸਪਤਾਲ ਜਾ ਕੇ ਆਪਣੀ ਲਗਦੀ ਨੂੰ। ਪਰ ਜੇ ਸਾਲਾ ਕੈਵਿਨ ਦਾ ਬੱਚਾ ਸੱਚੀਂ ਤੁਰ ਪਿਆ? ਇਹ ਸੋਚ ਕੇ ਉਹ ਸਿਰ ਨੂੰ ਝਟਕਾ ਦਿੰਦਾ।

ਸ਼ੁੱਕਰਵਾਰ ਤੜਕੇ ਹੀ ਉਹ ਗਿਆਨੋਂ ਨੂੰ ਲੈ ਕੇ ਦੁਪਹਿਰ ਹੋਣ ਤਕ ਵੈਨਕੂਵਰ ਪਹੁੰਚ ਗਿਆ। ਪਹਿਲਾ ਸਿੱਧੇ ਹਸਪਤਾਲ ਗਏ। ਜੈਸੀ ਹੁਣ ਦੂਸਰੇ ਯੂਨਿਟ ਵਿਚ ਤਬਦੀਲੀ ਕਰ ਦਿੱਤੀ ਗਈ ਸੀ। ਉਜ ਮੰਜੇ ਉੱਪਰ ਅਡੋਲ ਸੁੱਤੀ ਪਈ ਸੀ। ਨਰਸਾਂ ਨੇ ਦੱਸਿਆ ਕਿ ਅਜੇ ਉਸ ਨੂੰ ਘੂਕੀ ਦੀ ਦਵਾਈ ਦਿੱਤੀ ਜਾ ਰਹੀ ਹੈ। ਗਿਆਨੋ ਨੂੰ ਉਸ ਦੇ ਕੋਲ ਛੱਡ ਕੇ ਕਰਮ ਸਿੰਘ ਡਾਕਟਰ ਦੇ ਕਮਰੇ ਵੱਲ ਗਿਆ। ਡਾਕਟਰ ਨੇ ਅਜੇ ਦੂਸਰੇ ਵੇਲੇ ਆਉਣਾ ਸੀ।

"ਮੈਂ ਤਦ ਤਕ ਵਕੀਲ ਵੱਲ ਜਾ ਆਵਾਂ," ਕਹਿ ਕੇ ਗਿਆਨੋ ਨੂੰ ਉੱਥੇ ਬੈਠੀ ਛੱਡ ਉਹ ਨਿਕਲ ਗਿਆ। ਵਕੀਲ ਦੇ ਦਫ਼ਤਰੋਂ ਨਵੇਂ ਘਰ ਦੀ ਸੇਲ ਦਾ ਚੈੱਕ ਚੁੱਕਿਆ ਅਤੇ ਬੈਂਕ ਵੱਲ ਚਲਿਆ ਗਿਆ। ਪੈਸੇ ਜਮ੍ਹਾਂ ਕਰਵਾ ਕੇ ਕਾਰ ਗੈਰੀ ਦੇ ਘਰ ਵੱਲ ਮੋੜ ਦਿੱਤੀ। 'ਗੈਰੀ ਨੂੰ ਕਹਿਣਾ ਕਿ ਹੈਸ ਘਰ ਨੂੰ ਖਾਲੀ ਕਰਨ ਦਾ ਜੁਗਾੜ ਕਰੇ, ਤਦ ਤਕ ਉਸ ਦੀ ਜਗ੍ਹਾ ਨਵਾਂ ਬਣਾਉਣ ਦੀ ਬਿਲਡਿੰਗ ਪਲੈਨ ਵੀ ਪਾਸ ਹੋ ਜਾਵੇਗੀ,' ਸੋਚਾਂ ਸੋਚਦੇ ਕਰਮ ਸਿੰਘ ਦਾ ਇਕ ਹੱਥ ਸਟੀਰਿੰਗ ਤੋਂ ਹੱਟ ਕੋਟ ਦੀ ਜੇਬ ਵਿਚ ਪਈ ਬੈਂਕ-ਬੁੱਕ ਦੇ ਪੰਨਿਆਂ ਉੱਪਰ ਫਿਰਨ ਲੱਗ ਪਿਆ। ਬੈਲੈਂਸ ਵਾਲੇ ਪਾਸੇ ਡਾਲਰਾਂ ਦੇ ਖਾਨੇ ਚਿ ਛੇ ਅੰਕਾਂ ਵਾਲੀ ਰਕਮ ਦੇ ਹਿੰਦਸੇ ਉਸ ਦੇ ਪੋਟਿਆਂ ਨੂੰ ਜਿਵੇਂ ਕੁਝ ਉੱਭਰੇ ਹੋਏ ਪ੍ਰਤੀਤ ਹੋਏ ਤੇ ਉਸ ਨੂੰ ਬਾਰ-ਬਾਰ ਉਂਗਲਾਂ ਫੇਰਨ ਨਾਲ ਸੁਆਦ ਜਿਹਾ ਆਉਣ ਲੱਗਾ। "ਪਤਾ ਨਹੀਂ, ਉਸ ਲੀਡਰ ਵਰਗੇ ਲੋਕ ਪੈਸਾ ਕੋਲ ਹੁੰਦਿਆਂ ਵੀ ਕਿਵੇਂ ਬੈਂਕਰਪਟ ਹੋ ਜਾਂਦੇ ਹਨ" ਉਹ ਸੋਚ ਰਿਹਾ ਸੀ। "ਪਿੰਡ ਵਾਲੀ ਜ਼ਮੀਨ ਵੀ ਵੇਚ ਦਿਆਂ ਤਾਂ ਸਾਰਾ ਪੈਸਾ ਇੱਧਰ ਮੰਗਵਾ ਸਕਦਾ ਹਾਂ। ਭਾਈਆ ਗੁਜ਼ਰਨ ਤੋਂ ਬਾਅਦ ਜ਼ੀਮਨ ਨੂੰ ਕਿਹੜਾ ਕੋਈ ਚੱਜ ਨਾਲ ਸਾਂਭਦੈ। ਨਾ ਕੋਈ ਪੂਰਾ ਮੁਆਮਲਾ ਦਿੰਦੈ। ਲੋਕਾਂ ਜੋਗੀ ਹੀ ਹੈ। ਕਿਹੜਾ ਹਰ ਸਾਲ ਇੱਥੋਂ ਜਾ ਕੇ ਉੱਥੇ ਮੁਆਮਲਾ ਉਗਰਾਹੁਣ ਖਾਤਰ ਲੋਕਾਂ ਨਾਲ ਲੜੇ! ਅੱਜ-ਕੱਲ੍ਹ ਤਾਂ ਉਦਾਂ ਈ ਨ੍ਹੇਰ ਪਿਆ ਹੋਇਅ॥ ਬੰਦਾ ਉਡਾਉਣ ਵੇਲੇ ਤਾਂ ਸਕਿੰਟ ਨੀ ਲਾਉਂਦੇ। ਨਾ ਪਤਾ ਲਗਦੈ, ਕੌਣ ਕੀ ਕਰ ਗਿਆ। ਉੱਥੇ ਹੁਣ ਕਿੱਦਾਂ ਰਿਹਾ ਜਾ ਸਕਦੈ ਇਧਰੋਂ ਜਾ ਕੇ? ਅੱਗੇ ਤਾਂ



ਨੋਕਦਾਰ ਪੱਗ ਤੇ ਖੜ੍ਹਵੀਆਂ ਮੁੱਛਾਂ ਦੇਖ ਅਗਲਾ ਦੂਰੋਂ ਹੀ ਸਰਦਾਰ ਜੀ, ਸਰਦਾਰ ਜੀ ਕਹਿੰਦਾ ਨਹੀਂ ਸੀ ਥਕਦਾ। ਹੁਣ ਤਾਂ ਪੱਗ ਦੇ ਮਤਲਬ ਹੀ ਹੋਰ ਹੋ ਗਏ ਹਨ, ਦੇਸ ਵੀ ਤੇ ਇੱਥੇ ਵੀ। ਖੈਰ! ਜੇ ਸਾਰੀ ਜ਼ਮੀਨ ਚੰਗੇ ਭਾਅ ਵਿਕ ਜਾਵੇ ਤੇ ਡਾਲਰਾਂ ਵਿਚ ਪੈਸਾ ਇੱਧਰ ਆ ਜਾਵੇ ਤਾਂ ਬੈਂਕ-ਬੁੱਕ ਵਿਚ ਡਾਲਰਾਂ ਵਾਲੇ ਪਾਸੇ ਛੇ ਦੀ ਬਜਾਇ ਸੱਤ ਹਿੰਦਸੇ ਹੋ ਸਕਦੇ ਹਨ।" ਤੇ ਇਹ ਸੋਚਦਿਆਂ ਉਹ ਨੂੰ ਕੋਟ ਦੀ ਜੇਬ ਹੋਰ ਭਾਰੀ-ਭਾਰੀ ਮਹਿਸੂਸ ਹੋਣ ਲੱਗੀ।

ਗੈਰੀ ਦੇ ਘਰ ਪਹੁੰਚ ਕੇ ਦੇਖਿਆ ਕਿ ਉਹ ਅਜੇ ਆਪਣੇ ਕਮਰੇ ਵਿਚ ਸੁੱਤਾ ਪਿਆ ਸੀ। ਜੈਸੀ ਦੇ ਡਾਕਟਰ ਨੂੰ ਫ਼ੋਨ ਕੀਤਾ ਤਾਂ ਡਾਕਟਰ ਨੇ ਹਮਦਰਦੀ ਨਾਲ ਕਿਹਾ, "ਮੈਨੂੰ ਅਫ਼ਸੋਸ ਹੈ ਮਿਸਟਰ ਗਿੱਲ ਕਿ ਟੈਸਟ ਦੇ ਰੀਜ਼ਲਟ ਕੋਈ ਵਧੀਆ ਨਹੀਂ ਆਏ। ਵੈੱਲ, ਇਹ ਜ਼ਰੂਰੀ ਨਹੀਂ ਕਿ ਉਹ ਸਦਾ ਹੀ ਵ੍ਹੀਲ-ਚੇਅਰ ਉੱਪਰ ਰਹੇ। ਨਿਊਰੋਪੈਥੀ ਦੇ ਖੇਤਰ ਵਿਚ ਲਗਾਤਾਰ ਰੀਸਰਚ ਚੱਲ ਰਹੀ ਹੈ। ਸੰਭਵ ਹੈ, ਲਗਾਤਾਰ ਇਲਾਜ ਕਰਦੇ ਰਹਿਣ ਨਾਲ ਮਿੱਸ ਗਿੱਲ ਦੀਆਂ ਲੱਤਾਂ ਠੀਕ ਹੋਣੀਆਂ ਸ਼ੁਰੂ ਹੋ ਜਾਣ।" ਇਸ ਤੋਂ ਅੱਗੇ ਜੋ ਗੱਲਾਂ ਡਾਕਟਰ ਨੇ ਕਹੀਆਂ, ਕਰਮ ਸਿੰਘ ਦਾ ਉਹਨਾਂ ਵੱਲ ਕੋਈ ਧਿਆਨ ਨਹੀਂ ਸੀ। ਲਗਾਤਾਰ ਇਕੋ ਗੱਲ ਦਿਮਾਗ਼ ਵਿਚ ਸੁਲਗ ਰਹੀ ਸੀ 'ਕੀ ਬਣੂ ਕੁੜੀ ਦਾ?' ਤੇ ਉਹ ਸਿਰ ਫੜ ਕੇ ਫ਼ੋਨ ਦੇ ਕੋਲ ਹੀ ਬੈਠ ਗਿਆ।

ਕਿਚਨ ਵੱਲੋਂ ਘਰ ਦੇ ਪਿਛਲੇ ਪਾਸੇ ਦਾ ਦਰਵਾਜ਼ਾ ਖੁੱਲ੍ਹਣ ਦਾ ਖੜਾਕ ਹੋਇਆ ਤਾਂ ਉਸ ਨੇ ਦੇਖਿਆ ਕਿ ਰੌਨ ਤੇ ਉਸ ਦੇ ਨਾਲ ਆਵਾਰਾ ਜਿਹੀ ਜਾਪਦੀ ਇਕ ਕੁੜੀ ਕਾਫ਼ੀ ਘਬਰਾਏ ਜਿਹੇ ਦਾਖਲ ਹੋਏ ਤੇ ਸਿੱਧੇ ਗੈਰੀ ਵਾਲੇ ਕਮਰੇ ਵੱਲ ਦੌੜੇ। ਏਨੇ ਨੂੰ ਘਰ ਦਾ ਸਾਹਣਾ ਮੁੱਖ ਦਰਵਾਜ਼ਾ ਖੜਕਿਆ। ਕਰਮ ਸਿੰਘ ਨੇ ਦਰਵਾਜ਼ਾ ਖੋਲ੍ਹਿਆ ਤਾਂ ਘਰ ਦੇ ਦੋਹੀਂ ਪਾਸੀਂ ਲਾਲ-ਨੀਲੀਆਂ ਘੁੰਮਦੀਆਂ ਲਾਈਟਾਂ ਵਾਲੀਆਂ ਪੁਲਿਸ ਦੀਆਂ ਕਾਰਾਂ ਖੜ੍ਹੀਆਂ ਸਨ। ਦੋ-ਤਿੰਨ ਪੁਲਸੀਏ ਦਬਾ-ਦਬ ਅੰਦਰ ਲੰਘ ਗਏ। ਦੋ ਪੁਲਸੀਏ ਘਰ ਦੇ ਪਿਛਲੇ ਪਾਸੇ ਖੜ੍ਹੀ ਕਾਲੇ ਸ਼ੀਸ਼ਿਆਂ ਵਾਲੀ ਵੈਨ ਦੀ ਤਲਾਸ਼ੀ ਲੈ ਰਹੇ ਸਨ, ਜਿਸ ਵਿਚ ਕੁਝ ਦੇਰ ਪਹਿਲਾਂ ਰੌਨ ਤੇ ਕੁੜੀ ਆਏ ਸਨ। ਏਨੇ ਨੂੰ ਦੋ ਪੁਲਸੀਏ ਅੰਦਰੋਂ ਰੌਨ ਤੇ ਕੁੜੀ ਨੂੰ ਉਹਨਾਂ ਦੇ ਪਿੱਠ ਪਿੱਛੇ ਹੱਥ ਬੰਨ੍ਹੀ ਲਿਆਉਂਦੇ ਦਿੱਸੇ।

ਵਾਪਸ ਅੰਦਰ ਗਿਆ ਤਾਂ ਕਰਮ ਸਿੰਘ ਨੇ ਦੇਖਿਆ ਕਿ ਦੋ ਪੁਲੀਸ ਵਾਲੇ ਲਿਵਿੰਗ ਰੂਮ ਵਿਚ ਪਏ ਟੀਵੀ ਤੇ ਸਟੀਰੀਓ ਸੈੱਟਾਂ ਨੂੰ ਉਲਟ-ਪੁਲਟ ਕੇ ਦੇਖ ਰਹੇ ਸਨ ਤੇ ਇਕ ਪੁਲੀਸਮੈਨ ਗੈਰੀ ਵਾਲੇ ਕਮਰੇ ਵਿਚੋਂ ਚਿੱਟੇ ਰੰਗ ਦੇ ਪਾਊਡਰ ਵਾਲਾ ਪਲਾਸਟਿਕ ਦਾ ਛੋਟਾ ਜਿਹਾ ਲਿਫ਼ਾਫ਼ਾ ਚੁੱਕੀ ਨਿਕਲਿਆ। ਲਿਵਿੰਗ ਰੂਮ ਦੇ ਦੂਸਰੇ ਪਾਸੇ ਢਿੱਲੀ ਜਿਹੀ ਪੈਂਟ ਪਾਈ ਤੇ ਕੰਧ ਵੱਲ ਮੂੰਹਕਰੀ ਗੈਰੀ ਖੜ੍ਹਾ ਸੀ ਤੇ ਉਸ ਹੱਥ ਪਿੱਠ ਪਿੱਛੇ ਕੜੀਆਂ ਵਿਚ ਜਕੜੇ ਹੋਏ ਸਨ।

ਪਾਊਡਰ ਵਾਲਾ ਲਿਫ਼ਾਫ਼ਾ ਦੇਖਦਿਆਂ ਹੀ ਸਾਰੇ ਪੁਲਸੀਏ ਇਕ ਦੂਜੇ ਵੱਲ ਦੇਖ ਕੇ ਮੁਸਕਰਾਏ ਤੇ ਉਹਨਾਂ ਵਿਚੋਂ ਦੋਂਹ ਨੇ ਗੈਰੀ ਨੂੰ ਬਾਹਰ ਲਿਜਾਣ ਲਈ ਦੋਵਾਂ ਬਾਂਹਾਂ

ਤੋਂ ਫੜਿਆ। ਕਰਮ ਸਿੰਘ ਨੇ ਗੈਰੀ ਵੱਲ ਦੇਖਿਆ ਤਾਂ ਉਸ ਨੇ ਨਜ਼ਰਾਂ ਝੁਕਾ ਲਈਆਂ। ਕੋਲੋਂ ਗੁਜ਼ਰ ਰਹੇ ਪੁਲਸੀਆਂ ਨੂੰ ਕਰਮ ਸਿੰਘ ਸਿਰਫ਼ ਏਨਾਂ ਹੀ ਪੁੱਛ ਸਕਿਆ, "ਵੱਟ ਚਾਰਜ ਔਨ ਮਾਈ ਸੱਨ?"

ਵੱਡੀਆਂ-ਵੱਡੀਆਂ ਮੁੱਛਾਂ ਵਾਲੇ ਪੁਲਸੀਏ ਨੇ ਇਕ ਪਲ ਕਰਮ ਸਿੰਘ ਵੱਲ ਤੱਕਿਆ ਤੇ ਖੁਸ਼ਕ ਜਿਹੇ ਲਹਿਜ਼ੇ ਵਿਚ, "ਡਰੱਗ ਟ੍ਰੈਫਿਕਿੰਗ ਐਂਡ ਪੋਜੈਸ਼ਨ ਔਫ਼ ਸਟੋਨ ਪ੍ਰਾਪਰਟੀ" ਕਹਿ ਕੇ ਉਹ ਗੈਰੀ ਨੂੰ ਲਗਭਗ ਘੜੀਸਦੇ ਬਾਹਰ ਨਿਕਲ ਗਏ। ਕਰਮ ਸਿੰਘ ਦਰਵਾਜ਼ੇ ਤਕ ਉਹਨਾਂ ਦੇ ਪਿੱਛੇ ਆਇਆ। ਪੁਲਸੀਆਂ ਨੇ ਗੈਰੀ ਨੂੰ ਕੈਦੀਆਂ ਵਾਲੀ ਵੈਗਨ ਵਿਚ ਧੱਕਿਆ ਤੇ ਠਾਹ ਕਰਦਾ ਦਰਵਾਜਾ ਬੰਦ ਕਰ ਦਿੱਤਾ। ਬਾਕੀ ਪੁਲਸੀਏ ਆਪਣੀ ਕਾਰਵਾਈ ਕਰਦੇ ਘਰ ਦੇ ਅੰਦਰ-ਬਾਹਰ ਘੁੰਮ ਰਹੇ ਸਨ। ਇਕ-ਦੋ ਗੁਆਂਢੀ ਵੀ ਤਾਕੀਆਂ ਰਾਹੀਂ ਬਾਹਰ ਝਾਕ ਰਹੇ ਸਨ ਤੇ ਕਰਮ ਸਿੰਘ ਦਰਵਾਜੇ ਦੀ ਚੌਖਟ ਨੂੰ ਹੱਥ ਪਾਈ ਸਭ ਕੁਝ ਪਾਟੀਆਂ-ਪਾਟੀਆਂ ਨਜ਼ਰਾਂ ਨਾਲ ਦੇਖ ਰਿਹਾ ਸੀ।

ਪਤਾ ਨਹੀਂ ਕਿਹੜੇ ਵੇਲੇ ਉਸ ਦਾ ਹੱਥ ਆਪਣੇ ਕੋਟ ਦੀ ਜੇਬ ਵਿਚ ਚਲਿਆ ਗਿਆ ਤੇ ਉਸ ਦੀਆਂ ਉਂਗਲੀਆਂ ਦੇ ਪੋਟੇ ਮੱਲੋ-ਮੱਲੀ ਬੈਂਕ-ਬੁੱਕ ਵਿਚ ਬੈਲੈਂਸ ਵਾਲਾ ਖਾਨਾ ਟੋਹਣ ਲੱਗ ਪਏ। ਉਸ ਨੂੰ ਜਾਪਿਆ ਜਿਵੇਂ ਉਸ ਦੇ ਕੋਟ ਦੀਆਂ ਜੇਬਾਂ ਬਹੁਤ ਭਾਰੀਆਂ ਹੋ ਗਈਆਂ ਹੋਣ ਅਤੇ ਉਸ ਨੂੰ ਧਰਤੀ ਵੱਲ ਖਿੱਚ ਰਹੀਆਂ ਹੋਣ।

ਗੈਰੀ ਨੂੰ ਲੈ ਕੇ ਜਾਂਦੀ ਵੈਗਨ ਨਜ਼ਰਾਂ ਤੋਂ ਉਹਲੇ ਹੋ ਰਹੀ ਸੀ ਅਤੇ ਕਰਮ ਸਿੰਘ ਨੂੰ ਜਾਪ ਰਿਹਾ ਸੀ ਜਿਵੇਂ ਉਹ ਹੌਲੀ-ਹੌਲੀ ਜ਼ਮੀਨ ਵਿਚ ਧਸ ਰਿਹਾ ਹੋਵੇ।



## ਕਿੱਲੇ ਬੱਝੀ ਗਾਂ

ਉਹ ਅੱਜ ਫਿਰ ਉਦਾਸ ਸੀ। ਅੱਗੇ ਵੀ ਜਦੋਂ ਕਦੀ ਇਹੋ ਜਿਹੀ ਖਬਰ ਪੜ੍ਹਦੀ ਜਾਂ ਸੁਣਦੀ ਤਾਂ ਉਸ ਦਾ ਮਨ ਬੇਚੈਨ ਹੋ ਉਠਦਾ। ਗੁਸੇ, ਲਾਚਾਰੀ ਤੇ ਸ਼ਰਮ ਦਾ ਇਕ ਰਲਵਾਂ-ਮਿਲਵਾਂ ਵਾਵਰੋਲਾ ਉਸ ਦੇ ਧੁਰ ਅੰਦਰੋਂ ਉਠਦਾ ਤੇ ਸੰਘ ਤਕ ਆ ਕੇ ਮੂੰਹੋਂ ਬਾਹਰ ਨਿਕਲਣ ਦੀ ਬਜਾਇ ਇਕ ਗੁਬਾਰ ਬਣ ਉਸ ਦੇ ਸਿਰ ਨੂੰ ਜਾ ਚੜ੍ਹਦਾ। ਕਈ ਦਿਨ ਇਹ ਗੁਬਾਰ ਇੰਝ ਹੀ ਮੱਠਾ ਪੈਣ ਉੱਪਰ ਵੀ ਇਕ ਤਿੱਖੀ ਕਸਕ ਉਸ ਦੇ ਅੰਦਰ ਕਿਸੇ ਛੁਰੀ ਵਾਂਗ ਲਗਾਤਾਰ ਆਪਣਾ ਕੰਮ ਕਰਦੀ ਰਹਿੰਦੀ।

ਬਲਬੀਰ ਸਿੰਘ ਨੇ ਪਿਛਲੇ ਸਮੇਂ ਦੌਰਾਨ ਕਈ ਵਾਰੀ ਉਸ ਨੂੰ ਉਸ ਦੇ ਇੰਜ ਗੁੰਮ ਸੁੰਮ ਰਹਿਣ ਦਾ ਕਾਰਣ ਪੁੱਛਿਆ ਸੀ ਪਰ ਉਸ ਨੇ "ਹੂੰਅ" "ਹਾਂਅ" ਕਰਕੇ ਟਾਲ ਦਿੱਤਾ। "ਤੁਹਾਨੂੰ ਦੋਹਾਂ ਮਾਵਾਂ-ਧੀਆਂ ਨੂੰ ਪਤਾ ਨਹੀਂ ਕੀ ਸੱਪ ਸੁੰਘੀ ਜਾਂਦਾ, ਦਿਨੋ-ਦਿਨ ਥੱਲੇ ਨੂੰ ਈ ਜਾਈ ਜਾਨੀਆਂ," ਹਾਰ ਕੇ ਬਲਬੀਰ ਸਿੰਘ ਕਹਿ ਛੱਡਦਾ।

"ਸੱਪ ਤਾਂ ਆਸਤੀਨ ਵਿੱਚੇ ਈ ਬੈਠਾ, ਪਰ ਤੁਹਾਨੂੰ ਕੋਈ ਕਿਵੇਂ ਦਿਖਾਵੇ!" ਪਰ ਉਸ ਦੇ ਮਨ ਵਿਚਲੀ ਇਹ ਗੱਲ ਜ਼ੁਬਾਨ ਤਕ ਆਉਣ ਦੀ ਬਜਾਇ ਅੰਦਰ ਹੀ ਅੰਦਰ ਧੁਖਦੇ ਗੋਹਟਿਆਂ ਉੱਪਰ ਰੱਖ ਕਾੜ੍ਹਨੀ ਵਿਚਲੇ ਦੁੱਧ ਵਾਂਗ ਕੜ੍ਹ ਕੇ ਰਹਿ ਜਾਂਦੀ।

ਸਟੋਵ ਉੱਪਰ ਰੱਖੇ ਪ੍ਰੈਸ਼ਰ ਕੁੱਕਰ ਨੇ ਸੀਟੀ ਵਜਾਈ ਤੇ ਉਹ ਚਾਹ ਦੇ ਕੱਪ ਵਿਚੋਂ ਆਖਰੀ ਘੁੱਟ ਭਰ ਕੇ ਕਿਚਨ ਟੇਬਲ ਤੋਂ ਉੱਠੀ। ਤੁੜਕੇ ਵਾਸਤੇ ਅਦਰਕ, ਟਮਾਟਰ ਤੇ ਗੰਢੇ ਕੱਢ ਕੇ ਚੀਰਨ ਲੱਗ ਪਈ। ਗੰਢੇ ਛਿੱਲਦੀ ਦੇ ਮੱਲੋ-ਮੱਲੀ ਅੱਖਾਂ ਵਿਚੋਂ ਪਾਣੀ ਛਲਕ ਆਇਆ। ਮਨ ਵਿਚਲੀ ਕੜਵਾਹਟ ਗੰਢਿਆਂ ਦੀ ਕੜਵਾਹਟ ਨਾਲ ਮਿਲ ਕੇ ਵਹਿ ਤੁਰੀ ਤੇ ਪਤਾ ਹੀ ਨਹੀਂ ਲੱਗਾ ਕਿ ਕਦੋਂ ਛੁਰੀ ਗੰਢੇ ਤੋਂ ਤਿਲਕ ਉਸ ਦੀ ਉਂਗਲੀ 'ਤੇ ਫਿਰ ਗਈ।

"ਡੌਲੀ...ਪੁੱਤਰ ਜਲਦੀ ਆਈਂ, ਮੈਨੂੰ ਹੈਥੋਂ ਬੈਂਡ-ਏਡ ਫੜਾਈਂ...ਮੇਰੀ ਉਂਗਲੀ 'ਤੇ ਨਾਈਫ ਲੱਗਾ," ਲਹੂ ਸਿੰਮਦੀ ਉਂਗਲੀ ਮੂੰਹ ਵਿਚ ਪਾ ਕੇ ਚੂਸਣ ਤੋਂ ਬਾਅਦ ਉਸ ਨੇ ਦੂਸਰੇ ਹੱਥ ਨਾਲ ਉਂਗਲੀ ਘੁੱਟਦੀ ਨੇ ਥੱਲੇ ਬੇਸਮੈਂਟ ਵਿਚ ਟੀਵੀ ਦੇਖ ਰਹੀ ਆਪਣੀ ਬੇਟੀ ਨੂੰ ਆਵਾਜ਼ ਮਾਰੀ।

"ਓਹ ਮੰਮੀ...ਬਹੁਤ ਹਾਈ ਹੋਈ ਤੁਹਾਡੇ?" ਡੱਬੀ ਵਿਚੋਂ ਬੈਂਡ-ਏਡ ਕੱਢ ਕੇ ਮੰਮੀ ਦੀ ਜ਼ਖਮੀ ਉਂਗਲੀ ਦਵਾਲੇ ਲਪੇਟਦੀ ਗੁਭਲੋ ਜਿਹੀ ਡੌਲੀ ਪੋਲਾ ਜਿਹਾ ਬੋਲੀ।

“ਕੋਈ ਨੀ ਬੇਟੇ, ਤੂੰ ਫਿਕਰ ਨਾ ਕਰ...ਐਮੀਂ ਆ ਮਾੜੀ ਜਿਹੀ...ਤੂੰ ਆਹ ਫਰਿਜ ਵਿਚੋਂ ਗੁੰਨ੍ਹੇ ਹੋਏ ਆਟੇ ਵਾਲਾ ਕੌਲਾ ਮੈਨੂੰ ਫੜਾ।” ਤੁੜਕਾ ਫਰਾਈਪੈਨ ਵਿਚ ਪਾਉਂਦੀ ਉਹ ਬੋਲੀ, “ਤੇਰੇ ਡੈਡੀ ਨੇ ਕੰਮ ਤੋਂ ਆ ਕੇ ਛੇਤੀ ਰੋਟੀ ਮੰਗ ਲੈਣੀ ਆ, ਨਾਲੇ ਪਿੰਕੀ ਨੂੰ ਕਹਿ ਕਿ ਆ ਕੇ ਟੇਬਲ ਉੱਪਰ ਪਲੇਟਾਂ ਲਾਵੇ।”

“ਪੈਅਨ ਜੀ...” ਪਿੰਕੀ ਦੇ ਬੈਡਰੂਮ ਦਾ ਬੂਹਾ ਖੋਲ੍ਹਦਿਆਂ ਪੋਲੇ ਜਿਹੇ ਡੌਲੀ ਨੇ ਪੁਕਾਰਿਆ, “ਮੰਮੀ ਦੀ ਫਿੰਗਰ ’ਤੇ ਹਾਈ ਹੋ ਗਈ, ਸ਼ੀ ਨੀਡਜ਼ ਯੁਅਰ ਹੈਲਪ ਇ ਦਾ ਕਿਚਨ।”

“ਓ ਕੇਅ, ਮੈਂ ਆਉਨੀ ਆਂ, ਕਹਿ ਕੇ ਪਿੰਕੀ ਨੇ ਸਕੂਲ ਦੀ ਰੀਪੋਰਟ ਗੁੱਛਾ ਮੁੱਛਾ ਕਰ ਕੇ ਆਪਣੇ ਬੈਡ ਹੇਠਾਂ ਸੁੱਟ ਦਿੱਤੀ ਤੇ ਖਿੱਲਰੇ ਵਾਲਾਂ ਨੂੰ ਮੋਢਿਆਂ ਤੋਂ ਹਟਾ ਕੇ ਜੂੜਾ ਜਿਹਾ ਕਰਦੀ ਹੋਈ ਕਿਚਨ ਵੱਲ ਚਲੇ ਗਈ।

ਪਿੰਕੀ ਦਾ ਉਤਰਿਆ ਹੋਇਆ ਚਿਹਰਾ ਤੇ ਅੱਖਾਂ ਦੁਆਲੇ ਦੀ ਕਾਲੋਂ ਦੇਖ ਉਸ ਦਾ ਮਨ ਇਕ ਵਾਰ ਫਿਰ ਤੁੜਕ ਲਈ ਭੁੱਜ ਰਹੇ ਪਿਆਜ਼ ਵਾਂਗ ਤੜਪਿਆ। ਪੰਦਰਵਾਂ ਸਾਲ ਪੂਰਾ ਕਰਨ ’ਤੇ ਆਈ ਪਿੰਕੀ ਦੇ ਹੱਡੀਆਂ ਦੀ ਮੁੱਠ ਬਣੇ ਸਰੀਰ ਦਾ ਭਾਰ ਮਸੀਂ ਦਸਾਂ ਗਿਆਰਾਂ ਸਾਲਾਂ ਦੀ ਡੌਲੀ ਜਿੰਨਾ ਹੋਵੇਗਾ। ਤੁਰਦੀ ਤਾਂ ਇਉਂ ਜਾਪਦਾ ਕਿ ਹੁਣ ਵੀ ਡਿੱਗੀ ਕਿ ਡਿੱਗੀ, ਅੱਖਾਂ ਇਉਂ ਕਿ ਹੁਣ ਵੀ ਰੋਈ ਕਿ ਰੋਈ। ਪੜ੍ਹਨ ਵੇਲੇ ਮੋਟੇ ਸ਼ੀਸ਼ਿਆਂ ਦੀ ਐਨਕ ਲਾਉਣੀ ਪੈਂਦੀ ਤੇ ਉੱਪਰੋ ਹਰ ਵਾਰ ਨਿਕੰਮੀ ਆਉਂਦੀ ਸਕੂਲ ਦੀ ਰੀਪੋਰਟ ਕਾਰਡ...। ਇਕ ਲੰਬਾ ਸਾਹ ਭਰ ਕੇ ਉਸ ਨੇ ਆਪਦੀ ਧੀ ਵੱਲ ਵੇਖਦਿਆਂ ਹਉਕੇ ਵਾਂਗ ਛੱਡਿਆ ਤੇ ਪ੍ਰੈਸ਼ਰ ਕੁੱਕਰ ਦਾ ਢੱਕਣ ਢਿੱਲਾ ਕਰਦਿਆਂ ਸਟੋਪ ਉੱਪਰਲਾ ਐਗਜ਼ਾਸਟ ਫੈਨ ਚਲਾ ਦਿੱਤਾ। ਉਸ ਦੀ ‘ਘੂੰਅ ਘੂੰਅ’ ਵਿਚ ਭੁੱਜ ਰਹੇ ਤੁੜਕੇ ਦਾ ਸੁਰ ਦੱਬ ਹੋ ਗਿਆ।

“ਬਾਹਲਾ ਫਿਕਰ ਨਾ ਕਰਿਆ ਕਰ ਕੁੜੀਆਂ ਦਾ, ਆਪਾਂ ਉਨ੍ਹਾਂ ਨੂੰ ਚੰਗੇ ਥਾਂਹ ਵਿਆਹਾਂਗੇ... ਹੁਣ ਤਾਂ ਸੁੱਖ ਨਾਲ ਚਾਰ ਕੌਡਾਂ ਵੀ ਕੋਲ ਆ, ਕਾਹਦਾ ਘਾਟਾ ਤੈਨੂੰ।” ਬਿਸਤਰੇ ਵਿਚ ਪਾਸਾ ਪਰਤਦਾ ਬਲਬੀਰ ਸਿੰਘ ਬੋਲਿਆ, “ਕੀ ਹੋਇਆ ਜੇ ਰੱਬ ਨੇ ਆਪਾਂ ਨੂੰ ਮੁੰਡਾ ਨਹੀਂ ਦਿੱਤਾ, ਸੁਰਜੀਤ ਦੇ ਮੁੰਡੇ ਵੀ ਸੁੱਖ ਨਾਲ ਆਪਣੇ ਈ ਆ, ਇਕੋ ਈ ਖੂਨ ਆ... ਸਾਡੇ ਬੁੜ੍ਹਿਆਂ ਨੇ ਵੀ ਪੁੱਤਾਂ ਤੇ ਭਤੀਜਿਆਂ ਵਿਚ ਕਦੇ ਫਰਕ ਨਹੀਂ ਸੀ ਕੀਤਾ, ਤੇ ਸਾਨੂੰ ਵੀ ਇਹੀ ਸਖਾਲਿਆ ਕਿ ਆਪਣਾ ਖੂਨ ਆਪਣਾ ਈ ਹੁੰਦਾ ਆਖਰ... ਤੂੰ ਐਮੀਂ ਨਾ ਕੁੜੀਆਂ ਬਾਰੇ ਮਨ ਦੁਖੀ ਕਰਿਆ ਕਰ, ਨਾਲੇ ਐਸ ਮੁਲਕ ਵਿਚ ਕੀ ਫਰਕ ਆ ਕੁੜੀਆਂ ਮੁੰਡਿਆਂ ਦਾ...ਮੈਨੂੰ ਤਾਂ ਪਹਿਲਾਂ ਪਹਿਲ ਡੌਲੀ ਜੰਮੀ ਤੇ ਥੋੜ੍ਹਾ ਬਹੁਤਾ ਹੋਰ ਤਰ੍ਹਾਂ ਮਹਿਸੂਸ ਹੋਇਆ ਸੀ ਕਿ ਜੇ ਇਹਦੀ ਥਾਂ ਮੁੰਡਾ ਹੁੰਦਾ ਤਾਂ ਵਧੀਆ ਸੀ ਪਰ ਹੁਣ ਉਹਨੂੰ ਹੱਸਦੀ-ਖੇਲਦੀ ਦੇਖ ਮਨ ਐਨਾ ਖੁਸ਼ ਹੋ ਜਾਂਦਾ...ਪਿੰਕੀ ਵੀ ਪਹਿਲਾ ਪਹਿਲਾਂ ਏਦ੍ਹੇ ਵਰਗੀ ਈ ਹੁੰਦੀ ਸੀ, ਹੁਣ ਪਤਾ ਨੀ ਵਾਧੇ ਪਈਓ ਆ ਜਾਂਦੀ ਆ, ਮੂਲੋਂ ਜੀਅ ਭਿਆਣੀ ਜਿਹੀ ਹੋਈ ਓ ਆ,” ਕਹਿ ਕੇ ਬਲਬੀਰ ਸਿੰਘ ਕਲਾਕ ਵੱਖ ਦੇਖਦਾ ਅੱਖਾਂ ਮੀਟਣ ਲੱਗ ਪਿਆ।



ਥੋੜ੍ਹੀ ਦੇਰ ਬਾਅਦ ਬਲਬੀਰ ਸਿੰਘ ਦੇ ਹਲਕੇ ਹਲਕੇ ਘੁਰਾੜੇ ਸੁਣਨ ਲੱਗ ਪਏ। ਪਰ ਉਸਦੀਆ ਅੱਖਾ ਵਿਚ ਨੀਂਦ ਕਿੱਥੇ ਸੀ? ਘੂਕ ਸੁੱਤੇ ਪਏ ਬਲਬੀਰ ਸਿੰਘ ਵੱਲ ਦੇਖਦੀ ਉਹ ਫਿਰ ਅੱਜ ਦੁਪਹਿਰ ਰੇਡੀਓ ਉੱਪਰ ਸੁਣੀ ਖ਼ਬਰ ਵਿਚ ਗੁਆਚ ਗਈ।

ਬੰਦਾ ਕਿੱਦਾਂ ਐਨੇ ਵਹਿਸ਼ੀਪੁਣੇ ਉੱਪਰ ਉੱਤਰ ਆਉਂਦਾ? ਬਾਰਾਂ ਸਾਲਾਂ ਦੀ ਕੁੜੀ ਪੰਤਾਲੀ ਸਾਲ ਦੇ ਗੁਆਂਢੀ ਬੰਦੇ ਨੇ ਉਧਾਲ ਲਈ ਤੇ ਘਰ ਦੇ ਗੈਰਾਜ ਵਿਚ ਬਣਾਏ ਤਹਿਖਾਨੇ ਵਿਚ ਕੈਦ ਕਰ ਰੱਖੀ। ਪੁਲਿਸ ਤੇ ਹੋਰ ਲੋਕਾਂ ਨੇ ਕੁੜੀ ਨੂੰ ਲੱਭਣ ਲਈ ਸਾਰੇ ਜੰਗਲ-ਬੇਲੇ ਛਾਣ ਮਾਰੇ ਤੇ ਅਖੀਰ ਜਦੋਂ ਤੇ ਮਹੀਨੇ ਬਾਅਦ ਕੁੜੀ ਪੁਲਿਸ ਨੂੰ ਤਹਿਖਾਨੇ ਵਿੱਚੋਂ ਲੱਭੀ ਸੀ ਤਾਂ ਨਿਰੀ ਹੱਡੀਆਂ ਦੀ ਮੁੱਠ ਬਣ ਚੁੱਕੀ ਸੀ... ਬਿਲਕੁਲ ਪਿੰਕੀ ਵਾਂਗ।

ਪਤਾ ਨਹੀਂ ਕਿਹੜੇ ਵੇਲੇ ਉਸ ਦੀ ਅੱਖ ਲੱਗ ਪਈ। ਸੁਫਨੇ ਵਿਚ ਉਹ ਮੁੜ ਪਿੰਕੀ ਦੀ ਉਮਰ ਦੀ ਬਣ ਗਈ...ਸ਼ਾਇਦ ਨੌਵੀਂ ਦਸਵੀਂ ਜਮਾਤ ਵਿਚ ਪੜ੍ਹਦੀ ਸੀ ਉਦੋਂ। ਪਿੰਡ ਵਿਚ ਉਸ ਦੀ ਗੁਆਂਢਣ ਸਹੇਲੀ ਬੀਰੋ ਵੀ ਉਸ ਦੀ ਜਮਾਤ ਵਿਚ ਪੜ੍ਹਦੀ ਸੀ। ਕੁਝ ਮਹੀਨੇ ਪਹਿਲਾਂ ਹੀ ਬੀਰੋ ਦੇ ਫੌਜੀ ਭਰਾ ਦਾ ਵਿਆਹ ਹੋਇਆ ਸੀ ਤੇ ਬੀਰੋ ਦੀ ਭਾਬੀ ਵੀ ਉਨ੍ਹਾਂ ਦੀ ਸਹੇਲੀ ਬਣ ਗਈ ਸੀ। ਉਦੋਂ ਜੰਗ ਦੇ ਦਿਨਾਂ ਵਿਚ ਭਾਬੀ ਕਿਵੇਂ ਹੱਡੀਆਂ ਦੀ ਮੁੱਠ ਬਣੀ ਗੋਡਿਆਂ ਵਿਚ ਸਿਰ ਦੇ ਕੇ ਰੋਂਦੀ ਹੁੰਦੀ ਸੀ ਤੇ ਫਿਰ ਬੀਰੋ ਦੇ ਵੀਰ ਦੇ ਸ਼ਹੀਦ ਹੋਣ ਦੀ ਖਬਰ...ਤੌਬਾ ਤੌਬਾ ਕਿੱਦਾਂ ਪਿੰਡ ਵਿਚ ਦੁਹਾਈ ਮੱਚ ਗਈ ਸੀ। ਪਰ ਟੱਬਰ ਦੇ ਦੁੱਖਾਂ ਦਾ ਇਥੇ ਹੀ ਅੰਤ ਨਹੀਂ ਸੀ ਹੋਇਆ... ਟਰੱਕਾਂ ਵਾਲਿਆਂ ਦਾ ਦੋਹਤਾ, ਜੋ ਕਦੇ ਨਾਨਕੀਂ ਆ ਕੇ ਕਈ ਕਈ ਦਿਨ ਰਹਿ ਜਾਂਦਾ ਸੀ, ਨੇ ਕਿਧਰੇ ਬਾਹਰ-ਅੰਦਰ ਜਾਂਦੀ ਬੀਰੋ ਨੂੰ ਕਮਾਦ ਵਿਚ ਖਿੱਚ ਲਿਆ ਸੀ..ਬੀਰੋ ਨੂੰ ਧਮਕੀ ਦਿੱਤੀ ਸੀ ਕਿ ਜੇ ਇਸ ਬਾਰੇ ਕਿਸੇ ਨੂੰ ਦੱਸਿਆ ਤਾਂ ਟਰੱਕ ਹੇਠ ਦੇ ਕੇ ਮਾਰ ਦੇਵੇਗਾ।

ਜਦੋਂ ਬੀਰੋ ਦਾ ਜੀਅ ਕੱਚਾ-ਕੱਚਾ ਰਹਿਣ ਲੱਗ ਪਿਆ ਤਾਂ ਉਸ ਰੋਂਦੀ ਰੋਂਦੀ ਨੇ ਭਾਬੀ ਨਾਲ ਭੇਤ ਸਾਂਝਾ ਕੀਤਾ ਸੀ ਤੇ ਫਿਰ ਭਾਬੀ ਨੂੰ ਚੈਕ ਕਰਾਉਣ ਦੇ ਬਹਾਨੇ ਘਰ ਨਰਸ ਲਿਆਂਦੀ ਸੀ। ਨਰਸ ਤੋਂ ਪਤਾ ਨਹੀਂ ਕੀ ਗਲਤੀ ਹੋ ਗਈ, ਅਗਲੇ ਦਿਨ ਇਹੀ ਪਤਾ ਲੱਗਾ ਸੀ ਕਿ ਬੀਰੋ ਖੂਹ ਵਿਚ ਡਿੱਗ ਕੇ ਮਰ ਗਈ। ਇਹ ਤਾਂ ਹੌਲੀ-ਹੌਲੀ ਪਿੰਡ ਦੀ ਝਿਉਰੀ ਰੁਕਮਣੀ ਤੋਂ ਗੱਲ ਨਿਕਲੀ ਸੀ ਕਿ ਨਰਸ ਭਾਬੀ ਨੂੰ ਨਹੀਂ ਦਰਅਸਲ ਬੀਰੋ ਨੂੰ ਚੈਕ ਕਰਨ ਆਈ ਸੀ।

ਥੋੜ੍ਹੇ ਹੀ ਸਮੇਂ ਵਿਚ ਬੀਰੋ ਦਾ ਭਾਈਆ ਕਿਵੇਂ ਹੱਡੀਆਂ ਦਾ ਪਿੰਜਰ ਬਣ ਗਿਆ ਸੀ। ਫਿਰ ਵੀ ਡਿੱਗਦੇ-ਢਹਿੰਦੇ ਨੇ ਕਿਸੇ ਨਾ ਕਿਸੇ ਤਰ੍ਹਾਂ ਟੱਬਰ ਦੀ ਰੋਟੀ ਤੋਰੀ ਸੀ। ਚਿੱਟੀ ਦਾਹੜੀ, ਨੰਗੀਆਂ ਲੱਤਾਂ, ਟੁੱਟੀ ਜਿਹੀ ਜੁੱਤੀ ਤੇ ਖੱਦਰ ਦਾ ਕੁੜਤਾ ਪਾਈ ਜਦੋਂ ਕਿਤੇ ਉਹ ਉਨ੍ਹਾਂ ਦੇ ਘਰ ਔਗਿਉਂ ਬਲਦਾਂ ਦੀ ਜੋੜੀ ਲੈ ਕੇ ਲੰਘਦਾ ਖੇਤਾਂ ਵੱਲ ਜਾਂਦਾ ਤਾਂ ਉਹ ਉਸਨੂੰ ਕਿਤਾਬ ਵਿਚ ਪੜ੍ਹੀ ਕਹਾਣੀ ‘ਧਰਤੀ ਹੇਠਲਾ ਬਲਦ’ ਵਿਚਲਾ ਬੁੱਢਾ ਪਾਤਰ ਜਾਪਦਾ।

ਸਵੇਰੇ ਸੁੱਤੀ ਉਠਦੀ ਦੇ ਮਨ ਵਿਚ ਸੁਫਨੇ ਨੇ ਇਕ ਅਜੀਬ ਅਹਿਸਾਸ ਭਰ ਦਿੱਤਾ। ਉਸ ਨੂੰ ਆਪਣੇ ਆਪ ਵੀ ਉਸ ਬਲਦ ਵਾਂਗ ਜਾਪਿਆ ਜਿਸ ਨੇ ਆਪਣੇ ਅੰਦਰ ਐਡਾ ਭੇਦ ਛੁਪਾਇਆ ਹੋਇਆ ਹੈ, 'ਪਰ ਆਖਿਰ ਕਿਉਂ ਛੁਪਾਇਆ ਹੈ?' ਉਹ ਸੋਚਦੀ ਤੇ ਜਲਦੀ ਹੀ ਉਸ ਦੇ ਕੰਨਾਂ ਵਿਚ ਡੋਲੀ ਸਮੇਂ ਮਾਂ ਵੱਲੋਂ ਦਿੱਤੀ ਸਿੱਖਿਆ ਦੇ ਸ਼ਬਦ ਗੂੰਜਣ ਲੱਗਦੇ, "ਧੀਏ। ਤੀਮੀਂ ਨੂੰ ਬਹੁਤ ਕੁਝ ਸਹਿਣਾ ਪੈਂਦਾ, ਤੂੰ ਪੁੱਤ ਬਿਗਾਨੇ ਘਰ ਜਾਣਾ, ਚੰਗੀ ਤਰ੍ਹਾਂ ਨਾਲ ਰਹੀਂ ਮੇਰੀ ਲਾਡੋ। ਸੁਣਿਆ ਭਰਾਮਾਂ ਦਾ 'ਤਫਾਕ ਬੋਤ ਆ, ਤੂੰ ਇਹ 'ਤਫਾਕ ਐਦਾਂ ਈ ਬਣਿਆ ਰੱਖੀਂ, ਏਸੇ 'ਚ ਈ ਬਰਕਤ ਆ ਧੀਏ...ਨਹੀਂ ਤਾਂ ਸਾਰਿਆਂ ਨੇ ਕਹਿਣਾ ਕਿ ਚੰਗੇ ਘਰੋਂ ਨੀ ਆਈ। ਮਾਪਿਆਂ ਨੇ ਚੰਗੀ ਸਿੱਖਿਆ ਨੀ ਦਿੱਤੀ ਕੁੜੀ ਨੂੰ। ਕੁਸੋਭਤ ਤੋਂ ਡਰ ਲੱਗਦਾ...ਗਾਹਾਂ ਤੇਰੇ ਹੋਰ ਭੈਣ-ਭਰਾ ਬਿਔਣ ਵਾਲੇ ਆ...ਤੇਰੇ ਪੇਅ ਦੀ ਪੱਗ ਨੂੰ ਦਾਗ ਨਾ ਲੱਗੇ ਕਿਤੇ ਦੇਖੀਂ ਮੇਰੀ ਧੀਅ... ਤੀਮੀਂ ਨੂੰ ਗਾਂ ਵਰਗਾ ਜਿਗਰਾ ਰੱਖਣਾ ਪੈਂਦਾ ਭਰਾਮਾਂ ਤੇ 'ਤਫ਼ਾਕ ਕਿਸਮਤ ਨਾਲ ਈ ਬਣਿਉ ਮਿਲਦੇ ਆ ਮੇਰੀ ਰਾਣੋਂ...।"

ਪਿੰਕੀ ਤੇ ਡੌਲੀ ਨੂੰ ਸਕੂਲ ਤੋਰ ਕੇ ਉਹ ਕਿਚਨ ਟੇਬਲ 'ਤੇ ਚਾਹ ਦਾ ਕੱਪ ਲੈ ਕੇ ਬੈਠ ਗਈ। ਜਦੋਂ ਵੀ ਮਨ ਜ਼ਿਆਦਾ ਬੇਚੈਨ ਹੁੰਦਾ ਉਹ ਮੁੜ ਮੁੜ ਚਾਹ ਪੀਂਦੀ ਰਹਿੰਦੀ। ਸਾਹਮਣੇ ਅੱਜ ਦਾ ਅਖ਼ਬਾਰ ਪਿਆ ਸੀ। ਪਹਿਲੇ ਪੰਨੇ ਉੱਪਰ ਕਲ੍ਹ ਵਾਲੀ ਖ਼ਬਰ ਤੇ ਅਗਲੇ ਪੰਨੇ ਉੱਪਰ ਤਹਿਖਾਨੇ ਦੀਆਂ ਫੋਟੋਆਂ ਸਨ ਜਿਥੇ ਉਹ ਦਰਿੰਦਾ ਛੇ ਮਹੀਨੇ ਉਸ ਬਾਲੜੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਰਿਹਾ ਸੀ। ਕਿਤਨਾ ਨਿੱਕ-ਸੁੱਕ ਖਿੱਲਰਿਆ ਪਿਆ ਸੀ ਤਹਿਖਾਨੇ ਦੇ ਫਰਸ਼ ਉੱਪਰ! ਇਕ ਲੀਰੋ ਲੀਰ ਹੋਇਆ ਸੌਣ ਵਾਲਾ ਗੱਦਾ ਗਿਆ ਸੀ ਖੂੰਜੇ ਵਿਚ। ਪੰਨੇ ਅੰਦਰਲੇ ਪਾਸੇ ਕੁੜੀ ਦੀ ਅਗਵਾ ਹੋਣ ਤੋਂ ਪਹਿਲਾਂ ਦੀ ਫੋਟੋ ਸੀ। ਭੋਲੀ ਭਾਲੀ ਕੁੜੀ ਦੀ ਸ਼ਕਲ ਵਿਚ ਉਸਨੂੰ ਜਿਵੇਂ ਕਿਸੇ ਹੋਰ ਦਾ ਭੁਲੇਖਾ ਪਿਆ ਤੇ ਉਸ ਨੂੰ ਇਕ ਝੁਣਝੁਣੀ ਆ ਗਈ। ਬਾਂਹ ਦੇ ਰੋਮ ਖੜ੍ਹੇ ਹੋ ਗਏ ਤੇ ਉਸ ਨੇ ਚਾਹ ਦਾ ਪਿਆਲਾ ਇਕ ਪਾਸੇ ਰੱਖ ਦਿੱਤਾ। ਮੇਜ਼ ਉੱਪਰ ਕੂਹਣੀਆਂ ਟਿਕਾ ਦੇ ਦੋਵੇਂ ਹੱਥਾਂ ਦੀਆਂ ਤਲੀਆਂ ਅੱਖਾਂ ਉੱਪਰ ਰੱਖ ਡੂੰਘੇ ਵਹਿਣਾਂ ਵਿਚ ਵਹਿ ਗਈ। ਪਿਛਲੇ ਚਹੁੰ ਪੰਜਾਂ ਸਾਲਾਂ ਤੋਂ ਉਹ ਇਉਂ ਹੀ ਕਰਦੀ ਆ ਰਹੀ ਸੀ। ਜਦੋਂ ਵੀ ਇਕੱਲੀ ਨੂੰ ਕਿਸੇ ਵਜਹਾ ਨਾਲ ਦਿਲ ਦੀਆਂ ਤੈਹਾਂ ਵਿਚ ਪਿਆ ਇਹ ਭੇਦ ਤੰਗ ਕਰਦਾ ਉਹ ਚਾਹ ਪੀਂਦੀ ਪੀਂਦੀ ਇਉਂ ਹੀ ਕਿੰਨੀ ਕਿੰਨੀ ਦੇਰ ਅੱਖਾਂ ਉੱਪਰ ਹੱਥ ਰੱਖ ਬੈਠੀ ਰਹਿੰਦੀ। ਮਾਂ ਦੇ ਇਹ ਬੋਲ "ਤੀਮੀਂ ਨੂੰ ਗਾਂ ਵਰਗਾ ਜਿਗਰਾ ਰੱਖਣਾ ਪੈਂਦਾ," ਬਾਰ ਬਾਰ ਉਸ ਦੇ ਕੰਨਾਂ ਵਿਚ ਆ ਟਕਰਾਉਂਦੇ ਤੇ ਮਨ ਦੇ ਹਨੇਰਿਆਂ ਵਿਚ ਉਹ ਗੁਆਚੀ ਗਾਂ ਵਾਂਗ ਭਟਕਦੀ ਰਹਿੰਦੀ।

ਭਰੇ ਹੋਏ ਮਨ ਨੂੰ ਹੋਰ ਪਾਸੇ ਪਾਉਣ ਲਈ ਉਹ ਬਹੁਤੀ ਵਾਰ ਦਿਨ ਵੇਲੇ ਕੰਮ ਕਾਰ ਮੁਕਾ ਟੀ . ਵੀ. ਲਾ ਬੈਠ ਜਾਂਦੀ। ਡੌਲੀ ਦੇ ਜੰਮਣ ਤੋਂ ਬਾਅਦ ਉਸ ਨੇ ਦੁਬਾਰਾ ਕੋਈ ਜੌਬ ਨਹੀਂ ਕੀਤੀ ਸੀ ਬਲਬੀਰ ਸਿੰਘ ਵੀ ਚਾਹੁੰਦਾ ਸੀ ਕਿ ਬੱਚੀਆਂ ਦੀ ਪਰਵਰਿਸ਼ ਚੰਗੀ ਤਰ੍ਹਾਂ ਹੋਵੇ ਤੇ ਉਹ ਖੁਦ ਵੀ ਬੱਚੀਆਂ ਨੂੰ ਇਕਲਾ ਨਹੀਂ ਸੀ ਛੱਡਣਾ



ਚਾਹੁੰਦੀ, ਮਤੇ ਕਿਤੇ ਫੇਰ ਉਸ ਦਿਨ ਵਾਂਗ...

'ਨਹੀਂ ਨਹੀਂ ਦੁਬਾਰਾ ਅਜਿਹਾ ਨਹੀਂ ਹੋ ਸਕਦਾ, ਹੁਣ ਤਾਂ ਧੀ ਦਾ ਵੀ ਵਿਆਹ ਹੋ ਚੁੱਕਾ, ਚਲੋ ਚੰਗਾ ਹੋਇਆ, ਐਧਰ ਉਧਰ ਮੂੰਹ ਮਾਰਨ ਤੋਂ ਤਾਂ ਬਾਜ ਆਇਆ ਹੋਵੇਗਾ। ਉਦੋਂ ਇੰਡੀਆ ਤੋਂ ਆਏ ਨੂੰ ਨਵੇਂ ਨਵੇਂ ਖੰਭ ਨਿਕਲੇ ਸੀ, ਖਬਰੇ ਮੇਰੀ ਅਕਲ ਤੇ ਕੀ ਪਰਦਾ ਪੈ ਗਿਆ, ਪੈਸੇ ਚੰਦਰੇ ਕੀ ਕਰਨੇ ਜੇ ਧੀ-ਪੁੱਤ ਦੀ ਸਿਹਤ ਈ ਠੀਕ ਨਾ ਰਹੇ... ਪਰ ਬਲਬੀਰ ਸਿੰਘ ਦਾ ਆਪਣੇ ਭਰਾ ਨਾ ਪਿਆਰ ਵੀ ਤਾਂ ਬਹੁਤ ਹੈ, ਕਿਵੇਂ ਦੱਸਦੀ ਉਸ ਨੂੰ? ਨਾਲੇ ਬੰਦੇ ਦਾ ਕਸੂਰ ਤਾਂ ਕੋਈ ਕੱਢਦਾ ਈ ਨੀ, ਹਰ ਕੋਈ ਤੀਮੀਂ 'ਚ ਈ ਨੁਕਸ ਕੱਢਦਾ। ਅੱਗੇ ਸੁਰਜੀਤ ਸਿੰਘ ਨੇ ਕੈਨੇਡਾ ਆਉਣ ਤੋਂ ਐਨੇ ਸਾਲ ਬਾਅਦ ਵੀ ਆਪਣੀ ਪਹਿਲੀ ਪਤਨੀ ਨੂੰ ਇੰਡੀਆ ਤੋਂ ਨਹੀਂ ਮੰਗਵਾਇਆ। ਜਦੋਂ ਉਹ ਇਹਨੂੰ ਉਡੀਕ ਉਡੀਕ ਕੇ ਮਰ ਖਪ ਗਈ ਤਾਂ ਝੱਟ ਉਥੇ ਜਾ ਕੇ ਹੋਰ ਵਿਆਹ ਕਰਵਾ ਆਇਆ। ਕਿਸੇ ਨੇ ਵੀ ਇਹਨੂੰ ਬੁਰਾ ਨਹੀਂ ਕਿਹਾ। ਹਰ ਕੋਈ ਇਹੀ ਕਹਿੰਦਾ ਸੀ ਕਿ ਪਹਿਲੀ ਤੀਮੀਂ ਹੀ ਨਿਕੰਮੀ ਸੀ, ਇਹਦਾ ਦਿਲ ਨਹੀਂ ਜਿੱਤ ਸਕੀ। ਉਧਰੋਂ ਨਵੀਂ ਜਿਠਾਣੀ ਨਿੰਦਰੋ ਦੇ ਕੈਨੇਡਾ ਆਉਂਦਿਆਂ ਹੀ ਉਪਰੋਥਲੀ ਦੋ ਮੁੰਡੇ ਜੰਮ ਪਏ। ਸਹੁਰੇ ਪਰਿਵਾਰ ਵਿਚ ਉਸਦੀ ਵਾਹ ਵਾਹ ਹੋ ਗਈ। ਭਾਵੇਂ ਨਿੰਦਰੋ ਉਸ ਤੋਂ ਉਮਰ ਵਿਚ ਛੋਟੀ ਹੀ ਸੀ ਪਰ ਜਿਠਾਣੀ ਹੋਣ ਦੇ ਨਾਤੇ ਆਪਣੇ ਆਪ ਨੂੰ ਹਮੇਸ਼ਾਂ ਵੱਡੇ ਥਾਂ ਦਰਸਾਉਂਦੀ। ਸੁਰਜੀਤ ਸਿੰਘ ਨੂੰ ਵੀ ਨਿੰਦਰੋ ਨੇ ਖੂਬ ਹੱਥਾਂ ਵਿਚ ਲੈ ਲਿਆ ਸੀ। ਉਸ ਦੀਮਾੜੀ ਨਾਂਹ ਨੁੱਕਰ ਦੇ ਬਾਵਜੂਦ ਆਪਣੇ ਭਾਣਜੇ ਰਣਧੀਰ ਨੂੰ ਕਿਸੇ ਤਰ੍ਹਾਂ ਅਡੋਪਟ ਕਰਕੇ ਕੈਨੇਡਾ ਮੰਗਵਾਉਣ ਦੇ ਕਾਗਜ਼ ਭਰਵਾ ਭੇਜੇ ਸਨ। ਸੋਲਾਂ ਸਤਾਰਾਂ ਨੂੰ ਢੁੱਕਿਆ ਧੀਰਾ ਤੇਰ੍ਹਾਂ ਸਾਲਾਂ ਦਾ ਕਹਿ ਕੇ ਇਧਰ ਲੰਘਾਇਆ ਸੀ। ਤਿੰਨ ਕੁ ਸਾਲ ਉਹਨਾਂ ਦੇ ਕੋਲ ਰਿਹਾ, ਫਿਰ ਕਿਧਰੇ ਟਰੱਕ ਆਦਿ ਚਲਾਉਣ ਲੱਗ ਗਿਆ ਤਾਂ ਧੀਰੇ ਕੋਲੋਂ ਕਾਗਜ਼ ਭਰਵਾ ਕੇ ਕੋਈ ਹੋਰ ਰਿਸ਼ਤੇਦਾਰ ਕੁੜੀ ਇਧਰ ਲੰਘਾ ਲਈ। ਤਲਾਕ ਦੀ ਕਾਗਜ਼ੀ ਕਾਰਵਾਈ ਮੁਕਾ ਕੇ ਧੀਰਾ ਹੁਣ ਕਿਸੇ ਹੋਰ ਤੀਵੀਂ ਨਾਲ ਰਹਿੰਦਾ ਸੀ, ਕਹਿੰਦੇ ਵਿਆਹ ਵੀ ਕਰਵਾ ਲਿਆ ਸੀ ਉਸ ਨਾਲ ਕਚਿਹਰੀ ਵਿਚ ਕਿਤੇ। ਨਿੰਦਰੋ ਪੂਰੀ ਗੱਲ ਕਿਹੜੀ ਕਿਸੇ ਦੇ ਪੱਲੇ ਪੈਣ ਦਿੰਦੀ ਆ, ਨਾਲੇ ਧੀਰੇ ਦੇ ਪੁੱਠੇ ਕੰਮਾਂ ਉਤੇ ਤਾਂ ਹਮੇਸ਼ਾਂ ਹੀ ਉਸਨੇ ਪਰਦੇ ਪਾਏ ਸਨ। ਸੁਰਜੀਤ ਸਿੰਘ ਤਾਂ ਊਂਈ ਦੂਸਰਾ ਵਿਆਹ ਹੋਣ ਕਰਕੇ ਜਾਂ ਖਬਰੇ ਉਮਰ ਦਾ ਫਰਕ ਹੋਣ ਕਰਕੇ ਉਸੇ ਦੇ ਮੂਹਰੇ ਮੂਲੋਂ ਹੀ ਨਾ ਕੁਸਕਦਾ।

ਟੀ.ਵੀ. 'ਤੇ ਦੁਪਹਿਰ ਦੀਆਂ ਖਬਰਾਂ ਆਰੰਭ ਹੋ ਚੁੱਕੀਆਂ ਸਨ। ਮੁੜ ਕਲ੍ਹ ਵਾਲੀ ਕੁੜੀ ਦੀ ਖਬਰ ਤੋਂ ਗੱਲ ਸ਼ੁਰੂ ਹੋਈ ਸੀ। ਵੀਹ ਸਾਲ ਪਹਿਲਾਂ ਉਸ ਮਾਸੂਮ ਦਾ ਉਧਾਲਾ ਕਰਨ ਵਾਲੇ ਦੋਸ਼ੀ ਨੇ ਹੁਣ ਜੇਲ੍ਹ ਵਿਚੋਂ ਆਪਣੀ ਰਿਹਾਈ ਲਈ ਪੈਰੋਲ ਬੋਰਡ ਕੋਲ ਅਰਜ਼ੀ ਕੀਤੀ ਹੈ। ਉਸ ਦੀ ਵਹਿਸ਼ੀਅਤ ਦਾ ਸ਼ਿਕਾਰ ਹੋਈ ਕੁੜੀ ਜੋ ਕਿ ਹੁਣ ਆਪਣਾ ਟੱਬਰ ਪਾਲਦੀ ਹੈ, ਵੱਲੋਂ ਇਹ ਅਰਜ਼ੀ ਨਾ ਮਨਜ਼ੂਰ ਕਰ ਦੇਣ ਦੇ ਲਈ ਅਪੀਲ ਕੀਤੀ ਹੈ। ਟੀ.ਵੀ. ਕੈਮਰੇ ਵਾਲੇ ਜਾਣ ਬੁੱਝ ਕੇ ਉਸ ਦਾ ਚਿਹਰਾ ਧੁੰਦਲਾ

ਕਰ ਰਹੇ ਹਨ, ਸਿਰਫ਼ ਉਸ ਦੀ ਆਵਾਜ਼ ਸਾਫ਼ ਸੁਣਾਈ ਦੇ ਰਹੀ ਹੈ। ਆਪਣਾ ਦਰਦਨਾਕ ਤਜਰਬਾ ਬਿਆਨ ਕਰਨ ਤੋਂ ਬਾਅਦ ਉਹ ਕਹਿੰਦੀ ਹੈ ਕਿ ਉਸ ਨੂੰ ਤਸੱਲੀ ਹੈ ਕਿ ਦੋਸ਼ੀ ਨੂੰ ਆਪਣੇ ਕੀਤੇ ਦੀ ਸਜ਼ਾ ਮਿਲ ਗਈ ਸੀ, ਪਰ ਉਸ ਵੱਲੋਂ ਰਿਹਾਈ ਲਈ ਕੀਤੀ ਗਈ ਅਰਜ਼ੀ ਸੁਣ ਕੇ ਉਸ ਨੂੰ ਡਰ ਹੈ ਕਿ ਉਹ ਜੇਲ੍ਹ ਵਿਚੋਂ ਨਿਕਲ ਕੇ ਉਸਨੂੰ ਤਲਾਸ਼ ਜ਼ਰੂਰ ਕਰੇਗਾ।

ਹੁਣ ਮਨੋਵਿਗਿਆਨ ਦਾ ਸਪੈਸ਼ਲਿਸਟ ਡਾਕਟਰ ਆਪਣੀ ਇੰਟਰਵਿਊ ਵਿਚ ਦੱਸ ਰਿਹਾ ਹੈ ਕਿ ਅਜਿਹੇ ਕਾਮ-ਵਾਸਨਾ ਦੇ ਭੁੱਖੇ ਵਿਅਕਤੀ ਦੇ ਸੁਧਰਨ ਦੀ ਘੱਟ ਹੀ ਉਮੀਦ ਹੁੰਦੀ ਹੈ, ਖਾਸ ਕਰਕੇ ਜੇ ਉਸ ਦੀ ਹਵਸ ਦਾ ਸ਼ਿਕਾਰ ਬਣੇ ਮਾਸੂਮ ਚੁੱਪ-ਚਾਪ ਮਾਨਸਿਕ ਤਸੀਹਾ ਬਰਦਾਸ਼ਤ ਕਰ ਲੈਣ ਤਾਂ ਸਗੋਂ ਉਸ ਦਾ ਹੋਰ ਮਾਸੂਮਾਂ ਨੂੰ ਸ਼ਿਕਾਰ ਬਣਾਉਣ ਦਾ ਹੌਂਸਲਾ ਹੋਰ ਵਧ ਜਾਂਦਾ ਹੈ।

ਝੁੰਜਲਾ ਕੇ ਉਸ ਨੇ ਟੀਵੀ ਬੰਦ ਕਰ ਦਿੱਤਾ ਤੇ ਅੱਖਾਂ ਮੂੰਦ ਕੇ ਕੌਂਸਲਰ ਨਾਲ ਹੋਈ ਆਪਣੀ ਗੱਲਬਾਤ ਬਾਰੇ ਸੋਚਣ ਲੱਗੀ। ਜਦੋਂ ਸਕੂਲ ਵਿਚ ਕੁੜੀ ਦਾ ਬਦਲਿਆ ਵਤੀਰਾ ਤੇ ਲਗਾਤਾਰ ਡਿਗ ਰਹੀ ਸਿਹਤ ਵੱਲ ਦੇਖ ਕੇ ਟੀਚਰ ਨੇ ਮਾਂ ਬਾਪ ਨੂੰ ਕੌਂਸਲਰ ਨਾਲ ਮਿਲਣ ਲਈ ਕਿਹਾ ਸੀ ਤਾਂ ਬਲਬੀਰ ਸਿੰਘ ਤੋਂ ਚੋਰੀ ਉਹ ਕੌਂਸਲਰ ਨੂੰ ਵੀ ਮਿਲ ਆਈ ਸੀ। ਉਹ ਵੀ ਇਹੋ ਕਹਿੰਦਾ ਸੀ ਕਿ ਜੇਕਰ ਅਜਿਹੇ ਵਿਅਕਤੀ ਨੂੰ ਆਪਣੇ ਕੀਤੇ ਦੀ ਸਜ਼ਾ ਨਾ ਮਿਲੇ ਤਾਂ ਇਕ ਤਾਂ ਉਸਦਾ ਹੌਂਸਲਾ ਹੋਰ ਵਧ ਜਾਂਦਾ ਹੈ ਤੇ ਦੂਸਰੇ ਉਸਦਾ ਸ਼ਿਕਾਰ ਬਣਿਆ ਮਾਸੂਮ ਅਕਸਰ ਨਾ ਤਾਂ ਮਾਨਸਿਕ ਤੌਰ 'ਤੇ ਤੰਦਰੁਸਤ ਰਹਿੰਦਾ ਹੈ ਤੇ ਨਾ ਹੀ ਸਰੀਰਕ ਤੌਰ 'ਤੇ। ਬਹੁਤ ਵਾਰੀ ਤਾਂ ਇਹ ਦੁੱਖ ਉਸਨੂੰ ਸਾਰੀ ਉਮਰ ਘੁਣ ਵਾਂਗ ਖਾਂਦਾ ਰਹਿੰਦਾ ਹੈ ਤੇ ਹਰ ਵਾਰ ਉਸ ਵਿਅਕਤੀ ਨਾਲ ਸਾਹਮਣਾ ਹੋਣ ਤੇ ਉਸਨੂੰ ਉਹ ਤਸੀਹਾ ਮੁੜ ਯਾਦ ਆਉਂਦਾ ਤੇ ਮਾਨਸਿਕ ਸੰਤੁਲਨ ਖਰਾਬ ਕਰਦਾ ਰਹਿੰਦਾ ਹੈ।

ਉਂਜ ਵੀ ਅੱਜਕੱਲ੍ਹ ਕਿੰਨੀਆਂ ਹੀ ਇਹੋ ਜਿਹੀਆਂ ਖਬਰਾਂ ਨਿਕਲ ਰਹੀਆਂ ਹਨ ਕਿ ਜੁਆਨ ਹੋ ਚੁੱਕੇ ਲੋਕ ਆਪਣੇ ਬਚਪਨ ਵਿਚ ਹੋਈਆਂ ਅਜਿਹੀਆਂ ਘਟਨਾਵਾਂ ਬਾਰੇ ਪੁਲਿਸ ਕੋਲ ਰਿਪੋਰਟਾਂ ਕਰ ਰਹੇ ਹਨ। ਪੁਲਿਸ ਕਈ ਕਈ ਸਾਲ ਪਹਿਲਾਂ ਕੀਤੇ ਇਨ੍ਹਾਂ ਜੁਰਮਾਂ ਦੇ ਦੋਸ਼ ਵਿਚ ਹੁਣ ਕਾਫੀ ਬੁੱਢੇ ਹੋ ਚੁੱਕੇ ਬੰਦਿਆਂ ਦੇ ਖਿਲਾਫ ਕਾਨੂੰਨੀ ਕਾਰਵਾਈਆਂ ਕਰ ਰਹੀ ਹੈ।

"ਉਦਾਂ ਇਹ ਗੋਰੇ ਗੋਰੀਆਂ ਨੂੰ ਕਿਹੜੀ ਕੋਈ ਸੰਗ-ਸ਼ਰਮ ਆ, ਝਟ ਦੇਣੀ ਗੱਲ ਕਹਿ ਦਿੰਦੇ ਆ, ਲੋਕ ਕੀ ਸੋਚਣਗੇ ਇਸ ਦੀ ਪ੍ਰਵਾਹ ਬਿਲਕੁਲ ਨੀ ਕਰਦੇ, ਪਰ ਅਸੀਂ ਕਿੱਦਾਂ ਐਨੇ ਬੇਸ਼ਰਮ ਬਣ ਜਾਈਏ... ਨਾਲੇ ਦੋਹਾਂ ਟੱਬਰਾਂ ਵਿਚ ਸਦਾ ਕਰਦੇ, ਕੀ ਬਣੂੰਗਾ ਜਦੋਂ ਸਾਰੇ ਲੋਕਾਂ ਨੂੰ ਇਸ ਗੱਲ ਬਾਰੇ ਪਤਾ ਲੱਗਿਆ? ...ਨਾਲੇ ਨਿੰਦਰੋ ਨੇ ਤਾਂ ਉਦਾਂ ਹੀ ਪੈਰਾਂ ਤੇ ਪਾਣੀ ਨੀ ਪੈਣ ਦੇਣਾ, ਉਹ ਤਾਂ ਉਦੋਂ ਈ ਅਸਮਾਨ ਨੂੰ ਟਾਕੀ ਲਾਉਣ ਤੱਕ ਜਾਂਦੀ ਸੀ ਜਦੋਂ ਉਸ ਦੇ ਮੁੰਡੇ ਦਾ ਬਰਥ ਡੇਅ ਸੀ ਤੇ ਕੇਕ ਕੱਟਣ ਵੇਲੇ ਕੁੜੀ ਧੀਰੇ ਨੂੰ ਸਾਹਮਣੇ ਦੇਖ ਚੁੱਪ-ਚਾਪ ਇਕ ਨੁਕਰੇ ਦੁਬਕ ਕੇ



ਬਹਿ ਗਈ ਸੀ। ਨਿੰਦਰੋ ਨੇ ਸਭ ਦੇ ਸਾਹਮਣੇ ਉਸ ਨੂੰ 'ਸ਼ੁਦੈਣ', 'ਬਦਮਿਜਾਜ਼', 'ਨਜ਼ਰਵੱਟ' ਤੇ ਹੋਰ ਪਤਾ ਨੀ ਕੀ ਕੀ ਕਿਹਾ ਸੀ ਕਿ ਇਹ ਮੇਰੇ ਨਿਆਣਿਆਂ ਨੂੰ ਦੇਖ ਕੇ ਰਾਜ਼ੀ ਨਹੀਂ। ਕੁੜੀ ਦੁਬਾਰਾ ਨਿੰਦਰੋ ਦੇ ਘਰ ਨਹੀਂ ਗਈ ਆਪਣੇ ਘਰ ਵੀ ਜੇ ਕੋਈ ਪ੍ਰਾਹੁਣੇ ਆਏ ਹੁੰਦੇ ਤਾਂ ਕਦੇ ਸਾਹਮਣੇ ਨਹੀਂ ਆਉਂਦੀ। ਚੁੱਪਚਾਪ ਆਪਣੇ ਕਮਰੇ ਵਿਚ ਵੜੀ ਰਹਿੰਦੀ। ਜੇ ਵਿਚਲੀ ਗੱਲ ਕਿਸੇ ਨੂੰ ਪਤਾ ਲੱਗੇ ਵੀ ਤਾਂ ਇਹਦਾ ਹੁਣ ਯਕੀਨ ਕਿਹਨੇ ਕਰਨਾ?" ਇਹ ਸਭ ਕੁਝ ਸੋਚ ਕੇ ਹੀ ਉਸ ਨੇ ਕੌਂਸਲਰ ਦੀ ਦਿੱਤੀ ਸਲਾਹ ਉੱਪਰ ਅਮਲ ਨਹੀਂ ਸੀ ਕੀਤਾ।

ਉਹ ਕਹਿੰਦਾ ਸੀ ਕਿ ਇਸ ਨੂੰ ਪਤਿਆ ਕੇ ਪੁੱਛੋ ਕਿ ਇਸ ਨੂੰ ਕਿਹਦੇ ਕੋਲੋਂ ਭੈਅ ਆਉਂਦਾ ਹੈ, ਜੇਕਰ ਨਹੀਂ ਦੱਸਦੀ ਤਾਂ ਕਿਸੇ ਮਨੋਵਿਗਿਆਨੀ ਨੂੰ ਦਿਖਾਉ। ਜੇਕਰ ਇਸ ਨੂੰ ਕਿਸੇ ਨੇ ਸਰੀਰਕ ਨੁਕਸਾਨ ਪਹੁੰਚਾਇਆ ਹੈ ਤਾਂ ਉਸ ਬਾਰੇ ਕਾਨੂੰਨੀ ਕਾਰਵਾਈ ਕਰੋ, ਪਰ ਪਹਿਲਾਂ ਇਹਨੂੰ ਪੂਰੀ ਤਰ੍ਹਾਂ ਪਿਆਰ ਨਾਲ ਪੁੱਛਣ ਦੀ ਕੋਸ਼ਿਸ਼ ਕਰੋ ਇਕ ਦੋਸਤ ਵਾਂਗ। ਪਰ ਉਹ ਕੁੜੀ ਨੂੰ ਪੁੱਛਦੀ ਵੀ ਕੀ ਜਦੋਂ ਕਿ ਕੁੜੀ ਨੇ ਖ਼ੁਦ ਅੱਖਰ ਅੱਖਰ ਰੋਂਦਿਆਂ ਹੋਇਆ ਉਸ ਨੂੰ ਆਪ ਦੱਸਿਆ ਸੀ। ਉਹ ਮੁੜ ਉਸ ਘੜੀ ਨੂੰ ਕੋਸਣ ਲੱਗ ਪੈਂਦੀ ਜਦੋਂ ਕੰਮ 'ਤੇ ਜਾਣ ਲੱਗਿਆਂ ਉਸ ਨੇ ਕੁੜੀ ਨੂੰ ਨਿੰਦਰੋ ਕੋਲ ਛੱਡਿਆ ਸੀ। ਪਰ ਉਸ ਨੂੰ ਵੀ ਕੀ ਪਤਾ ਸੀ ਕਿ ਨਿੰਦਰੋ ਅੱਧੇ-ਪੌਣੇ ਘੰਟੇ ਲਈ ਨਿਆਣਿਆਂ ਨੂੰ ਧੀਰੇ ਕੋਲ ਛੱਡ ਕੇ ਬਾਹਰੋਂ ਕੁਝ ਖਰੀਦਣ ਵਾਸਤੇ ਚਲੀ ਜਾਵੇਗੀ।... ਤੀਜੇ ਚੌਥੇ ਦਿਨ ਕਿੱਦਾਂ ਡਰੀ ਹੋਈ ਕੁੜੀ ਨੇ ਉਸ ਦੇ ਪੁੱਛਣ ਤੇ ਦੱਸਿਆ ਕਿ ਤਾਈ ਨਿੰਦਰੋ ਦੇ ਬਾਹਰ ਜਾਣ ਤੋਂ ਬਾਅਦ ਧੀਰਾ ਮੱਲੋ-ਮੱਲੀ ਉਸ ਨੂੰ ਹੇਠਾਂ ਬੇਸਮੈਂਟ ਵਿਚ ਲੈ ਗਿਆ.. ਇਸ ਤੋਂ ਅਗਾਂਹ ਉਸ ਵੇਲੇ ਨਾ ਤਾਂ ਉਸ ਕੋਲ ਪੁੱਛਣ ਦੀ ਹਿੰਮਤ ਸੀ ਤੇ ਨਾ ਕੁੜੀ ਕੋਲ ਦੱਸਣ ਦੀ...'ਬੱਸ ਚੁੱਪ ਕਰ ਮੇਰੀ ਧੀਅ, ਦੱਸੀਂ ਨਾ ਕਿਸੇ ਨੂੰ ਵੀ', ਉਸ ਨੇ ਕੁੜੀ ਨੂੰ ਤਸੱਲੀ ਦਿੰਦਿਆਂ ਕਿਹਾ।

'ਉਹ...ਉਹ ਕਹਿੰਦਾ ਸੀ ਤੈਨੂੰ...ਤੈਨੂੰ ਮਾਰ ਸਿਟੂੰਗਾ ਜੇ ਕਿਸੇ ਨੂੰ ਵੀ ਦੱਸਿਆ,' ਹਟਕੋਰੇ ਲੈਂਦੀ ਕੁੜੀ ਫਿਰ ਕੁਰਲਾਈ।

'ਆਪਾਂ ਹੁਣ ਉਨ੍ਹਾਂ ਦੇ ਘਰ ਈ ਨੀ ਜਾਣਾ, ਬੱਸ ਤੂੰ ਚੁੱਪ ਕਰਕੇ ਭੁੱਲ ਜਾ ਇਸ ਗੱਲ ਨੂੰ, ਆਪਣੇ ਸਕੂਲ ਵੀ ਕਿਸੇ ਨਾਲ ਇਸ ਬਾਰੇ ਗੱਲ ਨੀ ਕਰਨੀ।' ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਕੁੜੀ ਨੂੰ ਹੋਰ ਕਿਵੇਂ ਧਰਵਾਸ ਦੇਵੇ। ਕਈ ਦਿਨ ਬਾਅਦ ਵੀ ਕੁੜੀ ਨੂੰ ਉਸੇ ਤਰ੍ਹਾਂ ਬੁਝੀ ਬੁਝੀ ਦੇਖ ਉਸ ਨੂੰ ਫਿਕਰ ਪੈ ਗਿਆ ਕਿਧਰੇ ਕੁੜੀ ਬਲਬੀਰ ਸਿੰਘ ਕੋਲ ਨਾ ਗੱਲ ਕਰ ਦੇਵੇ। ਕੁੜੀ ਨੂੰ ਅਜਿਹਾ ਕਰਨੋਂ ਵਰਜਣ ਲਈ ਉਹ ਦੂਸਰਾ ਤਰੀਕਾ ਵਰਤਣ ਲੱਗੀ ਸੀ, 'ਹੁਣ ਏਦਾਂ ਦਾ ਮੂੰਹ ਲਟਕਾਇਆ ਹੋਇਆ, ਪਹਿਲਾਂ ਮੈਨੂੰ ਇਹ ਦੱਸ ਕਿ ਤੂੰ 'ਕੱਲੀ ਰਹਿ ਕਾਹਤੋਂ ਪਈ ਸੀ ਉਨ੍ਹਾਂ ਦੇ ਘਰ ਟੀਵੀ ਦੇਖਣ ਦੀ ਮਾਰੀ, ਤਾਈ ਨਾਲ ਕਿਉਂ ਨਾ ਚਲੀ ਗਈ, ਤੈਨੂੰ ਹੈਦਾਂ ਦੀ ਦੇਖਕੇ ਜੇ ਤੇਰੇ ਪਿਉ ਨੂੰ ਪਤਾ ਲੱਗ ਗਿਆ ਤਾਂ ਅੱਵਲ ਤਾਂ ਕਿਸੇ ਨੇ ਤੇਰਾ ਯਕੀਨ ਨੀ ਕਰਨਾ, ਜੇ ਜ਼ਿਆਦਾ ਰੌਲਾ ਪਾਇਆ ਤਾਂ ਪਿਉ ਤੇਰਾ ਤੇਰੇ ਤਾਏ ਨਾਲ ਲੜੂ, ਸਾਰੀ

ਦੁਨੀਆਂ ਵਿਚ ਤਮਾਸ਼ਾ ਦੇਖੂ...ਮੁੜ ਕੇ ਬਿਐਨਾ ਵੀ ਹੈ ਨਹੀਂ ਤੈਨੂੰ ਕਿਸੇ ਐਦਾਂ ਦੀ ਨੂੰ।'

ਉਸ ਦਿਨ ਤੋਂ ਬਾਅਦ ਪਿੰਕੀ ਬੱਸ ਸਮਝੋ ਮੁਰਝਾ ਹੀ ਗਈ। ਉਸ ਨੂੰ ਐਦਾਂ ਚੁੱਪ ਜਿਹੀ ਵੱਟੀ ਰਹਿੰਦੀ ਦੇਖ ਬਲਬਗੀ ਸਿੰਘ ਨੇ ਦੋ ਕੁ ਵਾਰੀ ਪੁੱਛਿਆ ਤਾਂ ਉਸ ਨੇ ਵਿਚ ਪੈ ਕੇ ਗੱਲ ਟਾਲ ਦਿੱਤੀ ਕਿ ਕੁੜੀ ਉੱਪਰ ਪੜ੍ਹਾਈ ਦਾ ਬੋਝ ਹੈ ਤੇ ਨਾਲੇ ਕੁੜੀਆਂ ਇਥੇ ਜ਼ਰਾ ਛੇਤੀ ਮੁਟਿਆਰਾਂ ਹੋਣ ਲੱਗ ਪੈਂਦੀਆਂ।

ਇਹ ਤਾਂ ਸ਼ੁਕਰ ਵਾਲੀ ਗੱਲ ਹੀ ਸੀ ਕਿਉਨ੍ਹਾਂ ਦਿਨਾਂ ਵਿਚ ਬਲਬੀਰ ਸਿੰਘ ਦੀ ਦਿਨ ਦੀ ਸ਼ਿਫਟ ਸੀ ਜਦੋਂ ਪਿੰਕੀ ਦੇ ਟੀਚਰ ਦਾ ਫੋਨ ਆਇਆ ਸੀ ਕਿ ਉਹ ਕਲਾਸ ਵਿਚ ਬੈਠੀ ਬੈਠੀ ਰੋਣ ਲੱਗ ਪੈਂਦੀ ਹੈ ਤੇ ਕਹਿੰਦੀ ਹੈ ਕਿ ਉਸਨੂੰ ਬਲੈਕ ਬੋਰਡ ਉੱਪਰ ਲਿਖੇ ਅੱਖਰ ਚੰਗੀ ਤਰ੍ਹਾਂ ਦਿਖਾਈ ਨਹੀਂ ਦਿੰਦੇ ਜਾਂ ਸਮਝ ਨਹੀਂ ਪੈਂਦੇ। ਟੀਚਰ ਨੇ ਇਹ ਵੀ ਦੱਸਿਆ ਕਿ ਪਿੰਕੀ ਦੀਆਂ ਸਹਿਪਾਠਣਾਂ ਨੇ ਉਸ ਕੋਲ ਸ਼ਿਕਾਇਤ ਕੀਤੀ ਸੀ ਕਿ ਕਦੀ ਕਦੀ ਤਾਂ ਉਹ ਉਨ੍ਹਾਂ ਨਾਲ ਬਹੁਤ ਜ਼ਿਆਦਾ ਨੇੜਤਾ ਦਿਖਾਉਂਦੀ ਹੈ ਪਰ ਕਦੀ ਕਦੀ ਐਵੇਂ ਨਿੱਕੀ ਜਿਹੀ ਗੱਲ ਤੋਂ ਵਿਗੜ ਜਾਦੀ ਹੈ।

ਜਦੋਂ ਉਸ ਨੇ ਇਹ ਸਾਰੀਆ ਗੱਲਾਂ ਪਿੰਕੀ ਨੂੰ ਨਾਲ ਲੈ ਕੇ ਡਾਕਟਰ ਨਾਲ ਕੀਤੀਆਂ ਤਾਂ ਉਸ ਨੇ ਅੱਖਾਂ ਚੈਕ ਕਰਨ ਤੋਂ ਇਲਾਵਾ ਇਹ ਪੁੱਛਿਆ ਕਿ ਕੀ ਉਸ ਦੇ ਮਨ ਉੱਪਰ ਕਿਸੇ ਗੱਲ ਦਾ ਡਰ ਜਾਂ ਭਾਰ ਹੈ। ਡਾਕਟਰ ਨੂੰ ਵੀ ਇਹ ਕਹਿ ਕੇ ਗੱਲ ਮੁਕਾ ਆਈ ਕਿ ਕਿਸੇ ਰਿਸ਼ਤੇਦਾਰ ਮੁੰਡੇ ਦੀ ਪਿੰਕੀ ਨਾਲ ਲੜਾਈ ਹੋ ਗਈ ਤੇ ਉਸ ਨੇ ਝੂਠੀ-ਮੂਠੀ ਇਸ ਨੂੰ ਮਾਰ ਸਿੱਟਣ ਦਾ ਡਰਾਵਾ ਦੇ ਦਿੱਤਾ ਜਿਸ ਨੂੰ ਇਹ ਸੱਚ ਸਮਝ ਬੈਠੀ।

ਆਪਣੇ ਚਿੱਤੋਂ ਤਾਂ ਉਸ ਨੇ ਗੱਲ ਆਈ-ਗਈ ਕਰ ਦਿੱਤੀ ਪਰ ਕੁੜੀ ਦੇ ਮਨੋਂ ਇਹ ਗੱਲ ਬਿਲਕੁਲ ਨਾ ਨਿਕਲੀ। 'ਕੌਣ ਵਸਾਉਂਦਾ ਇਹੋ ਜਿਹੇ ਪਿੰਜਰ ਨੂੰ ਆਪਣੇ ਘਰ?' ਇਹ ਗੱਲ ਹੁਣ ਉਸ ਨੂੰ ਵੀ ਹਰ ਵੇਲੇ ਤੋੜ ਤੋੜ ਖਾਂਦੀ। ਘਰ ਤਾਂ ਪਹਿਲਾ ਵਸਦੇ ਈ ਟੁੱਟੀ ਜਾਂਦੇ ਆ, ਅੱਜਕਲ੍ਹ ਵਿਆਹਾਂ ਦਾ ਕੀ ਵਿਸਾਹ ਆ, ਖੁਰੇ ਕੀ ਹੋ ਗਿਆ ਜ਼ਮਾਨੇ ਨੂੰ? ਵਿਚਾਰੀ ਸਤਵੰਤ ਦਾ ਹਾਲ ਈ ਦੇਖ ਲਉ... ਪਹਿਲਾ ਆਦਮੀ ਇਸ ਕਰਕੇ ਸ਼ਰਾਬ ਪੀ ਪੀ ਕੇ ਮਰ ਗਿਆ ਕਿ ਇਹਦੇ ਤਿੰਨ ਕੁੜੀਆਂ ਈ ਜੰਮ ਪਈਆਂ, ਮੁੰਡਾ ਨਹੀਂ ਹੋਇਆ। ਫਿਰ ਤਿੰਨਾਂ ਸਾਲਾਂ ਬਾਅਦ ਜਦੋਂ ਸਤਵੰਤ ਨੇ ਆਪਣੇ ਕਿਸੇ ਮਰਜ਼ੀ ਦੇ ਬੰਦੇ ਨਾਲ ਵਿਆਹ ਕਰਵਾਇਆ ਤਾਂ ਲੋਕਾਂ ਦੀਆਂ ਗੱਲਾਂ ਤੋਂ ਬਚਣ ਲਈ ਕਿਸੇ ਹੋਰ ਸ਼ਹਿਰ ਵੱਸਣ ਲੱਗੀ। ਪਰ ਭਾਈ...ਪਿੱਛੇ ਜਿਹੇ ਕਿਸੇ ਤੋਂ ਪਤਾ ਲੱਗਾ ਸੀ ਕਿ ਉਹ ਵੀ ਖਬਨੀ ਇਹਨੂੰ ਕੁੱਟਦਾ ਮਾਰਦਾ ਰਹਿੰਦਾ...।

"ਟਰਰਰਰਰਨ..." ਫੋਨ ਦੀ ਘੰਟੀ ਨੇ ਉਸ ਦੇ ਵਿਚਾਰਾਂ ਦੀ ਲੜੀ ਨੂੰ ਤੋੜਿਆ। ਸਤਵੰਤ ਹੀ ਬੋਲ ਰਹੀ ਸੀ।

"ਤੈਨੂੰ ਅੱਜ ਕਿੱਦਾਂ ਸਾਡਾ ਚੇਤਾ ਆ ਗਿਆ?" ਉਸ ਨੇ ਲਗਪਗ ਸਤਵੰਤ ਨੂੰ ਮਿਹਣਾ ਹੀ ਮਾਰਿਆ।

"ਦੇਖ ਲੈ, ਤੂੰ ਆਪ ਤਾਂ ਕਦੀ ਫੋਨ ਨਹੀਂ ਕੀਤਾ, ਮੈਂ ਕਿਹਾ ਮੈਂ ਹੀ ਕਰ



ਲਵਾਂ।"

"ਸਾਡੇ ਸ਼ਹਿਰ ਕਦੋਂ ਆਉਣਾ?" ਉਸ ਨੇ ਪੁੱਛਿਆ।

"ਜਦੋਂ ਕਹੇਂ...।"

"ਮੇਰੇ ਵੱਲੋਂ ਕੱਲ੍ਹ ਨੂੰ ਆ ਜਾ।"

"ਤੂੰ ਸੱਚੇ ਦਿਲੋਂ ਕਹਿ।"

"ਹੋਰ ਮੈਂ ਝੂਠੇ ਦਿਲੋਂ ਕਹਿੰਨੀ ਆਂ..ਮੇਰਾ ਤੇਰੇ ਨਾਲ ਬਹੁਤ ਗੱਲਾਂ ਕਰਨ ਨੂੰ ਦਿਲ ਕਰਦਾ।"

"ਜੇ ਐਨਾ ਦਿਲ ਕਰਦਾ ਸੀ ਤਾਂ ਮੈਨੂੰ ਫੋਨ ਕਰ ਲੈਂਦੀ।"

"ਫੋਨ 'ਤੇ ਉਹ ਗੱਲ ਨੀ ਬਣਦੀ।"

"ਚੰਗਾ ਮੈਂ ਆ ਜਾਨੀ ਆਂ ਤੈਨੂੰ ਮਿਲਣ, ਜੇ ਕੱਲ੍ਹ ਨਾ ਆਈ ਤਾਂ ਪਰਸੋਂ ਆਊਂ।"

"ਇਹਦਾ ਮਤਲਬ ਨੂੰ ਪਹਿਲਾਂ ਈ ਇਥੇ ਆਈ ਹੋਈ ਏਂ।"

"ਇੱਦਾਂ ਈ ਸਮਝ ਲੈ," ਕਹਿ ਕੇ ਸਤਵੰਤ ਨੇ ਫੋਨ ਰੱਖ ਦਿੱਤਾ।

ਅੱਜ ਐਤਵਾਰ ਸੀ, ਧੁੱਪ ਵੀ ਬੜੀ ਵਧੀਆ ਨਿਕਲੀ ਸੀ। ਦੁਪਹਿਰ ਕੁ ਵੇਲੇ ਸੁਰਜੀਤ ਸਿੰਘ ਦਾ ਫੋਨ ਆ ਗਿਆ ਕਿ ਸਾਰੇ ਜਣੇ ਇਧਰ ਆ ਜਾਉ, ਸ਼ਾਮ ਦੀ ਰੋਟੀ ਇਥੋਂ ਈ ਖਾਵਾਂਗੇ। ਬਲਬੀਰ ਸਿੰਘ ਤਾਂ ਉਸ ਕੁ ਵੇਲੇ ਹੀ ਉਧਰ ਚਲਾ ਗਿਆ ਆਪਣਾ ਟੂਲ ਬਕਸ ਚੱਕੇ, ਸੁਰਜੀਤ ਦੇ ਘਰ ਕੁੱਝ ਮੁਰੰਮਤ ਕਰਨ ਵਾਲਾ ਸੀ।

"ਮੈਂ ਨਿਆਣਿਆਂ ਨੂੰ ਲੈ ਕੇ ਸ਼ਾਮ ਨੂੰ ਆ ਜਾਊਂ, ਡੌਲੀ ਨੇ ਅਜੇ ਹੋਮ ਵਰਕ ਕਰਨਾ।" ਜਾਣ ਲੱਗੇ ਬਲਬੀਰ ਸਿੰਘ ਨੂੰ ਉਸ ਨੇ ਕਹਿ ਦਿੱਤਾ।

ਪਿੰਕੀ ਕਿਸੇ ਸਹੇਲੀ ਵੱਲ ਗਈ ਹੋਈ ਸੀ ਗੁਆਂਢ ਵਿਚ। ਉਸ ਨੇ ਕੱਪੜਿਆਂ ਦੇ ਲੋਡ ਵਿਚ ਸਾਬਨ ਪਾ ਕੇ ਮਸ਼ੀਨ ਚਲਾ ਦਿੱਤੀ। ਦਰਵਾਜ਼ੇ ਉੱਪਰ ਘੰਟੀ ਹੋਈ...।

"ਦੇਖ ਲੈ ਜਿਨ੍ਹਾਂ ਨੂੰ ਦਿਲਾਂ ਨਾਲ ਰਾਹ ਹੁੰਦੀ ਆ, ਆਪ ਚੱਲ ਕੇ ਘਰ ਆਉਂਦੇ ਆ," ਸਤਵੰਤ ਨੇ ਉਸ ਨੂੰ ਜੱਫੀ ਵਿਚ ਘੁੱਟਦਿਆਂ ਕਿਹਾ।

"ਕੋਈ ਫੋਨ-ਫਾਨ ਈ ਨੀ ਆਇਆ ਤੇਰਾ ਜਦੋਂ ਦੀ ਇੱਥੋਂ ਗਈ ਆਂ," ਉਸ ਨੇ ਚਾਹ ਪੀਂਦਿਆਂ ਗਿਲਾ ਕੀਤਾ।

"ਫੋਨ ਕੀ ਕਰਦੀ ਭੈਣੇ? ਜੇ ਮਨ ਸੁਖੀ ਹੋਵੇ ਫੋਨ ਕਰਨ ਨੂੰ ਵੀ ਦਿਲ ਤਦੇ ਕਰਦਾ।"

"ਨਾਂਹ ਹੁਣ ਕੀ ਹੋਇਆ? ਇਹ ਵੀ ਕੁੱਟਦਾ ਮਾਰਦਾ ਤੈਨੂੰ?" ਉਸ ਨੇ ਹੈਰਾਨੀ ਨਾਲ ਪੁੱਛਿਆ।

ਕੁੱਟਣਾ ਕੀ ਆ ਮੈਨੂੰ, ਐਮੀਂ ਕੁੜੀਆਂ ਨੂੰ ਹੈਤ ਹੂਤ...।"

"ਚੱਲ ਐਨਾ ਕੁ ਤਾਂ ਮਾਪਾ ਕਰਦਾ ਈ ਆ...ਤੈਨੂੰ ਤਾਂ ਸਗੋਂ ਖੁਸ਼ ਹੋਣਾ ਚਾਹੀਦਾ ਕਿ ਮਤ੍ਰੇਆ ਪਿਉ ਹੋ ਕੇ ਵੀ ਇਨ੍ਹਾਂ ਦਾ ਖਿਆਲ ਰੱਖਦਾ।"

"ਆਹੋ ਖਿਆਲ ਰੱਖਦਾ, ਮੇਰੇ ਤੋਂ ਜ਼ਿਆਦਾ ਖਿਆਲ ਤਾਂ ਉਹਦਾ ਮੇਰੀਆਂ

ਕੁੜੀਆਂ ਵਿਚ ਈ ਰਹਿੰਦਾ," ਕਹਿੰਦਿਆਂ ਸਤਵੰਤ ਦੀ ਆਵਾਜ਼ ਜ਼ਰਾ ਭਾਰੀ ਹੋ ਗਈ।

"ਕੀ ਮਤਲਬ ਤੇਰਾ...?" ਚਾਹ ਦਾ ਘੁੱਟ ਜਿਵੇਂ ਉਸ ਦੇ ਸੰਘ ਵਿਚ ਹੀ ਅੜ ਗਿਆ।

"ਮਤਲਬ ਜੋ ਮਰਜ਼ੀ ਸਮਝ ਲੈ...," ਸਤਵੰਤ ਨੇ ਅੱਖਾਂ ਪੂੰਝਦਿਆਂ ਕਿਹਾ, "ਵੱਡੀ ਕੁੜੀ ਜੇ ਤੂੰ ਹੁਣ ਦੇਖੇਂ ਤਾਂ ਮੇਰੇ ਜਿੱਡੀ ਹੋਣ ਵਾਲੀ ਆ।"

"ਆਹੋ ਸਾਡੀ ਡੌਲੀ ਤੋਂ ਡੇਢ ਸਾਲ ਵੱਡੀ ਆ...।"

"ਪਹਿਲਾਂ ਤਾਂ ਕਈ ਦਿਨ ਚੁੱਪ-ਗੜੁੱਪ ਜਿਹੀ ਰਹਿਣ ਲੱਗ ਪਈ, ਫਿਰ ਇਕ ਦਿਨ ਇਕੱਲੀ ਨੂੰ ਮੈਂ ਪਿਆਰ ਨਾਲ ਪੁੱਛਿਆ ਤਾਂ ਕਹਿੰਦੀ ਕਿ ਮੰਮੀ, ਜੇ ਤੂੰ ਇਸੇ ਹਸਬੈਂਡ ਨਾਲ ਰਹਿਣਾ ਤਾਂ ਮੈਂ ਘਰੋਂ ਦੌੜ ਜਾਣਾ...।"

"ਹੈਂਅ...! ਲੈ ਦੱਸ, ਭਾਈ ਨਿਆਣੇ ਇੱਥੇ ਜਿੱਦਾਂ ਆਲੇ-ਦੁਆਲੇ ਦੇਖਦੇ ਆ ਉਦਾਂ ਈ ਸੋਚਦੇ ਆ," ਉਸ ਨੇ ਖਾਲੀ ਕੱਪ ਮੇਜ਼ ਤੋਂ ਚੁੱਕਦਿਆਂ ਕਿਹਾ।

"ਆਹੋ ਭੈਣ, ਆਪਾਂ ਸਾਰੇ ਨਿਆਣਿਆਂ ਦਾ ਈ ਕਸੂਰ ਕੱਢਦੇ ਆਂ ਤੇ ਖਾਸ ਕਰ ਕੁੜੀਆਂ ਦਾ, ਬੰਦੇ ਦੇ ਨੁਕਸ ਸਾਨੂੰ ਕਾਹਨੂੰ ਦੀਂਹਦੇ ਆ! ਤੈਨੂੰ ਤਾਂ ਪਤਾ ਈ ਆ ਅੱਗੇ ਜਦੋਂ ਇਨ੍ਹਾਂ ਦਾ ਸਕਾ ਪਿਉ ਸ਼ਰਾਬ ਪੀ ਕੇ ਡਿੱਗਿਆ ਰਹਿੰਦਾ ਸੀ ਤਾਂ ਲੋਕ ਮੇਰੇ ਵਿਚ ਈ ਨੁਕਸ ਦੱਸਦੇ ਸੀ ਪਈ ਇਹਦੇ ਮੁੰਡਾ ਨੀ ਹੁੰਦਾ ਕਰਕੇ ਉਹ ਸ਼ਰਾਬ ਪੀਂਦਾ। ਹੁਣ ਜੇ ਮਰੀ ਕੁੜੀ ਨੇ ਸਤ ਕੇ ਪੁਲਿਸ ਨੂੰ ਫੋਨ ਕਰ ਦਿੱਤਾ ਤਾਂ ਵੀ...।"

"ਪੁਲਿਸ ਨੂੰ ਕਿਉਂ ਫੋਨ ਕਰ ਦਿੱਤਾ?" ਉਸ ਨੇ ਵਿਚੋਂ ਹੀ ਗੱਲ ਕੱਟ ਕੇ ਪੁੱਛਿਆ।

"ਜਿੱਦਣ ਦੀ ਕੁੜੀ ਨੇ ਘਰੋਂ ਚਲੇ ਜਾਣ ਦੀ ਗੱਲ ਕੀਤੀ ਸੀ ਤਾਂ ਮੈਂ ਆਪਣੇ ਚਿੱਤੋਂ ਤਾਂ ਉਹਨੂੰ ਸਮਝਾ-ਬੁਝਾ ਦਿੱਤਾ ਸੀ ਕਿ ਤੇਰੇ ਡੈਡੀ ਨਾਲ ਮੈਂ ਆਪ ਗੱਲ ਕਰੂੰਗੀ। ਹੈਦਾਂ ਈ ਸੋਚਦੀ-ਕਰਦੀ ਨੂੰ ਕਈ ਦਿਨ ਲੰਘ ਗਏ... ਉਸ ਦਿਨ ਮੈਂ ਘਰ ਸੀ, ਕੁੜੀ ਕਿਤੇ ਸਕੂਲੋਂ ਪਹਿਲਾਂ ਘਰ ਆ ਗਈ। ਇਹ ਵੀ ਘਰੇ ਈ ਸੀ। ਪਹਿਲਾਂ ਤਾਂ ਜਦੋਂ ਕੁੜੀ ਆਪਣੇ ਬੈਡਰੂਮ ਵਿਚ ਕੱਪੜੇ ਬਦਲਣ ਵੜੀ ਤਾਂ ਮੱਲੋ-ਮੱਲੀ ਇਹ ਵੀ ਮਗਰ ਈ ਵੜ ਗਿਆ ਅਖੇ ਮੈਂ ਤੇਰੀ ਹੈਲਪ ਕਰਦਾਂ ਕੱਪੜੇ ਬਦਲਣ ਲਈ। ਕੁੜੀ ਨੇ ਕਿਹਾ, ਮੈਨੂੰ ਹੈਲਪ ਨਹੀਂ ਚਾਹੀਦੀ, ਤੁਸੀਂ ਮੇਰੇ ਕਮਰੇ ਵਿਚੋਂ ਬਾਹਰ ਨਿਕਲ ਜਾਉ, ਤਾਂ ਇਹ ਬਹਾਨੇ ਨਾਲ ਕੁੜੀ ਨੂੰ ਕੁੱਟਣ ਲੱਗ ਗਿਆ ਕਿ ਤੂੰ ਮੇਰੇ ਸਾਹਮਣੇ ਬੋਲਦੀ ਆਂ। ਕਦੀ ਕਹੇ, ਤੂੰ ਸਕੂਲੋਂ ਪਹਿਲਾਂ ਘਰ ਆ ਗਈ ਆਂ ਜ਼ਰੂਰ ਉਥੇ ਕੋਈ ਪ੍ਰਾਬਲਮ ਕਰਕੇ ਆਈ ਹੋਣੀ ਆਂ! ਕਦੀ ਕਹੇ, ਤੂੰ ਟੈਮ ਨਾਲ ਨਹਾਉਂਦੀ ਨੀ, ਤੇਰੇ ਕੱਪੜਿਆਂ 'ਚੋਂ ਸਮੈਲ ਆਉਂਦੀ ਆ ਤੇ ਉਸ ਦੇ ਕੱਪੜੇ ਲਾਹੁਣ ਦੀ ਕੋਸ਼ਿਸ਼ ਕਰਨ ਲੱਗਾ.. ਤਦ ਨੂੰ ਮੈਂ ਘਰ ਆ ਗਈ ਕੁਦਰਤੀ। ਜਦੋਂ ਮੈਂ ਕਿਹਾ ਕਿ ਤੂੰ ਕੁੜੀ ਦੇ ਕੱਪੜਿਆਂ ਨੂੰ ਕਿਉਂ ਹੱਥ ਲਾਇਆ ਤਾਂ ਇਹਨੇ ਮੇਰੇ ਕਈ ਜੜ ਦਿੱਤੀਆਂ ਕਿ ਤੂੰ ਨਿਆਣਿਆਂ ਨੂੰ ਜਾਣ-ਬੁੱਝ ਕੇ ਮੇਰੇ ਤੋਂ ਦੂਰ ਰਹਿਣ ਦੀ ਸਿੱਖਿਆ ਦਿੰਦੀ ਆ। ਐਨੇ



ਚਿਰ ਨੂੰ ਕੁੜੀ ਨੇ ਪੁਲਿਸ ਨੂੰ ਫੋਨ ਕਰ ਦਿੱਤਾ।"

"ਫੇਰ ਕੀ ਹੋਇਆ?"

"ਫੇਰ ਕੀ ਹੋਣਾ ਸੀ, ਪੁਲਿਸ ਨੇ ਇਹਦੇ ਉੱਪਰ ਚਾਰਜ ਲਾ ਦਿੱਤਾ ਤੇ ਮੈਂ ਗੱਲ ਅਗਾਂਹ ਵਧਣ ਦੇ ਡਰੋਂ ਨਿਆਣੇ ਨਾਲ ਲੈ ਕੇ ਇੱਥੇ ਆ ਗਈ..ਪੁਲਿਸ ਨੇ ਮੈਨੂੰ ਆਹ ਫੋਨ ਨੰਬਰ ਦਿੱਤਾ ਕਿ ਜੇ ਇਹ ਫੇਰ ਤੁਹਾਨੂੰ ਬੌਦਰ ਕਰਦੈ ਤਾਂ ਸਾਨੂੰ ਦੱਸਿਉ। ਇਹ ਕੋਈ ਸਪੈਸ਼ਲ ਬਰਾਂਚ ਆ ਪੁਲਿਸ ਦੀ ਜਿਹੜੀ ਐਦਾਂ ਦੇ ਬੰਦਿਆਂ ਦਾ ਪਤਾ ਲਗਾਉਂਦੀ ਆ ਤੇ ਕੇਸ ਚਲਾਉਂਦੀ ਆ ਉਨ੍ਹਾਂ ਉੱਪਰ,"ਕਹਿੰਦਿਆਂ ਸਤਵੰਤ ਨੇ ਪਰਸ ਵਿਚੋਂ ਕੱਢ ਕੇ ਇਹ ਕਾਰਡ ਉਸ ਨੂੰ ਦਿਖਾਇਆ।

"ਚੱਲ ਛੱਡ ਮੇਰੀਆਂ, ਤੂੰ ਆਪਣਾ ਸੁਣਾ, ਮੈਨੂੰ ਤੂੰ ਅੱਗੇ ਨਾਲੋਂ ਮਾੜੀ ਹੋਈ ਲੱਗਦੀ ਆਂ," ਸਤਵੰਤ ਨੇ ਉਸ ਨੂੰ ਸੋਚਾਂ ਵਿਚ ਪਈ ਦੇਖ ਰਿਹਾ।

"ਸੋਚਾਂ 'ਚ ਕੀ ਪੈਣਾ ਭੈਣੇ, ਤੀਮੀਂ ਦੀ ਜ਼ਿੰਦਗੀ ਐਦਾਂ ਈ ਲੰਘ ਜਾਂਦੀ ਆ ਕਈ ਚੰਗੀਆਂ ਮਾੜੀਆਂ ਮਨਾਂ ਵਿਚ ਘੁੱਟ ਕੇ...ਜਿੱਦਾਂ ਹੁਣ ਤੇਰਾ ਪਹਿਲਾ ਆਦਮੀ ਦਾਰੂ ਪੀ ਕੇ ਤੈਨੂੰ ਕੁੱਟਦਾ ਹੁੰਦਾ ਸੀ ਤੇ ਇਹ ਤੇਰੀ ਕੁੜੀ ਨੂੰ ਹੈਦਾਂ,.. ਸਾਡੀ ਮਾਂ ਸਾਡੀ ਚਾਚੀ ਨੂੰ ਕਹਿੰਦੀ ਹੁੰਦੀ ਸੀ ਕਿ ਤੀਮੀਂ ਜਾਤ ਰੱਬ ਨੇ ਦੁੱਖ ਭੋਗਣ ਲਈ ਈ ਬਣਾਈ ਆ... ਸਾਡਾ ਚਾਚਾ ਵਿਚਾਰੀ ਨੂੰ ਕੁੱਟਦਾ ਹੁੰਦਾ ਸੀ ਜਦੋਂ ਤੋਂ ਉਹ ਦੂਜੀ ਕੁੜੀ ਜੰਮੀ ਸੀ। ਬੱਸ ਐਮੀਂ ਕੋਈ ਨਾ ਕੋਈ ਬਹਾਨਾ ਬਣਾ ਲੈਣਾ ਚਾਚੇ ਨੇ। ਸਾਡੀ ਮਾਂ ਨੇ ਕਈ ਵਾਰੀ ਮਿੰਨਤਾਂ ਕਰਨੀਆਂ ਚਾਚੇ ਦੀਆਂ...ਵੇ ਜੋਗਿਆ, ਤੀਮੀਂ ਦਾ ਤੇ ਗਾਂ ਦਾ ਕੀ ਮਾਰਨਾ, ਦੋਨਾਂ ਨੇ ਕਿਹਾੜਾ ਮੋਹਰਿਉਂ ਕੁਸਕਣਾ। ਕਾਹਨੂੰ ਗਰੀਬਣੀ ਨੂੰ ਮਾਰ ਕੇ ਪਾਪ ਖੱਟਦਾ...ਕਦੀ ਮਾਂ ਨੇ ਸਾਡੀ ਚਾਚੀ ਨੂੰ ਸਮਝਾਉਣਾ ਕਿ ਤੀਮੀਂ ਨੂੰ ਗਾਂ ਵਰਗਾ ਜਿਗਰਾ ਰੱਖਣਾ ਪੈਂਦਾ", ਉਸ ਨੇ ਆਪਣੇ ਵੱਲੋਂ ਸਤਵੰਤ ਦਾ ਧੀਰਜ ਬੰਨ੍ਹਾਇਆ।

"ਬਸ ਹੈਦਾਂ ਦੀ ਸਿੱਖਿਆ ਤੇ ਲੋਕਾਚਾਰੀ ਮਗਰ ਲੱਗ ਕੇ ਈ ਤੇਰੇ-ਮੇਰੇ ਵਰਗੀਆਂ ਹੱਡ ਤੁੜਾਉਂਦੀਆਂ ਤੇ ਚੁੱਪ ਕੀਤੀਆਂ ਰਹਿੰਦੀਆਂ ਸਾਰੀ ਉਮਰ ਕਿੱਲੇ ਬੱਝੀ ਮੱਝ-ਗਾਂ ਵਾਂਗਰ।"

"ਹੋਰ ਕਰਨ ਵੀ ਕੀ?"

"ਐਥੇ ਤਾਂ ਕਈ ਤਰ੍ਹਾਂ ਦੀ ਮਦਦ ਮਿਲ ਜਾਂਦੀ ਆ...।"

"ਮਦਦ ਤਾਂ ਮਿਲ ਜਾਂਦੀ ਹੋਊ ਪਰ ਲੋਕਾਂ ਦੀ ਸ਼ਰਮ ਦਾ ਕੀ ਕਰੀਏ? ਨਾਲੇ ਤੀਮੀਂ ਦੇ ਕਹੇ ਦ ਯਕੀਨ ਕੌਣ ਕਰਦਾ?"

"ਕਰਨ ਵਾਲੇ ਕਰਦੇ ਈ ਆ, ਕੋਰਟਾਂ ਕਰਦੀਆਂ, ਹੋਰ ਕਈ ਤਰੀਕੇ ਹੈਗੇ ਨਜਿੱਠਣ ਦੇ, ਪਰ ਆਪਾਂ ਕਿੱਦਾਂ ਕਰ ਸਕਦੀਆਂ? ਆਪਾਂ ਤਾਂ ਮੱਝਾਂ-ਗਾਵਾਂ ਹੋਈਆਂ, ਗੱਲ ਦੀ ਧੂੰਅ ਵੀ ਕਿੱਦਾਂ ਘਰੋਂ ਬਾਹਰ ਨਿਕਲਣ ਦੇਵਾਂਗੀਆਂ?" ਸਤਵੰਤ ਨੇ ਵਿਅੰਗ ਨਾਲ ਕਿਹਾ।

"ਪਰ ਤੈਨੂੰ ਇਕ ਗੱਲ ਦੱਸਾਂ," ਉਸ ਨੂੰ ਚੁੱਪ ਦੇਖ ਕੇ ਸਤਵੰਤ ਨੇ ਕਹਿਣਾ

ਚਾਲੂ ਰੱਖਿਆ, "ਜਦੋਂ ਮੇਰਾ ਛੋਟਾ ਭਰਾ ਜੰਮਿਆ ਸੀ ਤਾਂ ਸਾਡੇ ਘਰ ਇਕ ਸੂਣ ਵਾਲੀ ਗਾਂ ਲਿਆਂਦੀ ਸੀ, ਉਦਾਂ ਤਾਂ ਘਰ ਹੋਰ ਲਵੇਰਾ ਸੀ ਪਰ ਕਿਸੇ ਨੇ ਦੱਸਿਆ ਕਿ ਗਾਂ ਦਾ ਦੁੱਧ ਮੁੰਡਿਆਂ ਲਈ ਚੰਗਾ ਹੁੰਦਾ। ਸਾਡੇ ਭਾਈਏ ਨੂੰ ਉਮੀਦ ਸੀ ਕਿ ਗਾਂ ਵੱਛਾ ਦੇਵੇਗੀ ਤੇ ਉਹ ਵੱਡਾ ਹੋ ਕੇ ਖੇਤੀ ਦੇ ਕੰਮ ਆਊ। ਪਰ ਗਾਂ ਨੇ ਦੇ ਦਿੱਤੀ ਵੱਛੀ। ਜਦੋਂ ਉਹ ਜ਼ਰਾ ਕੁ ਵੱਡੀ ਹੋਈ ਤਾਂ ਭਾਈਆ ਕਹਿੰਦਾ, ਇਹਨੂੰ ਪਿੰਡ ਦੇ ਬਾਹਮਣ ਨੂੰ ਦਾਨ ਕਰ ਦਿਉ, ਅਸੀਂ ਕੀ ਕਰਨੀ ਆਂ? ਐਮੀ ਕਿੰਨਾ ਈ ਦੁੱਧ ਚੁੰਘ ਜਾਂਦੀ ਆ। ਜਿੱਦਣ ਸਾਡਾ ਨੌਕਰ ਵੱਛੀ ਨੂੰ ਖੋਲ੍ਹ ਕੇ ਲਿਜਾਣ ਲੱਗਾ ਤਾਂ ਵੱਛੀ ਤੁਰੇ ਨਾ। ਨੌਕਰ ਨੇ ਉਹਦੇ ਦੋ-ਚਾਰ ਹੁੱਝਾਂ ਲਾ ਦਿੱਤੀਆਂ। ਗਾਂ ਨੂੰ ਤਾਂ ਪਤਾ ਨੀ ਕੀ ਹੋਇਆ, ਉਹਨੇ ਕਿੱਲਾ ਤੁੜਾ ਕੇ ਸਾਡਾ ਨੌਕਰ ਸਿੰਗਾਂ ਉੱਪਰ ਚੁੱਕ ਕੇ ਔਹ ਮਰਿਆ... ਸੋਈ ਭੈਣ ਮੇਰੀਏ ਗਾਂ ਵੀ ਆਪਣੇ ਪਿੰਡੇ ਉੱਪਰ ਤਾਂ ਡੰਡੇ ਝੱਲ ਲੈਂਦੀ ਪਰ ਆਪਣੇ ਢਿੱਡ ਦੇ ਜਾਏ ਉੱਪਰ ਜ਼ੁਲਮ ਹੁੰਦਾ ਉਹ ਵੀ ਬਰਦਾਸ਼ਤ ਨੀ ਕਰਦੀ।"

ਸਤਵੰਤ ਦੀ ਗੱਲ ਪਤਾ ਨਹੀਂ ਉਸ ਦੇ ਮਨ ਦੀ ਕਿਹੜੀ ਤਹਿ ਫਰੋਲਣ ਲੱਗ ਪਈ। ਉਸ ਨੂੰ ਵਿਦਾ ਕਰਕੇ ਕਿਚਨ ਵਿਚ ਪਰਤੀ ਤਾਂ ਫੋਨ ਦੀ ਘੰਟੀ ਖੜਕ ਪਈ।

"ਕਦੋਂ ਕੁ ਤੁਰਨਾ ਤੁਸੀਂ?" ਬਲਬੀਰ ਸਿੰਘ ਪੁੱਛ ਰਿਹਾ ਸੀ।

"ਬਸ ਮੁੱਕ ਚੱਲਾ ਕੰਮ ਮੇਰਾ ਤਾਂ, ਪਿੰਕੀ ਨੂੰ ਉਡੀਕਦੀ ਆ, ਡੌਲੀ ਦਾ ਹੋਮ ਵਰਕ ਵੀ ਮੁੱਕ ਚੱਲਾ, ਬੱਸ ਨਲ੍ਹਾ ਕੇ ਤਿਆਰ ਕਰਦੀ ਆਂ।"

"ਅੱਛਾ... ਫੇਰ ਤਾਂ ਤੁਹਾਨੂੰ ਅਜੇ ਟੈਮ ਲੱਗ ਜਾਣਾਂ... ਸਾਡੀ ਇੱਧਰ ਦਾਰੂ ਮੁੱਕ ਗਈ, ਪ੍ਰਾਹੁਣੇ ਹੋਰ ਆ ਗਏ, ਅੱਜ ਐਤਵਾਰ ਠੇਕੇ ਵੀ ਬੰਦ ਆ, ਮੈਂ ਫੇਰ ਦੇਖਦਾਂ ਜਾਂ ਤਾਂ ਆਪ ਔਨਾ ਨਹੀਂ ਤਾਂ ਕਿਸੇ ਨੂੰ ਭੇਜਦਾਂ ਐਥੋਂ, ਤੂੰ ਔਹ ਥੱਲੇ ਵਾਲੀ ਅਲਮਾਰੀ 'ਚੋਂ ਵੱਡੀ ਬੋਤਲ ਕੱਢ ਕੇ ਦੇ ਦੇਵੀਂ।"

"ਤੁਸੀਂ ਆਪ ਤਾਂ ਕਾਰ ਹੁਣ ਨਾ ਚਲਾਇਉ।" ਉਸ ਦੀ ਆਵਾਜ਼ ਤੋਂ ਅੰਦਾਜ਼ਾ ਲਗਾ ਕੇ ਉਸ ਨੇ ਕਿਹਾ।

ਧੋਤੇ ਹੋਏ ਕੱਪੜੇ ਬਾਹਰ ਸੁੱਕਣੇ ਪਾਉਂਦੀ ਦੇ ਕੰਨਾਂ ਵਿਚ ਸਤਵੰਤ ਦੀ ਗੱਲ ਗੂੰਜਦੀ ਰਹੀ, "ਗਾਂ ਵੀ ਆਪਣੇ ਪਿੰਡੇ ਉੱਪਰ ਤਾਂ ਡੰਡੇ ਝੱਲ ਲੈਂਦੀ ਆ ਪਰ ਆਪਣੇ ਢਿੱਡ ਦੇ ਜਾਏ ਉੱਪਰ ਜ਼ੁਲਮ ਹੁੰਦਾ ਉਹ ਵੀ ਬਰਦਾਸ਼ਤ ਨੀ ਕਰਦੀ।" ਕੱਪੜੇ ਸੁੱਕਣੇ ਪਾਉਂਦਿਆਂ ਉਸ ਦੀ ਨਜ਼ਰ ਗੈਰਾਜ ਦੀ ਕੰਧ ਦੇ ਨਾਲ ਬਣਾਏ ਡਰਾਈਵ ਵੇਅ ਦੇ ਸੀਮੈਂਟ ਉੱਪਰ ਪਈ। ਕਾਰ ਖੜ੍ਹੀ ਹੁੰਦੀ ਕਾਰਨ ਇੰਜਣ ਆਇਲ ਦੇ ਤੁਪਕੇ ਡਿੱਗ ਕੇ ਦਾਗ ਪਏ ਹੋਏ ਸਨ। ਅੱਜ ਦਿਨ ਵਧੀਆ ਸੀ। ਕਿਉਂ ਨਾ ਇਹ ਵੀ ਕੰਮ ਮੁਕਾ ਸਿੱਟਾਂ, ਇਹ ਸੋਚ ਕੇ ਉਹ ਡੰਡੇ ਵਾਲਾ ਝਾੜੂ ਤੇ ਪਾਣੀ ਵਾਲੀ ਹੋਜ਼ ਲੈ ਕੇ ਦਾਗ ਧੋਣ ਲੱਗ ਪਈ। ਗੈਰਾਜ ਘਰ ਤੋਂ ਹਟਵਾਂ ਬਣਿਆ ਹੋਣ ਕਾਰਨ ਉਸ ਨੂੰ ਘਰ ਦੇ ਸਾਹਮਣੇ ਦਰਵਾਜ਼ੇ ਦੀ ਘੰਟੀ ਵੱਜਦੀ ਸੁਣੀ ਨਹੀਂ। ਡੌਲੀ ਥੱਲੇ ਬੇਸਮੈਂਟ ਵਿਚ ਜ਼ਰਾ ਉੱਚੀ ਆਵਾਜ਼ ਵਿਚ ਟੀਵੀ ਲਗਾ ਕੇ ਦੇਖ ਰਹੀ ਸੀ ਜਿਸ ਕਾਰਨ ਉਹ ਵੀ ਘੰਟੀ ਨਾ ਸੁਣ ਸਕੀ।



ਆਉਣ ਵਾਲੇ ਮਿੰਟ ਕੁ ਉਡੀਕਿਆ, ਫਿਰ ਚਾਬੀਆਂ ਦੇ ਛੱਲੇ ਵਿਚੋਂ ਲੱਭ ਕੇ ਘਰ ਦਾ ਦਰਵਾਜ਼ਾ ਖੋਲ੍ਹ ਸਿੱਧਾ ਬੇਸਮੈਂਟ ਦੀ ਅਲਮਾਰੀ ਵਿਚੋਂ ਬੋਤਲ ਲੈਣ ਚਲਾ ਗਿਆ ਜਿਵੇਂ ਬਲਬੀਰ ਸਿੰਘ ਨੇ ਉਸ ਨੂੰ ਦੱਸ ਕੇ ਤੇ ਆਪਣੀ ਕਾਰ ਦੇ ਕੇ ਭੇਜਿਆ ਸੀ।

ਤੇਲ ਦੇ ਦਾਗ ਧੋ ਕੇ ਤੇ ਪਾਣੀ ਵਾਲੀ ਨਾਲੀ ਸੰਭਾਲ-ਲਪੇਟ ਕੇ ਉਹ ਜਦੋਂ ਕਿਚਨ ਦੇ ਪਿਛਲੇ ਦਰਵਾਜ਼ਿਉਂ ਅੰਦਰ ਦਾਖਲ ਹੋਈ ਤਾਂ ਉਸ ਨੂੰ ਬੇਸਮੈਂਟ ਵਿਚੋਂ ਕਿਸੇ ਦਰਵਾਜੇ ਦੇ ਜ਼ੋਰ ਨਾਲ ਖੁੱਲ੍ਹਣ ਦੀ ਆਵਾਜ਼ ਆਈ। ਘਬਰਾ ਕੇ ਹੱਥ ਵਿਚ ਝਾੜੂ ਉਵੇਂ ਹੀ ਉਹ ਕਾਹਲੀ ਨਾਲ ਬੇਸਮੈਂਟ ਦੀਆਂ ਪੌੜੀਆਂ ਵੱਲ ਵਧੀ ਤਾਂ ਥੱਲਿਉਂ ਡੌਲੀ "ਡੌਂਟ ਟੱਚ ਮੀ. ਲੀਵ ਮੀ ਅਲੋਨ," ਚੀਖਦੀ ਉੱਪਰ ਵੱਲ ਆ ਰਹੀ ਸੀ। ਮਾਂ ਨੂੰ ਸਾਹਮਣੇ ਦੇਖ ਡੌਲੀ ਠਠੰਬਰ ਕੇ ਉਸ ਨਾਲ ਚਿੰਬੜ ਗਈ।

"ਮੰਮੀ...ਮੰਮੀ, ਪਾਅ ਜੀ ਨੇ ਮੇਰੀ...ਮੇਰੀ ਪੈਂਟ ਖੋਲ੍ਹ...ਦਿੱਤੀ...ਮੈਨੂੰ...ਵਾਸ਼ ਰੂਮ ਵਿਚ ਪੁਸ਼...ਪੁਸ਼ ਕੀਤਾ...ਮੈਂ ਉਥੋਂ ਰੰਨ ਕਰ ਕੇ...," ਡੌਲੀ ਹਟਕੋਰਿਆਂ ਨਾਲ ਦੱਸਣ ਦੀ ਕੋਸ਼ਿਸ਼ ਕਰ ਰਹੀ ਸੀ।

ਉਸੇ ਵੇਲੇ ਹੇਠੋਂ ਧੀਰਾ ਹੱਥ ਵਿਚ ਸ਼ਰਾਬ ਦੀ ਬੋਤਲ ਲਈ ਉੱਪਰ ਨੂੰ ਆਉਂਦਾ ਦਿੱਸਿਆ। ਉਸ ਨੂੰ ਸਾਹਮਣੇ ਦੇਖ ਜ਼ਰਾ ਕੁ ਤੱਥਕਿਆ, ਫਿਰ "ਫੁੱਫੜ ਨੇ ਬੋਤਲ ਮੰਗਾਈ" ਕਹਿ ਕੇ ਕਾਹਲੀ ਕਾਹਲੀ ਦਰਵਾਜ਼ਿਉਂ ਬਾਹਰ ਨਿਕਲਣ ਲੱਗਾ।

ਪਤਾ ਨਹੀਂ ਕਿਵੇਂ ਉਸ ਦੀਆਂ ਅੱਖਾਂ ਸਾਹਵੇਂ ਕਿੱਲਾ ਤੁੜਾ ਕੇ ਸਤਵੰਤ ਦੇ ਨੌਕਰ ਨੂੰ ਸਿੰਗਾਂ ਤੋਂ ਪਟਕਾਉਂਦੀ ਉਨ੍ਹਾਂ ਦੀ ਗਾਂ ਆ ਖਲੋਤੀ ਤੇ ਹਥਲੇ ਝਾੜੂ ਦਾ ਡੰਡਾ ਹਵਾ ਵਿਚ ਉਲਾਰਦੀ ਉਹ ਧੀਰੇ ਮਗਰ ਨੱਠੀ, "ਖੜ੍ਹਾ ਹੋ ਵੇਹ ਬੇਹ ਹੋਣਿਆਂ ਧੀਰਿਆ, ਅੱਜ ਵੱਢਣੀ...ਆਂ ਤੇਰਾ ਫਾਹਾ ਹੁਣ, ਨਾਲੇ ਕਰਦੀ ਆਂ ਸਿਆਪਾ ਨਿੰਦਰੋ ਦਾ...ਦੌੜੀਂ ਨਾ ਹੁਣ ਤੂੰ...।"

ਪਰ ਧੀਰਾ ਕਿੱਥੇ ਰੁਕਣ ਵਾਲਾ ਸੀ? ਨੱਠ ਕੇ ਕਾਰ 'ਚ ਬਹਿੰਦਿਆਂ ਹੀ ਸਟਾਰਟ ਕਰਕੇ ਹਵਾ ਹੋ ਗਿਆ। ਕੁਝ ਕਦਮਾਂ ਉਹ ਕਾਰ ਮਗਰ ਨੱਠੀ ਤੇ ਫਿਰ ਘਰ ਅੰਦਰ ਆ ਡੌਲੀ ਨੂੰ ਜੱਫੀ ਵਿਚ ਲੈ ਕਿਚਨ ਵਿਚ ਆ ਗਈ। ਡੌਲੀ ਨੂੰ ਪਿਆਰ ਨਾਲ ਕੁਰਸੀ ਉੱਪਰ ਬਿਠਾਉਂਦਿਆਂ ਅਚਾਨਕ ਉਸ ਦੀ ਨਜ਼ਰ ਕਿਚਨ ਟੇਬਲ ਦੀ ਲੱਤ ਕੋਨੀ ਪਈ। ਇਕ ਕਾਰਡ ਜਿਹਾ ਡਿੱਗਿਆ ਪਿਆ ਸੀ, ਸ਼ਾਇਦ ਸਤਵੰਤ ਕੋਲੋਂ ਭੁਲੇਖੇ ਨਾਲ ਉਥੇ ਰਹਿ ਗਿਆ ਸੀ।

ਕਾਰਡ ਚੁੱਕ ਕੇ ਉਸ ਨੇ ਪੋਲੇ ਜਿਹੇ ਛਾਤੀ ਨਾਲ ਚੰਬੜੀ ਡੌਲੀ ਨੂੰ ਅਲੱਗ ਕੀਤਾ ਤੇ ਮੁੱਠੀਆਂ ਭੀਚਦੀ ਟੈਲੀਫੋਨ ਵੱਲ ਵਧ ਗਈ।

# ਇਕ ਵੀਰ ਦੇਈਂ ਵੇ ਰੱਬਾ

ਮੈਰੀਨ ਡਰਾਈਵ ਉੱਪਰ ਆਉਂਦਿਆਂ ਜਿਉਂ ਹੀ ਸਰੂਪ ਨੇ ਕਾਰ ਵਿਚ ਇਹ ਨਵੀਂ ਖਰੀਦੀ ਟੇਪ ਲਾਈ ਤਾਂ ਉਸ ਦੇ ਪਹਿਲੇ ਹੀ ਗੀਤ ਦੇ ਮੁੱਢਲੇ ਬੋਲ, "ਇਕ ਵੀਰ ਦੇਈਂ ਵੇ ਰੱਬਾ ਸੌਂਹ ਖਾਣ ਨੂੰ ਬੜਾ ਜੀਅ ਕਰਦਾ," ਉਸ ਨੂੰ ਖਿਆਲਾਂ ਦੇ ਧੁੰਦਲਕੇ ਵਿਚ ਲੈ ਗਏ।

'ਕਦੀ ਮੇਰੀਆਂ ਭੈਣਾਂ ਵੀ ਸਹੇਲੀਆਂ ਨਾਲ ਖੇਡਦੀਆਂ-ਟੱਪਦੀਆਂ ਇਹੋ ਜਿਹੀ ਕੋਈ ਬੋਲੀ ਪਾਉਂਦੀਆਂ ਹੋਣਗੀਆਂ ਤੇ ਰੱਬ ਤੋਂ ਕਿਸੇ ਨਾ ਕਿਸੇ ਬਹਾਨੇ ਇਕ ਭਰਾ ਦੀ ਮੰਗ ਕਰਦੀਆਂ ਹੋਣਗੀਆਂ...ਤਦ ਹੀ ਸ਼ਾਇਦ ਉਨ੍ਹਾਂ ਦੇ ਰੱਬ ਨੇ ਖੁਸ਼ ਹੋ ਕੇ ਤਿੰਨਾਂ ਭੈਣਾਂ ਤੋਂ ਬਾਅਦ ਸਰੂਪ ਨੂੰ ਉਨ੍ਹਾਂ ਦੇ ਕਸ਼ਟ ਤਾਰਨ ਲਈ ਇਸ ਧਰਤੀ 'ਤੇ ਘੱਲਿਆ ਹੋਵੇਗਾ...ਹੂੰਹ।' ਉਸ ਨੇ ਸਿਰ ਨੂੰ ਹਲਕਾ ਜਿਹਾ ਝਟਕਾ ਦਿੱਤਾ ਤੇ ਦੁੱਖ ਰਹੇ ਮੋਢੇ ਨੂੰ ਦੂਸਰੇ ਹੱਥ ਨਾਲ ਘੁੱਟਣ ਲੱਗਾ।

"ਅੱਜ ਡਾਕਟਰ ਤੋਂ ਕੰਮ ਵਾਲਿਆਂ ਨੂੰ ਦੇਣ ਲਈ ਚਿੱਠੀ ਲਿਖਵਾਵਾਂਗਾ ਕਿ ਮੋਢੇ ਨੂੰ ਆਰਾਮ ਦੀ ਜ਼ਰੂਰਤ ਹੈ ਇਸ ਲਈ ਮੈਨੂੰ ਕੁਝ ਦਿਨਾਂ ਦੀ ਛੁੱਟੀ ਦਿਉ...ਡਾਕਟਰ ਇਸ ਗੱਲੋਂ ਚੰਗਾ ਏ ਕਿ ਇਹੋ ਜਿਹੀ ਚਿੱਠੀ ਲਿਖ ਕੇ ਦੇਣ ਲਈ ਝਿਜਕਦਾ ਨਹੀਂ। ਅੱਗੇ ਜਦੋਂ ਸੁਮਨ ਦੇ ਕਾਰ ਐਕਸੀਡੈਂਟ ਵਿਚ ਪਿੱਠ ਦੀ ਗੁੱਝੀ ਸੱਟ ਲੱਗ ਸੀ ਤਾਂ ਇਸ ਨੇ ਉਸ ਦੇ ਕੇਸ ਵਾਸਤੇ ਹਰ ਲੋੜੀਂਦੀ ਚਿੱਠੀ ਲਿਖਣ ਜਾਂ ਫਾਰਮ ਭਰਨ ਤੋਂ ਕਦੇ ਢਿੱਲ ਨਹੀਂ ਸੀ ਕੀਤੀ।"

ਮੇਨ ਸਟ੍ਰੀਟ ਉੱਪਰ ਭਾਰਤੀ ਦੁਕਾਨਾਂ ਦੇ ਬਾਹਰ ਸੱਜੇ ਹੋਏ ਸਟਾਲ ਦੇਖ ਕੇ ਉਸ ਨੂੰ ਯਾਦ ਆਇਆ ਕਿ ਪਰਸੋਂ ਚੌਥ ਨੂੰ ਰੱਖੜੀ ਦਾ ਤਿਉਹਾਰ ਵੀ ਹੈ। ਪਹਿਲਾਂ ਪਹਿਲ ਤਾਂ ਤਿੰਨੇ ਭੈਣਾਂ ਕੈਨੇਡਾ ਗਏ ਵੀਰ ਨੂੰ ਬੜੇ ਚਾਵਾਂ ਨਾਲ ਰੱਖੜੀਆਂ ਘੱਲਦੀਆਂ ਹੁੰਦੀਆਂ ਸਨ ਤੇ ਸਰੂਪ ਵੀ ਤਿੰਨਾਂ ਨੂੰ ਹੀ ਅਲੱਗ ਅਲੱਗ ਬੈਂਕ-ਡਰਾਫਟ ਬਣਵਾ ਕੇ ਭੇਜਦਾ ਹੁੰਦਾ ਸੀ। ਹੁਣ ਤਾਂ ਕਦੀ ਰੇਡੀਉ ਜਾਂ ਟੀਵੀ ਪ੍ਰੋਗਰਾਮ ਤੋਂ ਭਾਵੇਂ ਰੱਖੜੀ ਦਾ ਚੇਤਾ ਆ ਜਾਵੇ, ਵਰਨਾ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਇਹ ਤਿਉਹਾਰ ਆਇਆ ਤੇ ਕਦੋਂ ਲੰਘ ਗਿਆ।

ਕਾਰ ਪਾਰਕ ਕਰ ਕੇ ਡਾਕਟਰ ਦੇ ਦਫ਼ਤਰ ਵੱਲ ਤੁਰਿਆ ਜਾਂਦਾ ਉਹ ਜਦੋਂ ਇਕ ਦੁਕਾਨ ਦੇ ਬਾਹਰ ਸਟਾਲ ਤੋਂ ਰੱਖੜੀਆਂ ਖਰੀਦ ਰਹੀ ਇਕ ਪੰਜਾਬਣ ਕੋਲੋਂ ਗੁਜ਼ਰਿਆ ਤਾਂ ਉਸ ਦੀ ਸੱਤ-ਅੱਠ ਸਾਲ ਦੀ ਬੇਟੀ ਦਾ ਸਵਾਲ ਉਸ ਦੇ ਕੰਨੀਂ



ਪਿਆ..."ਵਾਈ ਡੂ ਆਈ ਹੈਵ ਟੂ ਟਾਈ ਰੱਖਰੀ ਟੂ ਹੈਰੀ?"

"ਤਾਂ ਕਿ ਤੈਨੂੰ ਇਹ ਪ੍ਰੋਟੈਕਟ ਕਰ ਸਕੇ," ਮਾਂ ਨੇ ਚਾਰ ਕੁ ਸਾਲਾ ਹੈਰੀ ਦਾ ਮੂੰਹ ਹੱਥਾਂ ਵਿਚ ਪਲੋਸਦਿਆਂ ਕਿਹਾ।

"ਪ੍ਰੋਟੈਕਟ, ਫਰੋਮ ਵ੍ਹਾਟ?" ਬੇਟੀ ਦਾ ਅਗਲਾ ਸਵਾਲ ਸੀ।

"ਕਿਸੇ ਵੀ ਡੇਂਜਰ ਤੋਂ", ਮਾਂ ਨੇ ਜ਼ਰਾ ਕੁ ਸੋਚ ਕੇ ਕਿਹਾ।

"ਪਰ ਮੰਮੀ! ਇਹ ਕਿੱਦਾਂ ਮੈਨੂੰ ਪ੍ਰੋਟੈਕਟ ਕਰੂਗਾ?" ਮੋੜਵਾਂ ਸੁਆਲ ਕਰਦਿਆਂ ਕੁੜੀ ਆਪਣੇ ਭਰਾ ਨਾਲ ਜੁੜ ਕੇ ਖੜ੍ਹੀ ਹੁੰਦੀ ਫਿਰ ਬੋਲੀ, "ਆਈ ਐਮ ਮੱਚ ਬਿੱਗਰ ਦੈਨ ਹਿੱਮ...ਲੁੱਕ।"

"ਚਲ ਚੁੱਪ ਕਰ ਹੁਣ, ਬਾਹਲੀਆਂ ਗੱਲਾਂ ਨਾ ਮਾਰ, ਰੱਖੜੀ ਦੇਖ ਕਿਹੜੀ ਲੈਣੀ ਆ, ਤੈਨੂੰ ਪੈਸੇ ਵੀ ਮਿਲਣੇ ਆ ਰੱਖੜੀ ਬੰਨ੍ਹਣ ਦੇ," ਮਾਂ ਨੇ ਆਪਣੇ ਚਿੱਤੋਂ ਗੱਲ ਮੁਕਾ ਦਿੱਤੀ।

ਡਾਕਟਰ ਨੂੰ ਮਿਲਣ ਲਈ ਵੇਟਿੰਗ ਏਰੀਏ ਵਿਚ ਬੈਠਾ ਇਕ ਰਸਾਲੇ ਦੇ ਵਰਕੇ ਫਰੋਲਦਾ ਸਰੂਪ ਉਸ ਛੋਟੀ ਜਿਹੀ ਕੁੜੀ ਦੀਆਂ ਗੱਲਾਂ ਬਾਰੇ ਸੋਚਣ ਲੱਗਾ,"ਕਿੰਨੇ ਭੋਲੇ-ਭਾਅ ਸੱਚ ਬੋਲਿਆ ਸੀ ਉਸ ਨਿੱਕੀ ਜਿਹੀ ਕੁੜੀ ਨੇ! ਕੀ ਸੱਚੀਂ ਕੋਈ ਕਿਸੇ ਹੀ ਹਰ ਵੇਲੇ ਰੱਖਿਆ ਕਰ ਸਕਦਾ ਹੈ? ਉਦੋਂ ਸਾਡੇ ਗਵਾਂਢੀ ਦਲਜੀਤ ਸਿੰਘ ਨੇ ਕਿੰਨਾ ਕੁੱਟਿਆ ਸੀ ਆਪਣੀ ਧੀ ਨੂੰ ਪੁੱਤ ਨਾਲ ਰਲ ਕੇ, ਜਦੋਂ ਪੁੱਤ ਨੇ ਟਰੱਕ ਚਲਾਉਂਦਿਆਂ ਆਪਦੀ ਛੋਟੀ ਭੈਣ ਨੂੰ ਕਿਸੇ ਮੁੰਡੇ ਨਾਲ ਸਕੂਲ ਦੇ ਲਾਗੇ ਰੈਸਟੋਰੈਂਟ ਦੇ ਬਾਹਰ ਲੰਚ ਖਾਂਦਿਆਂ ਦੇਖ ਲਿਆ ਸੀ। ਕਾਲਜ ਵੇਲੇ ਮੇਰੇ ਜਮਾਤੀ ਕੁਲਬੀਰ ਨੇ ਵੀ ਆਪਣੀ ਛੋਟੀ ਭੈਣ ਨੂੰ ਕਾਲਜ ਪੜ੍ਹਨੋਂ ਹਟਵਾ ਲਿਆ ਸੀ ਕਿ ਕਾਲਜ ਦੇ ਕਿਸੇ ਮੁੰਡੇ ਨੇ ਜੇਕਰ ਉਸ ਨੂੰ ਕੁਝ ਘੱਟ-ਵੱਧ ਕਹਿ ਦਿੱਤਾ ਤਾਂ ਮੇਰੀ ਟੌਹਰ ਨੀ ਰਹਿਣੀ ਕਾਲਜ ਵਿਚ। ਕੁਲਬੀਰ ਦੀ ਜਗ੍ਹਾ ਜੇਕਰ ਮੈਂ ਹੁੰਦਾ ਤਾਂ ਸ਼ਾਇਦ ਇਵੇਂ ਹੀ ਸੋਚਦਾ ਪਰ ਮੇਰੇ ਕਾਲਜ ਜਾਣ ਤਕ ਤਿੰਨੇ ਭੈਣਾਂ ਵਿਆਹੀਆਂ ਜਾ ਚੁੱਕੀਆਂ ਸਨ। ਵੱਡੀ ਭੈਣ ਦੀ ਤਾਂ ਲੜਕੀ ਵੀ ਮੈਥੋਂ ਸਿਰਫ ਛੇ ਕੁ ਸਾਲ ਹੀ ਛੋਟੀ ਹੈ। ਮੇਰੇ ਕੈਨੇਡਾ ਆਉਣਾ ਬਾਅਦ ਛੇਤੀ ਹੀ ਵਿਆਹ ਹੋ ਕੇ ਇੰਗਲੈਂਡ ਆ ਗਈ ਤੇ ਆਉਂਦੀ ਦਾ ਹੀ ਪਤੀ ਨਾਲ ਝਗੜਾ ਹੋ ਗਿਆ। ਨਿੱਤ ਫੋਨ ਆ ਜਾਣਾ, ਮੈਨੂੰ ਅਭੀ ਫੋਨ ਕਰੋ। ਉਧਰੋਂ ਭੈਣ ਦੇ ਚਿੱਠੀਆਂ ਸੁਨੇਹੇ ਕਿ ਭਾਣਜੀ ਦਾ ਪੂਰਾ ਧਿਆਨ ਰੱਖਾਂ। ਫੋਨਾਂ ਦੇ ਐਡੇ ਐਡੇ ਬਿੱਲ ਉਦੋਂ...ਫਿਰ ਖੜ੍ਹੇ ਪੈਰ ਹੀ ਮੈਨੂੰ ਇੰਗਲੈਂਡ ਜਾਣਾ ਪਿਆ...ਦੇਖਿਆ ਤਾਂ ਜ਼ਿਆਦਾ ਕਸੂਰ ਭਾਣਜੀ ਵਿਚ ਹੀ ਨਜ਼ਰ ਆਇਆ। ਵੱਡੀ ਭੈਣ ਤਾਂ ਉਦੋਂ ਦੀ ਨਾਰਾਜ਼ ਹੈ। ਵਿਚਕਾਰਲੀ ਦੇ ਲੜਕੇ ਦੇ ਵਿਆਹ ਉਪਰ ਨਹੀਂ ਸੀ ਪਹੁੰਚ ਹੋਇਆ। ਕੰਮ ਤੋਂ ਛੁੱਟੀ ਨਹੀਂ ਸੀ ਮਿਲੀ, ਦੂਸਰੇ, ਉਨ੍ਹਾਂ ਦਿਨਾਂ ਵਿਚ ਸੁਮਨ ਦਾ ਐਕਸੀਡੈਂਟ ਹੋਇਆ ਸੀ, ਭਾਵੇਂ ਮੈਂ ਪੈਸੇ ਭੇਜ ਦਿੱਤੇ ਸਨ ਪਰ ਭੈਣ ਉਦੋਂ ਦੀ ਮੇਰੇ ਨਾਲ ਨਹੀਂ ਬੋਲੀ। ਛੋਟੀ ਦਾ ਪ੍ਰਾਹੁਣਾ ਕੋਈ ਅਫਸਰ ਸੀ...ਅਖੇ ਜਦੋਂ ਵੀ ਮੈਂ ਇੰਡੀਆ ਆਵਾਂ ਉਸ ਨੇ ਪ੍ਰਾਹੁਣੇ ਲਈ ਵੈਬਲੇ ਸਕੌਟ ਦਾ ਰੀਵਾਲਵਰ ਲੈ ਕੇ ਆਵਾਂ। ਕੱਪੜੇ-ਲੀੜੇ ਤਾਂ ਮੈਂ ਬਥੇਰੇ ਲੈ

ਗਿਆ ਸੀ ਪਰ ਰਿਵਾਲਵਰ-ਹੂੰਹ, ਇਹ ਕੋਈ ਸੂਈ-ਸਲਾਈ ਸੀ ਕਿ ਜੇਬ ਵਿਚ ਪਾ ਕੇ ਲੈ ਜਾਂਦਾ?"

ਸਰੂਪ ਦੇ ਖਿਆਲਾਂ ਦੀ ਲੜੀ ਉਦੋਂ ਟੁੱਟੀ ਜਦੋਂ ਉਹਦੇ ਸਾਹਮਣੇ ਪਾਸੇ ਕੁਰਸੀ ਉੱਪਰ ਬੈਠੀ ਕੁੜੀ ਨੇ ਸਫ਼ਾ ਬਦਲਣ ਲਈ ਹਥਲੇ ਅਖਬਾਰ ਨੂੰ ਚਿਹਰੇ ਸਾਹਮਣਿਉਂ ਜ਼ਰਾ ਨੀਵਾਂ ਕੀਤਾ। ਉਸ ਦੀ ਸ਼ਕਲ ਕਾਫ਼ੀ ਜਾਣੀ-ਪਛਾਣੀ ਜਾਪੀ।

'ਕਿੱਥੇ ਦੇਖਿਆ ਹੈ ਇਸ ਨੂੰ?' ਸਰੂਪ ਦਿਮਾਗ ਉੱਪਰ ਜ਼ੋਰ ਪਾਉਣ ਲੱਗਾ। ਇਕ ਦਮ ਅਤੀਤ ਦੇ ਪਰਛਾਵਿਆਂ ਵਿਚੋਂ ਇਕ ਜਾਣਿਆਂ-ਪਛਾਣਿਆਂ ਚਿਹਰਾ ਉਸ ਦੀਆਂ ਅੱਖਾਂ ਸਾਹਮਣੇ ਨਿਖਰਨ ਲੱਗਾ।

'ਉਹ ਹੋ, ਇਹ ਤਾਂ ਨਿੰਦਰ ਹੈ। ਪੰਜਾਂ ਛਿਆਂ ਸਾਲਾਂ ਵਿਚ ਕਿੰਨੀ ਬਦਲ ਗਈ ਹੈ!' ਪਹਿਲਾਂ ਤਾਂ ਉਸ ਦਾ ਮਨ ਕੀਤਾ ਕਿ ਉੱਠ ਕੇ ਉਸ ਨੂੰ ਬੁਲਾ ਲਵੇ, ਪਰ ਫਿਰ ਉਸ ਨੇ ਨਾਲ ਵਾਲੀ ਸੀਟ ਉੱਪਰ ਬੈਠੇ ਤਿੰਨ ਕੁ ਸਾਲ ਦੇ ਬੱਚੇ ਤੇ ਅਗਾਂਹ ਦੀ ਸੀਟ ਉੱਪਰ ਬੈਠੇ ਕੱਟੀ ਹੋਈ ਦਾੜ੍ਹੀ ਵਾਲੇ ਜੁਆਨ ਜਿਹੇ ਪੰਜਾਬੀ ਨੂੰ ਦੇਖ ਘੇਸ ਮਾਰ ਗਿਆ ਕਿ ਸ਼ਾਇਦ ਇਹ ਨਿੰਦਰ ਦਾ ਹਸਬੈਂਡ ਹੋਵੇ ਤੇ ਪਤਾ ਨਹੀਂ ਕਿਤੇ ਮਾਈਂਡ ਈ ਨਾ ਕਰ ਲਵੇ। ਉਂਝ ਨਿੰਦਰ ਤਾਂ ਪੂਰੀ ਮਾਡਰਨ ਬਣੀ ਜਾਪਦੀ ਸੀ। ਐਨੇ ਕੁ ਸਾਲਾਂ ਵਿਚ ਚਿਹਰਾ ਤਾਂ ਜ਼ਰਾ ਕੁ ਭਾਰਾ ਹੋ ਗਿਆ ਸੀ ਪਰ ਤਰੀਕੇ ਨਾਲ ਕੱਟੇ ਤੇ ਸੰਵਾਰੇ ਹੋਏ ਵਾਲ, ਫੈਸ਼ਨਦਾਰ ਪੈਂਟ-ਕਮੀਜ਼ ਵਿਚ ਪੂਰੀ ਫੱਬਦੀ-ਢੁੱਕਦੀ ਸੀ....ਜਦੋਂ ਪਹਿਲੀ ਵਾਰੀ ਮੇਰੀ ਬੱਸ ਵਿਚ ਚੜ੍ਹੀ ਸੀ ਤਾਂ ਕੱਸ ਕੇ ਕੀਤੀ ਹੋਈ ਗੁੱਤ, ਢਿੱਲੀ ਜਿਹੀ ਪੈਂਟ ਨਾਲ ਹਲਕੀ ਜਿਹੀ ਕੋਟੀ ਤੇ ਪੈਰੀਂ ਸਸਤੇ ਜਿਹੇ ਰੱਨਰ ਬੂਟ ਪਾਏ ਹੋਏ ਸਨ। ਦੂਰੋਂ ਹੀ ਨਵੀਂ ਨਵੀਂ ਪੰਜਾਬੋਂ ਆਈ ਦਿਸਦੀ ਸੀ ਤੇ ਬੱਸ ਵਿਚ ਚੜ੍ਹਨ ਤੋਂ ਪਹਿਲਾਂ ਜ਼ਰਾ ਕੁ ਝਿਜਕਦੀ ਨੇ ਮੈਨੂੰ ਪੁੱਛਿਆ ਸੀ, 'ਯੂ ਗੋ ਟੂ ਅਲਬਰਨੀ ਸਟ੍ਰੀਟ?'...ਮੈਂ ਝੱਟ ਸਮਝ ਗਿਆ ਸੀ ਕਿ ਇਸ ਨੇ ਇੰਮੀਗ੍ਰੇਸ਼ਨ ਦੇ ਦਫ਼ਤਰ ਜਾਣਾ ਹੈ ਤੇ ਜ਼ਰਾ ਬੇ-ਤਕਲੁਫੀ ਨਾਲ ਉਸ ਨੂੰ ਪੰਜਾਬੀ ਵਿਚ ਬੱਸ ਵਿਚ ਬੈਠਣ ਲਈ ਕਹਿ ਦਿੱਤਾ ਸੀ।

-"ਮੈਨੂੰ ਦੱਸ ਦੇਣਾ ਭਾਅ ਜੀ ਕਿੱਥੇ ਉਤਰਨਾ," ਉਸ ਨੇ ਜ਼ਰਾ ਸ਼ਰਮਾਉਂਦਿਆਂ ਕਿਹਾ ਸੀ।

"ਆਪਣੇ ਪ੍ਰਾਹੁਣੇ ਨੂੰ ਇੰਡੀਆ ਤੋਂ ਮੰਗਵਾਉਣ ਲਈ ਅਰਜ਼ੀ ਭਰਨੀ ਹੋਣੀ ਆਂ?" ਮੈਂ ਜ਼ਰਾ ਹੱਸ ਕੇ ਪੁੱਛਿਆ ਸੀ।

-"ਨਹੀਂ ਭਾਅ ਜੀ, ਅਰਜ਼ੀ ਤਾਂ ਕਈ ਚਿਰ ਦੀ ਭਰੀਓ ਆ, ਉਹਦਾ ਕੋਈ ਪਤਾ-ਸੁਤਾ ਈ ਨੀ ਦਿੰਦੇ, ਉਹੀ ਪਤਾ ਕਰਨ ਜਾਣਾ।"

ਤੇ ਫਿਰ ਕਈ ਮਹੀਨਿਆਂ ਬਾਅਦ ਜਦੋਂ ਸਰੂਪ ਬਰੌਡਵੇਅ ਰੂਟ ਉੱਪਰ ਬੱਸ ਚਲਾਉਂਦਾ ਹੁੰਦਾ ਸੀ ਤਾਂ ਉਹ ਅਚਾਨਕ ਫਿਰ ਉਸ ਦੀ ਬੱਸ ਵਿਚ ਚੜ੍ਹੀ। ਪਹਿਲਾਂ ਨਾਲੋਂ ਕੁਝ ਬਣੀ-ਸੰਵਰੀ ਸੀ-ਕਹਿੰਦੀ ਕਿ ਬਰੌਡਵੇਅ ਉੱਪਰ ਇਕ ਰੈਸਟੋਰੈਂਟ ਵਿਚ ਕੰਮ ਮਿਲ ਗਿਆ ਹੈ। ਦੂਸਰੇ-ਤੀਸਰੇ ਦਿਨ ਉਸ ਦੀ ਬੱਸ ਚੜ੍ਹਦੀ ਤੇ ਜਦੋਂ ਕਦੀ ਮੂਹਰਲੀ ਸੀਟ ਵਿਹਲੀ ਹੁੰਦੀ ਤਾਂ ਉਥੇ ਬੈਠ ਉਸ ਨਾਲ ਕੁਝ ਗੱਲਾਂ ਕਰ ਲੈਂਦੀ-



ਇੰਮੀਗ੍ਰੇਸ਼ਨ ਵਾਲਿਆਂ ਉਸ ਦੀ ਅਰਜ਼ੀ ਨਾ ਮੰਨਜ਼ੂਰ ਕਰ ਦਿੱਤੀ ਸੀ ਤੇ ਹੁਣ ਉਹਨਾਂ ਨੇ ਵਕੀਲ ਕਰ ਕੇ ਅਪੀਲ ਦਾਇਰ ਕੀਤੀ ਹੋਈ ਸੀ। ਉਹ ਆਪਣੀ ਵੱਡੀ ਭੈਣ ਨਿੰਮੋ ਤੇ ਜੀਜੇ ਹਰਪਾਲ ਹੁਰਾਂ ਨਾਲ ਰਹਿੰਦੀ ਸੀ ਜਿਨ੍ਹਾਂ ਨੇ ਉਸ ਨੂੰ ਮਾਂ-ਬਾਪ ਸਮੇਤ ਇਧਰ ਮੰਗਵਾਇਆ ਸੀ। ਮਾਂ-ਬਾਪ ਉਸ ਨੂੰ ਇੱਥੇ ਭੈਣ ਕੋਲ ਛੱਡ ਪਿੱਛੇ ਪਰਤਣ ਦੀ ਸੋਚ ਰਹੇ ਸਨ ਕਿ ਪਿੱਛਾਂ ਸੰਭਾਲਣ ਵਾਲਾ ਪਿੱਛੇ ਕੋਈ ਨਹੀਂ ਸੀ। ਕੈਨੇਡਾ ਸੱਦਣ ਤੋਂ ਪਹਿਲਾਂ ਉਸ ਦੇ ਜੀਜੇ ਨੇ ਨਿੰਦਰ ਦੀ ਮੰਗਣੀ ਮੱਲੋ-ਮੱਲੀ ਆਪਣੇ ਭਤੀਜੇ ਸੁਰਜੀਤ ਨਾਲ ਕਰ ਦਿੱਤੀ ਸੀ ਤਾਂ ਕਿ ਉਹ ਵੀ ਕਨੇਡਾ ਲੰਘ ਆਵੇ। ਬੇਸ਼ਕ ਮਾਂ ਬਾਪ ਨੂੰ ਸੁਰਜੀਤ ਬਾਹਲਾ ਪਸੰਦ ਨਹੀਂ ਸੀ ਪਰ ਧੀ-ਜੁਆਈ ਸਾਹਮਣੇ ਉਨ੍ਹਾਂ ਦੀ ਕਿਹਨੇ ਸੁਣਨੀ ਸੀ?

"ਤੇ ਤੈਨੂੰ ਸੁਰਜੀਤ ਪਸੰਦ ਸੀ?" ਇਕ ਦਿਨ ਸਰੂਪ ਨੇ ਮਖੌਲ ਜਿਹੇ ਨਾਲ ਪੁੱਛ ਲਿਆ।

"ਮੇਰੀ ਪਸੰਦ ਕੌਣ ਪੁੱਛਦੈ? ਭਾਅ ਹਰਪਾਲ ਨੇ ਭੈਣ ਨਿੰਮੋ ਨੂੰ ਕੈਨੇਡਾ ਮੰਗਵਾਇਆ ਤੇ ਬਾਅਦ ਵਿਚ ਦੋਨਾਂ ਦੇ ਸਾਡੇ ਕਾਗਜ਼ ਭਰੇ ਤੇ ਹੁਣ ਸਾਡੀ ਵਾਰੀ ਸੀ ਪਾਅ ਦੇ ਭਤੀਜੇ ਨੂੰ ਇਧਰ ਮੰਗਵਾਉਣ ਦੀ-ਅਜੇ ਜਦੋਂ ਸਾਨੂੰ ਕੈਨੇਡਾ ਅੰਮਬੈਸੀ ਤੋਂ ਮੈਡੀਕਲ ਕਰਵਾਉਣ ਦੇ ਕਾਗਜ਼ ਹੀ ਆਏ ਸਨ ਤਾਂ ਸੁਰਜੀਤ ਨੇ ਪੜ੍ਹਨਾ ਛੱਡ ਦਿੱਤਾ ਤੇ ਦਾਰੂ ਪੀ ਕੇ ਕਦੀ ਕਾਲਜ ਤੇ ਕਦੀ ਸਾਡੇ ਘਰ ਦੇ ਗੇੜੇ ਮਾਰਨ ਲੱਗ ਗਿਆ।"

"ਤੇਰੇ ਘਰਦਿਆਂ ਰੋਕਿਆ ਨਾ ਉਸ ਨੂੰ?"

'ਬਾਪੂ ਸਾਡਾ ਉਦਾਂ ਈ ਬੜਾ ਸ਼ਰੀਫ, ਸਾਰੀ ਉਮਰ ਪਹਿਲਾਂ ਸਾਡੇ ਤਾਏ ਤੋਂ ਡਰਦਾ ਰਿਹਾ ਫਿਰ ਮੇਰੇ ਜੀਜੇ ਤੋਂ, ਨਾਲੇ ਜੇ ਸਾਡਾ ਕੋਈ ਭਰਾ ਹੁੰਦਾ ਤਾਂ ਗੱਲ ਹੋਰ ਹੋਣੀ ਸੀ!" ਉਸ ਨੇ ਜ਼ਰਾ ਉਦਾਸੀ ਨਾਲ ਦੱਸਿਆ ਸੀ।

"ਪਰ ਤੇਰੀ ਸੁਰਜੀਤ ਲਈ ਭਰੀ ਅਰਜ਼ੀ ਨਾ-ਮੰਜ਼ੂਰ ਕਿਉਂ ਹੋ ਗਈ?"

"ਅਸਲ 'ਚ ਭਾਅ ਜੀ, ਜਦੋਂ ਸਾਡਾ ਮੈਡੀਕਲ ਹੋਇਆ ਤਾ ਬਾਪੂ ਦੇ ਕੋਈ ਨੁਕਸ ਨਿਕਲ ਆਇਆ ਤੇ ਡਾਕਟਰ ਨੇ ਉਸ ਨੂੰ ਕਈ ਚਿਰ ਦਵਾਈ ਖਾਣ ਲਈ ਕਿਹਾ। ਉਧਰ ਸੁਰਜੀਤ ਹਰ ਪਾਸੇ ਰੌਲਾ ਪਾ ਚੁੱਕਾ ਸੀ ਕਿ ਉਸ ਨੇ ਛੇਤੀ ਕੈਨੇਡਾਚਲੇ ਜਾਣਾ, ਪਰ ਸਾਡਾ ਕੇਸ ਲਟਕ ਗਿਆ। ਉਹ ਉਥੇ ਕਿਸੇ ਨਾ ਕਿਸੇ ਲੜਾਈ-ਝਗੜੇ ਵਿਚ ਫਸਿਆ ਰਹਿੰਦਾ ਸੀ, ਅਖੀਰ ਉਹਦੇ ਘਰਦਿਆਂ ਨੂੰ ਉਹਨੂੰ ਵਿਜ਼ਟਰ ਬਣਾ ਕੇ ਕਿਸੇ ਤਰ੍ਹਾਂ ਇਧਰ ਭੇਜ ਦਿੱਤਾ। ਐਥੇ ਜੀਜਾ ਵੀ ਉਨ੍ਹਾਂ ਦਿਨਾਂ ਵਿਚ ਆਪਣੇ ਆਪ ਨੂੰ ਚੌਧਰੀ ਕਹਾਉਂਦਾ ਹੁੰਦਾ ਸੀ ਤੇ ਸੁਰਜੀਤ ਵੀ ਇੱਥੇ ਕਿਸੇ ਗੁਰਦੁਆਰੇ ਹੋਈ ਲੜਾਈ 'ਚ ਕਾਬੂ ਆ ਗਿਆ। ਉਹਦੇ ਨਾਲ ਉਹਦਾ ਰਫਿਊਜੀ ਕੇਸ ਖਰਾਬ ਹੋ ਗਿਆ। ਉਧਰ ਜਦੋਂ ਤਕ ਦੁਬਾਰਾ ਮੈਡੀਕਲ ਹੋ ਕੇ ਸਾਡਾ ਵੀਜ਼ਾ ਆਇਆ ਤਾਂ ਸੁਰਜੀਤ ਇੱਧਰੋਂ ਡੀਪੋਰਟ ਹੋ ਗਿਆ। ਫੇਰ ਜਦੋਂ ਮੈਂ ਇੱਥੇ ਆ ਕੇ ਉਹਦੀ ਅਰਜ਼ੀ ਭਰੀ ਤਾਂ ਉਨ੍ਹਾਂ ਨੇ ਉਸ ਦੀ ਪੁਰਾਣੀ ਫਾਈਲ ਖੋਲ੍ਹ ਲਈ ਕਿ ਇਹ

ਬੰਦਾ ਮਾਰ-ਕੁਟਾਈਆਂ ਕਰਨ ਵਾਲਾ ਹੈ।"

"ਉਹ-ਹੋਅ," ਸਰੂਪ ਦੇ ਮੂੰਹੋਂ ਨਿਕਲਿਆ, "ਫੇਰ ਤੱਦੇ ਅਪੀਲ ਕਰਨੀ ਪਈ ਤੁਹਾਨੂੰ?" "ਹਾਂ ਜੀ, ਬਾਪੂ ਹੁਰੀਂ ਤਾਂ ਚਾਹੁੰਦੇ ਸੀ ਕਿ ਕਿਸੇ ਹੋਰ ਮੁੰਡੇ ਨਾਲ ਮੇਰਾ ਰਿਸ਼ਤਾ ਕਰ ਦੇਣ ਪਰ ਹਰਪਾਲ ਭਾਅ ਅੜ ਗਿਆ ਕਿ ਮੇਰੇ ਭਤੀਜੇ ਤੋਂ ਸਿਵਾਏ ਇਸ ਦਾ ਵਿਆਹ ਕਿਸੇ ਹੋਰ ਨਾਲ ਨਹੀਂ ਹੋ ਸਕਦਾ। ਜੇ ਹੋਰ ਕਿਤੇ ਰਿਸ਼ਤਾ ਕੀਤਾ ਤਾਂ ਮੈਂ ਨਿੰਮੋ ਨੂੰ ਤਲਾਕ ਦੇ ਦੇਣਾਂ-ਸੋ ਹੈਦਾਂ ਫੇਰ ਉਦੋਂ ਵਕੀਲ ਨੂੰ ਕਿੰਨ ਈ ਪੈਸੇ ਦੇ ਕੇ ਅਪੀਲ ਕਰਨੀ ਪਈ, ਬਿਚਾਰੇ ਬੀਬੀ ਤੇ ਬਾਪੂ ਵੀ ਐਸ ਉਮਰੇ ਫਾਰਮਾਂ 'ਚ ਕੰਮ ਕਰਨ ਜਾਂਦੇ ਆ, ਧੀਆਂ ਦਾ ਲੇਖਾ ਦੇਣ ਨੂੰ ਹੋਰ ਕੀ ਕਰਨ ਤੇ ਕਿਹਦੇ ਕੋਲ ਰਹਿਣ? ਆਹ ਸੀਜ਼ਨ ਲਾ ਕੇ ਮੁੜ ਜਾਣਾ ਉਨ੍ਹਾਂ ਪਿੱਛੇ।"

ਤੇ ਉਸ ਦਿਨ ਸਰੂਪ ਦੀ ਬੱਸ ਵਿਚ ਬਹੁਤ ਭੀੜ ਸੀ। ਉਸ ਤੋਂ ਪਹਿਲੀ ਬੱਸ ਰਾਹ ਵਿਚ ਵਿਗੜ ਗਈ ਸੀ ਤੇ ਉਸ ਦੇ ਮੁਸਾਫਿਰ ਵੀ ਸਾਰੇ ਇਸ ਬੱਸ ਵਿਚ ਸਨ। ਨਿੰਦਰ ਚੜ੍ਹੀ ਤੇ ਅੱਖਾਂ ਹੀ ਅੱਖਾਂ ਨਾ 'ਸਾ ਸਰੀ ਕਾਲ' ਕਹਿ ਕੇ ਮੁਸਾਫਿਰਾਂ ਦੀ ਭੀੜ ਵਿਚ ਗੁਆਚ ਗਈ। ਹਰ ਸਟਾਪ ਉੱਪਰ ਕਿੰਨੇ ਹੀ ਚੜ੍ਹਨ-ਉਤਰਨ ਵਾਲੇ ਮੁਸਾਫਿਰ, ਉੱਪਰੋਂ ਸ਼ੁਕਰਵਾਰ ਦਾ ਦੁਪਹਿਰਾ। ਬੱਸ ਮੱਲੋ-ਮੱਲੀ ਆਪਣੇ ਟਾਈਮ ਤੋਂ ਪੱਛੜ ਗਈ। ਰੂਟ ਦੇ ਅੰਤ 'ਤੇ ਪਹੁੰਚਣ ਤੋਂ ਪਹਿਲਾਂ ਹੀ ਬੱਸਾਂ ਦੇ ਸੁਪਰਵਾਈਜ਼ਰ ਨੇ ਰਾਹ ਵਿਚ ਆ ਕੇ ਸਰੂਪ ਨੂੰ ਉਥੋਂ ਹੀ ਪਿਛਾਂਹ ਪਰਤ ਜਾਣ ਦਾ ਆਦੇਸ਼ ਦਿੱਤਾ ਤਾਂ ਕਿ ਬੱਸ ਦੁਬਾਰਾ ਟਾਈਮ ਸਿਰ ਹੋ ਜਾਵੇ। ਉਤਰ ਰਹੇ ਮੁਸਾਫਿਰਾਂ ਦੇ ਅਖੀਰ ਵਿਚ ਨਿੰਦਰ ਵੀ ਦਿੱਸੀ। ਬੱਸ ਦੀ ਪਿਛਲੀ ਸੀਟ ਤੋਂ ਚੱਲ ਕੇ ਸਰੂਪ ਵੱਲ ਨੂੰ ਆਉਂਦੀ ਨੂੰ ਉਸ ਨੇ ਪੁੱਛਿਆ -

"ਤੂੰ ਅੱਜ ਆਪਣੇ ਰੈਸਟੋਰੈਂਟ ਸਾਹਮਣੇ ਨੀ ਉਤਰੀ, ਕੰਮ 'ਤੇ ਨਹੀ ਸੀ ਜਾਣਾ ਅੱਜ?"

"ਅੱਜ ਜ਼ਰਾ ਲੇਟ ਲੱਗਣਾ ਸੀ," ਫਿਰ ਜ਼ਰਾ ਕੁ ਝਕਦੀ ਹੋਈ ਬੋਲੀ, "ਅਸਲ ਵਿਚ ਮੈਂ ਤੁਹਾਡੇ ਨਾਲ ਇਕ ਗੱਲ ਕਰਨਾ ਚਾਹੁੰਦੀ ਸੀ।"

"ਦੱਸ ?" ਬੱਸ ਦੇ ਰੂਟ ਦੇ ਸਾਈਨ ਬਦਲਦਿਆਂ ਸਰੂਪ ਨੇ ਜ਼ਰਾ ਕੁ ਕਾਹਲੀ ਤੇ ਹੈਰਾਨੀ ਨਾਂਲ ਕਿਹਾ।

ਕੁਝ ਦੱਸਣ ਦੀ ਬਜਾਇ ਉਹ ਕਾਹਲੀ ਕਾਹਲੀ ਆਪਣਾ ਪਰਸ ਫਰੋਲ ਰਹੀ ਸੀ। ਪਰਸ ਅੰਦਰੋਂ ਉਹ ਇਕ ਛੋਟਾ ਜਿਹਾ ਲਿਫਾਫਾ ਕੱਢ ਕੇ ਸੀਟ ਉੱਪਰ ਰੱਖ, ਮੁੜ ਦੁਬਾਰਾ ਪਰਸ ਦੀਆਂ ਜੇਬਾਂ ਫਰੋਲਣ ਲੱਗ ਪਈ। ਇਤਨੇ ਨੂੰ ਵਾਪਸ ਜਾਣ ਵਾਲੇ ਮੁਸਾਫਿਰ ਬੱਸ ਵਿਚ ਚੜ੍ਹਨ ਲੱਗੇ ਤੇ ਉਹ ਕੁਝ ਨਰਵਸ ਹੋ ਗਈ।

"ਚੱਲ ਕੱਲ੍ਹ ਕਰ ਲਵੀਂ ਗੱਲ ਜਿਹੜੀ ਕਰਨੀ ਆਂ," ਉਹਦੀ ਘਬਰਾਹਟ ਤੇ ਆਪਣੀ ਘੜੀ ਜਾਂਚਦਿਆਂ ਸਰੂਪ ਨੇ ਕਿਹਾ।

"ਅਗਲੇ ਦੋ ਦਿਨ ਤੁਹਾਡੀ ਛੁੱਟੀ ਆ," ਕਹਿ ਕੇ ਉਹ ਪਿਛਾਂਹ ਇਕ ਸੀਟ ਉੱਪਰ ਬੈਠ ਪਰਸ ਫਰੋਲਣ ਲੱਗ ਪਈ।



ਵਾਪਸੀ ਟਰਿੱਪ ਉੱਪਰ ਵੀ ਮੁਸਾਫਿਰ ਬਹੁਤ ਸਨ, ਸ਼ਾਇਦ ਅੱਜ ਦਿਨ ਹੀ ਕੁਝ ਅਜਿਹਾ ਸੀ। ਰੈਸਟੋਰੈਂਟ ਲਾਗਲੇ ਸਟਾਪ ਉੱਪਰ ਉਤਰਨ ਤੋਂ ਪਹਿਲਾਂ ਉਹ ਸਰੂਪ ਕੋਲ ਆਈ ਤੇ ਮੂਹਰਲੇ ਦਰਵਾਜ਼ਿਉਂ ਤੇਜ਼ੀ ਨਾਲ ਨਿਕਲਣ ਤੋਂ ਪਹਿਲਾਂ ਉਹ ਲਿਫਾਫਾ ਉਸ ਨੂੰ ਫੜਾਉਂਦੀ ਹੋਈ ਬੋਲੀ, "ਗੱਲ ਫੇਰ ਸਹੀ, ਆਹ ਤੁਹਾਡੇ ਲਈ।"

ਸਾਰਾ ਟਰਿੱਪ ਸਰੂਪ ਉਸ ਦੇ ਇਸ ਵਤੀਰੇ 'ਤੇ ਹੈਰਾਨ ਹੁੰਦਾ ਰਿਹਾ ਤੇ ਰੂਟ ਦੇ ਅੰਤ ਉੱਪਰ ਪਹੁੰਚ ਕੇ ਉਸ ਨੇ ਲਿਫਾਫਾ ਖੋਲ੍ਹਿਆ। ਅੰਦਰ ਇਕ ਛੋਟੇ ਜਿਹੇ ਗੱਤੇ ਦੇ ਡੱਬੇ ਅੰਦਰ ਕੁੱਝ ਲੱਡੂ ਸਨ, "ਕਿਸ ਖੁਸ਼ੀ ਦੇ ਲੱਡੂ ਹੋ ਸਕਦੇ ਹਨ?" ਸਰੂਪ ਨੇ ਸੋਚਿਆ, "ਜੇਕਰ ਸੁਰਜੀਤ ਨੂੰ ਮੰਗਵਾਉਣ ਦੀ ਅਪੀਲ ਮਨਜ਼ੂਰ ਹੋ ਗਈ ਹੁੰਦੀ ਤਾਂ ਉਸ ਵਿਚ ਸੰਗਣ ਜਾਂ ਲੁਕਾਉਣ ਵਾਲੀ ਕਿਹੜੀ ਗੱਲ ਸੀ?"ਜਦੋਂ ਡੱਬਾ ਲਿਫਾਫੇ ਵਿਚੋਂ ਬਾਹਰ ਕੱਢਿਆ ਤਾਂ ਉਸ ਦੇ ਹੇਠੋਂ ਇਕ ਨਵੀਂ ਨਕੋਰ ਲਾਲ ਰੰਗ ਦੀ ਨਿਕਲੀ ਰੱਖੜੀ ਦੇਖ ਕੇ ਯਾਦ ਆਇਆ ਕਿ ਅਗਲੇ ਦਿਨ ਰੱਖੜੀ ਦਾ ਤਿਓਹਾਰ ਸੀ। ਸਰੂਪ ਸਾਰਾ ਦਿਨ ਨਿੰਦਰ ਦੇ ਜਜ਼ਬਾਤਾਂ ਬਾਰੇ ਸੋਚਦਾ ਰਿਹਾ ਤੇ ਘਰ ਆ ਕੇ ਸੁਮਨ ਨਾਲ ਵੀ ਗੱਲ ਕੀਤੀ। ਪਰ ਬੁਰੀ ਕਿਸਮਤ ਨੂੰ ਰੱਖੜੀ ਤੋਂ ਅਗਲੇ ਦਿਨ ਸੁਮਨ ਦਾ ਕਾਰ ਐਕਸੀਡੈਂਟ ਹੋ ਗਿਆ ਤੇ ਸਰੂਪ ਨੂੰ ਕੁਝ ਦਿਨ ਕੰਮ ਤੋਂ ਛੁੱਟੀ ਕਰਨੀ ਪਈ ਤੇ ਬਾਅਦ ਵਿਚ ਉਸ ਦਾ ਰੂਟ ਬਦਲ ਗਿਆ।

ਕਈ ਵਾਰ ਸਰੂਪ ਦੇ ਮਨ ਵਿਚ ਆਇਆ ਵੀ ਕਿ ਕੰਮ ਤੋਂ ਹਟ ਕੇ ਘਰ ਜਾਂਦਾ ਹੋਇਆ ਨਿੰਦਰ ਦੇ ਰੈਸਟੋਰੈਂਟ ਤੋਂ ਉਸ ਦਾ ਹਾਲ-ਚਾਲ ਪਾਤ ਕਰ ਜਾਵੇ ਪਰ ਕਬੀਲਦਾਰੀ ਦੇ ਟੰਟਿਆਂ ਵਿਚ ਵਕਤ ਹੀ ਨਹੀਂ ਮਿਲਿਆ। ਫਿਰ ਕੁਝ ਅਰਸੇ ਬਾਅਦ ਸਰੂਪ ਹੁਰਾਂ ਘਰ ਵੀ ਹੋਰ ਪਾਸੇ ਖਰੀਦ ਲਿਆ ਤੇ ਆਪਣੀ ਬਦਲੀ ਵੀ ਉਧਰ ਇਕ ਦੂਸਰੇ ਗੈਰਾਜ ਵਿਚ ਕਰਵਾ ਲਈ। ਡੇਢ ਕੁ ਸਾਲ ਬਾਅਦ ਇਕ ਵਾਰੀ ਸੁਮਨ ਨੂੰ ਲੈ ਕੇ ਉਸ ਦੇ ਰੈਸਟੋਰੈਂਟ ਖਾਣਾ ਖਾਣ ਵਾਸਤੇ ਵੀ ਗਿਆ ਪਰ ਪਤਾ ਲੱਗਾ ਕਿ ਉਹ ਉਥੋਂ ਕੰਮ ਛੱਡ ਚੁੱਕੀ ਸੀ।

ਤੇ ਅੱਜ ਐਨੇ ਸਾਲਾਂ ਬਾਅਦ ਅਚਾਨਕ ਡਾਕਟਰ ਦੇ ਦਫ਼ਤਰ ਵਿਚ ਮੁੜ ਨਜ਼ਰੀਂ ਪਈ ਸੀ ਨਿੰਦਰ।

ਏਨੇ ਨੂੰ ਡਾਕਟਰ ਦੀ ਸੈਕਟਰੀ ਨੇ ਕਿਸੇ ਦਾ ਨਾਂ ਲੈ ਕੇ ਆਵਾਜ਼ ਦਿੱਤੀ ਤੇ ਨਿੰਦਰ ਦੇ ਨਾਲ ਦੀ ਕੁਰਸੀ ਤੋਂ ਉਹ ਵਿਅਕਤੀ ਜਿਸ ਨੂੰ ਸਰੂਪ ਉਸ ਦਾ ਪਤੀ ਸਮਝਦਾ ਸੀ ਬੱਚੇ ਨੂੰ ਨਾਲ ਲੈ ਕੇ ਉਠਿਆ ਤੇ ਉਸ ਦੇ ਸਾਹਮਣੇ ਪਾਸਿਉਂ ਉਸ ਤੋਂ ਦੋ ਕੁਰਸੀਆਂ ਅਗਾਂਹ ਇਕ ਹੋਰ ਪੰਜਾਬਣ ਉਠੀ ਤੇ ਤਿੰਨੋਂ ਡਾਕਟਰ ਦੇ ਕਮਰੇ ਵੱਲ ਤੁਰ ਪਏ। ਉਨ੍ਹਾਂ ਦੇ ਜਾਣ ਤੋਂ ਮਿੰਟ ਕੁ ਬਾਅਦ ਨਿੰਦਰ ਵੀ ਅਖ਼ਬਾਰ ਰੱਖ ਕੇ ਉਠੀ ਤੇ ਡਾਕਟਰ ਵਰਗੀ ਸੈਕਟਰੀ ਨੂੰ ਕੁਝ ਪੁੱਛ ਕੇ ਵਾਪਿਸ ਆਉਂਦੀ ਆਪ ਤੋਂ ਉਰਲੀ ਕੁਰਸੀ ਉੱਪਰ ਬੈਠੀ ਬਜ਼ੁਰਗ ਔਰਤ ਨੂੰ ਕਹਿਣ ਲੱਗੀ, "ਬੀਬੀ! ਤੇਰੀ ਵਾਰੀ ਇਨ੍ਹਾਂ ਤੋਂ ਬਾਅਦ ਹੈ," ਤੇ ਫਿਰ ਅਚਾਨਕ ਸਰੂਪ ਉੱਪਰ ਨਜ਼ਰ ਪੈਂਦਿਆਂ ਹੀ ਮੁਸਕਰਾਈ ਤੇ ਬੋਲੀ, "ਓਹ! ਹੈਲੋ...ਤੁਸੀਂ ਕਿੱਦਾਂ? ਐਨੇ ਚਿਰ ਬਾਅਦ, ਮਾਈ ਗਾਡ... ਵੱਟ ਏ

ਪਲੈਜ਼ੈਂਟ ਸਰਪਰਾਈਜ਼," ਫਿਰ ਆਪਣੀ ਮਾਤਾ ਨੂੰ ਮੁਖ਼ਾਤਿਬ ਹੁੰਦੀ ਬੋਲੀ, "ਬੀਬੀ ਇਹ ਉਹ...ਜਿਨ੍ਹਾਂ ਬਾਰੇ ਮੈਂ ਤੈਨੂੰ ਦੱਸਿਆ ਸੀ... ਸਰੂਪ ਹੁਰੀਂ...ਐਥੇ ਬੱਸ ਚਲਾਉਂਦੇ ਆ...ਹਾਂ ਸੱਚ, ਮੁੜ ਕੇ ਕਦੀ ਦੇਖਿਆ ਹੀ ਨਹੀਂ ਤੁਹਾਨੂੰ ਬੱਸ ਚਲਾਉਂਦਿਆਂ?"

"ਅਸੀਂ ਸਰੀ ਵਿਚ ਘਰ ਲੈ ਲਿਆ ਤੇ ਕੰਮ ਵੀ ਹੁਣ ਉਥੇ ਵਾਲੇ ਗੈਰਾਜ 'ਚ ਆ," ਸਰੂਪ ਨੇ ਕਿਹਾ ਤੇ ਫਿਰ ਬਜ਼ੁਰਗ ਔਰਤ ਵੱਲ ਇਸ਼ਾਰਾ ਕਰ ਕੇ ਬੋਲਿਆ, "ਅੱਛਾ ਇਹ ਤੁਹਾਡੇ ਮਦਰ ਆ...ਸਾ ਸਰੀ ਕਾਲ ਮਾਤਾ ਜੀ।"

"ਜਿਉਂਦਾ ਰਹਿ ਪੁੱਤ...ਤੇਰਾ ਟੱਬਰ ਠੀਕ ਆ?"

"ਹਾਂ ਜੀ ਸਭ ਠੀਕ-ਠਾਕ ਐ। ਤੁਹਾਡਾ ਦਿਲ ਲੱਗ ਗਿਆ ਕੈਨੇਡਾ ਵਿਚ?" ਸਰੂਪ ਨੇ ਉਸ ਦੇ ਸਾਫ਼-ਸੁਥਰੇ ਕੱਪੜਿਆਂ ਤੇ ਸੁਨਹਿਰੀ ਕਮਾਨੀ ਵਾਲੀਆਂ ਐਨਕਾਂ ਤੋਂ ਅੰਦਾਜ਼ਾ ਲਗਾਉਂਦਿਆਂ ਪੁੱਛਿਆ।

"ਦਿਲ ਤਾਂ ਪੁੱਤਾ, ਬੱਸ..." ਮਾਤਾ ਅਗਾਂਹ ਪਤਾ ਨੀ ਕੀ ਕਹਿਣ ਲੱਗੀ ਸੀ ਕਿ ਡਾਕਟਰ ਦੀ ਸੈਕਟਰੀ ਨੇ ਉਸ ਦਾ ਨਾਮ ਲੈ ਕੇ ਆਵਾਜ਼ ਮਾਰੀ ਤੇ ਉਹ ਗੋਡਿਆਂ ਉੱਪਰ ਹੱਥ ਰੱਖ ਜ਼ਰਾ ਮੁਸ਼ਕਿਲ ਨਾਲ ਉੱਡਠਦੀ ਹੋਈ ਬੋਲੀ, "ਨਿੰਦੋ, ਇਹਨੂੰ ਪੁੱਛ ਤਾਂ ਕਿਹੜੇ ਡਾਕਟਰ ਕੋਲ ਆ ਮੇਰੀ ਵਾਰੀ, ਜਿਹੜਾ ਪੰਜਾਬੀ ਬੋਲਦਾ?" ਹੌਲੀ ਹੌਲੀ ਤੁਰਦੀ ਮਾਤਾ ਦੀ ਚਾਲ ਤੋਂ ਗੋਡਿਆਂ ਦੀ ਹਾਲਤ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਸੀ।

"ਹਾਂ ਬੀਬੀ, ਉਹਦੇ ਕੋਲ ਈ ਆ, ਤਾਂ ਹੀ ਤਾਂ ਐਨੀ ਦੇਰ ਵੇਟ ਕਰਨੀ ਪਈ ਆਪਾਂ ਨੂੰ।"

"ਚੰਗਾ ਫੇਰ ਤਾਂ ਮੈਂ ਆਪੇ ਗੱਲ ਕਰ ਲੈਣੀ ਆਂ ਉਹਦੇ ਨਾਲ...ਤੂੰ ਬਹਿ ਲਾ ਭਮਾਂ ਹੈਥੇ ਈ," ਆਖ ਕੇ ਮਾਤਾ ਦੂਸਰੇ ਡਾਕਟਰ ਦੇ ਕਮਰੇ ਵੱਲ ਵੱਧ ਗਈ।

"ਤੁਹਾਡੇ ਮਾਤਾ ਜੀ ਕਦੋਂ ਕੈਨੇਡਾ ਆਏ?" ਕੁਰਸੀ ਉੱਪਰ ਬੈਠਦੀ ਨਿੰਦਰ ਨੂੰ ਸਰੂਪ ਨੇ ਪੁੱਛਿਆ।

"ਸਾਲ ਕੁ ਹੋਇਆ ਤਾਂ ਮੈਂ ਦੁਬਾਰਾ ਆਪਣੇ ਵੱਲੋਂ ਇਨ੍ਹਾਂ ਦੇ ਕਾਗਜ਼ ਭਰ ਕੇ ਇਨ੍ਹਾਂ ਨੂੰ ਆਪਣੇ ਕੋਲ ਸੱਦ ਲਿਆ।"

"ਤੇ ਪਿਤਾ ਜੀ ਵੀ?"

"ਨਹੀਂ ਜੀ... ਉਹ ਵਿਚਾਰੇ ਤਾਂ ਡੇਢ ਕੁ ਸਾਲ ਪਹਿਲਾਂ ਗੁਜ਼ਰ ਗਏ ਉਥੇ ਈ" ਨਿੰਦਰ ਨੇ ਜ਼ਰਾ ਉਦਾਸੀ ਨਾਲ ਕਿਹਾ।

"ਓਹ, ਵੈਰੀ ਸੈਡ!"ਕਹਿ ਕੇ ਸਰੂਪ ਵੀ ਕੁਝ ਦੇਰ ਲਈ ਖਾਮੋਸ਼ ਹੋ ਗਿਆ, "ਸੱਚ ਤੇਰਾ ਹਸਬੈਂਡ ਆ ਗਿਆ ਸੀ ਠੀਕ-ਠਾਕ?"

ਇਹ ਸਵਾਲ ਸੁਣ ਕੇ ਨਿੰਦਰ ਜ਼ਰਾ ਅਨੋਖੀ ਜਿਹੀ ਮੁਸਕਾਈ, "ਕੌਣ ਹਸਬੈਂਡ? ... ਉਹ ਸੁਰਜੀਤ...ਹੂੰ...ਹੂੰ...ਹੂੰ...ਉਹਦੀ ਤਾਂ ਅਪੀਲ ਵੀ ਫੇਲ੍ਹ ਹੋ ਗਈ, ਉਹਨੇ ਕਿੱਥੋਂ ਆਉਣਾ ਸੀ?"

"ਫੇਰ ਹੋਰ ਕਿਤੇ ਹੋਇਆ ਹੋਣਾ ਵਿਆਹ ਤੇਰਾ?"



ਇਕ ਪਲ ਆਪਣੇ ਸਵਾਲ ਬਾਰੇ ਦੁਬਾਰਾ ਸੋਚ ਕੇ ਬੋਲਿਆ, "ਮੇਰਾ ਮਤਲਬ..." ਪਰ ਉਸ ਦੀ ਗੱਲ ਵਿਚੋਂ ਹੀ ਕੱਟਦੀ ਹੋਈ ਨਿੰਦਰ ਬੋਲੀ, "ਮੈਂ ਵਿਆਹ ਕਰਵਾਇਆ ਹੀ ਨਹੀਂ..." ਤੇ ਫਿਰ ਜ਼ਰਾ ਵੱਖਰੇ ਅੰਦਾਜ਼ ਵਿੱਚ ਬੋਲੀ, "ਤੇ ਨਾ ਹੀ ਮੇਰਾ ਕੋਈ ਖਾਸ ਇਰਾਦਾ ਵਿਆਹ ਕਰਵਾਉਣ ਦਾ ਹੁਣ।"

"ਉਹ ਅੱਛਾ?" ਸਰੂਪ ਨੇ ਹੈਰਾਨੀ ਨਾਲ ਉਸ ਵੱਲ ਦੇਖਿਆ। ਅੱਖਾਂ ਦੇ ਦੁਆਲੇ ਪੈਂਦੀਆਂ ਛੋਟੀਆਂ ਛੋਟੀਆਂ ਝੁਰੜੀਆਂ ਤੋਂ ਉਸ ਦੇ ਕੁਝ ਵੱਡੀ ਉਮਰ ਦੀ ਹੋਣ ਦਾ ਅਹਿਸਾਸ ਹੁੰਦਾ ਸੀ।

"ਕੀ ਗੱਲ, ਕੋਈ ਚੰਗਾ ਮੁੰਡਾ ਨਹੀਂ ਮਿਲਿਆ?" ਸਰੂਪ ਨੇ ਫਿਰ ਗੱਲ ਤੋਰੀ।

"ਕੋਈ ਕੁਛ ਖੱਪਖਾਨਾ ਹੋਇਆ ਐਥੇ," ਉਸ ਨੇ ਜ਼ਰਾ ਅਨੋਖੇ ਤਰੀਕੇ ਨਾਲ ਮੁਸਕਰਾਉਂਦਿਆਂ ਕਿਹਾ। ਏਨੇ ਨੂੰ ਡਾਕਟਰ ਦੀ ਸੈਕਟਰੀ ਸਰੂਪ ਕੋਲ ਆ ਕੇ ਬੋਲੀ, "ਸੌਰੀ, ਪਰ ਤੁਹਾਡੀ ਵਾਰੀ ਲੰਚ-ਟਾਈਮ ਤੋਂ ਬਾਅਦ ਹੀ ਆਵੇਗੀ। ਅੱਜ ਡਾਕਟਰ ਬਹੁਤ ਹੀ ਬਿਜ਼ੀ ਰਿਹਾ। ਤੁਸੀਂ ਚਾਹੋ ਤਾਂ ਘੰਟੇ ਬਾਅਦ ਆ ਜਾਣਾ," ਕਹਿ ਕੇ ਸੈਕਟਰੀ ਆਪਣਾ ਪਰਸ ਚੁੱਕ ਕੇ ਲੰਚ ਵਾਸਤੇ ਨਿਕਲ ਪਈ ਤੇ ਵੇਟਿੰਗ ਏਰੀਆ ਲਗਭਗ ਖਾਲੀ ਹੋ ਗਿਆ।

"ਹਰਪਾਲ ਮੇਰੇ ਉੱਪਰ ਜ਼ੋਰ ਪਾਵੇ ਕਿ ਇੰਡੀਆ ਜਾ ਕੇ ਸੁਰਜੀਤ ਨਾਲ ਵਿਆਹ ਕਰਾ ਤੇ ਫੇਰ ਉਹਨੂੰ ਇਧਰ ਸੱਦਣ ਲਈ ਅਰਜ਼ੀ ਭਰ, ਫੇਰ ਨੀ ਇਮੀਗ੍ਰੇਸ਼ਨ ਵਾਲੇ ਉਸਨੂੰ ਐਧਰ ਲੰਘਣ ਤੋਂ ਰੋਕ ਸਕਦੇ," ਆਲਾ-ਦੁਆਲਾ ਖਾਲੀ ਦੇਖ ਨਿੰਦਰ ਨੇ ਆਪੇ ਦੱਸਣਾ ਸ਼ੁਰੂ ਕੀਤਾ, "ਭੈਣ ਨਿੰਮੋ ਵੀ ਉਹਦੇ ਵਾਲੀ ਬੋਲੀ ਬੋਲਣ ਲੱਗ ਪਈ...ਮੈਂ ਕਿਸੇ ਨੂੰ ਨਾਲ ਲੈ ਕੇ ਇਕ ਹੋਰ ਵਕੀਲ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਤੁਹਾਡੇ ਕੇਸ ਦੀ ਵਿਆਹ ਨਾਲ ਵੀ ਕੋਈ ਗਰੰਟੀ ਨਹੀਂ ਠੀਕ ਹੋਣ ਦੀ...ਸੋ ਮੈਨੂੰ ਤਾਂ ਸੁਰਜੀਤ ਪਹਿਲਾਂ ਈ ਚੰਗਾ ਨਹੀਂ ਸੀ ਲੱਗਦਾ... ਤੇ ਉਧਰ ਬਾਪੂ ਵੀ ਦਿਲੋਂ ਰਾਜ਼ੀ ਨਹੀਂ ਸੀ ਸੁਰਜੀਤ ਲਈ।"

"ਫੇਰ ਤਾਂ ਤੇਰੇ ਜੀਜੇ ਨੂੰ ਔਖਾ ਲੱਗਿਆ ਹੋਣਾ?"

"ਜੀਜਾ ਕੱਢਿਆ," ਉਸ ਨੇ ਕੜਵਾਹਟ ਨਾਲ ਕਿਹਾ, "ਜਿੱਦਾਂ ਦਾ ਭਤੀਜਾ, ਉੱਦਾਂ ਦਾ ਚਾਚਾ।"

ਉਸੇ ਵੇਲੇ ਉਨ੍ਹਾਂ ਤੋਂ ਪਹਿਲਾਂ ਡਾਕਟਰ ਦੇ ਕਮਰੇ ਵਿਚ ਗਿਆ ਪੰਜਾਬੀ ਪਰਿਵਾਰ ਦੂਸਰੇ ਡਾਕਟਰ ਨੂੰ ਮਿਲ ਕੇ ਨਿਕਲਿਆ ਤੇ ਬਾਹਰ ਚਲਾ ਗਿਆ। ਉਨ੍ਹਾਂ ਤੋਂ ਬਾਅਦ ਉਹਨਾਂ ਵਾਲਾ ਡਾਕਟਰ ਫਾਈਲਾਂ ਦਾ ਥੱਬਾ ਸੈਕਟਰੀ ਦੀ ਮੇਜ਼ ਉੱਪਰ ਰੱਖਦਾ ਹੋਇਆ ਆਪਣਾ ਓਵਰ ਕੋਟ ਚੁੱਕ ਕੇ ਦਫ਼ਤਰੋਂ ਬਾਹਰ ਹੋ ਗਿਆ।

"ਜੀਜਾ ਕੀ ਬੋਲਿਆ ਫੇਰ?" ਕਮਰਾ ਖਾਲੀ ਦੇਖ, ਸਰੂਪ ਨੇ ਜ਼ਰਾ ਉਤਸੁਕਤਾ ਨਾਲ ਪੁੱਛਿਆ।

ਨਿੰਦਰ ਇਕ ਵਾਰੀ ਫਿਰ ਕੜਵਾਹਟ ਨਾਲ ਬੋਲੀ, "ਹਰਪਾਲ ਤਾਂ ਜਿੱਦਾਂ

ਦਾ ਨਿਕਲਿਆ ਸੋ ਨਿਕਲਿਆ, ਨਿੰਮੋ ਮੇਰੀ ਭੈਣ ਵੀ ਉਹਤੋਂ ਡਰਦੀ ਮੇਰੇ ਖਿਲਾਫ ਹੋ ਗਈ। ਐਥੇ ਤਕ ਕਿ ਉਨ੍ਹਾਂ ਨੇ ਮੈਨੂੰ ਉਥੋਂ ਨਿਕਲਣ 'ਤੇ ਮਜਬੂਰ ਕਰ ਦਿੱਤਾ। ਮੈਂ ਲੀਸਾ ਨਾਲ ਰਹਿਣ ਲੱਗ ਪਈ। ਇਨ੍ਹਾਂ ਨੇ ਬੜਾ ਪ੍ਰਚਾਰ ਕੀਤਾ ਰਿਸ਼ਤੇਦਾਰਾਂ ਵਿਚ, ਕਿ ਨਿੰਦੀ ਆਵਾਰਾ ਹੋ ਗਈ ਆ, ਇੰਡੀਆ ਮੇਰੇ ਮਾਂ-ਬਾਪ ਨੂੰ ਚੁੱਕੀ ਜਾਣਾ ਮੇਰੇ ਖ਼ਿਲਾਫ਼। ਮੈਂ ਇਨ੍ਹਾਂ ਨਾਲ ਕੋਈ ਵਾਸਤਾ ਈ ਨਾ ਰਖਿਆ, ਜੋ ਮਰਜ਼ੀ, ਕਰੀ ਜਾਂਦੇ ਪ੍ਰਚਾਰ।"

"ਲੀਸਾ...ਕੋਈ ਰਿਸ਼ਤੇਦਾਰ ਸੀ ਤੁਹਾਡੀ?" ਸਰੂਪ ਨੇ ਪੂਰੀ ਗੱਲ ਸਮਝਣ ਦੇ ਲਿਹਾਜ਼ ਨਾਲ ਪੁੱਛਿਆ।

"ਨਹੀਂ ਉਹ ਤਾਂ ਗੋਰੀ ਆ," ਨਿੰਦਰ ਨੇ ਜ਼ਰਾ ਮੁਸਕਰਾ ਕੇ ਕਿਹਾ, "ਪਰ ਰਿਸ਼ਤੇਦਾਰਾਂ ਤੋਂ ਵੱਧ ਆ ਮੇਰੇ ਲਈ। ਉਸੇ ਰੈਸਟੋਰੈਂਟ ਵਿਚ ਕੰਮ ਕਰਦੀ ਸੀ, ਮੇਰੇ ਤੋਂ ਬਾਅਦ ਲੱਗੀ ਸੀ... ਬਈ ਬੜੀ ਧੜੱਲੇਦਾਰ ਚੀਜ਼ ਆ!"

"ਅੱਛਾ..."

"ਸਾਡੇ ਨਾ ਰੈਸਟੋਰੈਂਟ ਦਾ ਛੋਟਾ ਮੈਨੇਜਰ ਬੜਾ ਖਰਾਬ ਸੀ," ਜ਼ਰਾ ਕੁ ਡਾਕਟਰ ਦੇ ਕਮਰੇ ਵੱਲ ਨਜ਼ਰ ਮਾਰਦਿਆਂ ਨਿੰਦਰ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਉਹ ਨਾ ਰਹੇਕ ਨਵੀਂ ਵੇਟਰੈੱਸ ਦੇ ਐਮੀਂ ਚੂੰਢੀਆਂ-ਚਾਂਢੀਆਂ ਵੱਢਦਾ ਰਹਿੰਦਾ ਸੀ। ਇਕ ਦਿਨ ਲੀਸਾ ਨੂੰ ਵੀ ਕਿਚਨ ਵਿਚ ਇਕੱਲੀ ਦੇਖ ਕੇ ਘੇਰ ਲਿਆ। ਉਹਨੇ ਨਾਲੇ ਤਾਂ ਮੈਨੇਜਰ ਨੂੰ ਜ਼ੋਰ ਨਾਲ ਧੱਕਾ ਮਾਰਿਆ ਤੇ ਨਾਲੇ ਰੌਲਾ ਪਾ ਦਿੱਤਾ। ਬਾਅਦ ਵਿਚ ਵੱਡੇ ਮੈਨੇਜਰ ਨੇ ਲੀਸਾ ਨੂੰ ਕੰਮ ਤੋਂ ਹਟਾ ਦਿੱਤਾ ਕਿ ਇਹ ਕੰਮ ਨੀ ਧਿਆਨ ਨਾਲ ਕਰਦੀ। ਲੀਸਾ ਨੇ ਜੀ 'ਹਿਊਮਨ ਰਾਈਟਸ' ਵਾਲਿਆਂ ਦੇ ਸ਼ਿਕਾਇਤ ਕਰ ਦਿੱਤੀ।"

"ਅੱਛਾ...ਗੱਲ ਹੋਈ ਨਾ!" ਸਰੂਪ ਨੇ ਜ਼ਰਾ ਉਤੇਜਨਾ ਨਾਲ ਕਿਹਾ। "ਫੇਰ ਜੀ ਕੇਸ ਚੱਲਿਆ ਤੇ ਲੀਸਾ ਕੇਸ ਜਿੱਤ ਗਈ। ਨਾਲੇ ਤਾਂ ਉਹਦੀ ਜੌਬ ਵਾਪਸ ਮਿਲੀ ਤੇ ਨਾਲ ਮੈਨੇਜਰ ਨੂੰ ਜੁਰਮਾਨਾ ਹੋਇਆ।"

"ਵਾਹ, ਕਮਾਲ ਹੋ ਗਈ! ਪਰ ਤੂੰ ਹੁਣ ਤਾਂ ਰੈਸਟੋਰੈਂਟ ਵਿਚ ਕੰਮ ਨਹੀ ਕਰਦੀ, ਕਈ ਸਾਲ ਪਹਿਲਾਂ ਮੈਂ ਤੇਰੀ ਭਾਬੀ ਨੂੰ ਲੈ ਕੇ ਤੇਰੇ ਨਾਲ ਮਿਲਾਉਣ ਗਿਆ ਤਾਂ ਉਥੋਂ ਪਤਾ ਲੱਗਾ ਕਿ ਤੂੰ ਕੰਮ ਛੱਡ ਦਿੱਤਾ।"

"ਹਾਂ, ਇਸ ਗੱਲ ਤੋਂ ਬਾਅਦ ਅਸੀਂ ਦੋਨਾਂ ਨੇ ਉਥੋਂ ਕੰਮ ਛੱਡ ਦਿੱਤਾ। ਅਸਲ ਵਿਚ ਜਦੋਂ ਮੈਨੇਜਰ ਨੇ ਲੀਸਾ ਨਾਲ ਹੈਦਾਂ ਕੀਤਾ ਤਾਂ ਮੈਂ ਉਹਨੂੰ ਦੱਸਿਆ ਕਿ ਉਹ ਛੋਟਾ ਮੈਨੇਜਰ ਮੋਟੀਆਂ ਮੋਟੀਆਂ ਅੱਖਾਂ ਕੱਢ ਕੇ ਮੈਨੂੰ ਵੀ ਹੋਰ ਤਰਾਂ ਦੇਖਦਾ ਹੁੰਦਾ ਸੀ। ਜਿੱਦਣ ਕਿਤੇ ਉਹਨੇ ਮੈਨੂੰ ਓਵਰਟੈਮ ਕਰਨ ਨੂੰ ਕਹਿਣਾ ਤਾਂ ਮੈਂ ਡਰਦੀ ਨੇ ਜਵਾਬ ਦੇ ਦੇਣਾ ਕਿ ਪਤਾ ਨਹੀ ਮੈਨੂੰ ਇਕੱਲੀ ਦੇਖ ਕੇ ਕੀ ਕਰ ਸਿੱਟੇ! ਲੀਸਾ ਨੇ ਮੈਨੂੰ ਸਮਝਾਇਆ ਕਿ ਇਹ ਦੁਨੀਆਂ ਡਰਦੇਬੰਦੇ ਨੂੰ ਈ ਹੋਰ ਡਰਾਉਂਦੀ ਆ। ਜੇ ਮੋਹਰਿਉਂ ਡਟ ਜਾਉ, ਤਦੇ ਗੁਜ਼ਾਰਾ ਹੁੰਦਾ, ਨਹੀਂ ਤਾਂ ਸਾਰੀ ਉਮਰ ਧੱਕੇ ਈ ਖਾਣੇ ਪੈਂਦੇ ਆ!



ਬਾਅਦ ਵਿਚ ਜਦੋਂ ਮੈਂ ਉਹਦੇ ਨਾਲ ਰਹਿਣ ਲੱਗ ਗਈ ਤਾਂ ਉਹਨੇ ਮੈਨੂੰ ਅਗਾਂਹ ਪੜ੍ਹਨ ਦੀ ਸਲਾਹ ਦਿੱਤੀ। ਮੈਂ ਉਹਦੀ ਗੱਲ ਮੰਨ ਕੇ ਕੰਪਿਊਟਿੰਗ ਦਾ ਕੋਰਸ ਕਰਨ ਲੱਗ ਪਈ, ਬੜੀ ਹੈਲਪ ਕੀਤੀ ਉਹਨੇ ਮੇਰੀ। ਫੇਰ ਕੋਰਸ ਕਰ ਕੇ ਪਹਿਲਾ ਤਾਂ ਹੋਰ ਇਕ ਜਗ੍ਹਾ ਕੰਮ ਲੱਭਿਆ ਤੇ ਹੁਣ ਕਈ ਚਿਰ ਹੋ ਗਿਆ ਬੈਂਕ ਵਿਚ ਕਰਦੀ ਆਂ।"

"ਮੈਂ ਵੀ ਕਹਾਂ ਕਿ ਨਿੰਦਰ ਪਤਾ ਨੀ ਕਿੱਧਰ ਛੂਪਨ ਹੋ ਗਈ, ਮੁੜ ਕੇ ਦਿੱਸੀ ਨੀ, ਪਤਾ ਨਹੀ ਗੁੱਸੇ ਈ ਹੋ ਗਈ। ਮੈਨੂੰ ਕੀ ਪਤਾ ਸੀ ਪਈ ਕੁੜੀ ਟੌਹਰ ਨਾਲ ਹੁਣ ਬੈਂਕ ਵਿਚ ਕੰਮ ਕਰਦੀ ਆ?"

"ਟੌਹਰ-ਟੂਹਰ ਦਾ ਤਾਂ ਪਤਾ ਨੀ, ਕੰਮ ਜ਼ਰੂਰ ਕਰਦੀ ਆਂ... ਰੈਸਟੋਰੈਂਟ ਦੀ ਬਜਾਇ ਬੈਂਕ ਵਿਚ ਕਰਦੀ ਆਂ," ਨਿੰਦਰ ਨੇ ਜ਼ਰਾ ਹੱਸਦਿਆਂ ਕਿਹਾ, "ਬੱਸ ਦੀ ਬਜਾਇ ਕਾਰ 'ਚ ਜਾਨੀ ਆਂ, ਬੱਸ ਏਨਾ ਕੁ ਫਰਕ ਆ।"

"ਅੱਛਾ, ਕਾਰ 'ਚ ਜਾਨੀ ਆਂ," ਸਰੂਪ ਨੇ ਵੀ ਜ਼ਰਾ ਹੱਸਦਿਆਂ ਬਨਾਉਟੀ ਹੈਰਾਨਗੀ ਨਾਲ ਕਿਹਾ।

"ਓਹ ਸੱਚ, ਮੈਂ ਤਾਂ ਕਾਰ ਮਕੈਨਿਕ ਨੂੰ ਫੋਨ ਕਰ ਕੇ ਪੁੱਛਣਾ ਸੀ ਕਿ ਕਾਰ ਕਦੋਂ ਠੀਕ ਹੋਣੀ ਆ, ਕਾਰ ਨੇ ਵੀ ਅੱਜ ਈ ਖਰਾਬ ਹੋਣਾ ਸੀ।" ਕਹਿ ਕੇ ਨਿੰਦਰ ਉੱਠ ਕੇ ਡਾਕਟਰ ਦੇ ਫੋਨ ਵੱਲ ਵਧੀ। ਉਸੇ ਵੇਲੇ ਮਾਤਾ ਡਾਕਟਰ ਦੇ ਕਮਰੇ ਵਿਚੋਂ ਇਕ ਕਾਗਜ਼ ਜਿਹਾ ਫੜੀ ਬਾਹਰ ਆਈ ਤੇ ਉਸ ਦੇ ਪਿੱਛੇ ਹੱਥ ਵਿਚ ਫਾਈਲ ਫੜੀ ਡਾਕਟਰ ਨਿਕਲਿਆ। ਡਾਕਟਰ ਨੇ ਅੰਗਰੇਜ਼ੀ ਵਿਚ ਨਿੰਦਰ ਨੂੰ ਮਾਤਾ ਦਾ ਖ਼ੂਨ ਤੇ ਪਿਸ਼ਾਬ ਟੈਸਟ ਕਰਵਾਉਣ ਲਈ ਕਿਹਾ। ਨਿੰਦਰ ਨੇ ਹਾਮੀ ਭਰਦਿਆਂ ਡਾਕਟਰ ਤੋਂ ਉਸ ਦਾ ਫੋਨ ਵਰਤਣ ਦੀ ਇਜਾਜ਼ਤ ਮੰਗੀ।

"ਤੁਸੀਂ ਬੀਬੀ ਨੂੰ ਆਹ ਸਾਹਮਣੇ ਲੈਬੋਰਟਰੀ ਵਿੱਚ ਲਿਜਾ ਸਕਦੇ ਆਂ ਪਲੀਜ਼," ਨਿੰਦਰ ਫ਼ੋਨ ਕੰਨ ਨੂੰ ਲਾਈ ਟੈਸਟ ਵਾਲਾ ਕਾਗਜ਼ ਸਰੂਪ ਵੱਲ ਵਧਾਉਂਦੀ ਹੋਈ ਬੋਲੀ, "ਮੈਂ ਦੋ ਮਿੰਟ ਮਕੈਨਿਕ ਨਾਲ ਗੱਲ ਕਰਕੇ ਆਈ।" ਫਿਰ ਆਪਣਾ ਸ਼ਾਲ ਤੇ ਪਰਸ ਚੁੱਕ ਰਹੀ ਮਾਤਾ ਵੱਲ ਮੂੰਹ ਕਰਕੇ ਬੋਲੀ, "ਬੀਬੀ, ਐਸ ਵੇਲੇ ਲੈਬੋਰਟਰੀ ਵਿਚ ਭੀੜ ਘੱਟ ਹੁੰਦੀ ਆ, ਤੂੰ ਹੌਲੀ ਹੌਲੀ ਇਨ੍ਹਾਂ ਨਾਲ ਉੱਪਰ ਨੂੰ ਚੱਲ ਤੇ ਆਪਣੀ ਵਾਰੀ ਦਾ ਨੰਬਰ ਲੁਆ...ਪਰਸ ਚੋਂ ਕੱਢ ਕੇ ਕਾਰਡ ਦਿਖਾ ਦਈਂ ਨਰਸ ਨੂੰ, ਮੈਂ ਹੁਣੇ ਆਈ," ਕਹਿ ਕੇ ਨਿੰਦਰ ਫੋਨ ਉੱਪਰ ਗੱਲਾਂ ਕਰਨ ਲੱਗੀ।

ਲੈਬੋਰਟਰੀ ਵਿਚ ਸੱਚਮੁਚ ਇਕ-ਅੱਧਾ ਮਰੀਜ਼ ਹੀ ਸੀ। ਨਰਸ ਨੇ ਟੈਸਟ ਵਾਲਾ ਕਾਗਜ਼ ਸਰੂਪ ਹੱਥੋਂ ਫੜਦਿਆਂ ਉਨ੍ਹਾਂ ਨੂੰ ਬੈਠਣ ਦਾ ਇਸ਼ਾਰਾ ਕੀਤਾ।

"ਡਾਕਟਰੀ ਇਲਾਜ ਦੀ ਇੱਥੇ ਵਾਲੀ ਕਿਤੇ ਰੀਸ ਨੀ ਮਾਤਾ ਜੀ," ਸਰੂਪ ਨੇ ਕੁਰਸੀ ਉੱਪਰ ਬੈਠੀ ਮਾਤਾ ਦਾ ਜਿਵੇਂ ਹੌਸਲਾ ਵਧਾਇਆ।

"ਹੋਰ ਪੁੱਤਾ, ਇਲਾਜ ਵੀ ਬਥੇਰੇ, ਬੀਮਾਰੀਆਂ ਵੀ ਗਾਹਾਂ ਤੋਂ ਗਾਹਾਂ...ਦੁੱਖ ਵੀ ਪਰ੍ਹੇ ਤੋਂ ਪਰ੍ਹੇ ਦੁਨੀਆਂ 'ਚ," ਮਾਤਾ ਨੇ ਲੰਬਾ ਜਿਹਾ ਸਾਹ ਭਰਦਿਆਂ ਕਿਹਾ।

"ਕੁਸ਼ ਦੁੱਖਾਂ ਦਾ ਇਲਾਜ ਤਾਂ ਹੈਗਾ, ਪਰ ਜਿਹੜੇ ਕਿਸੇ ਨੇ ਮੱਲੋ-ਮੱਲੀ

ਲਾਏ ਹੋਣ ਆਪਣੇ ਆਪ ਨੂੰ, ਉਨ੍ਹਾਂ ਦਾ ਕੋਈ ਕੀ ਇਲਾਜ ਕਰੇ?" ਮਾਤਾ ਦੇ ਨਾਲ ਵਾਲੀ ਕੁਰਸੀ ਉੱਪਰ ਬੈਠਦੀ ਨਿੰਦਰ ਕਹਿਣ ਲੱਗੀ, "ਹੁਣ ਜੇ ਤੇਰੇ ਦੋ ਧੀਆਂ ਈ ਜੰਮੀਆਂ, ਪੁੱਤ ਨਹੀਂ ਜੰਮਿਆ ਕੋਈ, ਤਾਂ ਦੱਸ ਉਹਦਾ ਕੀ ਇਲਜ ਕਰੇ ਕੋਈ?" ਕਹਿ ਕੇ ਨਿੰਦਰ ਹੱਸਣ ਲੱਗ ਪਈ।

"ਨੀ ਫੋਟ ਤੇਰੇ ਖਸਮੇ ਨੂੰ..." ਸਾਹਮਣਿਉਂ ਇਕ ਭਾਰੀ ਦੇਹ ਵਾਲੇ ਬਜ਼ੁਰਗ ਨੂੰ ਕਾਫੀ ਸਹਾਰਾ ਦੇ ਕੇ ਲਿਆਉਂਦੀ ਨਰਸ ਨੂੰ ਦੇਖ ਮਾਤਾ ਇਕ ਦਮ ਚੁੱਪ ਕਰ ਗਈ।

ਨਰਸ ਨੇ ਬੜੀ ਹਿੰਮਤ ਤੇ ਠਰ੍ਹੰਮੇ ਨਾਲ ਬਜ਼ੁਰਗ ਨੂੰ ਉਸ ਦੀ ਵ੍ਹੀਲ ਚੇਅਰ ਉੱਪਰ ਬਿਠਾਇਆ ਤੇ ਉਸ ਦਾ ਸਾਮਾਨ ਉਸ ਦੀ ਟੋਕਰੀ ਵਿਚ ਟਿਕਾ ਕੇ ਉਸ ਨੂੰ ਦਰਵਾਜ਼ੇ ਤੋਂ ਬਾਹਰ ਛੱਡਣ ਗਈ।

"ਲੈ ਦੇਖ, ਤੇਰੇ ਸਾਹਮਣੇ ਨਰਸ ਨੇ ਐਡੇ ਬੰਦੇ ਨੂੰ ਚੁੱਕ ਕੇ ਵ੍ਹੀਲ ਚੇਅਰ 'ਚ ਬਿਠਾ ਦਿੱਤਾ ਕਿ ਨਹੀਂ? ਉਹ ਵੀ ਤਾਂ ਕੁੜੀ ਈ ਆ," ਨਿੰਦਰ ਬੋਲੀ।

"ਇਹ ਗੋਰੀਆਂ ਬਾਬਾ ਜੋ ਕਰ ਲੈਣ ਸੋ ਥੋੜ੍ਹਾ, ਇਹ ਤਾਂ ਨਖਸਮੀਆਂ ਮੁੰਡਿਆਂ ਤੋਂ ਵਧ ਕੇ ਆ, ਘੱਟ ਕਿਧਰੋਂ?" ਮਾਤਾ ਜ਼ਰਾ ਹੋਰ ਤਰ੍ਹਾਂ ਦਾ ਮੂੰਹ ਬਣਾਉਂਦੀ ਬੋਲੀ।

"ਇਹ ਕਿਤੇ ਆਪਾਂ ਨੂੰ ਭਰਮ ਤਾਂ ਨਹੀਂ ਕਿ ਸਿਰਫ ਗੋਰੀਆਂ ਈ ਮੁੰਡਿਆਂ ਬਰਾਬਰ ਖੜ੍ਹ ਸਕਦੀਆਂ, ਆਪਣੀਆਂ ਕੁੜੀਆਂ ਨੀ ਉਨ੍ਹਾਂ ਵਾਂਗ ਕਰ ਸਕਦੀਆਂ," ਨਿੰਦਰ ਨੇ ਜਿਵੇਂ ਆਪਣੀ ਗੱਲ ਦੀ ਪ੍ਰੋੜ੍ਹਤਾ ਕਰਵਾਉਣ ਲਈ ਸਰੂਪ ਵੱਲ ਦੇਖਿਆ।

ਇਸ ਤੋਂ ਪਹਿਲਾਂ ਕਿ ਕੋਈ ਕੁਝ ਬੋਲਦਾ, ਨਰਸ ਨੇ ਆ ਕੇ ਬੜੀ ਮਿੱਠੀ ਮੁਸਕਰਾਹਟ ਨਾਲ ਮਾਤਾ ਨੂੰ ਦੂਸਰੇ ਕਮਰੇ ਵੱਲ ਚੱਲਣ ਲਈ ਕਿਹਾ। ਜਦੋਂ ਨਿੰਦਰ ਉਠ ਕੇ ਨਾਲ ਚੱਲਣ ਲੱਗੀ ਤਾਂ ਮਾਤਾ ਨੇ ਇਸ਼ਾਰੇ ਨਾਲ ਉਸ ਨੂੰ ਰੋਕ ਦਿੱਤਾ।

"ਸਾਡੀ ਬੀਬੀ ਮੇਰੇ ਸਾਹਮਣੇ ਆਪਣੀ ਬੀਮਾਰੀ ਦੀ ਗੱਲ ਨੀ ਕਰਦੀ, ਕਹਿੰਦੀ, ਐਦਾਂ ਦੀਆਂ ਗੱਲਾਂ ਕੁਆਰੀਆਂ ਕੁੜੀਆ ਸਾਹਮਣੇ ਨੀ ਕਰੀਦੀਆਂ।" ਨਿੰਦਰ ਨੇ ਉੱਪਰੋਂ ਜਿਵੇਂ ਹੱਸਦਿਆਂ ਪਰ ਅੰਦਰੋਂ ਕਿਸੇ ਉਦਾਸੀ ਨਾਲ ਕਿਹਾ, "ਇੰਡੀਆ ਕਹਿੰਦੇ ਹੁੰਦੇ ਆ ਕਿ ਮਾਂ-ਧੀ ਦਾ ਇਕ ਪਰਦਾ ਹੁੰਦੈ, ਪਰ ਸਾਡੀ ਮਾਂ ਤਾਂ ਸਿਵਾਏ, ਮੇਰਾ ਫਿਕਰ ਕਰਨ ਦੇ ਹੋਰ ਕੋਈ ਮੇਰੇ ਨਾਲ ਗੱਲ ਈ ਨੀ ਕਰਦੀ ਬੰਦਾ ਕਿਹਦੇ ਨਾਲ ਗੱਲ ਕਰੇ?"

"ਤੇਰੀ ਨਿੰਮੋ ਨਾਲ ਅੱਜੇ ਵੀ ਬੋਲ-ਚਾਲ ਨਹੀਂ ਹੋਈ?" ਖਾਮੋਸ਼ੀ ਨੂੰ ਤੋੜਦਿਆਂ ਸਰੂਪ ਨੇ ਪੁੱਛਿਆ।

"ਨਾਂਹ...ਨਾਲੇ ਹੋਣੀ ਵੀ ਨੀ ਕਦੇ," ਨਿੰਦਰ ਨੇ ਜ਼ਰਾ ਢਿੱਲੀ ਸੁਰ ਵਿਚ ਕਿਹਾ।

"ਜੀਜਾ ਹਰਪਾਲ ਅਜੇ; ਵੀ ਤੇਰੇ ਨਾਲ ਗੁੱਸੇ ਹੋਣਾ ਕਿ ਉਹਦੀ ਬੇਇਜ਼ਤੀ ਹੋ ਗਈ?"



"ਬੇਇਜ਼ਤੀ ਉਹਦੀ ਕਾਹਦੀ ਹੋਈ? ਸਗੋਂ ਮੇਰੀ..." ਕਹਿੰਦਿਆਂ ਨਿੰਦਰ ਰੁਕ ਗਈ। ਫਿਰ ਉਠ ਕੇ ਸਰੂਪ ਦੇ ਨਾਲ ਵਾਲੀ ਕੁਰਸੀ ਉਪਰ ਬੈਠਦੀ ਜ਼ਰਾ ਕੁ ਨੀਵੀਂ ਆਵਾਜ਼ ਵਿਚ ਬੋਲੀ, "ਇਹ ਗੱਲ ਮੈਂ ਉਂਦਾਂ ਦੱਸੀ ਨਹੀਂ ਕਦੇ ਕਿਸੇ ਨੂੰ ਪਰ ਤੁਸੀਂ..ਤੁਹਾਡੀ ਗੱਲ ਹੋਰ ਆ, ਮੈਨੂੰ ਯਕੀਨ ਆ ਕਿ ਤੁਸੀਂ ਇਹ ਗੱਲ ਅਗਾਂਹ ਕਿਸੇ ਨਾਲ ਨਹੀਂ ਕਰੋਗੇ," ਕਹਿ ਕੇ ਨਿੰਦਰ ਨੇ ਜ਼ਰਾ ਆਲਾ-ਦੁਆਲਾ ਦੇਖਿਆ।

"ਨਹੀਂ ਕਰਦਾ...ਮੇਰੀਆਂ ਆਪਣੀਆਂ ਭੈਣਾਂ ਵੀ ਮੇਰੇ ਨਾਲ ਸਾਰੀ ਗੱਲ ਸਾਂਝੀ ਕਰ ਲੈਂਦੀਆਂ ਹੁੰਦੀਆਂ ਸੀ," ਸਰੂਪ ਨੇ ਆਪਣੇ ਚਿੱਤੋਂ ਉਸ ਨੂੰ ਰਿਸ਼ਤੇ ਦੀ ਯਾਦ ਦਿਵਾਉਂਦਿਆਂ ਉਸ ਦਾ ਯਕੀਨ ਬੰਨ੍ਹਾਇਆ।

"ਇਹ ਰਿਸ਼ਤੇ ਵੀ ਬੱਸ..." ਕਹਿੰਦਿਆਂ ਨਿੰਦਰ ਰੁਕੀ ਤੇ ਫਿਰ ਜ਼ਰਾ ਵੱਖਰੇ ਅੰਦਾਜ਼ ਵਿਚ ਬੋਲੀ, "ਕੀ ਬੰਦਾ ਕਦੇ ਬਗੈਰ ਰਿਸ਼ਤੇ ਤੋਂ ਨੀ ਕਿਸੇ ਨਾਲ ਆਪਣਾ ਦੁੱਖ-ਸੁੱਖ ਸਾਂਝਾ ਕਰ ਸਕਦਾ? ਜਾਂ ਉਂਦਾਂ ਈ ਕਿਸੇ ਦੀ ਹੈਲਪ ਕਰ ਸਕਦਾ...?"

"ਜ਼ਰੂਰ ਕਰ ਸਕਦਾ..." ਸਰੂਪ ਦੇ ਮੂੰਹੋਂ ਨਿਕਲਿਆ, "ਮੈਂ ਤਾਂ ਉਂਦਾਂ ਈ ਆਪਣੀ ਭੈਣ ਦੀ..." ਪਰ ਨਿੰਦਰ ਨੇ ਉਸ ਦੀ ਗੱਲ ਟੋਕਦਿਆਂ ਕਿਹਾ, "ਮੇਰਾ ਮਤਲਬ ਇਹ ਨੀ ਸੀ... ਮੈਂ ਤਾਂ ਤੁਹਾਨੂੰ ਉਹਦੀ ਗੱਲ ਦੱਸਣ ਲੱਗੀ ਆਂ ਜਿਹਨੂੰ ਮੈਂ ਸਦਾ ਆਪਣੇ ਵੱਡੇ ਭਰਾ ਦੇ ਥਾਂ ਮੰਨਦੀ ਰਹੀ ਸੀ...ਹਰਪਾਲ ਦੀ," ਕਹਿ ਕੇ ਉਹ ਫਿਰ ਉਸ ਪਾਸੇ ਦੇਖਣ ਲੱਗੀ ਜਿਧਰ ਨਰਸ ਮਾਤਾ ਨੂੰ ਲੈ ਕੇ ਗਈ ਸੀ।

"ਮੈਂ ਤਾਂ ਹਮੇਸ਼ਾ ਬਾਪੂ ਤੋਂ ਬਾਅਦ ਉਸ ਨੂੰ ਈ ਸਭ ਕੁਸ਼ ਸਮਝਦੀ ਹੁੰਦੀ ਸੀ ਤੇ ਨਿੰਮੋ ਮੱਲੋ-ਮੱਲੀ ਮੈਥੋਂ ਉਹਦੇ ਰੱਖੜੀ ਵੀ ਬੰਨ੍ਹਾਉਂਦੀ ਹੁੰਦੀ ਸੀ, ਮੈਂ ਉਦਾਂ ਵੀ ਹਰਪਾਲ ਤੋਂ ਜ਼ਰਾ ਡਰਦੀ ਹੁੰਦੀ ਸੀ," ਜ਼ਰਾ ਕੁ ਆਲਾ-ਦੁਆਲਾ ਦੇਖ ਉਸ ਨੇ ਫਿਰ ਦੱਸਣਾ ਸ਼ੁਰੂ ਕੀਤਾ, "ਜਦੋਂ ਸੁਰਜੀਤ ਦੀ ਅਪੀਲ ਰੀਜੈਕਟ ਹੋਈ ਤਾਂ ਦੋਨੋਂ, ਨਿੰਮੋਂ ਤੇ ਹਰਪਾਲ, ਮੇਰੇ 'ਤੇ ਜ਼ੋਰ ਪਾਉਣ ਲੱਗੇ ਕਿ ਮੈਂ ਇੰਡੀਆ ਜਾ ਕੇ ਸੁਰਜੀਤ ਨਾਲ ਵਿਆਹ ਕਰਵਾਵਾਂ। ਮੈਂ ਜ਼ਰਾ ਸਲਾਹੀਂ ਪਈ ਹੋਈ ਸੀ, ਦੋਨੋਂ ਈ ਮੈਨੂੰ ਆਨੀਂ ਬਹਾਨੀ ਤੰਗ ਕਰਨ ਲੱਗ ਪਏ।"

"ਅੱਛਾ..." ਉਤਸੁਕਤਾ ਨਾਲ ਸਰੂਪ ਨੇ ਕਿਹਾ।

"ਇਕ ਦਿਨ ਸ਼ਾਮ ਨੂੰ ਮੈਂ ਇਕੱਲੀ ਘਰ ਟੀਵੀ ਦੇਖਦੀ ਸੀ, ਨਿੰਮੋ ਕੰਮ ਉੱਪਰ ਗਈ ਹੋਈ ਸੀ ਤੇ ਹਰਪਾਲ ਵੀ ਕਿਤੇ ਬਾਹਰ ਸੀ। ਟੀਵੀ ਉੱਪਰ ਜਾਨਵਰਾਂ ਦਾ ਕੋਈ ਸ਼ੋਅ ਚਲਦਾ ਸੀ...ਜੰਗਲ ਜਿਹੇ ਵਿਚ ਹਿਰਨਾਂ ਵਰਗੇ ਕੋਈ ਜਾਨਵਰ ਚਰਦੇ ਫਿਰਦੇ ਸੀ ਕਿ ਇਕਦਮ ਤਿੰਨ ਚਾਰ ਚੀਤੇ ਕਿਤੋਂ ਨਿਕਲ ਕੇ ਉਨ੍ਹਾਂ ਮਗਰ ਭੱਜੇ। ਉਹਨਾਂ ਵਿਚੋਂ ਇਕ ਚੀਤੇ ਨੇ ਉਹ ਹਿਰਨ ਜਿਹਾ ਇਕੱਲਾ ਘੇਰ ਕੇ ਇਕ ਪਾਸੇ ਵੱਲ ਕੱਢ ਲਿਆ। ਪਹਿਲਾਂ ਤਾਂ ਉਹ ਜਾਨਵਰ ਮੋਹਰੇ ਮੋਹਰੇ ਨੱਠਦਾ ਚੀਤੇ ਤੋਂ ਬਚਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਜਦੋਂ ਚੀਤਾ ਐਨ ਲਾਗੇ ਆ ਕੇ ਉਸ ਉੱਪਰ ਝਪਟਣ ਵਾਲਾ ਈ ਸੀ ਤਾਂ ਉਹ ਜਾਨਵਰ ਇਕਦਮ ਘੁੰਮ ਕੇ ਚੀਤੇ ਵੱਲ ਨੂੰ ਸਿੰਗ ਕਰਕੇ ਖੜ੍ਹ ਗਿਆ। ਚੀਤਾ ਪਹਿਲਾਂ ਤਾਂ ਡਰ ਕੇ ਰੁਕਿਆ ਤੇ ਫਿਰ ਕੁਝ ਦੇਰ ਬਾਅਦ ਜਾਨਵਰ

ਨੂੰ ਆਪਣੇ ਵੱਲ ਵਧਦਾ ਦੇਖ ਪਿੱਛੇ ਮੁੜ ਪਿਆ... ਮੈਂ ਬੜੀ ਹੈਰਾਨ ਹੋਈ ਕਿ ਜਿੱਦਾਂ ਆਪਾਂ ਸੁਣਦੇ ਹੁੰਦੇ ਸੀ ਪਈ ਚਤਾ ਐਨਾ ਤਾਕਤਵਰ ਹੁੰਦਾ, ਐਦਾਂ ਝਪਟ ਕੇ ਪਾੜ ਕੇ ਰੱਖ ਦਿੰਦਾ ਸ਼ਿਕਾਰ ਨੂੰ ...ਉਸੇ ਵੇਲੇ ਹਰਪਾਲ ਬਾਹਰੋਂ ਆ ਗਿਆ। ਪੀ ਕੇ ਆਇਆ ਲੱਗਦਾ ਸੀ ਤੇ ਕਿਚਨ 'ਚ ਆ ਕੇ ਇਕ ਹੋਰ ਡ੍ਰਿੰਕ ਲਾਇਆ। ਫੇਰ ਲਿਵਿੰਗ ਰੂਮ 'ਚ ਆ ਕੇ ਪਹਿਲਾਂ ਤਾ ਮੈਨੂੰ ਉੱਚੀ ਉੱਚੀ ਬੋਲਣ ਲੱਗ ਗਿਆ ਅਖੇ ਤੂੰ ਮੇਰਾ ਕਹਿਣਾ ਨੀ ਮੰਨਦੀ, ਆਪਣੀਆਂ ਮਰਜੀਆਂ ਕਰਦੀ ਫਿਰਦੀ ਆਂ ਤੇ ਫੇਰ ਇਕ ਦਮ ਮੇਰੀ ਬਾਂਹ ਫੜ ਕੇ ਕਹਿੰਦਾ ਕਿ ਜੇ ਭਤੀਜੇ ਨੌਂਹ ਨੀ ਬਣਨਾ ਤਾਂ ਅੱਧੀ ਘਰਵਾਲੀ ਬਣ ਜਾ। ਮੇਰੇ ਵਿਚ ਨੀ ਕਿੱਥੋਂ ਹਿੰਮਤ ਆਈ ਕਿ ਮੈਂ ਉਹਨੂੰ ਜ਼ੋਰ ਨਾਲ ਧੱਕਾ ਮਾਰ ਕੇ ਦਬਾ-ਦਬ ਘਰੋਂ ਬਾਹਰ ਨਿਕਲ ਆਈ। ਸ਼ਾਪਿੰਗ ਮਾਲ ਵਿਚ ਆ ਕੇ ਲੀਸਾ ਨੂੰ ਫੋਨ ਕੀਤਾ ਤੇ ਉਹ ਮੈਨੂੰ ਆਪਣੇ ਨਾਲ ਲੈ ਗਈ।

ਉਧਰੋਂ ਨਰਸ ਮਾਤਾ ਨੂੰ ਲੈ ਕੇ ਆਉਂਦੀ ਦਿੱਸੀ ਤਾਂ ਪਤਾ ਨਹੀਂ ਕੀ ਸੋਚ ਕੇ ਸਰੂਪ ਮਾਤਾ ਦੀ ਬਾਂਹ ਫੜਨ ਲਈ ਉਠਿਆ।

"ਤੁਹਾਡੇ ਪਿਤਾ ਜੀ ਦੇ ਗੁਜ਼ਰਨ ਦਾ ਸੁਣ ਕੇ ਤਾਂ ਬੜਾ ਅਫ਼ਸੋਸ ਹੋਇਆ," ਮਾਤਾ ਨੂੰ ਨਿੰਦਰ ਦੇ ਨਾਲ ਦੀ ਕੁਰਸੀ ਉੱਪਰ ਬਿਠਾਉਂਦਾ ਸਰੂਪ ਨਿੰਦਰ ਵੱਲ ਮੂੰਹ ਕੇ ਕੇ ਬੋਲਿਆ।

"ਹੋਰ ਪੁੱਤ...ਹੈਦਾਂ ਈ ਫਿਕਰ 'ਚ ਤੁਰ ਗਿਆ ਬਚਾਰਾ ਆਪਣੀ ਆਈ," ਨਿੰਦਰ ਦੀ ਬਜਾਇ ਮਾਤਾ ਬੋਲੀ ਤੇ ਫਿਰ ਨਿੰਦਰ ਵੱਲ ਇਸ਼ਾਰਾ ਕਰ ਕੇ ਕਹਿਣ ਲੱਗੀ, "ਏਦਾ ਵਿਆਹ ਹੋਇਆ ਦੇਖਣਾ ਚਾਹੁੰਦਾ ਸੀ, ਪਰ ਹੈਨੀ ਸੀ ਕਿਸਮਤ ਵਿਚ, ਚਲੋ ਜੋ ਦਾਤੇ ਨੂੰ ਮੰਜੂਰ।"

"ਬੀਬੀ ਤਾਂ ਸਾਰਾ ਕੁਸ਼ ਮੇਰੇ ਵਿਆਹ ਨਾਲ ਈ ਜੋੜ ਦਿੰਦੀ ਆ," ਜ਼ਰਾ ਹੱਸ ਕੇ ਨਿੰਦਰ ਨੇ ਕਿਹਾ, "ਜਿਹੜਾ ਤਾਏ ਨੇ ਧੋਖੇ ਨਾਲ ਪੁਰਾਣੇ ਖੂਹ ਵਾਲੇ ਦੋਏਂ ਖੇਤ ਦੱਬ ਲਏ, ਹਉਕਾ ਤਾਂ ਉਹਨਾਂ ਦਾ ਲੱਗਾ ਬਾਪੂ ਨੂੰ। ਬਾਕੀ ਐਧਰੋਂ ਸੁੱਖ ਨਾਲ ਤੇਰੇ ਧੀ-ਜੁਆਈ ਭਾਂਤ-ਭਾਂਤ ਦੀਆਂ ਗੱਲਾਂ ਮੇਰੇ ਬਾਰੇ ਬਣਾ ਕੇ ਲਿਖਦੇ ਰਹੇ। ਬਾਪੂ ਦਾ ਹਾਰਟ ਫੇਲ੍ਹ ਨਾ ਹੁੰਦਾ ਤਾਂ ਹੋਰ ਕੀ ਹੁੰਦਾ?" ਕਹਿੰਦੀ ਹੋਈ ਨਿੰਦਰ ਸੰਜੀਦਾ ਹੋ ਗਈ।

"ਆਹੋ ਇਹਨੇ ਚੰਦਰੇ ਦਿਆਲੇ ਨੇ ਬਥੇਰਾ ਲਹੂ ਪੀਤਾ ਸਾਰੀ ਉਮਰ ਤੁਹਾਡੇ ਬਾਪੂ ਦਾ, ਜਦੋਂ ਦੀਆ ਤੁਸੀ ਦੋਨੋਂ ਜੰਮੀਆਂ ਉਦੋਂ ਦੀ ਇਦੀ ਅੱਖ ਤੁਹਾਡੇ ਬਾਪੂ ਦੇ ਹਿੱਸੇ ਆਉਂਦੀ ਜ਼ਮੀਨ 'ਤੇ ਆ। ਜ਼ਮੀਨਾਂ ਦੇ ਰੌਲੇ ਆ ਸਾਰੇ, ਨਾ ਇਹ ਖਸਮ ਨੂੰ ਖਾਣੀਆਂ ਨਾਲ ਜਾਣੀਆਂ ਬੰਦੇ ਦੇ, ਪਰ ਫੇਰ ਬੀ ਬੰਦਾ ਪਤਾ ਨਹੀ ਕਾਹਨੂੰ ਐਨੇ ਜਫਰ ਜਾਲਦਾ ਫਿਰਦਾ...ਆਹ ਹਰਪਾਲ ਵੀ ਏਹੀ ਅੱਖ ਰੱਖੀ ਬੈਠਾ। ਤਦੇ ਤੇਰਾ ਸਾਕ ਸੁਰਜੀਤ ਨਾਲ ਕਰਨ ਲਈ ਤੜਫਦਾ ਸੀ," ਮਾਤਾ ਨੂੰ ਹੁਣ ਸਰੂਪ ਕੋਈ ਓਪਰਾ ਨਹੀਂ ਸੀ ਜਾਪਦਾ।

"ਆਹੋ ਜਦੋਂ ਸਿੱਧੀ ਉਂਗਲੀ ਨਾਲ ਘਿਉ ਨਹੀਂ ਨਿਕਲਿਆ ਤਾਂ ਦੂਜੀ



ਤਰ੍ਹਾਂ ਸਹੀ," ਨਿੰਦਰ ਬੋਲੀ, "ਜਦੋਂ ਮੈਂ ਬਾਪੂ ਗੁਜ਼ਰੇ 'ਤੇ ਇੰਡੀਆ ਗਈ ਤਾਂ ਭੋਗ ਤੋਂ ਦੋ ਕੁ ਦਿਨ ਬਾਅਦ ਮੈਂ ਤਾਏ ਦਾ ਮੁੰਡਾ ਤੇ ਸੁਰਜੀਤ ਇਕੱਠੇ ਮੋਟਰ ਸਾਈਕਲ ਉੱਪਰ ਜਾਂਦੇ ਦੇਖੇ... ਉਹੀ ਗੁਰਪ੍ਰੀਤ ਜਿਹਨੂੰ ਛੋਟੇ ਹੁੰਦੇ ਨੂੰ ਮੈਂ ਕੁੱਛੜ ਚੁੱਕ ਕੇ ਖਡੌਂਦੀ ਰਹੀ ਆ, ਸੁਰਜੀਤ ਨਾਲ ਬੈਠਾ ਮੇਰੇ ਵੱਲ ਦੇਖ ਹੋਰ ਈ ਤਰ੍ਹਾਂ ਮੁੱਛਾਂ 'ਤੇ ਹੱਥ ਫੇਰੀ ਜਾਵੇ।"

"ਚੱਲ ਬੱਸ ਵੀ ਕਰ ਹੁਣ," ਲੈਬੋਰਟਰੀ 'ਚੋਂ ਬਾਹਰ ਨਿਕਲਦੀ ਮਾਤਾ ਬੋਲੀ, " ਹੋਰ ਬਥੇਰੇ ਚੰਦ ਚਾੜ੍ਹੇ ਆ ਗੁਰਪ੍ਰੀਤ ਨੇ ਤੇਰੇ ਮਗਰੋਂ," ਫਿਰ ਸ਼ਾਲ ਦੀ ਤਹਿ ਖੋਲ੍ਹਦੀ ਬੋਲੀ, "ਹੁਣ ਘਰ ਨੂੰ ਕਿੱਦਾਂ ਜਾਣੈ? ਕਾਰ ਦਾ ਕੀ ਬਣਿਐ?"

"ਉਹ ਸੱਚ, ਕਾਰ ਤਾਂ ਸ਼ਾਮ ਤਕ ਠੀਕ ਹੋਣੀ ਆਂ, ਕੋਈ ਪੁਰਜਾ ਨੀ ਸੀ ਮਿਲਦਾ," ਨਿੰਦਰ ਸਰੂਪ ਨੂੰ ਦੱਸਦੀ ਬੋਲੀ, "ਹੁਣ ਫੇਰ ਬੀਬੀ ਤੈਨੂੰ ਐਥੋਂ ਟੈਕਸੀ ਸੱਦ ਕੇ ਤੇਰੀ ਸਹੇਲੀ ਚਰਨ ਕੌਰ ਮਾਸੀ ਦੇ ਘਰ ਲਾਹ ਦਿੰਦੀ ਆਂ ਤੇ ਸ਼ਾਮ ਨੂੰ ਕੰਮ ਤੋਂ ਹਟ ਕੇ ਮਕੈਨਿਕ ਤੋਂ ਆਪਣੀ ਕਾਰ ਚੁੱਕ ਕੇ ਤੈਨੂੰ ਲੈਣ ਆਊਂਗੀ," ਆਪਦਾ ਪਰਸ ਫਰੋਲਦੀ ਨਿੰਦਰ ਬੋਲੀ।

"ਤੁਸੀਂ ਟੈਕਸੀ ਕਾਹਤੋਂ ਕਰਨੀ ਆ? ਡਾਕਟਰ ਨੇ ਅਜੇ ਹੋਰ ਅੱਧੇ ਘੰਟੇ ਨੂੰ ਆਉਣਾ। ਮੈਂ ਏਥੇ ਬੈਠੇ ਨੇ ਕੀ ਕਰਨਾ? ਮੈਂ ਛੱਡ ਦਿੰਦਾ ਆਂ ਤੁਹਾਨੂੰ," ਜੇਬ 'ਚੋਂ ਚਾਬੀਆਂ ਕੱਢਦਾ ਸਰੂਪ ਬੋਲਿਆ।

"ਦੇਖ ਲਉ ਤੁਸੀਂ ਕਿਤੇ ਲੇਟ ਨਾ ਹੋ ਜਾਇਉ, ਉੱਦਾਂ ਤਾਂ ਮਾਸੀ ਚਰਨ ਕੌਰ ਦਾ ਘਰ ਹੈਥੇ ਲਾਗੇ ਈ ਆ ਫਰੇਜ਼ਰ ਸਟ੍ਰੀਟ ਦੇ," ਨਿੰਦਰ ਨੇ ਕਿਹਾ।

"ਲੇਟ ਨੂੰ ਕਿਹੜਾ ਗੱਡੀ ਲੰਘ ਚੱਲੀ ਆ, ਨਾਲੇ ਸਾਡਾ ਤਾਂ ਕੰਮ ਈ ਸੁਆਰੀਆਂ ਢੋਣ ਦਾ," ਜ਼ਰਾ ਹੱਸ ਕੇ ਸਰੂਪ ਬੋਲਿਆ।

"ਜਿਉਂਦਾ ਰਹਿ ਪੁੱਤ," ਮਾਤਾ ਪੌੜੀਆਂ ਉਤਰਦੀ ਗੋਡੇ ਦੀ ਪੀੜ ਨਾਲ ਤੰਗ ਹੋ ਕੇ ਬੋਲੀ, "ਹਾਏ, ਸਰੀਰ ਵੀ ਰਹਿੰਦਾ ਜਾਂਦਾ ਹਣ। ਪੁੱਤ, ਤੂੰ ਹੀ ਕੋਈ ਚੰਗਾ ਜਿਹਾ ਮੁੰਡਾ ਦੱਸ ਨਿੰਦੀ ਲਈ, ਮੇਰਾ ਭਾਰ ਲੱਥੇ।"

ਸਰੂਪ ਦੇ ਜੁਆਬ ਦੇਣ ਤੋਂ ਪਹਿਲਾਂ ਹੀ ਨਿੰਦਰ ਬੋਲੀ, "ਭਾਰ ਤਾਂ ਤੇਰਾ ਮੈਂ ਨਹੀਂ ਲਾਹ ਸਕਦੀ, ਪਰ ਜੇ ਕਹੇਂ ਤਾਂ ਆਪਦਾ ਇਕ ਗੋਡਾ ਤੈਨੂੰ ਜ਼ਰੂਰ ਦੇ ਸਕਦੀ ਆਂ," ਕਹਿ ਕੇ ਨਿੰਦਰ ਹੱਸਣ ਲੱਗ ਪਈ, "ਇਥੇ ਤਾਂ ਡਾਕਟਰ ਕੁਸ਼ ਦਾ ਕੁਸ਼ ਬਦਲ ਦਿੰਦੇ ਆਂ।"

"ਤੇਰੀਆਂ ਹਾਹੀ ਗੱਲਾਂ ਕਰਕੇ ਮੈਨੂੰ ਤੇਰਾ ਹਰ ਵੇਲੇ ਫ਼ਿਕਰ ਰਹਿੰਦਾ, ਤਦੇ ਲੋਕ ਰੱਬ ਤੋਂ ਪੁੱਤ ਮੰਗੇ ਆ ਪਈ ਧੀਆਂ ਦੀ ਖਬਰਦਾਰੀ ਰਹੇ ਤੇ ਸ਼ਰੀਕ ਤੰਗ ਨਾ ਕਰਨ," ਬੀਬੀ ਜ਼ਰਾ ਬੁਰਾ ਮਨਾਉਂਦੀ ਬੋਲੀ।

"ਬੈਠੋ ਮਾਤਾ ਜੀ", ਸਰੂਪ ਨੇ ਕਾਰ ਦਾ ਪਿਛਲਾ ਦਰਵਾਜ਼ਾ ਖੋਲ੍ਹਦਿਆਂ ਕਿਹਾ, "ਇਥੇ ਕੀ ਫਰਕ ਆ ਧੀਆਂ ਪੁੱਤਾਂ ਦਾ?"

"ਬੀਬੀ ਕਿਹੜੀ ਖਬਰਦਾਰੀ ਦੀ ਗੱਲ ਕਰਦੀ ਆਂ?" ਨਿੰਦਰ ਵੀ ਥੋੜ੍ਹੀ ਤੇਜ਼ੀ ਵਿਚ ਆ ਕੇ ਕਹਿਣ ਲੱਗੀ, "ਜਿੱਦਾਂ ਦੀ ਖਬਰਦਾਰੀ ਤਾਏ ਦਿਆਲੇ ਨੇ

ਕੀਤੀ ਸੀ ਭੂਆ ਦੀ?" ਫਿਰ ਸਰੂਪ ਨੂੰ ਦੱਸਣ ਲੱਗੀ, "ਬਚਾਰੀ ਇਕੋ ਭੂਆ ਸ਼ਾਡੀ, ਉਹ ਵੀ ਵਿਆਹ ਤੋਂ ਬਾਅਦ ਛੇਤੀ ਵਿਧਵਾ ਹੋ ਗਈ। ਉਹਦੇ ਸੌਹਰੇ ਮੁੜ ਸਾਡੇ ਕੋਲ ਛੱਡ ਗਏ ਉਹ ਨੂੰ ਕਿ ਕਿਤੇ ਜ਼ਮੀਨ 'ਚੋਂ ਹਿੱਸਾ ਨਾ ਮੰਗ ਲਵੇ। ਇਧਰ ਤਾਏ ਨੂੰ ਫਿਕਰ ਪੈ ਗਿਆ ਕਿ ਹੁਣ ਭੂਆ ਨੇ ਸਾਥੋਂ ਹਿੱਸਾ ਮੰਗਣਾ। ਭੂਆ ਸ਼ੁਰੂ ਤੋਂ ਈ ਬੀਮਾਰ ਜਿਹੀ ਰਹਿੰਦੀ ਸੀ। ਤਾਇਆ ਇਕ ਦਿਨ ਬਗੈਰ ਕਿਸੇ ਨੂੰ ਦੱਸੇ-ਪੁੱਛੇ ਉਹਨੂੰ ਸ਼ਹਿਰ ਲੈ ਗਿਆ ਅਖੇ ਕਿਸੇ ਵੱਡੇ ਡਾਕਟਰ ਤੋਂ ਇਹਦਾ ਇਲਾਜ ਕਰੌਣਾ। ਮੁੜ ਕੇ ਘਰ ਭੂਆ ਦੀ ਲਾਸ਼ ਈ ਆਈ। ਉਹ ਤਾਂ ਕਈ ਚਿਰ ਮਗਰੋਂ ਤਾਏ ਦੇ ਆੜੀ ਜਿੰਦੂ ਅਮਲੀ ਦੇ ਮੂੰਹੋਂ ਕਿਤੇ ਗੱਲ ਨਿਕਲੀ ਕਿ ਦਿਆਲੇ ਨੇ ਪਹਿਲਾਂ ਈ ਕੋਈ ਡਾਕਟਰ ਨਾਲ ਗਿਟ-ਮਿਟ ਕੀਤੀ ਹੋਈ ਸੀ," ਕਹਿ ਕੇ ਨਿੰਦਰ ਨੇ ਜ਼ਰਾ ਗੁੱਸੇ ਨਾਲ ਕਾਰ ਦਾ ਮੂਹਰਲਾ ਦਰਵਾਜ਼ਾ ਬੰਦ ਕੀਤਾ, " ਤੇ ਤਾਏ ਹੁਰੀਂ ਕਦੀ ਬਾਪੂ ਦੀ ਸੌਂਹ ਖਾਣ ਤੇ ਕਦੇ ਸੰਤਾਂ ਦੀ ਸੌਂਹ ਖਾਣ ਕਿ ਮੈਂ ਤਾਂ ਸਿਰਫ਼ ਇਲਾਜ ਕਰੌਣ ਲਈ ਲੈ ਕੇ ਗਿਆ ਸੀ, ਮੈਨੂੰ ਨੀ ਪਤਾ ਕੀ ਹੋਇਆ।"

"ਚੱਲ ਹੁਣ ਬੱਸ ਵੀ ਕਰ...ਰਾਹ ਦੱਸ ਮੁੰਡੇ ਨੂੰ ਚਰਨੋਂ ਦੇ ਘਰ ਦਾ...ਕਿਹਦਾ ਕੋਈ ਅਤਬਾਰ ਕਰੇ ਤੇ ਕਿਹਦਾ ਨਾ ਕਰੇ," ਮਗਰਲੀ ਗੱਲ ਜਿਵੇਂ ਮਾਤਾ ਨੇ ਆਪਣੇ ਆਪ ਨੂੰ ਸੁਣਾ ਕੇ ਕਹੀ ਹੋਵੇ।

ਕਾਰ ਪਾਰਕਿੰਗ ਵਿਚੋਂ ਨਿਕਲ ਕੇ ਮੇਨ ਸਟ੍ਰੀਟ ਉੱਪਰ ਮੁੜੀ ਤਾਂ ਕਾਰ ਵਿਚਲੀ ਖਾਮੋਸ਼ੀ ਦੇ ਵਾਤਾਵਰਣ ਨੂੰ ਬਦਲਣ ਲਈ ਸਰੂਪ ਨੇ ਟੇਪ ਚਲਾ ਦਿੱਤੀ। ਫਿਰ ਉਹੀ ਗੀਤ ਚੱਲ ਪਿਆ, "ਇਕ ਵੀਰ ਦੇਵੀਂ ਵੇ ਰੱਬਾ, ਸੌਂਹ ਖਾਣ ਨੂੰ ਬੜਾ ਜੀਅ ਕਰਦਾ," ਮਗਰਲੀ ਲਾਈਨ ਸੁਣਦਿਆਂ ਹੀ ਨਿੰਦਰ ਨੇ ਬਟਨ ਦੱਬ ਟੇਪ ਬੰਦ ਕਰ ਦਿੱਤੀ, "ਕਦੀ ਕਿਸੇ ਭਰਾ ਨੇ ਵੀ ਰੱਬ ਤੋਂ ਭੈਣ ਮੰਗਣ ਲਈ ਗੀਤ ਗਾਇਆ ਕਦੇ? ਮੈਂ ਤਾਂ ਸੁਣਿਐ ਨੀ ਪੰਜਾਬੀ 'ਚ ਕਿਤੇ।"

ਸਰੂਪ ਅਜੇ ਨਿੰਦਰ ਦੀ ਗੱਲ ਬਾਰੇ ਹੀ ਸੋਚ ਰਿਹਾ ਸੀ ਕਿ ਪਿਛਲੀ ਸੀਟ ਤੋਂ ਮਾਤਾ ਡੂੰਘਾ ਜਿਹਾ ਸਾਹ ਲੈ ਕੇ ਬੋਲੀ, "ਉੱਦਾਂ ਬੰਦਾ ਸੌਂਹਾਂ ਵੀ ਉਦੋਂ ਈ ਖਾਂਦਾ ਜਦੋਂ ਅੰਦਰੋਂ ਕੱਚਾ ਹੋਵੇ," ਕਹਿ ਕੇ ਮਾਤਾ ਸ਼ੀਸ਼ੇ ਰਾਹੀਂ ਬਾਹਰ ਦੇਖਣ ਲੱਗ ਪਈ।

ਨਿੰਦਰ ਨੇ ਇਕ ਵਾਰੀ ਮੂਹਰਲੀ ਸੀਟ ਤੋਂ ਗਰਦਨ ਮੋੜ ਕੇ ਬੀਬੀ ਵੱਲ ਦੇਖਿਆ ਤੇ ਫਿਰ ਮੁਸਕਰਾਉਂਦੀ ਹੋਈ ਸਰੂਪ ਨੂੰ ਅਗਲੀ ਲਾਈਟ ਤੋਂ ਫ੍ਰੇਜ਼ਰ ਵੱਲ ਮੁੜਨ ਦਾ ਇਸ਼ਾਰਾ ਕਰਨ ਲੱਗ ਪਈ।



# ਰੂਹ ਦੀ ਸਾਂਝ

ਹਲਕੀ ਹਲਕੀ ਬੂੰਦਾ-ਬਾਂਦੀ ਨੂੰ ਚੀਰਦੀ ਹੋਈ ਟੈਕਸੀ ਕੰਪਾਊਂਡ ਵਿਚੋਂ ਗੁਜ਼ਰ ਕੇ ਇਸ ਉੱਚੀ ਸਾਰੀ ਬਹੁਮੰਜ਼ਿਲਾ ਇਮਾਰਤ ਦੀ ਲੌਬੀ ਸਾਹਮਣੇ ਪੋਰਟਿਕੋ ਵਿਚ ਰੁਕੀ। ਹਰਦੇਵ ਨੇ ਇਕ ਵਾਰੀ ਫਿਰ ਪੜ੍ਹਿਆ ਤੇ ਆਪਣੀ ਡਰਾਈਵਰ ਵਾਲੀ ਰੋਜ਼ਾਨਾ ਸੀਟ ਉੱਪਰ ਲਿਖੇ ਨੰਬਰ ਨਾਲ ਮੇਚਿਆ ਫਿਰ ਟੈਕਸੀ ਵਿਚੋਂ ਨਿਕਲ ਕੇ ਲੌਬੀ ਸਾਹਮਣੇ ਲੱਗੇ ਵੱਡੇ ਸਾਰੇ ਇੰਟਰਕਾਮ ਉੱਪਰ ਅਠਵੀਂ ਮੰਜ਼ਿਲ ਉੱਪਰਲੇ ਕਿਸੇ ਫਲੈਟ ਦੇ ਨੰਬਰ ਵਾਲਾ ਬਟਨ ਦੱਬ ਕੇ ਇੰਤਜ਼ਾਰ ਕਰਨ ਲੱਗਾ।

"ਹੈਲੋਅਅ..." ਜਲਦੀ ਹੀ ਇੰਟਰਕਾਮ ਉੱਪਰ ਇਹ ਪਿਆਰੀ ਜਿਹੀ ਜ਼ਨਾਨਾ ਆਵਾਜ਼ ਸੁਣਾਈ ਦਿੱਤੀ।

"ਯੋਅਰ ਟੈਕਸੀ 'ਜ਼ ਹੀਅਰ ਮੈਮ।" ਬਾਅਦਬ ਅਮਰੀਕਨ ਲਹਿਜ਼ੇ ਵਿਚ ਹਰਦੇਵ ਇੰਟਰਕਾਮ ਦੇ ਕੋਲ ਮੂੰਹ ਲਿਜਾ ਕੇ ਬੋਲਿਆ।

"ਵ੍ਹਈ ਵਿਲ ਬੀ ਰਾਈਟ ਡਾਊਨ।" ਉਸੇ ਪਿਆਰੀ ਆਵਾਜ਼ ਨੂੰ ਸੁਣ ਕੇ ਹਰਦੇਵ ਟੈਕਸੀ ਵਿਚ ਬੈਠ ਕੇ ਉਡੀਕਣ ਲੱਗ ਗਿਆ। ਸਾਹਮਣੇ ਪਹਾੜੀ ਉੱਪਰ ਉਸ ਨੂੰ ਆਪਣੀ ਯੂਨੀਵਰਸਿਟੀ ਦੀਆਂ ਬੱਤੀਆਂ ਦਿਖਾਈ ਦੇ ਰਹੀਆਂ ਸਨ ਜਿਨ੍ਹਾਂ ਨੂੰ ਦੇਖ ਕੇ ਉਸਨੂੰ ਅਗਲੇ ਹਫਤੇ ਆ ਰਹੇ ਇਮਤਿਹਾਨ ਦੀ ਯਾਦ ਆ ਗਈ ਤੇ ਉਹ ਜ਼ਰਾ ਪੜ੍ਹਾਈ ਦੇ ਹਿਸਾਬ-ਕਿਤਾਬ ਵਿਚ ਗੁਆਚ ਗਿਆ। ਉਸੇ ਕੁ ਵੇਲੇ ਉਸ ਦੀ ਟੈਕਸੀ ਦੇ ਪਿੱਛੇ ਇਕ ਹੋਰ ਗੱਡੀ ਆ ਕੇ ਰੁਕੀ ਤੇ ਉਸ ਨੇ ਆਪਣੀਆਂ ਹੈੱਡ ਲਾਈਟਾਂ ਦਾ ਡਿੱਪਰ ਜਿਹਾ ਮਾਰਿਆ। ਸ਼ਾਇਦ ਕਿਣ-ਮਿਣ ਤੋਂ ਬਚਣ ਲਈ ਉਸ ਗੱਡੀ ਦੀਆਂ ਸਵਾਰੀਆਂ ਛੱਤ ਥੱਲੇ ਉਤਰਨਾ ਚਾਹੁੰਦੀਆਂ ਸਨ ਤੇ ਪੋਰਟਿਕੋ ਵਿਚ ਸਿਰਫ ਇਕੋ ਗੱਡੀ ਜੋਗੀ ਜਗ੍ਹਾ ਸੀ ਜੋ ਹਰਦੇਵ ਦੀ ਟੈਕਸੀ ਨੇ ਮੱਲੀ ਹੋਈ ਸੀ।

ਪਹਿਲਾਂ ਤਾਂ ਹਰਦੇਵ ਦਾ ਦਿਲ ਕੀਤਾ ਕਿ ਉਹ ਅੜ ਕੇ ਖੜ੍ਹਾ ਰਹੇ ਉਥੇ, ਵੱਧ ਤੋਂ ਵੱਧ ਕੀ ਵਿਗਾੜ ਲੈਣਗੇ ਉਸ ਦਾ ਇਹ ਪਿਛਲੀ ਗੱਡੀ ਵਾਲੇ? ਪਰ ਫਿਰ ਇਹ ਸੋਚ ਕੇ ਕਿ ਅਜੇ ਸਾਰੀ ਰਾਤ ਹੀ ਉਸ ਨੇ ਟੈਕਸੀ ਚਲਾਉਣੀ ਹੈ, ਕਾਹਨੂੰ ਹੁਣੇ ਕਿਸੇ ਨਾਲ ਮਾੜਾ-ਚੰਗਾ ਬੋਲ ਕੇ ਮੂਡ ਖਰਾਬ ਕਰਨਾ ਹੈ, ਉਸ ਨੇ ਟੈਕਸੀ ਇਮਾਰਤ ਦੀ ਲੌਬੀ ਸਾਹਮਣਿਉਂ ਹਟਾ ਕੇ ਥੋੜ੍ਹਾ ਅਗਾਂਹ ਖੜ੍ਹੀ ਕਰ ਲਈ।

ਇਤਨੇ ਨੂੰ ਗੱਡੀ ਵਿਚਲੇ ਪਿਛਾਂਹ ਦੇਖਣ ਵਾਲੇ ਸ਼ੀਸ਼ੇ ਵਿਚ ਉਸ ਨੂੰ ਦੋ ਮਨੁੱਖੀ ਅਕਾਰ ਲੌਬੀ ਵਿਚੋਂ ਨਿਕਲ ਕੇ ਉਸਦੀ ਟੈਕਸੀ ਵੱਲ ਨੂੰ ਆਉਂਦੇ ਦਿਸੇ। ਸ਼ਾਇਦ

ਇਹ ਓਹੀ ਸਨ ਜਿਨ੍ਹਾਂ ਨੇ ਟੈਕਸੀ ਬੁਲਾਈ ਸੀ। ਭਾਵੇਂ ਸ਼ਾਮ ਦਾ ਹਨੇਰਾ ਕਾਫੀ ਡੂੰਘਾ ਹੋ ਰਿਹਾ ਸੀ ਪਰ ਫਿਰ ਵੀ ਸ਼ੀਸ਼ੇ ਰਾਹੀਂ ਉਨ੍ਹਾਂ ਦੀ ਵੇਸ਼-ਭੂਸ਼ਾ ਦੇਖ ਕੇ ਹਰਦੇਵ ਨੂੰ ਇਹ ਅੰਦਾਜ਼ਾ ਹੋ ਗਿਆ ਸੀ ਕਿ ਇਨ੍ਹਾਂ ਤੁਰੇ ਆ ਰਹੇ ਆਕਾਰਾਂ ਵਿਚੋਂ ਇਕ ਜੀਨ ਦੀ ਘਸੀ ਹੋਈ ਪੈਂਟ ਜੈਕਟ ਵਾਲਾ ਪੱਚੀ-ਤੀਹ ਸਾਲ ਦਾ ਗੋਰਾ ਨੌਜੁਆਨ ਸੀ ਤੇ ਉਸ ਦੇ ਨਾਲ ਗੋਡਿਆਂ ਤੱਕ ਲੰਮਾ ਕਾਲਾ ਕੋਟ ਪਹਿਨੀ ਸੁਨਿਹਰੀ ਵਾਲਾਂ ਵਾਲੀ ਬਾਈ-ਚੌਵੀ ਸਾਲ ਦੀ ਗੋਰੀ ਮੁਟਿਆਰ। ਦੋਵੇਂ ਜਣੇ ਆਪਦਾ ਆਪਣਾ ਦਰਵਾਜ਼ਾ ਖੋਲ੍ਹ ਕੇ ਪਿਛਲੀ ਸੀਟ ਉੱਪਰ ਨੇੜੇ ਨੇੜੇ ਬੈਠ ਗਏ। ਹਰਦੇਵ ਨੇ ਗੱਡੀ ਤੋਰਨ ਤੋਂ ਪਹਿਲਾਂ ਸ਼ੀਸ਼ੇ ਰਾਹੀਂ ਪਿਛਾਂਹ ਦੇਖਿਆ ਤਾਂ ਮੁਟਿਆਰ ਜ਼ਰਾ ਨੀਵੀਂ ਪਾਈ ਆਪਣਾ ਪਰਸ ਟਟੋਲਣ ਵਿਚ ਮਗਨ ਸੀ ਪਰ ਗਭਰੂ ਨਾਲ ਅੱਖਾਂ ਚਾਰ ਹੁੰਦੇ ਸਾਰ ਉਸ ਨੇ ਜ਼ਰਾ ਉਦਾਸ ਜਾਪਦੇ ਮੂੰਹ ਵਿਚੋਂ ਹੌਲੀ ਜਿਹੀ ਨਿਕਲਿਆ, "ਡਾਊਨ ਟਾਊਨ ਪਲੀਜ਼।"

ਹਰਦੇਵ ਨੇ ਸਿਰ ਨੂੰ 'ਯੈਸ ਸਰ' ਕਹਿਣ ਦੇ ਅੰਦਾਜ਼ ਵਿਚ ਹਲਕਾ ਜਿਹਾ ਝਟਕਿਆ ਤੇ ਟੈਕਸੀ ਕੰਪਾਊਂਡ ਵਿਚੋਂ ਕੱਢ ਕੇ ਹੈਲੀਫੈਕਸ ਸਟਰੀਟ ਉੱਪਰ ਮੋੜ ਦਿੱਤੀ। ਕੁਝ ਅੱਗੇ ਜਾ ਕੇ ਡੱਬੀ ਸਟਰੀਟ ਉੱਪਰ ਸੱਜੇ ਪਾਸੇ ਮੋੜ ਦਿੱਤੀ। "ਹੇਸਟਿੰਗਜ਼ ਸਟਰੀਟ ਦੀ ਬਜਾਏ ਕਰਟਿਸ ਸਟਰੀਟ ਥਾਣੀਂ ਜਾਵੀਂ ਪਲੀਜ਼," ਗੱਭਰੂ ਨੇ ਉਸੇ ਸੁਰ ਵਿਚ ਕਿਹਾ।

"ਸ਼ੁਅਰ!" ਕਹਿ ਕੇ ਹਰਦੇਵ ਨੇ ਫਿਰ ਪਿਛਾਂਹ ਦੇਖਣ ਵਾਲੇ ਸ਼ੀਸ਼ੇ ਵਿਚ ਤੱਕਿਆ। ਗੱਭਰੂ ਆਪਣੀ ਜੀਨ ਦੀ ਜੈਕਟ ਉਤਾਰ ਕੇ ਪੱਟਾਂ ਵਿਚ ਰੱਖ ਚੁੱਕਾ ਸੀ। ਜਿੱਥੇ ਉਸ ਦੀਆਂ ਨਿੱਕੀਆਂ ਬਾਹਾਂ ਵਾਲੀ ਟੀ ਸ਼ਰਟ ਵਿਚ ਉਸ ਦੀ ਉਭਰਵੀਂ ਛਾਤੀ ਤੇ ਡੌਲਿਆਂ ਦੀਆਂ ਮਛਲੀਆਂ ਉਸ ਦੇਅੰਦਰ ਮੌਜੂਦ ਤਾਕਤ ਦਾ ਅਹਿਸਾਸ ਕਰਾਉਂਦੀਆਂ ਸਨ ਉਥੇ ਉਸ ਦਾ ਉਦਾਸਿਆ ਚਿਹਰਾ ਉਸ ਦੇ ਦਿਲ ਦੇ ਬੁਝੇ ਹੋਣ ਦਾ ਪ੍ਰਗਟਾਵਾ ਕਰਦਾ ਸੀ।

"ਸ਼ਨਿੱਚਰਵਾਰ ਦੀ ਸ਼ਾਮ ਨੂੰ ਅਜਿਹਾ ਬੰਦਾ ਉਦਾਸ ਕਿਵੇਂ ਹੋ ਸਕਦਾ ਹੈ, ਉਹ ਵੀ ਡਾਊਨ ਟਾਊਨ ਜਾਂਦੇ ਵਕਤ? ਐਸ ਵੇਲੇ ਤਾਂ ਆਮ ਨੌਜੁਆਨ ਗੋਰੇ-ਗੋਰੀਆਂ ਦੇ ਕਲੱਬ ਜਾਣ ਦੀ ਖੁਸ਼ੀ ਵਿਚ ਪੈਰ ਧਰਤੀ ਉੱਪਰ ਨਹੀਂ ਲਗਦੇ ਹੁੰਦੇ। ...ਪਤਾ ਨਹੀਂ ਅੰਦਰੋਂ ਸ਼ਾਇਦ ਆਪਸ ਵਿਚ ਲੜ ਕੇ ਆਏ ਹੋਣਗੇ।" ਸੋਚ ਕੇ ਹਰਦੇਵ ਆਪਦਾ ਧਿਆਨ ਡਰਾਇਵਿੰਗ ਉੱਪਰ ਕੇਂਦ੍ਰਿਤ ਕਰਨ ਲੱਗਾ ਕਿਉਂਕਿ ਅਗਾਂਹ ਇਕ ਜਗਹ ਤੋਂ ਸੜਕ ਪੁੱਟੀ ਹੋਈ ਸੀ, ਸ਼ਾਇਦ ਦਿਨ ਵੇਲੇ ਕੋਈ ਅੰਡਰ-ਗਰਾਊਂਡ ਮੁਰੰਮਤ ਦਾ ਕੰਮ ਹੁੰਦਾ ਹੋਵੇਗਾ। ਐਸ ਵੇਲੇ ਉਸ ਪੁੱਟੇ ਹੋਏ ਭਾਗ ਨੂੰ ਓਪਰੀ ਜਿਹੀ ਬੱਜਰੀ ਤੇ ਲੁੱਕ ਸਿੱਟ ਕੇ ਜ਼ਰਾ ਉਭੜ-ਖਾਬੜ ਟੈਂਪ੍ਰੇਰੀ ਜਿਹਾ ਰਾਹ ਬਣਾ ਦਿੱਤਾ ਸੀ ਜਿੱਥੋਂ ਲੰਘਣ ਵੇਲੇ ਗੱਡੀ ਨੂੰ ਹਲਕਾ ਜਿਹਾ ਝਟਕਾ ਲੱਗਾ ਤੇ ਉਸ ਦੇ ਡੈਸ਼ ਬੋਰਡ ਵਿਚ ਇਕ ਛੋਟੀ ਜਿਹੀ ਲਾਲ ਬੱਤੀ ਜਗ ਪਈ। ਹਰਦੇਵ ਦੀ ਨਜ਼ਰ ਨੇ ਝੱਟ ਤਾੜ ਲਿਆ ਕਿ ਟੈਕਸੀ ਦੇ ਚੌਹਾਂ ਦਰਵਾਜ਼ਿਆਂ ਵਿਚੋਂ ਇਕ-ਅੱਧਾ ਬੰਦਾ ਹੋਣ ਤੋਂ ਬਾਅਦ ਪੂਰੀ ਤਰ੍ਹਾਂ ਲਾਕ ਨਹੀਂ ਹੋਇਆ। ਉਸ ਨੇ ਆਪਣੇ ਪਾਸੇ ਵਾਲਾ ਚੈੱਕ ਕੀਤਾ, ਉਹ



ਠੀਕ ਨਿਕਲਿਆ। ਦੂਸਰੇ ਪਾਸੇ ਵਾਲਾ ਤਾਂ ਕਿਸੇ ਨੇ ਖੋਲ੍ਹਿਆ ਹੀ ਨਹੀਂ, ਜ਼ਰੂਰ ਪਿਛਲੇ ਦੋਨਾਂ ਵਿਚੋਂ ਇਕ ਹੋਵੇਗਾ।

ਉਸ ਨੇ ਪਿਛਾਂਹ ਵੱਲ ਜ਼ਰਾ ਕੁ ਧੌਣ ਘੁੰਮਾਈ। ਗੋਰੀ ਕੁੜੀ ਮੂੰਹ ਅੱਗੇ ਇਕ ਛੋਟਾ ਜਿਹਾ ਸ਼ੀਸ਼ਾ ਕਰੀ ਆਪਣੀ ਗੂੜ੍ਹੀ ਲਿਪਸਟਿਕ ਸੁਆਰ ਰਹੀ ਸੀ ਜਿਸ ਕਰਕੇ ਹਰਦੇਵ ਨੂੰ ਉਸ ਦਾ ਮੂੰਹ ਨਾ ਦਿੱਸਿਆ।

"ਸ਼ਾਇਦ ਤੁਹਾਡਾ ਕੋਈ ਦਰਵਾਜ਼ਾ ਪੂਰੀ ਤਰ੍ਹਾਂ ਲਾਕ ਨਹੀਂ ਹੋਇਆ," ਕਹਿ ਕੇ ਉਸ ਨੇ ਗਰਦਨ ਸਿੱਧੀ ਕਰ ਲਈ।

"ਉਹ, ਸ਼ਾਇਦ ਮੇਰੇ ਪਾਸੇ ਵਾਲਾ ਹੀ ਹੈ, ਆਈ ਐਮ ਸੌਰੀ," ਪਿਆਰੀ ਆਵਾਜ਼ ਵਿਚ ਕਹਿ ਕੇ ਗੋਰੀ ਮੁਟਿਆਰ ਨੇ ਹੱਥਲਾ ਸ਼ੀਸਾ ਆਪਣੇ ਪਰਸ ਵਿਚ ਰੱਖਿਆ ਤੇ ਫਿਰ ਦਰਵਾਜ਼ਾ ਖੋਲ੍ਹ ਕੇ ਉਸ ਦੀ ਝੀਥ ਵਿਚੋਂ ਲੰਬਾ ਕੋਟ ਅੰਦਰ ਨੂੰ ਸਮੇਟਿਆ ਤੇ ਦਰਵਾਜ਼ਾ ਜ਼ਰਾ ਜ਼ੋਰ ਨਾਲ ਬੰਦ ਕਰ ਕੇ ਗੋਰੇ ਵੱਲ ਨੂੰ ਹੋਰ ਸਰਕ ਗਈ।

ਐਤਕੀਂ ਉਸ ਦੀ ਆਵਾਜ਼ ਸੁਣ ਕੇ ਹਰਦੇਵ ਨੂੰ ਜਾਪਿਆ ਕਿ ਇਹ ਉਸ ਨੇ ਪਹਿਲਾਂ ਵੀ ਕਿਤੇ ਸੁਣੀ ਹੋਈ ਹੈ। ਜਦੋਂ ਉਸ ਨੇ ਦਰਵਾਜ਼ੇ ਦੀ ਝੀਥ ਵਿਚੋਂ ਆਪਦਾ ਕੋਟ ਅੰਦਰ ਨੂੰ ਖਿੱਚਣ ਲਈ ਦਰਵਾਜ਼ਾ ਖੋਲ੍ਹਿਆ ਸੀ ਤਾਂ ਟੈਕਸੀ ਦੀ ਛੱਤ ਅੰਦਰਲੀ ਮੱਧਮ ਜਿਹੀ ਬੱਤੀ ਜਗ ਪਈ ਸੀ ਤੇ ਪਿਛਾਂਹ ਦੇਖਣ ਵਾਲੇ ਸ਼ੀਸ਼ੇ ਵਿਚ ਹਰਦੇਵ ਨੇ ਉਸ ਦੀ ਸੂਰਤ ਪਛਾਨਣ ਦੀ ਕੋਸ਼ਿਸ਼ ਕੀਤੀ ਸੀ। ਪਰ ਇਸ ਤੋਂ ਪਹਿਲਾਂ ਕਿ ਜ਼ਰਾ ਭਾਰੇ ਮੇਕ-ਅੱਪ ਦੀ ਤਹਿ ਥੱਲੇ ਉਹ ਚਿਹਰਾ ਪਛਾਣ ਸਕਦਾ, ਦਰਵਾਜ਼ਾ ਬੰਦ ਹੋ ਗਿਆ ਤੇ ਸਿੱਟੇ ਵਜੋਂ ਛੱਤ ਵਿਚਲੀ ਬੱਤੀ ਬੁੱਝ ਗਈ। ਹਰਦੇਵ ਯਾਦ ਕਰਨ ਦੀ ਕੋਸ਼ਿਸ਼ ਕਰਨ ਲੱਗਾ।

ਥੋੜ੍ਹਾ ਅਗਾਂਹ ਜਾ ਕੇ ਗੱਡੀ ਕਰਟਿਸ ਸਟ੍ਰੀਟ ਦੇ ਚੌਰਾਹੇ ਉੱਪਰ ਲਾਲ ਬੱਤੀ ਹੋਣ ਕਾਰਨ ਰੁਕ ਗਈ। ਇਥੋਂ ਉਸ ਨੇ ਡਾਊਨ ਟਾਊਨ ਵੱਲ ਜਾਣ ਲਈ ਖੱਬੇ ਪਾਸੇ ਮੁੜਨਾ ਸੀ।

"ਪਰਸੋਂ ਸਵੇਰੇ ਇਥੋਂ ਖੱਬੇ ਦੀ ਬਜਾਏ ਸੱਜੇ ਪਾਸੇ ਨੂੰ ਮੁੜ ਰਿਹਾ ਹੋਵਾਂਗਾ," ਟੈਕਸੀ ਮੋੜਦਾ ਹਰਦੇਵ ਸੋਚ ਰਿਹਾ ਸੀ। ਜੇਕਰ ਇਥੋਂ ਖੱਬੇ ਦੀ ਬਜਾਏ ਸੱਜੇ ਪਾਸੇ ਮੁੜੀਏ ਤਾਂ ਇਹ ਡੱਬੀ ਸਟ੍ਰੀਟ ਪਹਾੜੀ ਚੜ੍ਹ ਕੇ ਸਿੱਧੀ ਯੂਨੀਵਰਸਿਟੀ ਜਾ ਵੜਦੀ ਹੈ। ਮੁੜਦਿਆਂ ਸਾਰ ਹੀ ਕਾਰਨਰ ਉੱਪਰ ਯੂਨੀਵਰਸਿਟੀ ਵੱਲ ਜਾਣ ਵਾਲੀਆਂ ਬੱਸਾਂ ਦਾ ਸਟਾਪ ਹੈ ਜਿਥੋਂ ਬਹੁਤ ਸਾਰੇ ਵਿਦਿਆਰਥੀ ਬੱਸ ਫੜਦੇ ਹਨ। ਕਈ ਵਾਰੀ ਜੇਕਰ ਬੱਸ ਮਿੱਸ ਹੋ ਜਾਵੇ ਜਾਂ ਫਿਰ ਵੈਸੇ ਹੀ ਕਿਰਾਇਆ ਬਚਾਉਣ ਲਈ ਕਈ ਵਿਦਿਆਰਥੀ ਲੰਘਦੀਆਂ ਕਾਰਾਂ ਤੋਂ ਲਿਫਟ ਮੰਗ ਲੈਂਦੇ ਹਨ ਅਤੇ ਕਿਉਂਕਿ ਜ਼ਿਆਦਾਤਰ ਉਧਰ ਨੂੰ ਜਾਂਦੇ ਕਾਰਾਂ ਵਾਲੇ ਯੂਨੀਵਰਸਿਟੀ ਹੀ ਜਾਣ ਵਾਲੇ ਹੁੰਦੇ ਹਨ ਇਸ ਕਰਕੇ ਮੰਗਣ ਵਾਲਿਆਂ ਨੂੰ ਲਿਫਟ ਵੀ ਜਲਦੀ ਮਿਲ ਜਾਂਦੀ ਹੈ।

'ਖਟਾਅ...ਕ...' ਹਰਦੇਵ ਦੇ ਦਿਮਾਗ ਨੂੰ ਜਿਵੇਂ ਝਟਕਾ ਲੱਗ ਕੇ ਯਾਦਾਂ ਦੇ

ਘੋੜਿਆਂ ਨੂੰ ਅੱਡੀ ਲੱਗ ਜਾਂਦੀ ਹੋਵੇ ਤੇ ਟੈਕਸੀ ਦੀ ਪਿਛਲੀ ਸੀਟ ਉੱਪਰ ਬੈਠੀ ਗੋਰੀ ਮੁਟਿਆਰ ਦੇ ਨਕਸ਼ ਉਸ ਦੇ ਜ਼ਿਹਨ ਵਿਚ ਸਾਫ਼ ਹੁੰਦੇ ਚਲੇ ਗਏ।

"ਉਹ ਹੋਅ...ਇਹ ਤਾਂ ਐਲਿਸ ਹੈ," ਉਸ ਨੇ ਜਿਵੇਂ ਮਨ ਵਿਚ ਕਿਹਾ। ਇਸੇ ਬੱਸ ਸਟਾਪ ਉੱਪਰ ਤਕਰੀਬਨ ਇਕ ਸਾਲ ਪਹਿਲਾਂ ਹਰਦੇਵ ਨੂੰ ਮਿਲੀ ਸੀ ਜਦੋਂ ਉਹ ਸਵੇਰੇ ਸਵੇਰੇ ਯੂਨੀਵਰਸਿਟੀ ਜਾਂਦਾ ਇਸੇ ਚੌਰਾਹੇ ਦੀ ਲਾਲ ਬੱਤੀ ਉੱਪਰ ਰੁਕਿਆ ਸੀ। ਬਸ ਸਟਾਪ ਤੋਂ ਦੂਰ ਹੋ ਰਹੀ ਇਕ ਬੱਸ ਦੇ ਮਗਰ ਐਲਿਸ ਭੱਜ ਰਹੀ ਸੀ ਪਰ ਬੱਸ ਦੇ ਡਰਾਈਵਰ ਨੇ ਸ਼ਾਇਦ ਉਸ ਨੂੰ ਨਹੀਂ ਸੀ ਦੇਖਿਆ, ਤੇ ਉਹ ਹਾਰ ਕੇ ਮਸੋਸਿਆ ਜਿਹਾ ਮੂੰਹ ਲੈ ਕੇ ਉਥੇ ਹੀ ਖੜ੍ਹ ਗਈ ਸੀ। ਸਾਧਾਰਨ ਜਿਹੀ ਜੀਨ ਦੀ ਪੈਂਟ ਤੇ ਜੈਕਟ ਵਿਚ ਵੀ ਉਹ ਕਿੰਨੀ ਫੱਬਦੀ ਸੀ! ਹਰੀ ਬੱਤੀ ਹੁੰਦਿਆਂ ਹੀ ਹਰਦੇਵ ਨੇ ਜੱਕੋ-ਤੱਕੇ ਵਿਚ ਕਾਰ ਉਸ ਦੇ ਸਾਹਮਣੇ ਰੋਕ ਕੇ ਦਰਵਾਜ਼ਾ ਖੋਲ੍ਹਦਿਆਂ ਕਿਹਾ ਸੀ, "ਮੈਂ ਯੂਨੀਵਰਸਿਟੀ ਜਾ ਰਿਹਾ ਹਾਂ।"

ਛਿਣ ਕੁ ਦੀ ਬੇਮਲੂਮ ਹਿਚਕਾਹਟ ਮਗਰੋਂ "ਧੰਨਵਾਦ" ਕਹਿ ਕੇ ਐਲਿਸ ਉਸ ਦੇ ਬਰਾਬਰ ਦੀ ਸੀਟ ਉੱਪਰ ਬੈਠ ਗਈ ਸੀ। ਯੂਨੀਵਰਸਿਟੀ ਦੀ ਪਹਾੜੀ ਦੀ ਚੜ੍ਹਾਈ ਉੱਪਰ ਹਰਦੇਵ ਦੀ ਪੁਰਾਣੀ ਕਾਰ ਜ਼ਰਾ ਸ਼ੋਰ ਮਚਾਉਂਦੀ ਚੜ੍ਹ ਰਹੀ ਸੀ ਤੇ ਹਰਦੇਵ ਅੰਦਰੋਂ ਅੰਦਰ ਸ਼ਰਮਸਾਰ ਹੁੰਦਾ ਸੋਚ ਰਿਹਾ ਸੀ ਕਿ ਅਜਹਿੀ ਖ਼ੂਬਸੂਰਤ ਕੁੜੀ ਤਾਂ ਘੱਟੋ ਘੱਟ ਰੋਲਜ਼ ਰੋਇਸ ਵਿਚ ਬਿਠਾਉਣੀ ਚਾਹੀਦੀ ਹੈ, ਤੇ ਯੂਨੀਵਰਸਿਟੀ ਪਹੁੰਚਣ ਤਕ ਉਹ ਇਸੇ ਸ਼ਰਮ ਦਾ ਮਾਰਿਆ ਉਸ ਨਾਲ ਕੋਈ ਗੱਲ ਨਾ ਸ਼ੁਰੂ ਕਰ ਸਕਿਆ ਸੀ। ਸਿਰਫ ਪਾਰਕਿੰਗ ਲਾਟ ਵਿਚ ਗੱਡੀ ਖੜ੍ਹੀ ਕਰ ਕੇ ਬਾਹਰ ਨਿਕਲਣ ਵੇਲੇ ਇਤਨਾ ਹੀ ਕਹਿ ਸਕਿਆ, "ਮੈਨੂੰ ਅਫ਼ਸੋਸ ਹੈ ਕਿ ਮੇਰੀ ਇਹ ਪੁਰਾਣੀ ਜਿਹੀ ਕਾਰ ਕਾਫ਼ੀ ਗੰਦੀ-ਮੰਦੀ ਹੈ।"

ਤੇ ਇਸ ਦੇ ਜੁਆਬ ਵਿਚ ਉਸ ਨੇ ਸੁੰਦਰ ਮੁਸਕਾਨ ਨਾਲ ਕਿਹਾ ਸੀ, "ਕੋਈ ਗੱਲ ਨਹੀਂ, ਇਨਸਾਨ ਸਿਰਫ਼ ਦਿਲ ਦਾ ਸਾਫ਼-ਸੁਥਰਾ ਹੋਣਾ ਚਾਹੀਦਾ ਹੈ।"

ਸਹਿਜ-ਸੁਭਾਅ ਉਸ ਦੇ ਮੂੰਹੋਂ ਨਿਕਲੇ ਇਨ੍ਹਾਂ ਸੂਝਵਾਨ ਸ਼ਬਦਾਂ ਨੂੰ ਸੁਣ ਕੇ ਹਰਦੇਵ ਮੱਲੋ-ਮੱਲੀ ਆਪਣਾ ਕਿਤਾਬਾਂ ਵਾਲਾ ਬੈਗ ਚੁੱਕ ਕੇ ਉਸ ਦੇ ਬਰਾਬਰ ਹੀ ਕੁਆਡਰੈਂਗਲ ਵੱਲ ਨੂੰ ਤੁਰ ਪਿਆ।

"ਮੇਰਾ ਨਾਮ ਹੈਰੀ ਹੈ," ਹਰਦੇਵ ਨੇ ਜ਼ਰਾ ਹੌਂਸਲਾ ਕੱਢ ਕੇ ਸੱਜਾ ਹੱਥ ਮਿਲਾਉਣ ਲਈ ਅਗਾਂਹ ਕਰਦਿਆਂ ਆਪਣੇ ਨਾਮ ਦਾ ਅੰਗਰੇਜ਼ੀਕਰਣ ਕੀਤਾ।

"ਆਈ ਐਮ ਐਲਿਸ," ਕਿਤਾਬਾਂ ਵਾਲਾ ਬੈਗ ਖੱਬੇ ਮੋਢੇ ਉੱਪਰ ਲਟਕਾ ਕੇ ਆਪਦਾ ਮਲੂਕ ਜਿਹਾ ਹੱਥ ਅਗਾਂਹ ਵਧਾਇਆ।

"ਮੈਂ ਫ਼ਿਜ਼ਿਕਸ ਵਿਚ ਮੇਜਰ ਕਰ ਰਿਹਾ ਹਾਂ," ਉਸ ਦੇ ਨਾਲ ਰਲਣ ਦੀ ਕੋਸ਼ਿਸ਼ ਕਰਦੇ ਨੇ ਆਪਣੀ ਜਾਣ-ਪਛਾਣ ਅਗਾਂਹ ਵਧਾਈ।

"ਮੇਰਾ ਇਹ ਪਹਿਲਾ ਈ ਸਾਲ ਹੈ, ਅਜੇ ਫੈਸਲਾ ਨਹੀਂ ਕਰ ਸਕੀ ਕਿ ਸਾਈਕਾਲੌਜੀ ਵਿਚ ਮੇਜਰ ਕਰਾਂ ਕਿ ਫਿਲਾਸਫੀ ਵਿਚ?" ਭੋਲੇਪਨ ਨਾਲ ਉਹ ਬੋਲੀ।



"ਉਹ ਗੁਅਡ..." ਐਵੇਂ ਹਰਦੇਵ ਦੇ ਮੂੰਹੋਂ ਨਿਕਲ ਗਿਆ।

ਐਡਮਿਨਿਸਟ੍ਰੇਸ਼ਨ ਬਿਲਡਿੰਗ ਦੇ ਬਾਹਰਵਾਰੋਂ ਲੰਘ ਕੇ ਅੱਗੇ ਪੌੜੀਆਂ ਉੱਤਰ ਕੇ ਐਲਿਸ ਜਦੋਂ ਆਪਣੇ ਕਲਾਸਰੂਮ ਵੱਲ ਮੁੜਨ ਲੱਗੀ ਤਾਂ ਹਰਦੇਵ ਨੇ ਥੋੜ੍ਹਾ ਹੋਰ ਸਾਹਸ ਬਟੋਰ ਕੇ ਪੁੱਛ ਲਿਆ,

"ਕੀ ਮੈਂ ਅੱਜ ਤੇਰੇ ਨਾਲ...ਲੰਚ ਖਾ ਸਕਦਾ ਹਾਂ?" ਇਕ ਛਿਣ ਰੁਕ ਕੇ ਪਿਛਾਂਹ ਦੇਖਦੀ ਐਲਿਸ ਬੜੀ ਨਿਮਰਤਾ ਨਾਲ ਬੋਲੀ, "ਨਹੀਂ, ਇਹ ਸੰਭਵ ਨਹੀਂ।"

ਤੁਰੰਤ ਹਰਦੇਵ ਦੇ ਮੂੰਹੋਂ ਨਿਕਲ ਗਿਆ, "ਚਲੋ ਕੋਈ ਗੱਲ ਨਹੀ, ਆਈ ਐਮ ਸੌਰੀ," ਕਹਿੰਦੇ ਦਾ ਸੁਰ ਜ਼ਰਾ ਢਿੱਲਾ ਪੈ ਗਿਆ, ਜਿਸ ਨੂੰ ਸ਼ਾਇਦ ਐਲਿਸ ਨੇ ਤਾੜ ਲਿਆ,

"ਦਰਅਸਲ ਅੱਜ ਇਸ ਲੈਕਚਰ ਤੋਂ ਬਾਅਦ ਮੈਨੂੰ ਡਾਊਨ ਟਾਊਨ ਬੱਸ ਟਰਮੀਨਲ 'ਤੇ ਜਾਣਾ ਪੈਣਾ ਹੈ, ਮੇਰਾ ਬੁਆਏ ਫਰੈਂਡ ਆ ਰਿਹਾ ਹੈ, ਟਰਾਂਟੋ ਤੋਂ," ਐਲਿਸ ਨੇ ਉਸ ਨੂੰ ਨਿਮਰਤਾ ਨਾਲ ਕਿਹਾ।

"ਓਅਹ..." ਕਹਿ ਕੇ ਹਰਦੇਵ ਨੇ ਇਕ ਫਿੱਕੀ ਜਿਹੀ ਮੁਸਕਾਨ ਦੇਣ ਦੀ ਕੋਸ਼ਿਸ਼ ਕੀਤੀ ਤੇ ਗਰਦਨ ਝੁਕਾ ਕੇ ਦੂਸਰੇ ਪਾਸੇ ਵੱਲ ਨੂੰ ਤੁਰ ਪਿਆ।

'ਸ਼ਾਇਦ ਮੈਨੂੰ ਇਤਨੀ ਜਲਦੀ ਲੰਚ ਲਈ ਪੁੱਛਣਾ ਨਹੀਂ ਚਾਹੀਦਾ ਸੀ, ਪਹਿਲੀ ਵਾਰ ਹੀ ਤਾਂ ਮਿਲੀ ਸੀ ਤੇ ਆਪਸ ਵਿਚ ਗੱਲ ਵੀ ਕੋਈ ਖਾਸ ਨਹੀਂ ਸੀ ਹੋਈ...ਹੂੰਹ...ਕਾਹਲੀ ਵਿਚ ਕੰਮ ਐਵੇਂ...ਵੈਸੇ ਇਨ੍ਹਾਂ ਗੋਰੇ ਗੋਲਾਂ ਵਿਚ ਕਈ ਸਿਫ਼ਤਾਂ ਹਨ... ਜਿਵੇਂ ਹੁਣ ਐਲਿਸ ਨੇ ਲੰਚ ਲਈ ਭਾਵੇਂ ਨਾਂਹ ਹੀ ਕੀਤੀ ਹੈ, ਪਰ ਕਿਤਨੀ ਨਿਮਰਤਾ ਨਾਲ ਆਪਣੀ ਮਜਬੂਰੀ ਦੱਸ ਕੇ...ਦਿਲੋਂ ਭਾਵੇਂ ਅਜਿਹੇ ਕਈ ਲੋਕ ਵੈਸੇ ਹੀ ਮੇਰੇ ਵਰਗੇ ਨਾਲ ਬੈਠਣਾ ਜਾਂ ਲੰਚ ਖਾਣਾ ਪਸੰਦ ਨਾ ਕਰਨ ਪਰ ਆਮ ਤੌਰ ਤੇ ਥੋੜ੍ਹੇ ਕੀਤੇ ਚਿਹਰੇ ਤੋਂ ਨਹੀਂ ਅਗਲੇ ਨੂੰ ਇਸ ਗੱਲ ਦਾ ਅਹਿਸਾਸ ਹੋਣ ਦਿੰਦੇ।' ਇਨ੍ਹਾਂ ਸੋਚਾਂ ਵਿਚ ਉਲਝਿਆ ਹੋਇਆ ਹਰਦੇਵ ਪਾਣੀ ਦੇ ਤਲਾਅ ਦੇ ਦਰਮਿਆਨ ਬਣੀ ਸੀਮਿੰਟ ਦੀ ਪੁਲ-ਨੁਮਾ ਸੜਕ ਪਾਰ ਕਰ ਕੇ ਅਗਲੀਆਂ ਪੌੜੀਆਂ ਉਤਰ ਕੇ ਆਪਣੇ ਕਲਾਸ ਰੂਮ ਵੱਲ ਚਲਾ ਗਿਆ।

ਇਸ ਘਟਨਾ ਤੋਂ ਬਾਅਦ ਇਕ ਵਾਰੀ ਉਸਨੇ ਐਲਿਸ ਨੂੰ ਲਾਇਬ੍ਰੇਰੀ ਵਿਚ ਕਿਤਾਬਾਂ ਵਿਚ ਉਲਝੀ ਦੇਖਿਆ ਸੀ ਤੇ ਸ਼ਾਇਦ ਇਕ ਅੱਧੀ ਵਾਰੀ ਬੱਸ ਸਟਾਪ ਵੱਲ ਤੁਰੀ ਜਾਂਦੀ ਨੂੰ, ਪਰ ਉਸ ਨੂੰ ਦੁਬਾਰਾ ਬੁਲਾਉਣ ਨੂੰ ਜੀਅ ਨਹੀਂ ਸੀ ਕੀਤਾ ਜਾਂ ਕਹਿ ਲਉ ਹੌਂਸਲਾ ਨਹੀਂ ਸੀ ਪਿਆ।

'ਵਕਤ ਕਿਵੇਂ ਉੱਡਿਆ ਜਾਂਦਾ ਹੈ..ਚੰਗਾ ਹੋਇਆ ਅੱਜ ਐਲਿਸ ਨੇ ਉਸ ਨੂੰ ਨਹੀਂ ਪਛਾਣਿਆ,' ਹਰਦੇਵ ਸੋਚ ਰਿਹਾ ਸੀ ਜਦੋਂ ਡਾਊਨ ਟਾਊਨ ਨਜ਼ਦੀਕ ਪਹੁੰਚਦੇ ਹੋਏ ਪਿਛਲੀ ਸੀਟ ਤੋਂ ਉਸ ਨੂੰ ਘੁਸਰ-ਘੁਸਰ ਜਿਹੀ ਸੁਣਾਈ ਦਿੱਤੀ। ਟ੍ਰੈਫਿਕ ਦੇ ਸ਼ੋਰ-ਸ਼ਰਾਬੇ ਵਿਚ ਉਸ ਨੂੰ ਗੋਰੇ ਦੀ ਇਤਨੀ ਕੁ ਗੱਲ ਸੁਣੀ, "ਤੈਨੂੰ ਪੱਕਾ ਪਤਾ ਕਿ ਹੈਥੇ ਰੱਖੇ ਸੀ।"

ਹਰਦੇਵ ਨੇ ਸ਼ੀਸ਼ੇ ਵਿਚ ਦੇਖਿਆ ਕਿ ਐਲਿਸ ਸਿਰ ਝੁਕਾਈ ਆਪਣਾ ਪਰਸ ਫਰੋਲ ਰਹੀ ਸੀ।

"ਅਜੇ ਕੱਲ੍ਹ ਹੀ...ਪੂਰਾ ਪੈਕਟ...ਲੇਟੈਕਸ ਵਾਲਿਆਂ ਦਾ।" ਗੋਰੇ ਦੀ ਅੱਧ-ਪਚੱਧੀ ਘੁਸਰ-ਮੁਸਰ ਸੁਣਾਈ ਦਿੱਤੀ।

"'ਆਹ ਹੈਗੇ ਆ," ਐਲਿਸ ਦੀ ਨੀਵੀਂ ਜਿਹੀ ਆਵਾਜ਼ ਸੀ। ਬਿਜਲੀ ਦੇ ਖੰਭੇ ਕੋਲੋਂ ਲੰਘਦਿਆਂ ਹਰਦੇਵ ਨੇ ਫਿਰ ਚੋਰ-ਅੱਖ ਨਾਲ ਦੇਖਿਆ ਕਿ ਐਲਿਸ ਆਪਣੇ ਕੋਟ ਦੀ ਜੇਬ ਵਿਚੋਂ ਖੜ-ਖੜ ਕਰਦੇ ਪਲਾਸਟਿਕ ਦੇ ਨਿਫਾਫੇ ਵਿਚੋਂ ਤਾਸ਼ ਦੀ ਡੱਬੀ ਵਰਗੀ ਗੱਤੇ ਦੀ ਡੱਬੀ ਕੱਢ ਕੇ ਆਪਣੇ ਪਰਸ ਵਿਚ ਪਾ ਰਹੀ ਸੀ, ਸ਼ਾਇਦ ਨਿਰੋਧਾਂ ਦੀ ਡੱਬੀ ਸੀ। ਹਰਦੇਵ ਦਾ ਮਨ ਸ਼ਰਮ ਅਤੇ ਸ਼ਾਇਦ ਈਰਖਾ ਦੀ ਅਜੀਬ ਜਿਹੀ ਰਲਗੱਡ ਭਾਵਨਾ ਨਾਲ ਭਰ ਗਿਆ।

"ਪਰਸੋਂ ਨੂੰ ਅਪਾਰਟਮੈਂਟ ਦਾ ਕਿਰਾਇਆ ਵੀ ਦੇਣਾ ਹੈ," ਐਲਿਸ ਨੇ ਧੀਰੇ ਜਿਹੇ ਫਿਕਰਮੰਦੀ ਨਾਲ ਕਿਹਾ।

"ਹਾਂ, ਦੋ ਕੁ ਹਫਤਿਆਂ ਤਕ ਤੇਰੀ ਟਿਊਸ਼ਨ ਫੀਸ ਵੀ ਜਾਵੇਗੀ," ਗੋਰੇ ਨੇ ਉਸੇ ਤਰੀਕੇ ਨਾਲ ਕਿਹਾ। ਫਿਰ ਹਰਦੇਵ ਨੂੰ ਸੁਣਾ ਕੇ ਬੋਲਿਆ, "ਡੇਵੀ ਸਟ੍ਰੀਟ ਵੱਲ ਨੂੰ ਮੋੜ ਲੈ।" ਤੇ ਹਰਦੇਵ ਨੇ ਗੱਡੀ ਉਧਰ ਮੋੜ ਦਿੱਤੀ।

ਰਿਚਰਡ ਸਟ੍ਰੀਟ ਉੱਪਰ ਸੜਕ ਦੇ ਦਵਾਲੇ ਫੁੱਟਪਾਥ ਉੱਪਰ ਦੋਵੇਂ ਪਾਸੀਂ ਕਿਧਰੇ ਕਿਧਰੇ ਸੁਹਣੀਆਂ ਜੁਆਨ ਕੁੜੀਆਂ ਦੋ ਦੋ, ਤਿੰਨ ਤਿੰਨ ਦੀ ਢਾਣੀ ਬਣਾਈ ਖੜ੍ਹੀਆਂ ਸਨ। ਬਹੁਤੀਆਂ ਨੇ ਖੁੱਲ੍ਹੇ ਗਲਮੇਂ ਤੇ ਤੰਗ ਜਿਹੀ ਫਿਟਿੰਗ ਵਾਲੇ ਬਲਾਊਜ਼, ਛੋਟੀਆਂ-ਛੋਟੀਆਂ ਤੰਗ ਜਿਹੀਆਂ ਨਿੱਕਰਾਂ ਜਾਂ ਮਿੰਨੀ ਸਕਰਟਾਂ ਅਤੇ ਉੱਪਰ ਭੜਕੀਲਾ ਜਿਹਾ ਮੇਕਅੱਪ, ਇਕ ਹੱਥ ਵਿਚ ਛੋਟਾ ਜਿਹਾ ਪਰਸ ਤੇ ਦੂਸਰੇ ਵਿਚ ਸੁਲਗਦੀ ਹੋਈ ਸਿਰਗਟ ਮੌਜੂਦ ਸੀ। ਕੋਈ ਕੋਈ ਗੁਜ਼ਰਦੀ ਹੋਈ ਕਾਰ ਇਨ੍ਹਾਂ ਦੇ ਕੋਲ ਆ ਕੇ ਧੀਮੀ ਹੋ ਜਾਂਦੀ ਤੇ ਇਹ ਇਕ ਦੂਸਰੀ ਵੱਲ ਹਲਕਾ ਹਲਕਾ ਹੱਸਦੀਆਂ ਕਾਰ ਦੇ ਅੰਦਰ ਵਾਲੇ ਨੂੰ ਬੜੇ ਧਿਆਨ ਨਾਲ ਦੇਖਦੀਆਂ।

"ਬੱਸ ਇਥੇ ਹੀ ਰੋਕ ਲੈ," ਪਿੱਛੋਂ ਗੋਰੇ ਦੀ ਆਵਾਜ਼ ਸੁਣਾਈ ਦਿੱਤੀ ਤੇ ਨੇੜੇ ਹੀ ਇਕ ਪਾਸੇ ਖਾਲੀ ਜਗ੍ਹਾ ਉੱਪਰ ਗੱਡੀ ਰੋਕ ਕੇ ਹਰਦੇਵ ਪਿਛਾਂਹ ਦੇਖਣ ਵਾਲੇ ਸ਼ੀਸ਼ੇ ਰਾਹੀਂ ਉਨ੍ਹਾਂ ਨੂੰ ਫਿਰ ਚੋਰ-ਅੱਖ ਨਾਲ ਦੇਖਣ ਲੱਗਾ।

ਐਲਿਸ ਬੜੇ ਨਿੱਘੇ ਅੰਦਾਜ਼ ਵਿਚ ਗੋਰੇ ਨੂੰ ਗਲਵਕੜੀ ਪਾਈ ਉਸ ਦੇ ਬੁੱਲ੍ਹਾਂ ਉੱਪਰ ਪਿਆਰਾ ਜਿਹਾ ਚੁੰਮਣ ਦਿੰਦੀ ਹੋਈ ਹੌਲੀ ਜਿਹੇ ਬੋਲੀ, "ਮੈਨੂੰ ਉਮੀਦ ਹੈ ਕਿ ਅੱਜ ਜਲਦੀ ਵਿਹਲੀ ਹੋ ਜਾਵਾਂਗੀ।"

"ਯੈਸ ਲਵ, ਸੋਮਵਾਰ ਨੂੰ ਤੈਨੂੰ ਆਪਣਾ ਪੇਪਰ ਵੀ ਟੀਚਰ ਕੋਲ ਸੱਬਮਿਟ ਕਰਨਾ ਪੈਣਾ ਹੈ, ਸਿਰਫ ਕੱਲ੍ਹ ਦਾ ਹੀ ਦਿਨ ਬਚੇਗਾ ਤੇਰੇ ਕੋਲ ਲਿਖਣ ਲਈ," ਗੋਰਾ ਕਹਿ ਰਿਹਾ ਸੀ। ਇਕ ਹੋਰ ਨਿੱਘਾ ਚੁੰਮਣ ਉਸ ਦੇ ਮੱਥੇ ਉੱਪਰ ਦੇ ਕੇ ਐਲਿਸ ਗੱਡੀ ਵਿਚੋਂ ਬਾਹਰ ਨਿਕਲ ਗਈ। ਮਲਕੜੇ ਜਿਹੇ ਉਸ ਨੇ ਆਪਣਾ ਲੰਬਾ ਕੋਟ ਉਤਾਰਿਆ



ਤੇ ਦਰਵਾਜ਼ੇ ਦੇ ਨੀਵੇਂ ਕੀਤੇ ਹੋਏ ਸ਼ੀਸ਼ੇ ਰਾਹੀਂ ਗੋਰੇ ਨੂੰ ਫੜਾ ਦਿੱਤਾ। ਉਸ ਦੇ ਹੱਥੋਂ ਕੋਟ ਫੜ ਕੇ ਉਸ ਦਾ ਹੱਥ ਪੋਲਾ ਜਿਹਾ ਚੁੰਮਦਾ ਉਹ ਜ਼ਰਾ ਭਰੇ ਗਲੇ ਨਾਲ ਬੋਲਿਆ, "ਆਪਣਾ ਖਿਆਲ ਰੱਖੀਂ ਲਵ, ਵੈਸੇ ਮੈਂ ਉਸ ਮੋੜ ਦੇ ਆਲ-ਦੁਆਲੇ ਹੀ ਖੜ੍ਹਾ ਹੋਵਾਂਗਾ।" ਤੇ ਐਲਿਸ ਇਕ ਟਿਕੀ ਜਿਹੀ ਮੁਸਕਾਨ ਨਾਲ ਸਿਰ ਨੂੰ ਹਲਕਾ ਜਿਹਾ ਝਟਕਾ ਦੇ ਕੇ ਫੁੱਟਪਾਥ ਉੱਪਰ ਚਹਿਲ-ਕਦਮੀ ਕਰਨ ਲੱਗ ਪਈ। ਦੋਨਾਂ ਦੀਆਂ ਅੱਖਾਂ ਵਿਚ ਤਾਜ਼ੀ ਤਾਜ਼ੀ ਨਮੀ ਚਮਕ ਰਹੀ ਸੀ।

ਹਰਦੇਵ ਨੇ ਦੇਖਿਆ ਕਿ ਐਲਿਸ ਨੇ ਵੀ ਉਥੇ ਘੁੰਮਦੀਆਂ ਹੋਰਨਾਂ ਪੇਸ਼ਾਵਰ ਲੜਕੀਆਂ ਵਾਂਗ ਗੂੜ੍ਹੇ ਰੰਗ ਦਾ ਖੁਲ੍ਹੇ ਗਲਮੇਂ ਵਾਲਾ ਧੁੰਨੀ ਤੋਂ ਉੱਚਾਂ ਬਲਾਊਜ਼ ਤੇ ਉਸੇ ਰੰਗ ਦੀ ਮਿੰਨੀ ਸਕਰਟ ਪਹਿਨੀ ਹੋਈ ਸੀ। ਟੈਕਸੀ ਵਿਚ ਬੈਠਾ ਗੋਰਾ ਵੀ ਅਜੇ ਅੱਧੀ ਗਰਦਨ ਘੁਮਾ ਕੇ ਉਸ ਨੂੰ ਉਦਾਸ ਨਜ਼ਰਾਂ ਨਾਲ ਦੇਖ ਰਿਹਾ ਸੀ ਕਿ ਉਸੇ ਵੇਲੇ ਐਲਿਸ ਦੇ ਨਜ਼ਦੀਕ ਇਕ ਨਵੀਂ ਜਿਹੀ ਕਾਰ ਆ ਕੇ ਰੁਕੀ ਤੇ ਉਸ ਦੇ ਸੱਜੇ ਪਾਸੇ ਦੀ ਮੂਹਰਲੀ ਤਾਕੀ ਦਾ ਸ਼ੀਸ਼ਾ ਨੀਵਾਂ ਹੋ ਗਿਆ। ਐਲਿਸ ਨੇ ਇਕ ਪਲ ਆਲਾ-ਦੁਆਲਾ ਦੇਖਿਆ ਤੇ ਫਿਰ ਥੋੜ੍ਹਾ ਝੁਕ ਕੇ ਖੁੱਲ੍ਹੇ ਸ਼ੀਸ਼ੇ ਦੇ ਨਜ਼ਦੀਕ ਹੋ ਗਈ।

ਅੱਧੇ ਕੁ ਮਿੰਟ ਬਾਅਦ ਉਸ ਨੇ ਸਿੱਧੀ ਖਲੋ ਕੇ ਨਿਕ ਨਜ਼ਰ ਉਨ੍ਹਾਂ ਦੀ ਟੈਕਸੀ ਵੱਲ ਦੇਖਿਆ ਤੇ ਫਿਰ ਜ਼ਰਾ ਮੋਟੀਆਂ ਹਰੀਆਂ ਜਿਹੀਆਂ ਅੱਖਾਂ ਝਪਕਾ ਕੇ ਅਣਮੰਨੇ ਜਿਹੇ ਮਨ ਨਾਲ ਉਸ ਕਾਰ ਵਿਚ ਬੈਠ ਗਈ।

ਜਦੋਂ ਉਹ ਕਾਰ ਉਨ੍ਹਾਂ ਦੀ ਟੈਕਸੀ ਕੋਲੋਂ ਦੀ ਗੁਜ਼ਰੀ ਤਾਂ ਗੋਰੇ ਨੇ ਹਰਦੇਵ ਨੂੰ ਟੈਕਸੀ ਤੋਰਨ ਲਈ ਕਿਹਾ। ਉਸ ਕਾਰ ਦੇ ਪਿਛਲੇ ਬੰਪਰ ਉਪਰ ਕਿਸੇ ਕਾਰਾਂ ਕਿਰਾਏ 'ਤੇ ਦੇਣ ਵਾਲੀ ਕੰਪਨੀ ਦਾ ਸਟਿੱਕਰ ਲੱਗਾ ਹੋਇਆ ਸੀ। ਕਈ ਟੂਰਿਸਟ ਜਾਂ ਬਿਜ਼ਨਸਮੈਨ ਬਾਹਰਲੇ ਸ਼ਹਿਰ ਆ ਕੇ ਵਾਰ ਵਾਰ ਟੈਕਸੀ ਕਿਰਾਏ ਉੱਪਰ ਲੈਣ ਨਾਲੋਂ ਆਪ ਡਰਾਈਵ ਕਰਨ ਵਾਲੀ ਕਾਰ ਕਿਰਾਏ ਉੱਪਰ ਲੈਣ ਨੂੰ ਤਰਜੀਹ ਦਿੰਦੇ ਹਨ। ਕੁਝ ਦੇਰ ਬਾਅਦ ਦੋ ਕੁ ਮੋੜ ਮੁੜ ਕੇ ਉਹ ਕਾਰ ਇਕ 'ਲਿਕਰ ਸਟੋਰ' ਦੀ ਪਾਰਕਿੰਗ ਲਾਟ ਵਿਚ ਦਾਖਲ ਹੋਈ ਤੇ ਮਗਰ ਹੀ ਉਨ੍ਹਾਂ ਦੀ ਟੈਕਸੀ ਉਸ ਕਾਰ ਤੋਂ ਕੁਝ ਪਰ੍ਹਾਂ ਆ ਕੇ ਰੁਕ ਗਈ। ਇਕ ਪੰਤਾਲੀ ਕੁ ਸਾਲਾਂ ਦਾ ਅੱਧਖੜ ਜਿਹਾ ਵਿਅਕਤੀ ਵਧੀਆ ਸੂਟ-ਬੂਟ ਪਹਿਨੀ ਉਸ ਕਾਰ ਵਿਚੋਂ ਨਿਕਲਿਆ ਤੇ ਸਟੋਰ ਦੇ ਅੰਦਰ ਚਲਾ ਗਿਆ। ਕੁਝ ਦੇਰ ਟੈਕਸੀ ਅੰਦਰ ਕੋਈ ਹਿਲ-ਜੁਲ ਜਾਂ ਬੋਲ-ਚਾਲ ਨਹੀਂ ਹੋਈ। ਸਿਰਫ ਟੈਕਸੀ ਦੇ ਚਲਦੇ ਮੀਟਰ ਦੇ ਕਿਰਾਇਆ ਦਰਸਾਉਂਦੇ ਇਲੈਕਟ੍ਰੋਨਿਕ ਅੱਖਰ ਬਦਲਦੇ ਜਾ ਰਹੇ ਸਨ ਤੇ ਹਰਦੇਵ ਅਤੇ ਗੋਰਾ ਦੋਨੋਂ ਇਕ ਟੱਕ ਐਲਿਸ ਹੁਰਾਂ ਦੀ ਕਾਰ ਨੂੰ ਨਿਹਾਰ ਰਹੇ ਸਨ।

ਹਰਦੇਵ ਨੂੰ ਉਸ ਕਾਰ ਵੱਲ ਦੇਖਦਾ ਦੇਖ ਕੇ ਗੋਰਾ ਜਾਣ ਗਿਆ ਸੀ ਕਿ ਇਹ ਟੈਕਸੀ ਡਰਾਈਵਰ ਵੀ ਮਾਜਰਾ ਸਮਝ ਰਿਹਾ ਹੈ, ਫਿਰ ਵੀ, ਸ਼ਾਇਦ ਉਸ ਦਾ ਧਿਆਨ ਉਧਰੋਂ ਹਟਾਉਣ ਖਾਤਿਰ ਬੋਲਿਆ, "ਤੂੰ ਮਾਈਂਡ ਤਾਂ ਨਹੀਂ ਕਰਦਾ ਵੇਟ ਕਰਨਾ ਇਸ ਤਰ੍ਹਾਂ?"

"ਮੈਂ ਕਿਉਂ ਮਾਈਂਡ ਕਰਾਂ? ਮੇਰਾ ਮੀਟਰ ਤਾਂ ਚੱਲ ਹੀ ਰਿਹਾ ਹੈ," ਰਤਾ ਕੁ ਖੁਸ਼ਕੀ ਤੇ ਗਿਲਾਨੀ ਦੇ ਮਿਲੇ ਜੁਲੇ ਭਾਵ ਨਾ ਹਰਦੇਵ ਨੇ ਜੁਆਬ ਦਿੱਤਾ। ਫਿਰ ਕੁਝ ਚਿਰ ਸੋਚ ਕੇ ਜ਼ਰਾ ਹੌਂਸਲੇ ਨਾਲ ਉਸ ਨੇ ਗੋਰੇ ਨੂੰ ਕਹਿ ਦਿੱਤਾ, "ਪੈਸੇ ਕਮਾਉਣ ਲਈ ਇਨਸਾਨ ਨੂੰ ਕੀ ਕੁਝ ਕਰਨਾ ਪੈਂਦਾ ਹੈ?" ਗੋਰਾ ਚੁੱਪ-ਚਾਪ ਐਲਿਸ ਹੁਰਾਂ ਦੀ ਕਾਰ ਵੱਲ ਦੇਖਦਾ ਰਿਹਾ। ਉਸ ਨੂੰ ਚੁੱਪ ਦੇਖ ਕੇ ਹਰਦੇਵ ਫਿਰ ਬੋਲ ਉਠਿਆ, "ਪੇਟ ਅੰਦਰਲੀ ਅੱਗ ਬੁਝਾਉਣ ਦਾ ਹੀ ਚੱਕਰ ਹੈ ਸਾਰਾ।"

'ਸਿਰਫ ਪੇਟ ਅੰਦਰਲੀ ਅੱਗ ਹੀ ਨਹੀਂ ਬਲਕਿ ਪੂਰੇ ਸਰੀਰ ਅੰਦਰਲੀ ਅੱਗ ਵੀ ਕਰਵਾਉਂਦੀ ਹੈ, ਬਹੁਤ ਕੁਝ ਇਨਸਾਨ ਤੋਂ," ਗੋਰਾ ਜ਼ਰਾ ਸਵੈ-ਵਿਸ਼ਵਾਸ ਨਾਲ ਬੋਲਿਆ।

"ਪ੍ਰੰਤੂ ਜਦ ਉਸ ਅੱਗ ਨੂੰ ਬੁਝਾਉਣ ਦਾ ਉਚਿਤ ਤੇ ਸਮਾਜ ਦਾ ਮਨਜ਼ੂਰ-ਸ਼ੁਦਾ ਸਾਧਨ ਮੌਜੂਦ ਹੈ, ਫਿਰ..." ਹਰਦੇਵ ਨੇ ਜਿਵੇਂ ਲੁਕਵੀਂ ਚੋਟ ਕਰਨੀ ਚਾਹੀ ਪਰ ਗੋਰਾ ਵਿਚੋਂ ਹੀ ਬੋਲ ਗਿਆ, "ਹੂੰਹ...ਸਮਾਜ ਦਾ ਮਨਜ਼ੂਰ-ਸ਼ੁਦਾ।" ਲਗਭਗ ਹਰ ਅੱਖਰ ਉਹ ਚਬਾ ਕੇ ਬੋਲ ਰਿਹਾ ਸੀ, "ਸ਼ਿਕਾਗੋ ਟ੍ਰੀਬਿਊਨ ਵਿਚ ਛਪੇ ਇਕ ਆਰਟੀਕਲ ਮੁਤਾਬਕ ਅਮਰੀਕਾ ਭਰ ਦੇ ਵਿਆਹੇ ਹੋਏ ਮਰਦਾਂ ਵਿਚੋਂ ਇਕ-ਤਿਹਾਈ ਮਰਦ ਜਾਂ ਤਾਂ ਹੋਰਨਾਂ ਔਰਤਾਂ ਨਾਲ ਪ੍ਰੇਮ-ਸਬੰਧ ਰਚਾ ਰਹੇ ਹਨ ਜਾਂ ਰਚਾ ਚੁੱਕੇ ਹਨ।"

"ਅੱਛਾਅ? ਅਜੀਬ ਗੱਲ ਹੈ," ਹਰਦੇਵ ਨੇ ਜ਼ਰਾ ਹੈਰਾਨੀ ਪ੍ਰਗਟ ਕਰਦਿਆਂ ਕਿਹਾ, "ਮੇਰੇ ਪੜ੍ਹਨ-ਸੁਣਨ ਵਿਚ ਅਜਹਿੀ ਗੱਲ ਨਈਂ ਆਈ ਕਿਤੇ, ਹੁਣ ਤਾਂ ਮੈਨੂੰ ਭਾਰਤ ਤੋਂ ਆ ਕੇ ਵੱਸੇ ਨੂੰ ਚਾਰ-ਪੰਜ ਸਾਲ ਹੋ ਗਏ ਹਨ।"

"ਓਅ..." ਕਹਿ ਕੇ ਗੋਰਾ ਚੁੱਪ ਕਰ ਗਿਆ।

"ਵਿਚਾਰੀਆਂ ਭੋਲੀਆਂ ਪਤਨੀਆਂ..." ਕਹਿ ਕੇ ਹਰਦੇਵ ਨੇ ਗੱਲ ਵਿਚੇ ਹੀ ਛੱਡ ਦਿੱਤੀ।

"ਇਹ ਆਜ਼ਾਦ ਸੁਸਾਇਟੀ ਹੈ। ਲੋਕਾਂ ਦੇ ਆਪਣੇ ਆਪਣੇ ਸੁਭਾਅ ਹਨ ਤੇ ਆਪਣੇ ਆਪਦੇ ਸ਼ੌਕ," ਗੋਰਾ ਜਿਵੇਂ ਹਰਦੇਵ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। "ਸਰਵੇਖਣਾਂ ਮੁਤਾਬਕ ਨਾਰਥ ਅਮਰੀਕਾ ਵਿਚ ਲਗਭਗ ਸੱਤਰ ਫੀਸਦੀ ਵਿਆਹੇ ਹੋਏ ਜੋੜੇ ਇਕ ਦੂਸਰੇ ਤੋਂ ਨਾਖੁਸ਼ ਹਨ ਤੇ ਉਨ੍ਹਾਂ ਵਿਚੋਂ ਤਿੰਨ-ਚੁਥਾਈ ਨੂੰ ਇਕ ਦੂਸਰੇ ਦੇ ਵਿਆਹ ਤੋਂ ਬਾਹਰੀ ਪ੍ਰੇਮ-ਸੰਬੰਧਾਂ ਬਾਰੇ ਗਿਆਨ ਹੈ, ਤੇ ਲਗਭਗ..."

ਉਸ ਦੀ ਗੱਲ ਵਿਚੇ ਟੋਕਦਾ ਹਰਦੇਵ ਬੋਲਿਆ, "ਫਿਰ ਪਤੀ ਪਤਨੀ ਦੇ ਰੂਪ ਵਿਚ ਕਿਵੇਂ ਰਹੀ ਜਾਂਦੇ ਹਨ? ਮੇਰਾ ਮਤਬਲਬ ਤਲਾਕ ਕਿਉਂ ਨਹੀਂ..."

"ਪਰਵਿਾਰ ਦੀ ਸੰਸਥਾ ਨਾਲੋਂ ਟੁੱਟਣਾ ਸੌਖਾ ਨਹੀਂ ਹੁੰਦਾ, ਬਾਹਰੀ ਹਾਲਤ ਕਈ ਤਰ੍ਹਾਂ ਦੇ ਦਬਾਅ ਪਾਉਂਦੇ ਹਨ, ਇਕੱਠੇ ਰਹਿਣਾ ਕਿੰਨਾ ਇਕਨਾਮੀਕਲ..." ਉਸ ਦੀ ਗੱਲ ਵਿਚੇ ਹੀ ਰਹਿ ਗਈ ਜਦੋਂ ਐਲਿਸ ਦੀ ਕਾਰ ਵਾਲਾ ਵਿਅਕਤੀ ਲਿੱਕਰ ਸਟੋਰ ਵਿਚੋਂ ਲਿਫਾਫੇ ਵਿਚ ਲਪੇਟੀ ਸ਼ੈਂਮਪੇਨ ਜਾਂ ਵਾਈਨ ਦੀ ਬੋਤਲ ਚੁੱਕੀ ਨਿਕਲਦਾ ਦਿੱਸਿਆ।



ਉਨ੍ਹਾਂ ਦੀ ਕਾਰ ਤੁਰਨ ਮਗਰੋਂ ਹਰਦੇਵ ਨੇ ਗੋਰੇ ਦੇ ਕਹੇ ਬਗੈਰ ਹੀ ਉਸ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਸ਼ਨਿੱਚਰ ਦੀ ਰਾਤ ਨੂੰ ਡਾਊਨ ਟਾਊਨ ਵਿਚ ਟ੍ਰੈਫਿਕ ਕਾਫੀ ਜ਼ਿਆਦਾ ਹੁੰਦਾ ਹੈ ਜਿਸ ਦੀ ਵਜਹ ਨਾਲ ਹਰਦੇਵ ਹੁਰਾਂ ਦੀ ਟੈਕਸੀ ਤੇ ਐਲਿਸ ਹੁਰਾਂ ਦੀ ਕਾਰ ਦੇ ਵਿਚਕਾਰ ਦੋ ਕੁ ਕਾਰਾਂ ਹੋਰ ਆ ਘੁਸੜੀਆਂ ਸਨ। ਫਿਰ ਵੀ ਹਰਦੇਵ ਸਵਧਾਨੀ ਨਾਲ ਐਲਿਸ ਹੁਰਾਂ ਦੀ ਕਾਰ ਨੂੰ ਅੱਖੋਂ ਉਹਲੇ ਨਹੀਂ ਹੋਣ ਦੇ ਰਿਹਾ ਸੀ।

"ਵੈਸੇ ਅੰਦਾਜ਼ਾ ਹੈ ਕਿ ਤਕਰੀਬਨ ਸੱਠ ਫੀ ਸਦੀ ਅਮਰੀਕਨ ਲੋਕ ਵਿਆਹ ਤੋਂ ਬਾਹਰੀ ਪ੍ਰੇਮ ਸਬੰਧਾਂ ਨੂੰ ਅਨੈਤਿਕ ਨਹੀਂ ਗਿਣਦੇ," ਗੋਰੇ ਨੇ ਮੁੜ ਉਸੇ ਵਿਸ਼ੇ ਉੱਪਰ ਗੱਲ ਚਾਲੂ ਕਰਦਿਆਂ ਕਿਹਾ।

"ਐਨੇ?" ਹਰਦੇਵ ਨੂੰ ਜਿਵੇਂ ਉਸ ਦੀ ਗੱਲ ਉੱਪਰ ਯਕੀਨ ਨਾ ਆਇਆ ਹੋਵੇ।

"ਹਾਂ...ਇਕ ਵਾਰੀ ਕਿਸੇ ਬੜੇ ਸ਼ਹਿਰ ਵਿਚ ਇਕ ਸਮਾਜ ਵਿਗਿਆਨੀ ਨੇ ਪੇਸ਼ਾਵਰ ਔਰਤਾਂ ਬਾਰੇ ਸਰਵੇਖਣ ਕੀਤਾ ਤਾਂ ਸਿੱਟਾ ਨਿਕਲਿਆ ਕਿ ਉਨ੍ਹਾਂ ਦ ਅੱਧੋਂ ਵੱਧ ਗਾਹਕ ਤੀਹ ਤੋਂ ਪੰਤਾਲੀ ਸਾਲ ਦੀ ਉਮਰ ਦੇ ਵਿਆਹੇ-ਵੱਤਰੇ ਆਦਮੀ ਹੁੰਦੇ ਹਨ ਜੋ ਕਿਸੇ ਨਾ ਕਿਸੇ ਬਿਜ਼ਨਿਸ ਦੇ ਸਬੰਧ ਵਿਚ ਘਰੋਂ ਦੂਰ ਟਰਿੱਪ ਉੱਪਰ ਆਏ ਹੁੰਦੇ ਹਨ," ਗੋਰਾ ਦੱਸ ਰਿਹਾ ਸੀ।

"ਵਾਰ ਵਾਰ ਅਜਿਹੀਆਂ ਦਲੀਲਾਂ ਦੇ ਕੇ ਜਾਂ ਤਾਂ ਸ਼ਾਇਦ ਆਪਣੇ ਅੰਦਰ ਉੱਠਦੇ ਕਿਸੇ ਹੀਣਤਾ ਭਾਵ ਨੂੰ ਦੱਬਣ ਦੀ ਕੋਸ਼ਿਸ਼ ਕਰ ਰਿਹਾ ਹੈ ਜਾ ਫਿਰ ਸ਼ਾਇਦ ਸੱਚਮੁਚ ਹੀ ਜੋ ਕਹਿ ਰਿਹਾ ਹੈ ਉਸ ਵਿਚ ਯਕੀਨ ਰੱਖਦਾ ਹੈ?" ਹਰਦੇਵ ਸੋਚ ਰਿਹਾ ਸੀ। ਵੈਸੇ ਇਕ ਗੱਲ ਤਾਂ ਪ੍ਰਤੱਖ ਸੀ ਕਿ ਐਲਿਸ ਨੂੰ ਲਿਜਾਣ ਵਾਲਾ ਆਦਮੀ ਪਹਿਰਾਵੇ, ਸ਼ਕਲ-ਸੂਰਤ ਅਤੇ ਚਾਲ-ਢਾਲ ਤੋਂ ਪੂਰਾ ਬਿਜ਼ਨਿਸਮੈਨ ਜਾਪਦਾ ਸੀ। ਹੁਣ ਉਨ੍ਹਾਂ ਦੀ ਕਾਰ ਇਕ ਵਧੀਆ ਹੋਟਲ ਵੱਲ ਮੁੜ ਰਹੀ ਸੀ।

"ਸਿਰਫ਼ ਵਿਆਹ ਤੋਂ ਬਾਹਰੀ ਪ੍ਰੇਮ ਸਬੰਧ ਰੱਖਣ ਨੂੰ ਹੀ ਤਲਾਕ ਕਰਨ ਦਾ ਆਧਾਰ ਨਹੀਂ ਮੰਨ ਲੈਣਾ ਚਾਹੀਦਾ ਜਿਤਨੀ ਦੇਰ ਜੋੜੇ ਦੇ ਆਪਸੀ ਸਬੰਧਾਂ ਵਿਚਲੀ ਗਰਮਜੋਸ਼ੀ ਸਹੀ ਸਲਾਮਤ ਹੈ ਕਿਉਂਕਿ ਵਕਤੀ ਤੌਰ 'ਤੇ ਅਜਿਹੇ ਤਸੱਵਰ ਦੋਨਾਂ ਵਿਚੋਂ ਕਿਸੇ ਨੂੰ ਵੀ ਹੋ ਸਕਦੇ ਹਨ। ਇਹ ਗੱਲ ਤਾਂ ਵੈਸੇ ਹੁਣ ਤੋਂ ਅੱਧੀ ਸਦੀ ਤੋਂ ਵੀ ਪਹਿਲਾਂ ਬਰਟਰੈਂਡ ਰੱਸਲ ਕਹਿ ਚੁੱਕਾ ਹੈ" ਹਰਦੇਵ ਨੇ ਸੰਜ਼ੀਦਗੀ ਨਾਲ ਕਿਹਾ।

"ਤੂੰ ਪੜ੍ਹਿਆ ਹੈ ਬਰਟਰੈਂਡ ਰੱਸਲ ਨੂੰ?" ਗੋਰੇ ਨੇ ਹੈਰਾਨੀ ਤੇ ਖੁਸ਼ੀ ਦੇ ਮਿਲੇ-ਜੁਲੇ ਭਾਵ ਨਾਲ ਕਿਹਾ।

"ਹਾਂ, ਇਕ ਵਾਰੀ ਫਿਲਾਸਫੀ ਦਾ ਕੋਰਸ ਲਿਆ ਸੀ, ਡਿਗਰੀ ਪੂਰੀ ਕਰਨ ਲਈ ਆਪਣੇ ਵਿਸ਼ੇ ਤੋਂ ਬਾਹਰਲੇ ਵਿਭਾਗ ਦੇ ਵੀ ਕੁਝ ਕੋਰਸ ਲੈਣੇ ਪੈਂਦੇ ਹਨ," ਹਰਦੇਵ ਨੇ ਦੱਸਿਆ।

"ਤੇਰਾ ਵਿਸ਼ਾ ਕੀ ਹੈ?" ਗੋਰੇ ਨੇ ਉਤਸੁਕਤਾ ਨਾਲ ਪੁੱਛਿਆ।

"ਫਿਜ਼ਿਕਸ।"

"ਅਛਾਅ..." ਗੋਰੇ ਨੇ ਕਿਹਾ, "ਮੈਂ ਵੀ ਕੈਮਿਸਟਰੀ ਦੀ ਡਿਗਰੀ ਕੀਤੀ ਸੀ, ਟਰਾਂਟੋ ਤੋਂ।"

"ਫਿਰ ਕੀ ਬਣਿਆ?" ਹਰਦੇਵ ਨੇ ਐਲਿਸ ਹੁਰਾਂ ਦੀ ਕਾਰ ਦੇ ਮਗਰ ਹੋਟਲ ਦੀ ਪਾਰਕਿੰਗ ਲਾਟ ਵਿਚ ਟੈਕਸੀ ਮੋੜਦਿਆਂ ਪੁੱਛਿਆ।

"ਇਕ ਵੱਡੀ ਕੰਪਨੀ ਦੀ ਫੈਕਟਰੀ ਵਿਚ ਚੰਗੀ ਜਿਹੀ ਜੌਬ ਮਿਲ ਗਈ ਸੀ, ਆਪਣੇ ਹੀ ਫੀਲਡ ਵਿਚ, ਪਰ.." ਕਹਿ ਕੇ ਗੋਰਾ ਜ਼ਰਾ ਰੁਕਿਆ। "ਪਰ ਕੀ?" ਹਰਦੇਵ ਉਤਸੁਕਤਾ ਨਾਲ ਬੋਲਿਆ।

"ਕੈਨੇਡਾ ਅਮਰੀਕਾ ਦਾ ਐਸਾ ਫਰੀ ਟ੍ਰੇਡ ਸਮਝੌਤਾ ਹੋਇਆ ਕਿ ਸਾਡੀ ਕੰਪਨੀ ਨੇ ਤਕਰੀਬਨ ਸਾਰੇ ਪਲਾਂਟ ਕੈਨੇਡਾ ਵਿਚੋਂ ਬੰਦ ਕਰ ਕੇ ਅਮਰੀਕਾ ਸ਼ਿਫਟ ਕਰ ਲਏ, ਮੈਂ ਤੇ ਮੇਰੇ ਵਰਗੇ ਹਜ਼ਾਰਾਂ ਵਰਕਰ ਸਦਾ ਲਈ ਵਿਹਲੇ ਹੋ ਗਏ।"

"ਫਿਰ?"

"ਫਿਰ ਕੀ, ਪਿਛਲੇ ਸਾਲ ਐਲੀ ਦੇ ਕਹਿਣ ਤੇ ਇਥੇ ਮੂਵ ਹੋ ਗਿਆ ਹਾਂ, ਟੀਚਿੰਗ ਦੀ ਡਿਗਰੀ ਪੂਰੀ ਕਰਨੀ ਚਾਹੁੰਦਾ ਹਾਂ। ਕੋਈ ਫੁੱਲ ਟਾਈਮ ਜੌਬ ਤਾਂ ਮਿਲੀ ਨਹੀਂ ਅਜੇ ਬਸ ਕਦੇ ਕਦੇ ਸਕਿਉਰਿਟੀ ਗਾਰਡ ਦੇ ਕੰਮ ਲਈ ਕਾਲ ਆ ਜਾਂਦੀ ਹੈ। ਐਨੀ ਮਹਿੰਗਾਈ 'ਚ ਪੜ੍ਹਾਈ ਕਿਹੜਾ ਐਵੀਂ ਹੋ...."

"ਐਲੀ ਕੌਣ?" ਹਰਦੇਵ ਨੇ ਪੁੱਛਿਆ।

"ਮੇਰੀ ਮਹਿਬੂਬਾ, ਜੋ ਸਾਹਮਣੇ ਜਾ ਰਹੀ ਹੈ," ਕਾਰ ਵਿਚੋਂ ਨਿਕਲ ਕੇ ਉਸ ਅੱਧਖੜ ਜਿਹੇ ਗੋਰੇ ਨਾਲ ਖਾਮੋਸ਼ ਤੁਰੀ ਜਾਂਦੀ ਐਲਿਸ ਵੱਲ ਇਸ਼ਾਰਾ ਕਰ ਕੇ ਉਹ ਬੋਲਿਆ। "ਅਸੀਂ ਦੋਵੇਂ ਟਰਾਂਟੋ ਲਾਗੇ ਇਕੋ ਛੋਟੇ ਜਿਹੇ ਸ਼ਹਿਰ ਦੇ ਜੰਮਪਲ ਹਾਂ ਤੇ ਬਚਪਨ ਤੋਂ ਇਕ ਦੂਜੇ ਨੂੰ ਜਾਣਦੇ ਹਾਂ, ਕਿਤਨੇ ਹੀ ਸਾਲ ਇਕੱਠੇ ਰਹੇ ਹਾਂ ਪਰ ਦੋ ਸਾਲ ਪਹਿਲਾਂ ਇਹ ਆਪਣੀ ਡਿਗਰੀ ਕਰਨ ਇਥੇ ਆਈ ਸੀ।"

"ਪਰ...ਪਰ...ਤੁਸੀਂ ਉਸ ਨੂੰ ਕਿਸ ਤਰ੍ਹਾਂ ਉਸ ਆਦਮੀ ਨਾਲ ਹੋਟਲ ਵਿਚ..." ਇਸ ਤੋਂ ਅੱਗੇ ਹਰਦੇਵ ਤੋਂ ਇਕਦਮ ਕੁਝ ਨਾ ਕਹਿ ਹੋਇਆ।

"ਰੋਟੀ ਵੀ ਤੋਰਨੀ ਹੈ, ਐਲੀ ਦੀ ਡਿਗਰੀ ਪੂਰੀ ਹੋਣ ਵਾਲੀ ਹੈ, ਕਦੇ ਤਾਂ ਸਾਡੇ ਹਾਲਾਤ ਬਦਲਣਗੇ ਹੀ, ਨਾਲੇ ਸਮਝੌਤੇ ਕੌਣ ਨਹੀਂ ਜ਼ਿੰਦਗੀ ਵਿਚ ਕਰ..." ਗੋਰਾ ਜ਼ਰਾ ਉਦਾਸ ਪਰ ਨਿੱਗਰ ਆਵਾਜ਼ ਵਿਚ ਝੂਠੀ ਜਿਹੀ ਜਾਪਦੀ ਮੁਸਕਾਨ ਦਿੰਦਾ ਬੋਲਿਆ ਪਰ ਹਰਦੇਵ ਨੇ ਉਤੇਜਿਤ ਹੁੰਦਿਆਂ ਬੇਤਾਬੀ ਨਾਲ ਉਸ ਨੂੰ ਟੋਕ ਦਿੱਤਾ।

"ਕਿਸ ਤਰ੍ਹਾਂ ਦੇ ਪ੍ਰੇਮੀ ਹੋ ਤੁਸੀਂ ਜੋ ਪੈਸੇ ਖਤਿਰ ਗੈਰ-ਮਰਦਾਂ ਨਾਲ ਆਪਦੇ ਹੱਥੀਂ...ਇਸ ਤਰ੍ਹਾਂ ਧੱਕੇ ਖਾਣ ਲਈ..." ਹਰਦੇਵ ਨੂੰ ਅਸਲੀ ਸ਼ਬਦ ਕਹਿਣ ਤੋਂ ਸ਼ਾਇਦ ਕਠਿਨਾਈ ਪੇਸ਼ ਆ ਰਹੀ ਸੀ।

ਇਤਨੇ ਨੂੰ ਐਲਿਸ ਅਤੇ ਉਸ ਦਾ ਗਾਹਕ ਤੁਰਦੇ ਹੋਏ ਵੱਡੀ ਸਾਰੀ ਪਾਰਕਿੰਗ



ਲਾਟ ਪਾਰ ਕੇ ਕੇ ਅੱਗੜ-ਪਿੱਛੜ ਹੋਟਲ ਦੀ ਲੌਬੀ ਵਿਚ ਦਾਖਲ ਹੋਣ ਵਾਲੇ ਸਨ ਕਿ ਗੋਰਾ ਟੈਕਸੀ ਦਾ ਦਰਵਾਜ਼ਾ ਜ਼ਰਾ ਹੌਲੀ ਜਿਹੀ ਖੋਲ੍ਹ ਕੇ ਬਾਹਰ ਨਿਕਲਦਾ ਹੋਇਆ ਬੋਲਿਆ, "ਕੋਈ ਐਲੀ ਨੂੰ ਧੱਕਾ ਨਾ ਮਾਰ ਸਕੇ ਇਸੇ ਕਰਕੇ ਤਾਂ ਉਸ ਦੀ ਹਿਫ਼ਾਜ਼ਤ ਲਈ ਅਜਿਹੇ ਮੌਕੇ ਮੈਂ ਸਦਾ ਉਸ ਦੇ ਨੇੜੇ-ਤੇੜੇ ਰਹਿੰਦਾ ਹਾਂ।"

ਫਿਰ ਜੇਬ ਵਿਚੋਂ ਬਟੂਆ ਕੱਢਦਾ ਹੋਇਆ ਬੋਲਿਆ, "ਉਹ ਸਿਰਫ ਬਿਸਤਰਾ ਹੀ ਤਾਂ ਸਾਂਝਾ ਕਰਦੀ ਹੈ, ਕਿਹੜਾ ਕਿਸੇ ਗਾਹਕ ਨੂੰ ਦਿਲੋਂ ਪਿਆਰ ਕਰਦੀ ਹੈ...ਉਸ ਦੀ ਰੂਹ ਦੀ ਸਾਂਝ ਤਾਂ ਸਿਰਫ਼ ਮੇਰੇ ਨਾਲ ਹੁੰਦੀ ਹੈ, ਹਮੇਸ਼ਾਂ ਹੀ..." ਕਹਿ ਕੇ ਉਹ ਅਚੰਭਿਤ ਬੈਠੇ ਹਰਦੇਵ ਦੇ ਹੱਥ ਵਿਚ ਵੀਹ ਡਾਲਰ ਦਾ ਨੋਟ ਥਮ੍ਹਾਉਂਦਾ ਹੋਇਆ ਸਾਵਧਾਨੀ ਨਾਲ ਐਲਿਸ ਹੋਰਾਂ ਦੇ ਪਿੱਛੇ ਹੋਟਲ ਦੀ ਲੌਬੀ ਵੱਲ ਨੂੰ ਤੁਰ ਗਿਆ। ਟੈਕਸੀ ਦੇ ਸੀਟ ਉੱਪਰ ਉਸ ਦੇ ਲਾਲ ਟਿਮਟਿਮਾਉਂਦੇ ਇਲੈਕਟ੍ਰੋਨਿਕ ਹਿੰਦਸੇ ਹਰਦੇਵ ਨੂੰ ਉਨ੍ਹਾਂ ਡਾਲਰ ਤੇ ਨੱਬੇ ਸੈਂਟ ਚੱਲਿਆ ਦਿਖਾ ਰਹੇ ਸਨ ਜੋ ਕਿ ਤੇਜੀ ਨਾਲ ਪੂਰੇ ਵੀਹ ਡਾਲਰ ਵੱਲ ਵਧ ਰਹੇ ਸਨ।

# ਜੀਵਨ ਬੀਮਾ

"ਖਟਾਅਕ" ਕਰਕੇ ਜਿਉਂ ਹੀ ਘਰ ਦਾ ਪਿਛਲੇ ਪਾਸੇ ਵਾਲਾ ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਆਈ ਤਾਂ ਟੀਵੀ ਸਾਹਮਣੇ ਸੋਫੇ ਉੱਪਰ ਊਂਘਦੀ ਪਈ ਰਾਜੀ ਦੀ ਅੱਖ ਖੁੱਲ੍ਹ ਗਈ ਤੇ ਅਗਲੇ ਪਲ ਜਿਉਂ ਹੀ ਜਿੰਦਰੇ ਵਿਚੋਂ ਚਾਬੀ ਬਾਹਰ ਖਿੱਚਣ ਵੇਲੇ ਗੁੱਛੇ ਦੀਆਂ ਬਾਕੀ ਚਾਬੀਆਂ ਛਣਕਣ ਦੀ ਆਵਾਜ਼ ਆਈ ਤਾਂ ਰਾਜੀ ਦੇ ਮੂੰਹੋਂ ਨਿਕਲਿਆ "...ਡੈਡੀ..."

ਇਹ ਸੁਣ ਕੇ ਉਸੇ ਸੋਫੇ ਦੀ ਦੂਸਰੀ ਬਾਹੀ ਉੱਪਰ ਅੱਧਲੇਟੀ ਹੋ ਕੇ ਸੁੱਤੀ ਪਈ ਰਾਜੀ ਦੀ ਮੰਮੀ ਹਰਵਿੰਦਰ ਨੂੰ ਵੀ ਜਾਗ ਆ ਗਈ। ਇਸ ਤੋਂ ਪਹਿਲਾਂ ਹਰਵਿੰਦਰ ਉੱਠ ਕੇ ਸਿੱਧੀ ਹੁੰਦੀ, ਸੋਫੇ ਉੱਪਰੋਂ ਲੱਤਾਂ ਲਟਕਾ ਕੇ ਥੱਲੇ ਉਤਰਦੀ ਹੋਈ ਰਾਜੀ ਨਿੱਕੇ ਨਿੱਕੇ ਚੁਸਤ ਕਦਮ ਪੁੱਟਦੀ ਕਿਚਨ ਵਿਚਲੇ ਇਸ ਬੈਕ ਡੋਰ ਕੋਲ ਆ ਗਈ ਤੇ ਦਰਵਾਜ਼ਾ ਬੰਦ ਕਰਨ ਤੋਂ ਬਾਅਦ ਡਾਇਨਿੰਗ ਚੇਅਰ ਉੱਪਰ ਬੈਠ ਕੇ ਬੂਟ ਖੋਲ੍ਹ ਰਹੇ ਕੁਲਦੀਪ ਦੀਆਂ ਲੱਤਾ ਨੂੰ ਚਿੰਬੜ ਗਈ।

"ਤੂੰ ਸੁੱਤੀ ਨੀ ਅਜੇ?" ਬੂਟ ਖੋਲ੍ਹ ਕੇ ਪਰ੍ਹਾਂ ਰੱਖਣ ਲਈ ਉਠਦੇ ਹੋਏ ਕੁਲਦੀਪ ਨੇ ਰਾਜੀ ਨੂੰ ਆਪਣੀਆਂ ਲੱਤਾਂ ਨਾਲੋਂ ਅਲੱਗ ਕੀਤਾ।

"ਅੱਜ ਬੜਾ ਈ ਲੇਟ ਹੋ ਗਏ?" ਨਾਈਟ ਗਾਊਨ ਠੀਕ ਕਰਦੀ ਹੋਈ ਹਰਵਿੰਦਰ ਨੇ ਕਿਚਨ ਵਿਚ ਦਾਖਲ ਹੁੰਦਿਆਂ ਕੁਲਦੀਪ ਨੂੰ ਪੁੱਛਿਆ।

"ਹੈਂਅਅ...? ....ਆਹੋ...।" ਆਪਣਾ ਸੈਲੂਲਰ ਫੋਨ ਕਿਚਨ ਟੇਬਲ ਤੋਂ ਚੁੱਕ ਕੇ ਉਸ ਨੂੰ ਬੈਟਰੀ ਚਾਰਜਰ ਵਿਚ ਰੱਖਦਾ ਹੋਇਆ ਕੁਲਦੀਪ ਬੇਧਿਆਨਾ ਜਿਹਾ ਬੋਲਿਆ।

ਇਕ ਪਲ ਬਾਅਦ ਜ਼ਰਾ ਰੁਕ ਕੇ ਹਰਵਿੰਦਰ ਵੱਲ ਮੂੰਹ ਕਰਕੇ ਬੋਲਿਆ, "ਔਹ ਸਿਕਸਟੀ ਟੂ ਐਵਿਨਿਊ ਵਾਲੀ ਨਵੀਂ ਲਾਟ ਲਈ ਘਰ ਦੀ ਪਲੈਨ ਤਿਆਰ ਕਰਵਾਉਂਦਾ ਸੀ, ਕੱਲ੍ਹ ਨੂੰ ਬਿਲਡਿੰਗ ਪਰਮਿਟ ਲੈਣ ਲਈ ਪਲੈਨ ਸਬਮਿੱਟ ਕਰਨੀ ਆਂ।" ਜਿਉਂ ਹੀ ਪਲੈਨ ਤੋਂ ਉਸ ਨੂੰ ਆਪਣੇ ਬਰੀਫ ਕੇਸ ਦੀ ਯਾਦ ਆਈ ਤਾਂ ਉਸ ਨੇ ਦੇਖਿਆ ਕਿ ਦਰਵਾਜ਼ੇ ਕੋਲ ਪਿਆ ਉਸ ਦਾ ਜ਼ਰਾ ਕੁ ਭਾਰਾ ਬਰੀਫ ਕੇਸ ਰਾਜੀ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਉਠਾ ਕੇ ਔਖੀ-ਸੌਖੀ ਡੈਡੀ ਦੇ ਉਸ ਕਮਰੇ ਵੱਲ ਲਿਜਾ ਰਹੀ ਸੀ ਜਿੱਥੇ ਉਹ ਆਪਣੇ ਕਾਗਜ਼ ਪੱਤਰ ਰੱਖਦਾ ਹੈ।

"ਦੇਖੀਂ ਕਿਤੇ ਸਿੱਟ ਨਾ ਦਈਂ, ਮੇਰੇ ਬਹੁਤ ਜ਼ਰੂਰੀ ਕਾਗਜ਼ ਆ ਇਹਦੇ ਵਿਚ,"



ਕੁਲਦੀਪ ਦੇ ਮੂੰਹੋਂ ਨਿਕਲਿਆ।

"ਰੋਟੀ ਕਰਾਂ ਫੇਰ ਗਰਮ?" ਕਿਚਨ ਦੇ ਕਾਊਂਟਰ ਉੱਪਰ ਪਏ ਪਤੀਲੇ ਦਾ ਢੱਕਣ ਪਰ੍ਹਾਂ ਕਰਦਿਆਂ ਹਰਵਿੰਦਰ ਨੇ ਪੁੱਛਿਆ।

"ਆਹੋ ਕਰ ਲਾ ਪੰਜਾਂ ਕੁ ਮਿੰਟਾਂ ਤਾਈਂ," ਕਹਿ ਕੇ ਕੁਲਦੀਪ ਨੇ ਪੈਂਟ ਦੀ ਜੇਬ ਵਿਚੋਂ ਕਾਗਜ਼ਾਂ ਨਾਲ ਭਰਿਆ ਮੋਟਾ ਜਿਹਾ ਬਟੂਆ ਅਤੇ ਗੁੱਟ-ਘੜੀ ਤੇ ਫਿਰ ਆਪਦਾ ਕੋਟ ਲਾਹ ਕੇ ਕਿਚਨ ਟੇਬਲ ਉੱਪਰ ਹੀ ਰੱਖ ਦਿੱਤੇ ਅਤੇ ਸਾਹਮਣੀ ਕੰਧ ਵਿਚ ਬਣੀ ਅਲਮਾਰੀ ਵਿਚੋਂ ਸਕਾਚ ਦੀ ਬੋਤਲ ਕੱਢ ਕੇ ਇਕ ਮੋਟਾ ਜਿਹਾ ਡ੍ਰਿੰਕ ਬਣਾਉਣ ਲੱਗ ਪਿਆ। ਇਸੇ ਦੌਰਾਨ ਰਾਜੀ ਫਿਰ ਨਿੱਕੇ ਨਿੱਕੇ ਕਦਮ ਪੁੱਟਦੀ ਕਰਮਵਾਰ ਉਸ ਦੀ ਬਟੂਆ, ਗੁੱਟ-ਘੜੀ ਤੇ ਫਿਰ ਕੋਟ ਚੁੱਕੇ ਕੇ ਕਮਰੇ ਵੱਲ ਲੈ ਗਈ।

"ਸ਼ੌਨ ਦਾ ਕੀ ਹਾਲ ਆ ਹੁਣ?" ਪਹਿਲਾਂ ਘੁੱਟ ਭਰ ਕੇ ਕੁਲਦੀਪ ਨੇ ਹਰਵਿੰਦਰ ਨੂੰ ਪੁੱਛਿਆ।

"ਦਿਨੇ ਤਾਂ ਬਹੁਤ ਤੰਗ ਕੀਤਾ, ਸਾਰਾ ਦਿਨ ਖੰਘਦਾ ਹੀ ਰਿਹਾ, ਰਾਜੀ ਨੂੰ ਸਕੂਲੇ ਛੱਡ ਕੇ ਮੈਂ ਉਹਨੂੰ ਡਾਕਟਰ ਦੇ ਲੈ ਗਈ, ਬਹੁਤ ਭੀੜ ਸੀ ਅੱਜ, ਸਾਰੇ ਆਪਣੇ ਈ ਬੰਦੇ। ਮੈਨੂੰ ਫਿਕਰ ਸੀ ਕਿ ਰਾਜੀ ਦਾ ਸਕੂਲ ਖਤਮ ਹੋਣ ਤਕ ਸਾਡੀ ਵਾਰੀ ਆ ਵੀ ਜਾਊ ਕਿ ਨਹੀਂ।"

"ਕੀ ਕੈਂਹਦਾ ਡਾਕਟਰ?" ਕੁਲਦੀਪ ਜ਼ਰਾ ਕਾਹਲਾ ਪੈਂਦਾ ਬੋਲਿਆ।

"ਕੈਂਹਦਾ ਮਾਮੂਲੀ ਵਾਇਰਸ ਆ ਕੋਈ, ਜੂਸ ਜ਼ਿਆਦਾ ਪਿਲਾਉ ਏਹਨੂੰ, ਨਾਲ ਆਹ ਮਾੜੀ ਜਿਹੀ ਦਵਾਈ ਦਿੱਤੀ ਆ ਪੀਣ ਵਾਲੀ, ਮਸੀਂ ਹੁੱਣ ਘੈਂਟਾ ਕੁ ਹੋਇਆ ਤਾਂ ਟਿਕਿਆ, ਨਹੀਂ ਤਾਂ ਸਾਰਾ ਦਿਨ ਬੱਸ..."

"ਮੰਮੀ ਬੇਬੀ ਫੇਅ ਨੋਂਦਾ.." ਹਰਵਿੰਦਰ ਦੀ ਗੱਲ ਕੱਟਦੀ ਰਾਜੀ ਨੇ ਆਕੇ ਦੱਸਿਆ ਤੇ ਹਰਵਿੰਦਰ ਹਥਲਾ ਕੰਮ ਵਿਚੇ ਛੱਡ ਕੇ ਫਰਿਜ ਵਿਚੋਂ ਜੂਸ ਦੀ ਭਰੀ ਹੋਈ ਬੇਬੀ ਬਾਟਲ ਲੈ ਕੇ ਕਾਹਲੀ ਨਾਲ ਜਾਂਦੀ ਹੋਈ ਬੋਲੀ, "ਤੂੰ ਤਾਂ ਨਹੀਂ ਛੇੜਿਆ ਉਹਨੂੰ?"

"ਨਹੀਂ..." ਰਾਜੀ ਨੇ ਭੋਲੇਪਨ ਨਾਲ ਕਿਹਾ, "ਮੈਂ ਤਾਂ ਡੈਡੀ ਦਾ ਕੋਟ ਰੱਖਦੀ ਸੀ, ਕਹਿ ਕੇ ਇਕ ਵਾਰੀ ਫਿਰ ਰਾਜੀ ਨੇ ਕੁਲਦੀਪ ਦੀਆਂ ਲੱਤਾਂ ਨੂੰ ਚਿਬੰੜਨਾ ਚਾਹਿਆ ਪਰ ਉਸ ਤੋਂ ਪਹਿਲਾਂ ਹੀ ਕੁਲਦੀਪ ਡਾਇਨਿੰਗ ਟੇਬਲ ਉੱਪਰੋਂ ਅੱਜ ਦੀ ਆਈ ਹੋਈ ਡਾਕ ਚੁੱਕ ਕੇ ਤੇ ਦੂਸਰੇ ਹੱਥ ਵਿਚ ਆਪਣਾ ਡ੍ਰਿੰਕ ਲਈ ਲਿਵਿੰਗ ਰੂਮ ਵਿਚ ਆ ਗਿਆ।

ਇਕ ਘੁੱਟ ਭਰ ਕੇ ਕੁਲਦੀਪ ਨੇ ਡ੍ਰਿੰਕ ਅਤੇ ਡਾਕ ਸਾਹਮਣੇ ਪਏ ਕਾਫੀ ਟੇਬਲ ਉੱਪਰ ਰੱਖ ਦਿੱਤੇ ਤੇ ਸੋਫੇ ਉੱਪਰ ਬੈਠ ਕੇ ਜੁਰਾਬਾਂ ਖੋਲ੍ਹਣ ਲੱਗ ਪਿਆ। ਰਾਜੀ ਵੀ ਹੌਲੀ ਹੌਲੀ ਉਸ ਦੇ ਪਿੱਛੇ ਆ ਗਈ ਤੇ ਸੋਫੇ ਉੱਪਰ ਚੜ੍ਹ ਕੇ ਉਸ ਦੇ ਗੱਲ ਨੂੰ ਜੱਫੀ ਪਾ ਕੇ ਉਸ ਦੀ ਗੱਲ੍ਹ ਨਾਲ ਆਪਣੀ ਗੱਲ੍ਹ ਲਾ ਕੇ ਖੜ੍ਹ ਗਈ। ਉਸ ਦੀ ਇਕ ਗੱਲ੍ਹ ਨੂੰ ਹਲਕਾ ਜਿਹਾ ਚੁੰਮ ਕੇ ਦੂਸਰੀ ਨੂੰ ਪਲੋਸਦਾ ਹੋਇਆ ਕੁਲਦੀਪ ਬੋਲਿਆ:

"ਚੱਲ ਟਿੱਡੀਏ...ਸੌਂਅ ਫੇਅ ਹੁਣ।"

"ਊਂਅਅਅ..." ਕਹਿ ਕੇ ਰਾਜੀ ਕੁਲਦੀਪ ਦੇ ਗਲ ਨੂੰ ਜ਼ਰਾ ਹੋਰ ਚਿੰਬੜ ਗਈ। ਕੁਲਦੀਪ ਨੇ ਇਕ ਹੱਥ ਨਾਲ ਆਪਣੀ ਗਰਦਨ ਦੇ ਪਿੱਛੋਂ ਉਸ ਦੇ ਹੱਥਾਂ ਦਾ ਲਾਕ ਖੋਲ੍ਹਿਆ ਤੇ ਉਸ ਨੂੰ ਆਪਣੇ ਨਾਲ ਸੋਫੇ ਉੱਪਰ ਬਿਠਾ ਕੇ ਨਕਟਾਈ ਦੀ ਗੱਠ ਢਿੱਲੀ ਕਰਦਾ ਹੋਇਆ ਬੋਲਿਆ, "ਚਲ ਫੇਰ ਟੀ.ਵੀ. ਦੇਖ ਲਾ ਐਥੇ ਲਹਿ ਕੇ।" ਟੀਵੀ ਦਾ ਰੀਮੋਟ ਕੰਟਰੋਲ ਉਠਾ ਕੇ ਉਸ ਦੀ ਆਵਾਜ਼ ਹੋਰ ਨੀਵਾ ਕਰ ਕੇ ਉਸ ਨੇ ਪੰਜ-ਛੇ ਚੈਲਲ ਬਦਲੇ ਤੇ ਕੋਈ ਵੈਸਟਰਨ ਜਿਹੀ ਫਿਲਮ ਲਾ ਦਿੱਤੀ, "ਲੈਅ, ਆ ਘੋੜੇ ਦੌੜਦੇ ਦੇਖ ਲੈਅ।" ਕਹਿ ਕੇ ਕੁਲਦੀਪ ਨੇ ਹਥਲਾ ਪੈੱਗ ਮੁਕਾਇਆ ਤੇ ਹੋਰ ਬਣਾਉਣ ਲਈ ਤੁਰ ਪਿਆ। ਰਾਜੀ ਅਣਮੰਨੇ ਜਿਹੇ ਮਨ ਨਾਲ ਟੀਵੀ. ਵੱਲ ਘੂਰਦੀ ਰਹੀ।

ਦੂਸਰਾ ਪੈੱਗ ਲਿਵਿੰਗ ਰੂਮ ਵਿਚਲੀ ਕਾਫੀ ਟੇਬਲ ਉੱਪਰ ਰੱਖ ਕੇ ਕੁਲਦੀਪ ਅੱਜ ਦੀ ਡਾਕ ਫਰੋਲਣ ਲੱਗ ਗਿਆ। ਕਮੀਜ਼ ਦੀ ਜੇਬ ਨਾਲ ਟੰਗਿਆ ਪੈਨਅੜਾ ਕੇ ਪਹਿਲਾਂ ਲਿਫਾਫਾ ਪਾੜਿਆ। ਉਸ ਦੇ ਜੀਵਨ ਬੀਮੇ ਦੀ ਕਿਸ਼ਤ ਤਾਰਨ ਦਾ ਨੋਟਿਸ ਸੀ। ਇਹ ਨੋਟਿਸ ਇਕ ਵਾਰੀ ਪਹਿਲਾਂ ਵੀ ਆ ਚੁੱਕਾ ਸੀ ਪਰ ਹੱਥ ਤੰਗ ਹੋਣ ਦੀ ਵਜ੍ਹਾ ਨਾਲ ਉਸ ਕੋਲੋਂ ਕਿਸ਼ਤ ਤਾਰ ਨਹੀਂ ਹੋਈ ਸੀ। ਇਕ-ਦੋ ਵਾਰ ਤਾਂ ਵਿਚਾਰ ਬਣਿਆ ਸੀ ਕਿ ਉਹ ਬੀਮਾ ਪਾਲਿਸੀ ਕੈਂਸਲ ਹੀ ਕਰਵਾ ਦੇਵੇ। ਇਹ ਪਾਲਿਸੀ ਉਸ ਨੂੰ ਉਸ ਦਾ ਇਕ ਪੁਰਾਣਾ ਦੋਸਤ ਜੋ ਕਿ ਉਦੋਂ ਨਵਾਂ ਨਵਾਂ ਬੀਮਾ ਕੰਪਨੀ ਦਾ ਏਜੰਟ ਬਣਿਆ ਸੀ ਲੱਗਪਗ ਮੱਲੋਮੱਲੀ ਹੀ ਵੇਚ ਗਿਆ ਸੀ। ਉਹ ਕੁਲਦੀਪ ਹੁਰਾਂ ਦੇ ਘਰ ਆਇਆ ਤਾਂ ਦੁਲਦੀਪ ਦਾ ਕਾਕਾ ਦੇਖਣ ਦੇ ਬਹਾਨੇ ਸੀ ਤੇ ਦੋ ਕੁ ਪੈੱਗ ਲਾਉਣ ਤੋਂ ਬਾਅਦ ਆਪਣਾ ਬੈਗ ਖੋਲ੍ਹ ਕੇ ਬਹਿ ਗਿਆ ਸੀ ਆਪਣੀ ਕੰਪਨੀ ਦੀਆ ਸਿਫਤਾਂ ਕਰਨ। ਪਤਾ ਨਹੀਂ ਤਾਂ ਕੁਲਦੀਪ ਦੇ ਦੋ ਪੈਗ ਪੀਤਿਆਂ ਦਾ ਅਸਰ ਸੀ ਜਾਂ ਪਜੰਾਬੀ ਸੁਭਾਅ ਦਾ ਸਦਕਾ ਕਿ ਘਰ ਆਏ ਬੰਦੇ ਨੂੰ ਨਾਰਾਜ਼ ਨਹੀਂ ਕਰਨਾ, ਕੁਲਦੀਪ ਨਾ ਸਮੱਰਥਾ ਰੱਖਦਾ ਹੋਇਆ ਵੀ ਉਸ ਨੂੰ ਨਾਂਹ ਨਹੀਂ ਕਰ ਸਕਿਆ ਸੀ। ਦੋ-ਤਿੰਨ ਕਿਸ਼ਤਾਂ ਦੇਣ ਤੋਂ ਬਾਅਦ ਉਸ ਨੇ ਪਾਲਿਸੀ ਕੈਂਸਲ ਕਰਵਾਉਣ ਦੀ ਵੀ ਸੋਚੀ। ਪ੍ਰੰਤੂ ਉਨ੍ਹਾਂ ਹੀ ਦਿਨਾਂ ਵਿਚ ਉਸ ਦੇ ਇਕ ਵਾਕਿਫ ਦੀ ਅਚਾਲਕ ਹਾਰਟ ਫੇਲ੍ਹ ਹੋਣ ਕਰਕੇ ਮੌਤ ਹੋ ਗਈ। ਕੁਦਰਤੀ ਉਸ ਮਰਨ ਵਾਲੇ ਨੇ ਆਪਣਾ ਬੀਮਾਕਰਵਾਇਆ ਹੋਇਆ ਸੀ ਜਿਸ ਦੀ ਵਜ੍ਹਾ ਨਾਲ ਉਸ ਦਾ ਟੱਬਰ ਰੁਲਣੋਂ ਬਚ ਗਿਆ। ਕੁਲਦੀਪ ਨੇ ਵੀ ਆਪਣੇ ਨਿਆਣਿਆਂ ਦਾ ਖਿਆਲ ਕਰ ਕੇ ਪਾਲਿਸੀ ਕੈਂਸਲ ਕਰਨ ਦਾ ਵਿਚਾਰ ਤਿਆਗ ਦਿੱਤਾ ਸੀ। ਉਸ ਨੇ ਬੀਮਾ ਕੰਪਨੀ ਦਾ ਨੋਟਿਸ ਮੁੜ ਤਹਿ ਕਰ ਕੇ ਲਿਫਾਫੇ ਵਿਚ ਰੱਖ ਦਿੱਤਾ।

ਇਤਨੀ ਦੇਰ ਨੂੰ ਰਾਜੀ ਨੇ ਵੀ ਬਿਲਕੁਲ ਉਸੇ ਤਰ੍ਹਾਂ ਪੈੱਨ ਅੜਾ ਕੇ ਦੂਸਰਾ ਲਿਫਾਫਾ ਪਾੜ ਲਿਆ ਤੇ ਉਸ ਦੇ ਅੰਦਰਲੀ ਚਿੱਠੀ ਕੱਢਣ ਲੱਗ ਪਈ।

"ਤੈਨੂੰ ਕਿੰਨੀ ਵਾਰੀ ਕਿਹਾ ਕਿ ਡੈਡੀ ਦੇ ਕਾਗਜ਼ਾਂ ਨੂੰ ਨਾ ਛੇੜਿਆ ਕਰ?"



ਜ਼ਰਾ ਕੁ ਗੁੱਸੇ ਨਾਲ ਕੁਲਦੀਪ ਨੇ ਰਾਜੀ ਨੂੰ ਝੰਜੋੜਿਆ ਤੇ ਫਿਰ ਸਹਿਮੀ ਹੋਈ ਨੂੰ ਕੁੱਛੜ ਚੁੱਕ ਕੇ ਬੈੱਡ ਰੂਮ ਵੱਲ ਤੁਰ ਪਿਆ। ਜਿਉਂ ਹੀ ਬੈੱਡ ਰੂਮ ਦਾ ਦਰਵਾਜ਼ਾ ਖੋਲ੍ਹਿਆ ਤਾਂ ਸ਼ੌਨ ਨੂੰ ਜੂਸ ਪਿਲਾ ਰਹੀ ਹਰਵਿੰਦਰ ਨੇ ਮੰਜੇ ਉੱਪਰੋਂ ਹੀ ਮੂੰਹ ਸਾਹਮਣੇ ਉਂਗਲੀ ਰੱਖ ਕੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਤੇ ਫੁਸਫੁਸਾ ਕੇ ਬੋਲੀ, "ਪਹਿਲਾਂ ਟਾਇਲਟ ਉੱਪਰ ਬਿਠਾਉ ਏਹਨੂੰ।"

ਹਰਵਿੰਦਰ ਦੀ ਗੋਦ ਵਿਚ ਪਏ ਸ਼ੌਨ ਦੇ ਮੱਥੇ ਅਤੇ ਗੱਲ੍ਹ ਨੂੰ ਹੱਥ ਦੇ ਪੁੱਠੇ ਪਾਸੇ ਨਾਲ ਛੂਹ ਕੇ ਦੇਖਿਆ ਤੇ ਬੈੱਡ ਦੇ ਕੋਲ ਪਏ ਕਰਿੱਬ ਹੇਠਾਂ ਬੈਗ ਵਿਚੋਂ ਇਕ ਡਾਇਪਰ ਕੱਢ ਕੇ ਹਰਵਿੰਦਰ ਕੋਲ ਰੱਖਣ ਤੋਂ ਬਾਅਦ ਰਾਜੀ ਨੂੰ ਉਸੇ ਤਰ੍ਹਾਂ ਕੁੱਛੜ ਚੁੱਕੀ ਕੁਲਦੀਪ ਰਾਜੀ ਨੂੰ ਬਾਥਰੂਮ ਦੇ ਦਰਵਾਜ਼ੇ ਅੰਦਰ ਵਾੜ ਕੇ ਮੁੜ ਸੋਫੇ ਉੱਪਰ ਆ ਬੈਠਾ ਤੇ ਇਕ ਹੋਰ ਘੁੱਟ ਭਰ ਕੇ ਮੁੜ ਡਾਕ ਦੇਖਣ ਲੱਗ ਪਿਆ।

ਇਹ ਲਿਫਾਫਾ ਸ਼ਹਿਰ ਦੇ ਪੁਲਿਸ ਡੀਪਾਰਟਮੈਂਟ ਵੱਲੋਂ ਭੇਜਿਆ ਗਿਆ ਸੀ। ਕੁਲਦੀਪ ਨੂੰ ਮੋਟਾ ਸਾਰਾ ਜੁਰਮਾਨਾ ਹੋਇਆ ਸੀ। ਕੋਈ ਅੱਠ-ਦਸ ਕੁ ਦਿਨ ਪਹਿਲਾਂ ਕੁਲਦੀਪ ਆਪਣੇ ਇਕ ਨਵੇਂ ਬਣਾਏ ਘਰ ਨੂੰ ਪਾਸ ਕਰਾਉਣ ਲਈ ਮਿਊਂਸੀਪਲਟੀ ਦੇ ਇੰਨਸਪੈਕਟਰ ਨੂੰ ਉਡੀਕਦਾ ਲੇਟ ਹੋ ਗਿਆ ਸੀ। ਦੂਸਰੇ ਪਾਸੇ ਇਕ ਹੋਰ ਘਰ ਬਣਾਉਣ ਵਾਸਤੇ ਮਾਰਗੇਜ ਲੈਣ ਲਈ ਉਸ ਦੀ ਬੈਂਕ ਦੇ ਅਫਸਰ ਨਾਲ ਅਪਾਇੰਟਮੈਂਟ ਸੀ ਤੇ ਜਿੱਥੇ ਪਹੁੰਚਣ ਲਈ ਓਵਰ ਸਪੀਡ ਕਾਰ ਚਲਾਉਂਦਾ ਉਹ ਪੁਲਿਸ ਦੇ ਕਾਬੂ ਆ ਗਿਆ ਸੀ। ਉਸ ਦਿਨ ਉਸ ਦਾ ਡਰਾਇਵਿੰਗ ਲਾਇਸੈਂਸ ਵੀ ਉਸ ਦੇ ਬਟੂਏ ਵਿਚ ਮੌਜੂਦ ਨਹੀਂ ਸੀ।

ਦਰਅਸਲ ਰਾਜੀ ਕਈ ਵਾਰੀ ਆਪਣੇ ਡੈਡੀ ਨੂੰ ਲਾਡ ਕਰਨ ਦੀ ਮਾਰੀ ਕੁਲਦੀਪ ਦੇ ਡਰਾਇਵਿੰਗ ਲਾਇਸੈਂਸ ਉੱਪਰ ਲੱਗੀ ਫੋਟੋ ਕ਼ਾਰਨ ਲਾਇਸੈਂਸ ਨੂੰ ਅਕਸਰ ਬਟੂਏ ਵਿਚੋਂ ਬਾਹਰ ਕੱਢ ਲੈਂਦੀ ਤੇ ਉਸ ਨੂੰ ਚੁੰਮ ਕੇ ਗੱਲ੍ਹ ਨਾਲ ਲਾ ਕੇ ਪਿਆਰ ਕਰ ਲੈਂਦੀ ਤੇ ਉਸ ਦਿਨ ਰਾਜੀ ਉਸ ਦਾ ਲਾਇਸੈਂਸ ਸਕੂਲ ਨੂੰ ਹੀ ਨਾਲ ਲੈ ਗਈ ਸੀ। ਸ਼ਾਇਦ ਕੁਲਦੀਪ ਪਿਛਲੇ ਕਈ ਦਿਨ ਲਗਾਤਾਰ ਕਨਸਟਰਕਸ਼ਨ ਦੇ ਕੰਮ ਵਿਚ ਰੁੱਝਾ ਹੋਣ ਕਰਕੇ ਰਾਤ ਨੂੰ ਲੇਟ ਘਰ ਆਉਂਦਾ ਸੀ ਤੇ ਸਵੇਰ ਨੂੰ ਬੱਚਿਆਂ ਦੇ ਸੁੱਤੇ ਉਠਣ ਤੋਂ ਪਹਿਲਾਂ ਹੀ ਘਰੋਂ ਨਿਕਲ ਜਾਦਾ ਸੀ।

ਓਵਰ ਸਪੀਡ ਕਾਰ ਚਲਾਉਣ ਅਤੇ ਡਰਾਇਵਿੰਗ ਲਾਇਸੈਂਸ ਆਪਣੇ ਕੋਲ ਨਾ ਰੱਖਣ ਕਰਕੇ ਕੁਲਦੀਪ ਦਾ ਚਲਾਨ ਹੋਇਆ ਸੀ। ਪੁਲਿਸ ਨਾਲ ਮੱਥਾ ਪੱਚੀ ਕਰਨ ਦੀ ਖੱਜਲ-ਖੁਆਰੀ ਤੋਂ ਬਾਅਦ ਜਦੋਂ ਕੁਲਦੀਪ ਅਖੀਰ ਬੈਂਕ ਪਹੁੰਚਿਆ ਤਾਂ ਬੈਂਕ ਦਾ ਲੋਨ ਅਫਸਰ ਉਸ ਨੂੰ ਉਡੀਕ ਉਡੀਕ ਕੇ ਜਾ ਚੁੱਕਾ ਸੀ। ਖਿਝਿਆ-ਖਪਿਆ ਕੁਲਦੀਪ ਘਰ ਪਹੁੰਚਿਆ ਤਾਂ ਲਾਇਸੈਂਸ ਉਸ ਦੇ ਕਮਰੇ ਵਿਚ ਪਏ ਕਾਗਜ਼ਾਂ ਵਿਚੋਂ ਵੀ ਕਿਧਰੇ ਨਾ ਲੱਭਿਆ। ਉਸ ਨੂੰ ਆਪਣਾ ਬਟੂਆ ਤੇ ਹੋਰ ਕਾਗਜ਼ ਬਾਰ-ਬਾਰ ਫਰੋਲਦਾ ਦੇਖ ਕੇ ਰਾਜੀ ਪੋਲੇ ਜਿਹੇ ਪੈਰੀਂ ਆਪਣੇ ਕਮਰੇ ਵਿਚੋਂ ਆਪਣਾ ਨਿੱਕਾ ਜਿਹਾ ਸਕੂਲ ਬੈਗ ਚੁੱਕ ਲਿਆਈ ਤੇ ਉਸ ਦੀ ਸਾਈਡ ਤੇ ਬਣੀ ਜੇਬ ਵਿਚੋਂ

ਕੁਲਦੀਪ ਦਾ ਲਾਇਸੈਂਸ ਕੱਢ ਕੇ ਉਸ ਨੂੰ ਫੜਾਉਂਦੀ ਹੋਈ ਭੋਲੇਪਨ ਨਾਲ ਬੋਲੀ, "ਡੈਡੀ...ਮੈਂ ਕਈ ਵਾਰ ਤੁਹਾਨੂੰ ਬਹੁਤ ਮਿਸ ਕਰਦੀ...।" ਪਰ ਉਸ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਕੁਲਦੀਪ ਨੇ ਝਪਟ ਕੇ ਉਸ ਦੇ ਹੱਥੋਂ ਲਾਇਸੈਂਸ ਖੋਹਂਦੇ ਹੋਏ ਕਿਹਾ ਕਿ..."ਖਬਰਦਾਰ, ਜੇ ਇਹਨੂੰ ਕਦੀ ਮੇਰੇ ਬਟੂਏ ਵਿਚੋਂ ਬਾਹਰ ਕੱਢਿਆ ਤਾਂ..." ਤੇ ਉਸ ਦਿਨ ਰਾਜੀ ਕਾਫੀ ਸਹਿਮ ਗਈ ਸੀ।

ਤੇ ਇਹ ਨੋਟਿਸ ਉਸੇ ਦਿਨ ਹੋਏ ਚਲਾਨ ਦਾ ਜੁਰਮਾਨਾ ਸੀ। ਇਸ ਨੋਟਿਸ ਨੂੰ ਤਹਿ ਲਾ ਕੇ ਮੁੜ ਲਿਫਾਫੇ ਵਿਚ ਰੱਖਣ ਲੱਗਾ ਤਾਂ ਰਾਜੀ ਬਾਥਰੂਮ 'ਚੋਂ ਨਿਕਲ ਕੇ ਅਛੋਪਲੇ ਜਿਹੇ ਸੋਫੇ ਉਰਫ ਕੁਲਦੀਪ ਦੇ ਨਾਲ ਲੱਗ ਕੇ ਬਹਿ ਗਈ ਤੇ ਜਿਤਨੀ ਦੇਰ ਉਹ ਡਾਕ ਦੇਖਦਾ ਰਿਹਾ ਉਤਨੀ ਦੇਰ ਉਹ ਉਸ ਦੀ ਬਾਂਹ ਨੂੰ ਪੋਲਾ ਜਿਹਾ ਫੜ ਕੇ ਉਸ ਦੇ ਨਾਲ ਸਿਮਟੀ ਰਹੀ। ਸ਼ਾਇਦ ਬਾਕੀ ਦੀ ਡਾਕ ਦੇਖਦੇ ਦੇਖਦੇ ਇਕ-ਦੋ ਵਾਰੀ ਕੁਲਦੀਪ ਨੇ ਉਸ ਨੂੰ ਪੋਲਾ ਪੋਲਾ ਜਿਹਾ ਥਾਪੜ ਵੀ ਦਿੱਤਾ ਸੀ ਤੇ ਡਾਕ ਮੁੱਕਣ ਤਕ ਉਹ ਸੌਂ ਚੁੱਕੀ ਸੀ।

ਕੁਲਦੀਪ ਨੇ ਡਾਕ ਮੁੱਕਣ ਤੋਂ ਬਾਅਦ ਦੂਸਰਾ ਪੈੱਗ ਵੀ ਮੁਕਾਇਆ ਤੇ ਸੁੱਤੀ ਪਈ ਰਾਜੀ ਨੂੰ ਚੁੱਕ ਕੇ ਬੈੱਡ ਉੱਪਰ ਪਾ ਆਇਆ। ਹਰਵਿੰਦਰ ਵੀ ਸ਼ੌਨ ਨੂੰ ਮੁੜ ਕਰਿੱਬ ਵਿਚ ਪਾ ਚੁੱਕੀ ਸੀ ਤੇ ਰਾਜੀ ਉੱਪਰ ਕੰਬਲ ਦਿੰਦੀ ਹੋਈ ਨੇ ਧੀਮੀ ਜਿਹੀ ਆਵਾਜ਼ ਵਿਚ ਕੁਲਦੀਪ ਨੂੰ ਪੁੱਛਿਆ, "ਰੋਟੀ ਪਾ ਦਿਆਂ ਹੁਣ?"

"ਆਹੋ ਪੰਜਾਂ ਕੁ ਮਿੰਟਾਂ ਤਾਈ", ਉਸੇ ਤਰ੍ਹਾਂ ਦੀ ਨੀਵੀਂ ਆਵਾਜ਼ ਵਿਚ ਜੁਆਬ ਦੇ ਕੇ ਕੁਲਦੀਪ ਬੈੱਡਰੂਮ ਵਿਚੋਂ ਨਿਕਲ ਗਿਆ ਤੇ ਕਿਚਨ ਵਿਚ ਆ ਕੇ ਇਕ ਹੋਰ ਹਲਕਾ ਜਿਹਾ ਪੈੱਗ ਬਣਾਉਣ ਲੱਗ ਪਿਆ। ਗਿਲਾਸ ਹੱਥ ਵਿਚ ਚੁੱਕੀ ਉਹ ਮੁੜ ਸੋਫੇ ਉੱਪਰ ਆ ਬੈਠਾ ਤੇ ਐਵੇਂ ਬੇਮਤਲਬ ਹੀ ਟੀਵੀ ਦੇ ਰੀਮੋਟ ਕੰਟਰੋਲ ਦੇ ਬਟਨ ਦੱਬਣ ਲੱਗ ਪਿਆ।

"ਮਸੀਂ ਟਿਕੀ ਆ ਬਿਚਾਰੀ,' ਸੋਫੇ ਉੱਪਰ ਕੁਲਦੀਪ ਦੇ ਬਰਾਬਰ ਬੈਠਦੀ ਹਰਵਿੰਦਰ ਨੇ ਕਿਹਾ, "ਬਹੁਤ ਦੇਰ ਦੀ ਉਡੀਕਦੀ ਸੀ ਤੁਹਾਨੂੰ ਤੁਸੀਂ ਜ਼ਰਾ ਛੇਤੀ ਘਰ ਆ ਜਾਇਆ ਕਰੋ, ਸਵੇਰ ਨੂੰ ਵੀ ਇਨ੍ਹਾਂ ਦੇ ਸੁੱਤੇ ਉਠਣ ਤੋਂ ਪਹਿਲਾਂ ਹੀ ਨਿਕਲ ਜਾਂਦੇ ਆਂ।"

"ਮੈਂ ਦੱਸ ਕੀ ਕਰਾਂ? ...ਤੇਰੇ ਸਾਹਮਣੇ ਈ ਆ ਸਭ ਕਸ਼, ਅੱਠ ਸਾਲ ਹੋ ਗਏ ਮੈਨੂੰ ਕੈਨੇਡਾ ਆਏ ਨੂੰ...ਕੋਈ ਚੱਜ ਦੀ ਨੌਕਰੀ ਨੀ ਮਿਲੀ, ਆਹ ਮਸੀਂ ਕਿਤੇ ਪਿਛਲੇ ਦੋਹ ਕੁ ਸਾਲਾਂ ਤੋਂ ਘਰਾਂ ਦੀ ਮਾਰਕੀਟ ਜਦੋਂ ਤੇਜ਼ ਹੋਈ ਤਾਂ ਕੁਸ਼ ਬਣਨ ਲੱਗਾ। ਇਹ ਤਾਂ ਐਦਾਂ ਆ ਪਈ ਤੁਹਾਡਾ ਬਣਾਇਆ ਹੋਇਆ ਘਰ ਮਾਰਕਿਟ ਵਿਚ ਸੇਲ ਤੇ ਲੱਗਣ ਤੋਂ ਪਹਿਲਾਂ ਈ ਦੂਸਰਾ ਘਰ ਬਣਾਉਣ ਲਈ ਲਾਟ ਖਰੀਦੀ ਹੋਈ ਹੋਵੇ ਤੇ ਨਕਸ਼ਾ ਪਾਸ ਹੋਇਆ ਹੋਵੇ। ਪਹਿਲਾ ਘਰ ਵਿਕਦਿਆਂ ਈ ਦੂਸਰੇ ਦਾ ਕੰਮ ਚਾਲੂ ਹੋ ਜਾਵੇ। ਤਦੇ ਈ ਗੁਜ਼ਾਰਾ ਹੋ ਸਕਦਾ ਨਹੀਂ ਤਾਂ ਤੁਸੀਂ ਮਾਰਕਿਟ ਵਿਚ ਸਰਵਾਈਵ



ਨੀ ਕਰ ਸਕਦੇ।" ਕੁਲਦੀਪ ਨੇ ਜ਼ਰਾ ਲਾਚਾਰੀ ਜ਼ਾਹਰ ਕਰਦਿਆਂ ਕਿਹਾ ਤੇ ਫਿਰ ਇਕ ਛਿਣ ਰੁਕ ਕੇ ਕਹਿਣ ਲੱਗਾ, "ਵੱਡੇ ਵੱਡੇ ਬਿਲਡਰ ਤਾਂ ਅੱਠ ਦਸ ਲਾਟਾਂ 'ਕੱਠੀਆਂ ਈ ਲੈ ਕੇ ਤੇ ਕੰਮ ਸ਼ੁਰੂ ਕਰ ਦਿੱਦੇ ਆ...ਕੋਈ ਨਾ, ਕਿਸੇ ਦਿਨ ਆਪਾਂ ਵੀ ਵੱਡੇ ਬਿਲਡਰ..." ਕਹਿੰਦਿਆਂ ਹਇਆ ਕੁਲਦੀਪ ਨੇ ਹਰਵਿੰਦਰ ਨੂੰ ਇਕ ਬਾਂਹ ਨਾਲ ਖਿੱਚ ਕੇ ਆਪਣੇ ਨੇੜੇ ਨੂੰ ਕੀਤਾ ਤੇ ਦੂਸਰੇ ਹੱਥ ਨਾਲ ਗਿਲਾਸ ਵਿਚੋਂ ਇਕ ਹੋਰ ਘੁੱਟ ਭਰ ਕੇ ਮੇਜ਼ ਉੱਪਰ ਰੱਖ ਦਿੱਤਾ।

"ਕਿੰਨੇ ਪੈੱਗ ਲਾਏ ਅੱਜ?" ਉਸ ਨੇ ਨੇੜੇ ਹੋ ਕੇ ਉਸ ਦੇ ਮੂੰਹ ਲਾਗੇ ਆਪਣਾ ਨੱਕ ਕਰਦੀ ਹੋਈ ਹਰਵਿੰਦਰ ਬੋਲੀ।

"ਜਿੰਨੇ ਅੱਗੇ ਲੈਣਾ ਈ ਆਂ ਰੋਜ," ਕਹਿ ਕੇ ਕੁਲਦੀਪ ਨੇ ਆਪਣੇ ਬੁੱਲ ਉਸ ਦੇ ਬੁੱਲ੍ਹਾਂ ਦੇ ਬਰਾਬਰ ਕੀਤੇ ਹੀ ਸਨ ਕਿ ਫੋਨ ਦੀ ਘੰਟੀ ਖੜਕ ਪਈ। ਨਿਆਣਿਆਂ ਦੇ ਸੁੱਤੇ ਉਠ ਜਾਣ ਦੇ ਡਰੋਂ ਕੁਲਦੀਪ ਬਿਜਲੀ ਵਾਂਗ ਸੋਫੇ ਤੋਂ ਉੱਠਿਆ ਤੇ ਜਿਸ ਕਰਕੇ ਉਸ ਦੇ ਹੱਥ ਵਿਚਲੇ ਗਲਾਸ ਵਿਚੋਂ ਕੁਝ ਛਿੱਟੇ ਉਸ ਦੀ ਪੈਂਟ ਤੇ ਕੁਝ ਕਾਫੀ ਟੇਬਲ ਉੱਪਰ ਪੈ ਗਏ। ਤੀਸਰੀ ਘੰਟੀ ਹੁੰਦਿਆਂ ਹੀ ਕਿਚਨ ਵਿਚ ਪਹੁੰਚ ਕੇ ਫੋਨ ਚੁੱਕ ਲਿਆ। ਦੂਸਰੇ ਪਾਸੇ ਉਸ ਦਾ ਘਰਾਂ ਦਾ ਸੇਲਜ਼ਮੈਨ ਦੋਸਤ ਅਵਤਾਰ ਬੋਲ ਰਿਹਾ ਸੀ ਜਿਸ ਨੇ ਉਨ੍ਹਾਂ ਦਾ 124 ਸਟ੍ਰੀਟ ਵਾਲਾ ਨਵਾਂ ਬਣਾਇਆ ਘਰ ਸੇਲ ਉੱਪਰ ਲਗਾਇਆ ਹੋਇਆ ਸੀ।

ਕਾਫੀ ਟੇਲਬ ਉੱਪਰ ਡੁੱਲ੍ਹੀ ਸ਼ਰਾਬ ਸਾਫ ਕਰਨ ਲਈ ਕਿਚਨ ਵਿਚੋਂ ਨੈਪਕਿਨ ਪੇਪਰ ਲੈਣ ਆਈ ਹਰਵਿੰਦਰ ਨੇ ਪਤੀਲੇ ਵਿਚੋਂ ਚਿਕਨ ਦੀ ਪਲੇਟ ਭਰ ਕੇ ਮਾਈਕਰੋਵੇਵ ਵਿਚ ਗਰਮ ਹੋਣ ਲਈ ਰੱਖਣ ਲੱਗੀ ਤਾਂ ਉਸ ਨੇ ਕੁਲਦੀਪ ਨੂੰ ਫੋਨ ਉੱਪਰ ਇਹ ਕਹਿੰਦਿਆਂ ਸੁਣਿਆ,

"ਯਾਰ ਇਹ ਤਾਂ ਸਵੇਰ ਨੂੰ ਬਹੁਤ ਛੇਤੀ ਆ,"

"..." ਦੂਸਰੇ ਪਾਸਿਉਂ ਅਵਤਾਰ ਨੇ ਕੁੱਝ ਕਿਹਾ।

"ਅੱਛਾਅ,...ਤਾਂ ਫੇਅ ਪਹੁੰਚ ਜਾਊਂ ਮੈਂ ਔਖਾ ਸੌਖਾ...ਚੰਗਾ...ਓ.ਕੇ." ਕਹਿਕੇ ਕੁਲਦੀਪ ਨੇ ਫੋਨ ਰੱਖਿਆ ਤੇ ਵਾਪਿਸ ਲਿਵਿੰਗ ਰੂਮ ਵਿਚ ਆ ਗਿਆ।

"ਸ਼ਾਇਦ ਕੱਲ੍ਹ ਨੂੰ ਡੀਲ ਫਾਈਨਲ ਹੋ ਜਾਏ, ਆਫਰ ਤਾਂ ਵਧੀਆ ਲਗਦੀ ਆ," ਸੋਫੇ ਉੱਪਰ ਬੈਠ ਕੇ ਮੁੜ ਗਿਲਾਸ ਚੁੱਕਦਾ ਹੋਇਆ ਕੁਲਦੀਪ ਬੋਲਿਆ।

"ਕਿੰਨੇ ਵਜੇ ਜਾਣਾ ਪਊ?" ਹਰਵਿੰਦਰ ਨੂੰ ਜਿਵੇਂ ਆਫਰ ਵਿਚ ਜ਼ਿਆਦਾ ਦਿਲਚਸਪੀ ਨਾ ਹੋਵੇ।

"ਅੱਠ ਵਜੇ ਅਵਤਾਰ ਦੇ ਦਫ਼ਤਰ ਪਹੁੰਚਣਾ।"

"ਅੱਛਾਅ!" ਹਰਵਿੰਦਰ ਜ਼ਰਾ ਢਿੱਲੇ ਸੁਰ ਵਿਚ ਬੋਲੀ, "ਮੈਂ ਚਾਹੁੰਦੀ ਸੀ ਕਿ ਕੱਲ੍ਹ ਸਵੇਰ ਨੂੰ ਤੁਸੀਂ ਰਾਜੀ ਨੂੰ ਸਕੂਲੇ ਛੱਡ ਕੇ ਜਾਂਦੇ।"

"ਚਾਹੁੰਦਾ ਤਾਂ ਮੈਂ ਵੀ ਏਹੋ ਈ ਸੀ ਪਰ...ਆਹ ਰੋਟੀ ਪਾਣੀ, ਆਹ ਬਿੱਲ, ਆਹ ਕਿਸ਼ਤਾਂ ਵੀ ਤਾਂ ਕਿਸੇ ਤਰ੍ਹਾਂ..." ਰਵਿੰਦਰ ਉਸ ਦੀ ਗੱਲ ਟੋਕਦੀ ਉਸੇ ਸੁਰ ਵਿਚ

ਬੋਲੀ, "ਉਹ ਬਿਚਾਰੀ ਤਾਂ ਅੱਜ ਸਵੇਰੇ ਵੀ ਕਹਿੰਦੀ ਸੀ ਕਿ ਮੈਨੂੰ ਡੈਡੀ ਸਕੂਲ ਛੱਡ ਕੇ ਆਉਣ, ਫੇਰ ਕਹਿੰਦੀ ਸੀ ਕਿ ਜੇ ਛੱਡਣ ਨਹੀਂ ਤਾਂ ਸਕੂਲੋਂ ਵਾਪਿਸ ਲੈਣ ਵੇਲੇ ਡੈਡੀ ਜ਼ਰੂਰ ਆਉਣ।...ਕੱਲ੍ਹ ਸ਼ਾਮੀ ਇਨ੍ਹਾਂ ਦੀ ਟੀਚਰ ਦੀ ਬੱਚਿਆਂ ਦੇ ਮਾਂ-ਬਾਪ ਨਾਲ ਮੀਟਿੰਗ ਵੀ ਸੀ। ਮੈਂ ਤਾਂ ਸ਼ੌਨ ਢਿੱਲਾ ਹੋਣ ਕਰਕੇ ਨਾ ਜਾ ਸਕੀ ਤੇ ਤੁਹਾਡਾ ਕੰਮ ਵਿਚੋਂ ਈ ਨੀ ਵਿਹਲ ਲੱਗਾ, ਰਾਜੀ ਨੇ ਬਹੁਤ ਹੋਰ ਤਰ੍ਹਾਂ ਫੀਲ ਕੀਤਾ।"

"ਲੈ ਦੱਸ, ਉਹੀ ਗੱਲ" ਕੁਲਦੀਪ ਜ਼ਰਾ ਕੁ ਤੁਣਕਿਆ, "ਮੈਂ ਕਿਤੇ ਆਹ ਸਾਰੀ ਨੱਠ-ਭੱਜ ਆਪਣੇ ਲਈ ਕਰਦਾਂ? ਇਨ੍ਹਾਂ ਨਿਆਣਿਆਂ ਲਈ ਈ ਟੁੱਟ ਟੁੱਟ ਮਰਦਾਂ। ਫੇਰ ਤੈਨੂੰ ਵੀ ਕਦੀ ਕਿਤੇ ਜੌਬ ਕਰਨ ਲਈ ਮਜਬੂਰ ਨੀ ਕੀਤਾ।"

"ਉਹ ਤਾਂ ਠੀਕ ਆ, ਓਦਣ ਐਤਵਾਰ ਜਦੋਂ ਆਪਾਂ ਨਿਆਣਿਆਂ ਨੂੰ ਪਾਰਕ ਲਿਜਾਣ ਦਾ ਪ੍ਰੋਗਰਾਮ ਬਣਾਇਆ ਸੀ ਤਾਂ ਐਨ ਤੁਰਨ ਲੱਗਿਆਂ ਨੂੰ ਤੁਹਾਨੂੰ ਨਵੇਂ ਬਣਦੇ ਘਰ ਵਿੰਚੋਂ ਇਲੈਕਟ੍ਰੀਸ਼ਨ ਦਾ ਫੋਨ ਆਇਆ ਸੀ ਕਿਸੇ ਪ੍ਰਾਬਲਮ ਕਰਕੇ। ਦੇਖਿਆ, ਉਦੋਂ ਕਿੱਦਾਂ ਰਾਜੀ ਤੁਹਾਡੇ ਬੂਟ ਪਾਉਂਦਿਆਂ ਦੀਆਂ ਲੱਤਾਂ ਨਾਲ ਚਿੰਬੜ ਕੇ ਕਹਿੰਦੀ ਸੀ ਕਿ ਡੈਡੀ ਤੁਸੀਂ ਕੰਮ 'ਤੇ ਨਾ ਜਾਇਆ ਕਰੋ, ਮੈਂ ਲਾਈਕ ਨੀ ਕਰਦੀ ਜਦੋਂ ਤੁਸੀਂ ਮੈਨੂੰ ਛੱਡ ਕੇ ਜਾਨੇ ਆ...ਤੇ ਫੇਰ ਕਹਿੰਦੀ ਸੀ...।"

"ਚੱਲ ਛੱਡ ਹੁਣ," ਉਸ ਦੀ ਗੱਲ ਕੱਟ ਕੇ ਕੁਲਦੀਪ ਗਿਲਾਸ ਵਿਚੋਂ ਆਖਰੀ ਘੁੱਟ ਭਰਦਾ ਬੋਲਿਆ, "ਤੈਨੂੰ ਚੰਗਾ-ਭਲਾ ਪਤਾ ਪਈ ਮੈਂ ਚਾਹੁੰਦਾ ਕਿ ਹੁਣ ਮਾਰਕਿਟ ਤੇਜ਼ ਆ, ਦਵਾ ਦਵ ਪੰਜ-ਸੱਤ ਘਰ ਬਣਾ ਕੇ ਵੇਚ ਲਵਾਂ ਤੇ ਇਕ ਅੱਧਾ ਨਿਆਣਿਆਂ ਲਈ ਮਾੜਾ-ਮੋਟਾ ਬਣਾ ਲਵਾਂ, ਇਨ੍ਹਾਂ ਦੇ ਫਿਊਚਰ ਲਈ ਚੰਗਾ ਰਹੂਗਾ।"

"ਉਹ ਤਾਂ ਠੀਕ ਆ ਪਰ ਤੁਸੀਂ ਟੈਮ ਸਿਰ ਘਰ ਤਾਂ ਆ ਜਾਇਆ ਕਰੋ। ਸੱਤੇ ਦਿਨ ਓਹੀ ਨੱਠ ਭੱਜ, ਨਾ ਨਿਆਣਿਆਂ ਲਈ ਟੈਮ ਨਾ ਆਪਣੀ ਸਿਹਤ ਦਾ ਕੋਈ ਫਿਕਰ," ਹਰਵਿੰਦਰ ਨੇ ਜ਼ਰਾ ਤੌਖਲੇ ਨਲ ਕਿਹਾ।

"ਉਹ ਕੁਸ਼ ਨੀ ਹੁੰਦਾ ਸਿਹਤ ਨੂੰ, "ਕੁਲਦੀਪ ਜ਼ਰਾ ਲਾਪਰਵਾਹੀ ਨਾਲ ਬੋਲਿਆ। ਫਿਰ ਮੇਜ ਉੱਪਰ ਖਿੱਲਰੇ ਕਾਗਜ਼ਾਂ ਵਿਚੋਂ ਆਪਣੇ ਜੀਵਨ ਬੀਮੇ ਵਾਲਾ ਲਿਫਾਫਾ ਚੱਕ ਕੇ ਉਸ ਨੂੰ ਦਿਖਾਲਦਾ ਹੋਇਆ ਜ਼ਰਾ ਸ਼ੁਗਲ ਜਿਹੇ ਨਾਲ ਬੋਲਿਆ, "ਜੇ ਮੈਨੂੰ ਕੁਸ਼ ਹੋ ਵੀ ਗਿਆ ਤਾਂ ਤੂੰ ਤੇ ਨਿਆਣੇ ਸਾਰੀ ਉਮਰ ਐਸ਼ ਕਰੋਗੇ। ਤਦੇ ਤਾਂ ਐਡੀਆਂ ਐਡੀਆਂ ਕਿਸ਼ਤਾਂ ਦਿੰਨਾਂ।"

ਹਰਵਿੰਦਰ ਨੇ ਜ਼ਰਾ ਬੁਰਾ ਜਿਹਾ ਮੂੰਹ ਬਣਾ ਕੇ ਕੁਲਦੀਪ ਨੂੰ ਅਹਿਸਾਸ ਕਰਵਾਇਆ ਕਿ ਉਸ ਨੂੰ ਉਸ ਦੀ ਗੱਲ ਚੰਗੀ ਨਹੀਂ ਲੱਗੀ ਤੇ ਉਸ ਨੇ ਜ਼ਰਾ ਪਰ੍ਹਾਂ ਮੂੰਹ ਫੇਰ ਲਿਆ।

ਕੁਲਦੀਪ ਉਸ ਦੀ ਮਨੋਦਸ਼ਾ ਭਾਂਪਦਾ ਹੋਇਆ ਉਸ ਨੂੰ ਪਿਆਰ ਨਾਲ ਆਪਣੇ ਵੱਲ ਦੁਬਾਰਾ ਖਿੱਚਦਾ ਬੋਲਿਆ, "ਔਹ ਨਰਾਜ਼ ਹੋ ਗਈ? ਆਈ. ਐਮ. ਸੌਰੀ... ਦੇਖ ਤੇਰਾ ਕੀ ਖਿਆਲ ਆ ਕਿ ਕਿਤੇ ਮੇਰਾ ਜੀਅ ਕਰਦਾ ਪਈ ਰਾਤ ਨੂੰ ਘਰ ਵੜਦੇ ਸਾਰ



ਈ ਮਗਰ ਫੋਨ ਖੜਕੀ ਜਾਣ?" ਤੇ ਫਿਰ ਜ਼ਰਾ ਹੋ ਰੁਮਾਂਟਿਕ ਬਣਦਾ ਹਲਕੇ ਨਸ਼ਈ ਅੰਦਾਜ਼ ਵਿਚ ਬੋਲਿਆ, "ਮੈਂ ਤਾਂ ਇਹ ਚਾਹੁੰਨਾ ਕਿ ਮੈਂ ਰਾਤ ਨੂੰ ਜਦੋਂ ਘਰ ਆਵਾਂ ਤਾਂ ਸਭ ਕੁਸ਼ ਸੁੱਤਾ ਪਿਆ ਹੋਵੇ ਤੇ ਸਿਰਫ਼ ਤੂੰ ਜਾਗਦੀ ਹੋਵੇਂ।"

"ਤਾਂ ਕਿ ਜਨਾਬ ਪੈੱਗ ਲਾ ਕੇ ਆਪਦਾ ਕੰਮ ਕਰਨ ਤੇ ਘੁਰਾੜੇ ਮਾਰਨ," ਉਸ ਦੀਆਂ ਅੱਖਾਂ ਵਿਚ ਝਾਕਦੀ ਸ਼ਰਾਰਤ ਭਰੇ ਵਿਅੰਗ ਨਾਲ ਹਰਵਿੰਦਰ ਬੋਲੀ ਤੇ ਬੋਲਦਿਆਂ ਸਾਰ ਹੀ ਕੁਲਦੀਪ ਵੱਲੋਂ ਹੋਣ ਵਾਲੇ ਪ੍ਰਤੀਕਰਮ ਦਾ ਅੰਦਾਜ਼ਾ ਲਵਾਉਂਦੀ ਉਸ ਦੀ ਬੁੱਕਲ ਵਿਚੋਂ ਨਿਕਲ ਕੇ ਜ਼ਰਾ ਕੁ ਪਰ੍ਹੇ ਸਰਕ ਗਈ।

"ਤੇਰੀ ਐਸੀ ਕੀ..." ਕੁਲਦੀਪ ਨੇ ਵੇਗ ਵਿਚ ਆਉਂਦਿਆਂ ਦੁਬਾਰਾ ਉਸ ਨੂੰ ਆਪਦੀਆਂ ਬਾਹਾਂ ਵਿਚ ਘੁੱਟਣਾ ਚਾਹਿਆ। ਐਨ ਉਸੇ ਵੇਲੇ ਕਿਚਨ ਵਿਚੋਂ ਮਾਈਕਰੋਵੇਵ ਦੀ ਘੰਟੀ ਨੇ ਖਾਣਾ ਗਰਮ ਹੋਣ ਦੀ ਸੂਚਨਾ ਦਿੱਤੀ ਤੇ ਕੁਲਦੀਪ ਦੀਆਂ ਬਾਹਾਂ ਮੁੜ ਉਸ ਵੱਲ ਨੂੰ ਹੀ ਮੋੜਦੀ ਹੋਈ ਹਰਵਿੰਦਰ ਕਿਚਨ ਵਿਚ ਜਾਣ ਲਈ ਉਠ ਖਲੋਤੀ।

ਕਿਚਨ ਵਿਚ ਜ਼ਰਾ ਕਾਹਲੀ ਕਾਹਲੀ ਭਾਂਡੇ ਕੱਢਦੀ ਤੋਂ ਇਕ ਕੌਲੀ ਤੇ ਪਲੇਟ ਉਸ ਦੇ ਹੱਥੋਂ ਡਿੱਗ ਪਈ। ਕਾਫੀ ਖੜਾਕਾ ਹੋਇਆ।

"ਕੀ ਭੰਨਿਆ?" ਲਿਵਿੰਗ ਰੂਮ ਵਿਚੋਂ ਕੁਲਦੀਪ ਬੋਲਿਆ।

"ਕੁਸ਼ ਨੀਂ, ਐਮੀਂ ਮਾੜਾ ਜਿਹਾ ਹੱਥ ਵੱਜ ਗਿਆ ਮੇਰਾ," ਕਹਿ ਕੇ ਹਰਵਿੰਦਰ ਥੱਲੇ ਡੁੱਲ੍ਹਿਆ ਖੱਟਾ ਸਾਫ ਕਰਨ ਲੱਗ ਪਈ।

ਉਧਰ ਕੁਲਦੀਪ ਟੀਵੀ ਦੇ ਰੀਮੋਟ ਕੰਟਰੋਲ ਦੇ ਬਟਨ ਬੇਮਤਲਬ ਜਿਹਾ ਦੱਬਦਾ ਸਵੇਰ ਨੂੰ ਅਵਤਾਰ ਨਾਲ ਹੋਣ ਵਾਲੀ ਮੀਟਿੰਗ ਬਾਰੇ ਮਨ ਵਿਚ ਵਿਚਾਰ ਕਰਨ ਲੱਗ ਪਿਆ।

'ਨਵਾਂ ਘਰ ਪੂਰੀ ਕੀਮਤ ਉੱਪਰ ਹੀ ਵੇਚਾਂਗਾ, ਘਟਾ ਕੇ ਨਹੀਂ, ਉਸ ਸੋਚਿਆ, ਐਨੀ ਨੱਠ-ਭੱਜ ਤੋਂ ਬਾਅਦ ਐਨਾ ਕੁ ਪਰਾਫਿਟ ਹੋਣਾ ਹੀ ਚਾਹੀਦਾ, 'ਨਵੇਂ ਘਰ ਨੂੰ ਬਣਾਉਣ ਲਈ ਆਏ ਖਰਚ ਦੀਆਂ ਮਨ, ਵਿਚ ਜ਼ਰਬਾਂ-ਤਕਸੀਮਾਂ ਲਗਾਉਂਦਿਆਂ ਉਸ ਨੇ ਹਿਸਾਬ ਲਾਇਆ, ਨਿਆਣਿਆਂ ਦੇ ਭਵਿੱਖ ਲਈ ਕੁਝ ਨਾ ਕੁਝ ਤਾਂ ਪੱਲੇ ਹੋਣਾ ਚਾਹੀਦਾ।'

ਨਿਆਣਿਆਂ ਦੇ ਭਵਿੱਖ ਦਾ ਖ਼ਿਆਲ ਆਉਂਦਿਆਂ ਹੀ ਉਸ ਨੂੰ ਆਪਣੇ ਜੀਵਨ ਬੀਮੇ ਦੀ ਕਿਸ਼ਤ ਦਾ ਖਿਆਲ ਆਇਆ। ਸਾਹਮਣੇ ਪਏ ਕਾਗਜ਼ਾਂ ਵਿਚੋਂ ਜੀਵਨ ਬੀਮੇ ਦੀ ਕਿਸ਼ਤ ਵਾਲਾ ਲਿਫਾਫਾ ਖੋਲ੍ਹ ਕੇ ਅੰਦਰਲੇ ਕਾਗਜ਼ਾਂ ਨੂੰ ਪੜ੍ਹਨ ਲੱਗ ਪਿਆ। ਜਦੋਂ ਪਾਲਿਸੀ ਖਰੀਦੀ ਸੀ ਤਾਂ ਉਸ ਨੇਅੱਧੇ ਮਿਲੀਅਨ ਦਾ ਡੈਥ ਬੈਨਿਫਿਟ ਲਿਆ ਸੀ, ਜਾਣੀ ਕਿ ਉਸ ਦੀ ਮੌਤ ਹੋ ਜਾਣ ਦੀ ਸੂਰਤ ਵਿਚ ਉਸ ਦੇ ਪਰਿਵਾਰ ਨੂੰ ਪੰਜ ਲੱਖ ਡਾਲਰ ਮਿਲਣਾ ਸੀ। ਹੁਣ ਦੋ ਸਾਲਾਂ ਵਿਚ ਮਹਿੰਗਾਈ ਐਨੀ ਵੱਧ ਜਾਣ ਕਾਰਨ ਇਹ ਰਕਮ ਕੋਈ ਜ਼ਿਆਦਾ ਨਹੀਂ ਜਾਪਦੀ ਸੀ।

'ਕਿਉਂ ਨਾ ਡੈੱਥ ਬੈਨੀਫਿਟ ਅੱਧੇ ਮਿਲੀਅਨ ਤੋਂ ਵਧਾ ਕੇ ਪੂਰੇ ਮਿਲੀਅਨ ਦਾ

ਕਰਵਾ ਲਵਾਂ?' ਉਸ ਨੇ ਸੋਚਿਆ ਤੇ ਫਿਰ ਪਾਲਿਸੀ ਦੇ ਕਾਗਜ਼ ਦੇਖਦਾ ਹੋਇਆ ਮਨ ਵਿਚ ਹਿਸਾਬ-ਕਿਤਾਬ ਕਰਨ ਲੱਗਾ ਕਿ ਇਸ ਤਰ੍ਹਾਂ ਕਰਨ ਨਾਲ ਕਿਤਨੀ ਕੁ ਕਿਸ਼ਤ 'ਹੋਰ ਵੱਧ ਦੇਣੀ ਪਵੇਗੀ।

'ਚੱਲ ਹੁਣ ਬੜਾ ਸੁਹਣਾ ਕੰਮ ਤੁਰਿਆ ਆ, ਔਖਾ-ਸੌਖਾ ਵਾਧੂ ਕਿਸ਼ਤ ਵੀ ਦੇਈ ਜਾਊਂ...ਬੱਚਿਆਂ ਦਾ ਫਿਊਚਰ ਤਾਂ ਸੁਰੱਖਿਅਤ ਹੋ ਜਾਊ!' ਉਸ ਨੇ ਜਿਵੇਂ ਆਪਣੇ ਆਪ ਨਾਲ ਸਲਾਹ ਕੀਤੀ, 'ਜੀਵਨ ਬੀਮੇ ਦਾ ਮਤਲਬ ਤਾਂ ਇਹੀ ਆ।'

ਇਤਨੇ ਨੂੰ ਕਿਚਨ ਵਿਚੋਂ ਹਰਵਿੰਦਰ ਦੀ ਆਵਾਜ਼ ਸੁਣਾਈ ਦਿੱਤੀ, "ਰੋਟੀ ਲਾ 'ਤੀ ਆ, ਡਾਇਨਿੰਗ ਟੇਬਲ 'ਤੇ।"

ਇਕ ਹੱਥ ਵਿਚ ਵਿਸਕੀ ਵਾਲਾ ਖਾਲੀ ਗਿਲਾਸ ਤੇ ਦੂਸਰੇ ਵਿਚ ਕਾਫੀ ਟੇਬਲ ਤੋਂ ਉੱਘੜ-ਦੁੱਘੜੇ ਕਾਗਜ਼ ਚੁੱਕੇ ਕੇ ਬੀਮਾ ਪਾਲਿਸੀ ਦੇ ਕਾਗਜ਼ ਵਿਚ ਧਿਆਨ ਲਗਾਈ ਕੁਲਦੀਪ ਉਠ ਕੇ ਕਿਚਨ ਵੱਲ ਨੂੰ ਜਾਣ ਲੱਗਾ ਤਾਂ ਸੋਫੇ ਨਾਲ ਕਾਰਪੇਟ ਉੱਪਰ ਪਈ ਕਿਸੇ ਚੀਜ਼ ਨਾਲ ਉਸ ਦਾ ਪੈਰ ਟਕਰਾਇਆ।

ਲੜਖੜਾ ਕੇ ਸੰਭਾਲਣ ਲਈ ਐਧਰ-ਉਧਰ ਹੱਥ ਮਾਰਦੇ ਕੁਲਦੀਪ ਦੇ ਹੱਥੋਂ ਕਾਗਜ਼-ਪੱਤਰ ਇਧਰ-ਉਧਰ ਖਿਲਰ ਗਏ ਤੇ ਸ਼ਰਾਬ ਵਾਲਾ ਖਾਲੀ ਗਿਲਾਸ ਥੱਲੇ ਡਿੱਗ ਕੇ ਰੁੜ੍ਹਦਾ ਸਾਹਮਣੀ ਕੰਧ ਨਾਲ ਜਾਟਕਰਾਇਆ। ਥੱਲੇ ਕਾਰਪੇਟ ਉੱਪਰ ਉਸ ਦੇ ਪੈਰ ਅਟਕਣ ਵਾਲੀ ਚੀਜ਼ ਉੱਪਰ ਨਜ਼ਰ ਮਾਰੀ ਤਾਂ ਦੇਖਿਆ ਕਿ ਸੋਫੇ ਦੀ ਬਾਰੀ ਨਾਲ ਲੱਗ ਕੇ ਲੇਟੀ ਹੋਈ ਰਾਜੀ ਉਸ ਦਾ ਬੰਦ ਬਟੂਆ ਆਪਣੀ ਗੱਲ੍ਹ ਦੇ ਨਾਲ ਲਗਾ ਕੇ ਘੂਕ ਸੁੱਤੀ ਪਈ ਸੀ।

"ਟੁੱਟ ਗਿਆ ਕੁਝ?" ਕਿਚਨ ਵਿਚੋਂ ਕਾਹਲੀ ਨਾਲ ਨਿਕਲਦੀ ਹੋਈ ਹਰਵਿੰਦਰ ਬੋਲੀ।

"ਅਜੇ ਤਾਂ ਨਹੀਂ..." ਭਵੰਤਰੇ ਹੋਏ ਕੁਲਦੀਪ ਦੇ ਮੂੰਹੋਂ ਮਸਾਂ ਨਿਕਲਿਆ, "ਪਰ ਸ਼ਾਇਦ..." ਤੇ ਇਸ ਤੋਂ ਅੱਗੇ ਉਹ ਕੁਝ ਨ ਕਹਿ ਸਕਿਆ ਤੇ ਹਾਰੇ ਹੋਏ ਮਨ ਨਾਲ ਕਾਰਪੇਟ ਉੱਪਰ ਜੀਵਨ ਬੀਮਾ ਪਾਲਿਸੀ ਦੇ ਖਿੱਲਰੇ ਹੋਏ ਕਾਗਜ਼ ਇਕੱਠ ਕਰਨ ਲੱਗ ਪਿਆ।



ਅਮਨਪਾਲ ਸਾਰਾ ਕਥਾ ਸੰਰਚਨਾ ਦੀ ਉਸਾਰੀ ਵੇਲੇ ਘਟਨਾਵਾਂ 'ਤੇ ਕੇਂਦਰਿਤ ਹੋ ਜਾਂਦਾ ਹੈ। ਕਈ ਵਾਰ ਉਸਦੀ ਘਟਨਾਵੀਂ ਬਿਰਤਾਂਤ ਸਿਰਜਣ ਦੀ ਭਾਰੂ ਰੁਚੀ ਦਾ ਸਹਿਜੇ ਹੀ ਪ੍ਰਮਾਣ ਮਿਲ ਜਾਂਦਾ ਹੈ। ਜਿਥੋਂ ਉਹ ਪੂਰਵਲੀ ਪੰਜਾਬੀ ਕਥਾ ਵਿਧੀ ਅਤੇ ਕਥਾ ਸੰਰਚਨਾ ਦਾ ਅਨੁਸਰਨ ਕਰਦਾ ਜਾਪਦਾ ਹੈ, ਪਰ ਕਥਾ ਵਸਤੂ ਵਿਚ ਨਵੀਨਤਾ ਉਸਨੂੰ ਇਸ ਤੱਥ ਤੋਂ ਕੁਝ ਬਰੀ ਕਰ ਦਿੰਦੀ ਹੈ। ਦੂਸਰਾ ਉਸ ਦੀ ਵਿਧੀ ਕਥਾ ਸੁਣਾਉਣ ਦੀ ਹੈ, ਕਥਾ ਸੰਵਾਦ ਦੀ ਨਹੀਂ। ਉਹ ਦ੍ਰਿਸ਼ਟਾਂਤ ਨੂੰ ਪ੍ਰਮੁੱਖਤਾ ਦਿੰਦਾ ਹੈ ਜਿਸ ਨਾਲ ਕਥਾ ਵਿਸਥਾਰ ਆ ਜਾਂਦਾ ਹੈ। ਅਜੋਕੀ ਕਹਾਣੀ ਬਿਰਤਾਂਤ ਰਹਿਤ ਬਿਰਤਾਂਤ ਦਾ ਪ੍ਰਮਾਣ ਸਿਰਜ ਰਹੀ ਹੈ ਪਰ ਉਸਦੇ ਕਥਾ ਮਸਲੇ ਏਨੇ ਕੁ ਗੰਭੀਰ ਹਨ ਕਿ ਉਸਦਾ ਦ੍ਰਿਸ਼ਟਾਂਤ ਅਰਥ ਸੰਚਾਰ ਤੇ ਦੁਖਾਂਤ ਬੋਧ ਨੂੰ ਭਾਵਪੂਰਤ ਬਣਾ ਲੈਂਦਾ ਹੈ।

–ਡਾ. ਸਰਬਜੀਤ ਸਿੰਘ

ਅਮਨਪਾਲ ਸਾਰਾ ਦੇ ਕਥਾ-ਬਿਰਤਾਂਤ ਵਿਚ ਕਾਰਜਸ਼ੀਲ ਯਥਾਰਥ-ਵੇਰਵੇ ਜੀਵਨ ਦੇ ਨਿਕਟ ਅਨੁਭਵ ਵਿਚੋਂ ਆਏ ਹੋਣ ਕਾਰਨ ਆਪਣੀ ਵਸਤੂਗਤ ਪ੍ਰਮਾਣਿਕਤਾ ਤੇ ਮਾਨਵੀ ਅਰਥਸ਼ੀਲਤਾ ਦਾ ਇਕ ਸਾਥ ਅਭਾਸ ਕਰਵਾਉਂਦੇ ਹਨ। ਸੁਭਾਵਿਕ ਹੈ ਕਿ ਉਸਦੇ ਕਥਾ-ਪਾਠ ਵਿਚ ਫੈਲਿਆ ਸਮੱਸਿਆਵੀ ਸੰਦਰਭ ਇਕ ਵਿਸ਼ੇਸ਼ ਮਹੱਤਵ ਦਾ ਸੂਚਕ ਬਣ ਜਾਂਦਾ ਹੈ। ਉਹ ਕਹਾਣੀ ਵਿਚ ਮੂਲ ਸਮੱਸਿਆ ਦਾ ਕੋਈ ਉਭਰਵਾਂ ਵਿਸ਼ੇਸ਼ ਸੰਦਰਭ/ਪਰਿਪੇਖ ਸੁਚੇਤ ਰੂਪ ਵਿਚ ਨਹੀਂ ਸਿਰਜਦਾ ਪਰ ਰਚਨਾ ਪਾਠ ਵਿਚ ਕਾਰਜਸ਼ੀਲ ਸੰਵਾਦ ਪ੍ਰਕਿਰਿਆ ਵਿਚੋਂ ਸਮੱਸਿਆ ਦੀਆਂ ਅਨੇਕ ਤਹਿਆਂ ਤੇ ਪਰਤਾਂ ਆਪਣੇ ਆਪ ਉਘੜਨੀਆਂ ਸ਼ੁਰੂ ਹੋ ਜਾਂਦੀਆਂ ਹਨ।

–ਡਾ. ਸੁਖਵਿੰਦਰ ਸਿੰਘ ਰੰਧਾਵਾ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ